ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 36 | 14 September 2022 to 20 September 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

### ਮਾਮਲਾ ਗਿਆਨੀ ਗੌਹਰ ਵਲੋਂ ਦਸਵੰਧ ਦੀ ਮਾਇਆ ਦੀ ਦੁਰਵਰਤੋਂ ਦਾ

# ਪੰਜ ਪਿਆਰੇ ਸਾਹਿਬਾਨ ਵਲੋਂ ਜਥੇਦਾਰ ਗਿਆਨੀ ਗੌਹਰ 'ਤਨਖਾਹੀਆ' ਕਰਾਰ

## ✪ ਸ਼ਿਕਾਇਤਕਰਤਾ ਡਾ. ਸਮਰਾ ਨੂੰ ਵੀ ਇਸ ਮਾਮਲੇ ਵਿਚ ਧਾਰਮਿਕ ਸੇਵਾ ਲਗਾਈ ✪ ਰਣਜੀਤ ਸਿੰਘ ਗੌਹਰ ਨੇ ਕਿਹਾ-ਮੈਨੂੰ ਤਨਖ਼ਾਹੀਆ ਕਰਾਰ ਦੇਣ ਦਾ ਫ਼ੈਸਲਾ ਗ਼ੈਰ-ਸੰਵਿਧਾਨਕ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਸੰਸਥਾਵਾਂ ਨੂੰ ਲਿਖਿਆ ਪੱਤਰ

**ਅੰਮ੍ਰਿਤਸਰ/ਏ.ਟੀ.ਨਿਊਜ਼** :- ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਅਤੇ ਤਖ਼ਤ ਸਾਹਿਬ ਵਿਖੇ ਸੋਨੇ ਦੀਆਂ ਬੇਸ਼ਕੀਮਤੀ ਵਸਤਾਂ ਚੜਾਉਣ ਵਾਲੇ ਡਾ. ਗੁਰਵਿੰਦਰ ਸਿੰਘ ਸਮਰਾ ਦਰਮਿਆਨ ਚੱਲ ਰਹੇ ਵਿਵਾਦ ਦੇ ਮਾਮਲੇ ਵਿਚ ਤਖ਼ਤ ਸਾਹਿਬ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵਲੋਂ 'ਹੁਕਮਨਾਮਾ' ਜਾਰੀ ਕਰਕੇ ਜਥੇਦਾਰ ਗੌਹਰ ਨੂੰ ਤਨਖਾਹੀਆ ਕਰਾਰ ਦੇ ਦਿੱਤਾ ਗਿਆ ਹੈ । ਇਸ ਦੇ ਨਾਲ ਹੀ ਸ਼ਿਕਾਇਤ ਕਰਤਾ ਡਾ. ਗੁਰਵਿੰਦਰ ਸਿੰਘ ਸਮਰਾ ਨੂੰ ਵੀ ਇਸ ਮਾਮਲੇ ਵਿਚ ਧਾਰਮਿਕ ਸੇਵਾ ਲਗਾਈ ਗਈ ਹੈ। ਜਾਣਕਾਰੀ ਅਨੁਸਾਰ ਤਖ਼ਤ ਸਾਹਿਬ ਦੇ ਪੰਜ ਪਿਆਰੇ ਗ੍ਰੰਥੀ ਸਾਹਿਬਾਨ, ਭਾਈ ਦਲੀਪ ਸਿੰਘ ਸੀਨੀਅਰ ਗ੍ਰੰਥੀ, ਭਾਈ ਬਲਦੇਵ ਸਿੰਘ ਵਧੀਕ ਮੁੱਖ ਗ੍ਰੰਥੀ, ਭਾਈ ਗੁਰਦਿਆਲ ਸਿੰਘ ਸੀਨੀਅਰ ਮੀਤ ਗ੍ਰੰਥੀ, ਭਾਈ ਸੁਖਦੇਵ ਸਿੰਘ ਅਤੇ ਭਾਈ ਪਰਸ਼ੂਰਾਮ ਸਿੰਘ ਗ੍ਰੰਥੀ ਵਲੋਂ ਬੀਤੇ ਦਿਨ 11 ਸਤੰਬਰ ਨੂੰ ਹੁਕਮਨਾਮਾ ਜਾਰੀ ਕੀਤਾ ਗਿਆ ਹੈ, ਜਿਸ ਵਿਚ ਡਾ. ਗੁਰਵਿੰਦਰ ਸਿੰਘ ਸਮਰਾ ਅਤੇ ਗਿਆਨੀ ਰਣਜੀਤ ਸਿੰਘ ਗੌਹਰ ਦਰਮਿਆਨ ਚੱਲ ਰਹੇ ਮਾਮਲੇ ਬਾਰੇ ਵਿਚਾਰ ਉਪਰੰਤ ਫ਼ੈਸਲਾ ਲਿਆ ਗਿਆ ਕਿ ਗਿਆਨੀ ਰਣਜੀਤ ਸਿੰਘ ਗੌਹਰ ਵਲੋਂ ਗੁਰੂ ਸਾਹਿਬ ਦੀ ਮਰਿਆਦਾ ਨੂੰ ਭੁਲਾ ਕੇ ਦਸਵੰਧ ਦੀ ਮਾਇਆ ਦੀ ਦੁਰਵਰਤੋਂ ਕਰਨੀ ਅਤੇ ਡਾ. ਸਮਰਾ ਨੂੰ ਫਰਜ਼ੀ ਅਤੇ ਬਿਨਾਂ ਪੰਜ ਸਿੰਘ ਸਾਹਿਬਾਨ ਨਾਲ ਵਿਚਾਰ ਕੀਤੇ ਹੁਕਮਨਾਮਾ ਅਤੇ ਅਨਿੰਨ ਸੇਵਕ ਦਾ ਸਨਮਾਨ ਦੇਣਾ ਮੰਦਭਾਗਾ ਹੈ। ਉਪਰੋਕਤ ਹੁਕਮਨਾਮੇ ਵਿਚ ਲਿਖਤ ਸ੍ਰੀ ਸਾਹਿਬ ਜਿਸ ਨੂੰ ਇਨਾਂ ਨੇ ਸਵਾ ਸੇਰ ਸੋਨੇ ਦੀ ਸ੍ਰੀ ਸਾਹਿਬ ਦੱਸਿਆ ਹੈ ਅਤੇ ਤਖ਼ਤ ਸਹਿਬ ਤੋਂ ਬੋਲਿਆ ਸੀ, ਉਸ ਸ੍ਰੀ ਸਾਹਿਬ ਦੀ ਤਿੰਨ ਵਾਰ ਜਾਂਚ ਕਰਨ ਉਪਰੰਤ ਵੀ ਸੋਨਾ ਸਿਰਫ ਨਾਮਾਤਰ ਹੀ ਪਾਇਆ ਗਿਆ। ਜਾਰੀ ਹੁਕਮਨਾਮੇ ਵਿਚ ਇਹ ਵੀ ਕਿਹਾ ਗਿਆ ਹੈ ਕਿ ਗਿਆਨੀ ਰਣਜੀਤ ਸਿੰਘ ਵਲੋਂ ਤਖ਼ਤ ਸਾਹਿਬ ਦੇ ਦਫ਼ਤਰ ਵਿਖੇ ਕਮੇਟੀ ਦੇ ਕੁਝ ਅਹੁਦੇਦਾਰਾਂ ਨੂੰ ਦਬਾਅ ਬਣਾ ਪੰਜ ਸਿੰਘ ਸਾਹਿਬਾਨ ਨੂੰ ਤਖ਼ਤ ਸਾਹਿਬ ਤੋਂ ਬਾਹਰ ਭੇਜਣ ਦੀਆਂ ਨਾਕਾਮ ਕੋਸ਼ਿਸ਼ਾਂ ਕੀਤੀਆਂ ਗਈਆਂ ਅਤੇ ਇਸ ਮਾਮਲੇ ਨੂੰ ਪ੍ਰਭਾਵਿਤ ਕਰਨਾ ਚਾਹਿਆ। ਇਸ ਮਾਮਲੇ ਉੱਪਰ 8 ਘੰਟੇ ਵਿਚਾਰ ਕਰਨ ਅਤੇ ਸ਼ਿਕਾਇਤਕਰਤਾ ਸੰਗਤ ਨਾਲ ਵਿਚਾਰ ਕਰਦਿਆਂ ਗਿਆਨੀ ਰਣਜੀਤ ਸਿੰਘ ਗੌਹਰ ਨੂੰ ਇਨਾਂ ਦੋਸ਼ਾਂ ਵਿਚ ਲਿਪਤ ਜਾਣਦੇ ਹੋਏ ਤਨਖਾਹੀਆ ਘੋਸ਼ਿਤ ਕੀਤਾ ਜਾਂਦਾ ਹੈ। ਜਾਰੀ





ਹੁਕਮਨਾਮੇ ਵਿਚ ਡਾ. ਗੁਰਵਿੰਦਰ ਸਿੰਘ ਸਮਰਾ ਨੂੰ ਵੀ ਆਦੇਸ਼ ਕੀਤਾ ਗਿਆ ਹੈ ਕਿ ਤੁਹਾਡੇ ਮੀਡੀਆ ਵਿਚ ਜਾਣ ਨਾਲ ਤਖ਼ਤ ਸਾਹਿਬ ਦੀ ਮਰਿਯਾਦਾ ਨੂੰ ਠੇਸ ਪੁੱਜੀ ਹੈ ਇਸ ਲਈ ਸਮਾਂ ਅਤੇ ਸਬੱਬ ਬਨਣ 'ਤੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਇਕ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਅਤੇ ਇਸ ਦੌਰਾਨ ਤਿੰਨ ਦਿਨ ਇਕ-ਇਕ ਘੰਟਾ ਜੋੜੇ ਝਾੜਨ ਅਤੇ ਭਾਂਡੇ ਮਾਂਜਣ ਉਪਰੰਤ 1100 ਰੁਪਏ ਦੀ ਦੇਗ ਕਰਵਾ ਕੇ ਭੁੱਲ ਚੁੱਕ ਦੀ ਮੁਆਫੀ ਲਈ ਅਰਦਾਸ ਦੀ ਰਸੀਦ ਕਟਾਉਣ।

**ਜਥੇਦਾਰ ਨੇ ਨਹੀਂ ਦਿੱਤਾ ਪ੍ਰਤੀਕਰਮ**

ਇਕ ਜਥੇਦਾਰ ਬਾਰੇ ਪੰਜ ਪਿਆਰੇ ਗ੍ਰੰਥੀ ਸਾਹਿਬਾਨ ਵਲੋਂ ਇਹ ਮਾਮਲਾ ਪ੍ਰਚੱਲਤ ਪੰਥਕ ਪਰੰਪਰਾਵਾਂ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਿਜਾਏ ਜਾਣ ਦੀ ਥਾਂ ਆਪਣੇ ਪੱਧਰ 'ਤੇ ਹੀ ਇਸ ਮਾਮਲੇ ਬਾਰੇ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕਰਕੇ ਜਥੇਦਾਰ ਨੂੰ ਤਨਖਾਹੀਆ ਐਲਾਨ ਦਿੱਤੇ ਜਾਣ ਦੀ ਨਵੀਂ ਪਿਰਤ ਪੈਣ ਕਾਰਨ ਪੰਥਕ ਗਲਿਆਰਿਆਂ ਵਿਚ ਚਰਚਾ ਸ਼ੁਰੂ ਹੋ ਗਈ ਹੈ। ਇਸ ਪੰਥਕ ਮਰਿਯਾਦਾ ਨਾਲ ਜੁੜੇ ਮਾਮਲੇ ਸੰਬੰਧੀ ਪ੍ਰਤੀਕਰਮ ਲੈਣ ਲਈ ਜਦੋਂ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਸੰਪਰਕ ਕੀਤਾ ਗਿਆ ਤਾਂ ਇਕ ਸੀਨੀਅਰ ਬੁਲਾਰੇ ਨੇ ਕਿਹਾ ਕਿ ਅਜਿਹਾ ਹੁਕਮਨਾਮਾ ਜਾਰੀ ਹੋਣਾ ਮਰਿਯਾਦਾ ਅਨੁਸਾਰ ਠੀਕ ਨਹੀਂ, ਪਰ ਇਸ ਸੰਬੰਧੀ ਪ੍ਰਤੀਕਰਮ ਸਿੰਘ ਸਾਹਿਬ ਹੀ ਦੇ ਸਕਦੇ ਹਨ। ਜਦੋਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨਾਂ ਨੇ ਫ਼ੋਨ ਨਹੀਂ ਅਟੈਂਡ ਕੀਤਾ। ਇਸ ਮਾਮਲੇ ਸੰਬੰਧੀ ਜਥੇਦਾਰ ਫ਼ਿਲਹਾਲ ਖਾਮੋਸ਼ ਹਨ।

**ਗੌਹਰ ਦਾ ਪ੍ਰਤੀਕਰਮ**

ਪੰਜ ਪਿਆਰਿਆਂ ਦੇ ਇਸ ਫ਼ੈਸਲੇ ਨੂੰ ਗਿਆਨੀ ਰਣਜੀਤ ਸਿੰਘ ਗੌਹਰ ਨੇ ਗ਼ੈਰ-ਸੰਵਿਧਾਨਕ ਫ਼ੈਸਲਾ ਕਰਾਰ ਦਿੰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸ੍ਰੀ ਕੇਸਗੜ ਸਾਹਿਬ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਚੀਫ ਖ਼ਾਲਸਾ ਦੀਵਾਨ ਨੂੰ ਪੱਤਰ ਲਿਖੇ ਹਨ। ਗਿਆਨੀ ਗੌਹਰ ਨੇ ਤਿੰਨ ਸਫ਼ਿਆਂ ਦੇ ਪੱਤਰ 'ਚ ਲਿਖਿਆ ਹੈ ਕਿ ਇਸ ਮਾਮਲੇ 'ਚ ਉਨਾਂ ਦੇ ਪੱਖ ਨੂੰ ਸੁਣਿਆ ਨਹੀਂ ਗਿਆ। ਉਨਾਂ ਕਿਹਾ ਕਿ ਇਨਾਂ ਪੰਜਾਂ ਪਿਆਰਿਆਂ ਵਿਚੋਂ ਭਾਈ ਸੁਖਦੇਵ ਸਿੰਘ ਦੀ ਉਮਰ ਪਿਛਲੇ ਹੋਏ ਹੁਕਮਨਾਮੇ 17 ਮਈ 2020 ਦੇ ਅਨੁਸਾਰ 40 ਸਾਲ ਤੋਂ ਘੱਟ ਹੈ। ਇਸ ਲਈ ਉਹ ਇਸ ਕਾਰਵਾਈ ਨੂੰ ਕਰਨ ਦੇ ਯੋਗ ਨਹੀਂ ਹਨ। ਇਸ ਦੇ ਨਾਲ ਹੀ ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਮਾਫ਼ੀ ਦਾ ਮਾਮਲਾ ਉੱਠਿਆ ਸੀ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜਾਂ ਪਿਆਰਿਆਂ ਨੇ ਤਖ਼ਤ ਸਾਹਿਬ ਦੇ ਜਥੇਦਾਰਾਂ ਨੂੰ ਤਲਬ ਕਰਨ ਦਾ ਹੁਕਮ ਸੁਣਾਇਆ ਸੀ। ਉਸ ਸਮੇਂ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ 22 ਅਕਤੂਬਰ 2015 ਨੂੰ ਪੰਜਾਂ ਪਿਆਰਿਆਂ ਵੱਲੋਂ ਇਸ ਨੂੰ ਗ਼ਲਤ ਕਰਾਰ ਦਿੱਤਾ ਗਿਆ ਸੀ। ਉਸ ਹੁਕਮਨਾਮੇ ਵਿਚ ਵੀ ਇਨਾਂ ਪੰਜ ਪਿਆਰਿਆਂ 'ਚੋਂ ਤਿੰਨ ਪਿਆਰੇ ਸ਼ਾਮਲ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੁਅੱਤਲਸ਼ੁਦਾ ਪੰਜਾਂ ਪਿਆਰਿਆਂ ਨੇ ਜਥੇਦਾਰਾਂ ਨੂੰ ਤਲਬ ਕੀਤਾ ਸੀ ਜਿਸ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੱਲੋਂ ਮੁੱਢੋਂ ਰੱਦ ਕੀਤਾ ਗਿਆ ਸੀ। ਗਿਆਨੀ ਰਣਜੀਤ ਸਿੰਘ ਗੌਹਰ ਨੇ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਕਿਸੇ ਉੱਚ ਪੱਧਰੀ ਜਾਂਚ ਕਮੇਟੀ ਪਾਸੋਂ ਇਸ ਮਾਮਲੇ ਸਬੰਧੀ ਜਾਂਚ ਕਰਵਾਈ ਜਾਵੇ ਤਾਂ ਜੋ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਸਕੇ। ਉਨਾਂ ਕਿਹਾ ਕਿ ਇਸ ਹੁਕਮਨਾਮੇ ਨਾਲ ਤਖ਼ਤ ਸਾਹਿਬਾਨ ਦੀ ਮਰਿਆਦਾ ਨੂੰ ਢਾਹ ਲੱਗੀ ਹੈ।

### ਮਾਮਲਾ ਚੀਨ ਵਿਚ ਪਾਵਨ ਸਰੂਪ ਛਪਾਈ ਦਾ

# ਅਮਰੀਕਾ ਦੀ 9 ਮੈਂਬਰੀ ਪੜਤਾਲੀਆ ਸਬ ਕਮੇਟੀ ਨੇ ਰਿਪੋਰਟ ਜਥੇਦਾਰ ਨੂੰ ਸੌਂਪੀ

**ਅੰਮ੍ਰਿਤਸਰ/ਏ.ਟੀ.ਨਿਊਜ਼** :- ਪਿਛਲੇ ਸਮੇਂ ਵਿਚ ਅਮਰੀਕਾ ਨਿਵਾਸੀ ਕੁਝ ਵਿਅਕਤੀਆਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਅਣ-ਅਧਿਕਾਰਿਤ ਤੌਰ 'ਤੇ ਚੀਨ ਵਿਚ ਛਪਾਈ ਕਰਵਾ ਕੇ ਪਾਵਨ ਸਰੂਪਾਂ ਨੂੰ ਡਾਕ ਰਾਹੀਂ ਵੱਖ-ਵੱਖ ਸ਼ਹਿਰਾਂ ਵਿਚ ਭੇਜਣ ਦਾ ਮਾਮਲਾ ਸਾਹਮਣੇ ਆਉਣ 'ਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਮਾਮਲੇ ਦੀ ਪੜਤਾਲ ਲਈ ਬਣਾਈ ਗਈ 9 ਮੈਂਬਰੀ ਸਬ ਕਮੇਟੀ ਵਲੋਂ ਆਪਣੀ ਰਿਪੋਰਟ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਸੌਂਪ ਦਿੱਤੇ ਜਾਣ ਦੀ ਸੂਚਨਾ ਮਿਲੀ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਇਹ ਮਾਮਲਾ ਉਜਾਗਰ ਹੋਣ 'ਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਬਣਾਈ ਗਈ 9 ਮੈਂਬਰੀ ਸਬ ਕਮੇਟੀ ਦੇ ਮੈਂਬਰਾਂ ਵਲੋਂ ਇਹ ਪੜਤਾਲ ਚਾਰ ਮਹੀਨੇ ਵਿਚ ਪੂਰੀ ਕੀਤੀ ਗਈ ਹੈ। ਪੜਤਾਲ ਕਮੇਟੀ ਦੇ ਮੈਂਬਰਾਂ ਵਲੋਂ ਪਾਵਨ ਸਰੂਪਾਂ ਦੀ ਹੋਈ ਬੇਅਦਬੀ ਦੇ ਇਸ ਗੰਭੀਰ ਮਾਮਲੇ ਨਾਲ ਸੰਬੰਧਿਤ ਵਿਅਕਤੀਆਂ ਅਤੇ ਇਸ ਮਾਮਲੇ ਨਾਲ ਸੰਬੰਧਿਤ ਹੋਰ ਜ਼ਿੰਮੇਵਾਰ ਲੋਕਾਂ ਅਤੇ ਚਸ਼ਮਦੀਦ ਗਵਾਹਾਂ ਦੇ ਨਾਲ ਕੀਤੀ ਗਈ ਗੱਲਬਾਤ ਉਪਰੰਤ ਕਰੀਬ 35 ਸਫਿਆਂ ਦੀ ਪੜਤਾਲੀਆ ਰਿਪੋਰਟ ਤਿਆਰ ਕਰਕੇ ਬੀਤੇ ਦਿਨੀਂ ਜਥੇਦਾਰ ਅਕਾਲ ਤਖ਼ਤ ਸਾਹਿਬ ਤੱਕ ਪੁੱਜਦੀ ਕਰ ਦਿੱਤੀ ਗਈ ਹੈ। ਜਦੋਂ ਇਸ ਸੰਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਢੱਡੇ ਨੇ ਦੱਸਿਆ ਕਿ ਸਿੰਘ ਸਾਹਿਬ ਵਲੋਂ ਆਉਂਦੇ ਦਿਨਾਂ ਵਿਚ ਇਸ 'ਤੇ ਵਿਚਾਰ ਕੀਤੀ ਜਾਵੇਗੀ।

# ਕੈਲੇਫੋਰਨੀਆ ਦੇ ਧਨਾਢ ਸਿੱਖ ਆਗੂ ਦੀਦਾਰ ਸਿੰਘ ਬੈਂਸ ਚੱਲ ਵਸੇ

## ਪੀਚ ਕਿੰਗ ਦੇ ਨਾਂ ਨਾਲ ਸੀ ਮਸ਼ਹੂਰ



**ਕੈਲੇਫੋਰਨੀਆ:** ਦਹਾਕਿਆਂ ਤੋਂ ਅਮਰੀਕਾ ਵਿੱਚ ਰਹਿ ਰਹੇ ਨਾਮਵਰ ਸਿੱਖ ਆਗੂ ਦੀਦਾਰ ਸਿੰਘ ਬੈਂਸ ਦੀ ਮੌਤ ਹੋ ਗਈ ਹੈ।ਉਹ ਸਿੱਖ ਧਾਰਮਿਕ ਕੰਮਾਂ ਖ਼ਾਸ ਕਰਕੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਲਈ ਆਪਣੇ ਯੋਗਦਾਨ ਲਈ ਜਾਣੇ ਜਾਂਦੇ ਸਨ। ਉਹ ਪਿਛਲੇ ਕਈ ਦਹਾਕਿਆਂ ਤੋਂ ਯੂਬਾ ਸ਼ਹਿਰ ਵਿੱਚ ਰਹਿ ਰਹੇ ਸਨ ਅਤੇ ਨਗਰ ਕੀਰਤਨਾਂ ਦੇ ਸਮਾਗਮਾਂ ਦੇ ਨਾਲ-ਨਾਲ ਟਿਏਰਾ ਬੁਏਨਾ ਗੁਰਦੁਆਰਾ ਸਾਹਿਬ ਦੇ ਕੰਮਾਂ ਵਿੱਚ ਵੀ ਸਰਗਰਮ ਸਨ।

ਦੀਦਾਰ ਸਿੰਘ ਬੈਂਸ ਦਾ ਜਨਮ ੧੯੩੯ ਵਿੱਚ ਪਿੰਡ ਛੋਟੇ ਨੰਗਲ ਨਜ਼ਦੀਕ ਮਾਹਿਲਪੁਰ ਵਿਖੇ ਸ. ਗੁਰਪਾਲ ਸਿੰਘ ਦੇ ਘਰ ਹੋਇਆ। ਉਨਾਂ ਦੇ ਦਾਦਾ ਜੀ ੧੯੨੯ ਵਿੱਚ ਅਮਰੀਕਾ ਗਏ ਸੀ ਤੇ ਦੀਦਾਰ ਸਿੰਘ ਦੇ ਜਨਮ ਤੋਂ ਬਾਅਦ ਉਨਾਂ ਦੇ ਪਿਤਾ ਵੀ ਅਮਰੀਕਾ ਵੱਸ ਗਏ। ਸਰਦਾਰ ਬੈਂਸ ਨੇ ਮੁੱਢਲੀ ਪੜਾਈ ਖ਼ਾਲਸਾ ਹਾਈ ਸਕੂਲ ਮਾਹਿਲਪੁਰ ਤੋਂ ਕੀਤੀ। ਵੀਹ ਸਾਲ ਦੀ ਉਮਰ (੧੯੫੮) ਵਿੱਚ ਬੈਂਸ ਵੀ ਅਮਰੀਕਾ ਚਲੇ ਗਏ ਅਤੇ ਉੱਥੇ ਤਕਰੀਬਨ ਚਾਰ ਸਾਲ ਦੂਜਿਆਂ ਦੇ ਖੇਤਾਂ ਵਿੱਚ ਮਜ਼ਦੂਰੀ ਕੀਤੀ।ਦੀਦਾਰ ਸਿੰਘ ਬੈਂਸ ਨੂੰ ਕੈਲੇਫੋਰਨੀਆ ਦੇ ਪੀਚ ਕਿੰਗ ਵਜੋਂ ਜਾਣਿਆ ਜਾਂਦਾ ਸੀ ਅਤੇ ਉੱਤਰੀ ਅਮਰੀਕਾ ਦੇ ਸਭ ਤੋਂ ਅਮੀਰ ਸਿੱਖ ਕਿਸਾਨਾਂ ਵਿੱਚੋਂ ਇਕ ਸਨ।

ਉਹ ਆਪਣੀ ਜੇਬ ਵਿਚ ਸਿਰਫ਼ ੮ ਡਾਲਰ ਲੈ ਕੇ ਅਮਰੀਕਾ ਆਏ ਸੀ। ਅਮਰੀਕਾ ਆਉਣ ਤੋਂ ਬਾਅਦ, ਉਨਾਂ ਕੈਲੇਫੋਰਨੀਆ ਵਿੱਚ ਖੇਤੀ ਲਈ ਜ਼ਮੀਨ ਦੇਖੀ। ਬਹੁਤ ਸੰਘਰਸ਼ ਕਰਨ ਤੋਂ ਬਾਅਦ, ਉਹ ਉੱਤਰੀ ਕੈਲੇਫੋਰਨੀਆ ਦੇ ਸਭ ਤੋਂ ਅਮੀਰ ਆਦਮੀਆਂ ਵਿੱਚੋਂ ਇਕ ਬਣ ਗਏ।

੧੯੮੩ ਤੋਂ ਪਹਿਲਾਂ ਉਹ ਉੱਤਰੀ ਅਮਰੀਕਾ ਅਕਾਲੀ ਦਲ ਦੇ ਮੁਖੀ ਸਨ। **ਬਾਕੀ ਸਫ਼ਾ 31 'ਤੇ**

Certificate Course in

# DATA ANALYTICS

- Eligibility : B.Tech, M.Tech, BCA, MCA, BSc, MSc, MBA
- Mentors are industry expert from USA and India
- 100% Placement assistance for high growth tech jobs
- 100% fee waiver / scholarship from Sikh Education Council and Startup Farms IT Limited.
- Support and mentorship for projects and case siudy solutions
- Training experience certificate by Startup Farms It Ltd
- Total Seats : 50
- Course Duration : 6 Months
- Selection criteria : Interview

EXPERTS FROM USA & INDIA



SRI GURU GRANTH SAHIB WORLD UNIVERSITY
FATEHGARH SAHIB , PUNJAB

Admission Helpline
70096-48231, 62805-38113

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE




TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL CARDS
NO CREDIT - NO PROBLEM
BEST CUSTOMER SERVICE

YOU BREAK DOWN
WE SHOW UP
24-HOUR ROADSIDE ASSISTANCE

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਸਾਡਾ ਨਿਸ਼ਾਨਾ ਸਿੱਖ ਹੋਮਲੈਂਡ ਦੀ ਪ੍ਰਾਪਤੀ: ਸਿੱਖ ਸਟੂਡੈਂਟਸ ਫੈਡਰੇਸ਼ਨ

## ਯੂਨਾਈਟਿਡ ਨੇਸ਼ਨ ਜੇਨੇਵਾ ਵਿਖੇ ਪਟੀਸ਼ਨ ਦਾਖਲ ਕਰਾਂਗੇ





ਚੰਡੀਗੜ/ਏ.ਟੀ.ਨਿਊਜ਼ :- ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ 78ਵਾਂ ਸਥਾਪਨਾ ਦਿਵਸ ਤਖਤ ਸ੍ਰੀ ਕੇਸਗੜ ਸਾਹਿਬ ਵਿਖੇ ਭਾਈ ਪਰਮਜੀਤ ਸਿੰਘ ਖਾਲਸਾ, ਭਾਈ ਮੇਜਰ ਸਿੰਘ ਖਾਲਸਾ ਅਤੇ ਭਾਈ ਦਲੇਰ ਸਿੰਘ ਡੋਡ ਦੀ ਅਗਵਾਈ ਹੇਠ ਮਨਾਇਆ ਗਿਆ। ਵੱਡੀ ਗਿਣਤੀ ਵਿੱਚ ਹਾਜਰ ਫੈਡਰੇਸ਼ਨ ਆਗੂਆਂ ਨੇ ਸਾਂਝੇ ਰੂਪ ਵਿੱਚ ਸਿੱਖ ਹੋਮਲੈਂਡ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣ ਦਾ ਪ੍ਰਣ ਕੀਤਾ।

ਤਖਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੇ ਫੈਡਰੇਸ਼ਨ ਦੀ ਚੜਦੀ ਕਲਾ ਅਤੇ ਜਥੇਬੰਦੀ ਵਲੋਂ ਮਿਥੇ ਨਿਸ਼ਾਨਿਆਂ ਨੂੰ ਪੂਰਿਆਂ ਕਰਨ ਲਈ ਅਰਦਾਸ ਬੇਨਤੀ ਕੀਤੀ। ਫੈਡਰੇਸ਼ਨ ਵਲੋਂ ਜਾਰੀ ਕੀਤੇ ਬਿਆਨ ਵਿੱਚ ਫੈਡਰੇਸ਼ਨ ਆਗੂਆਂ ਨੇ ਕੇਂਦਰ ਸਰਕਾਰ ’ਤੇ ਵਰਦਿਆਂ ਕਿਹਾ ਕਿ ਮੋਦੀ ਸਰਕਾਰ ਦੀਆਂ ਇਕ ਬਹੁਗਿਣਤੀ ਫਿਰਕੇ ਨੂੰ ਖੁਸ਼ ਕਰਨ ਵਾਲੀਆਂ ਨੀਤੀਆਂ ਕਾਰਨ ਅਤੇ ਦੇਸ਼ ਦੀਆਂ ਅਦਾਲਤਾਂ ਵੱਲੋਂ ਸਰਕਾਰੀ ਦਬਾਅ ਹੇਠ ਲਏ ਜਾ ਰਹੇ ਇਕਪਾਸੜ ਪੱਖਪਾਤੀ ਫੈਸਲਿਆਂ ਕਰਕੇ ਸਿੱਖ ਘੁਟਨ ਮਹਿਸੂਸ ਕਰ ਰਹੇ ਹਨ। ਮੌਜੂਦਾ ਸਿਆਸੀ ਵਿਧਾਨ ਅੰਦਰ ਸਿੱਖਾਂ ਦੇ ਹਿੱਤ, ਹੱਕ, ਅਧਿਕਾਰ ਸੁਰੱਖਿਯਤ ਨਹੀਂ ਹਨ। ਭਾਰਤੀ ਰਾਜਤੰਤਰ ਵੱਲੋਂ ਕੀਤੇ ਜਾ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ, ਸਰਕਾਰੀ ਧੱਕੇਸ਼ਾਹੀਆਂ, ਜ਼ੁਲਮਾਂ ਵਿਰੁੱਧ ਅਤੇ ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਫੈਡਰੇਸ਼ਨ ਕਾਨੂੰਨ ਮਾਹਿਰਾਂ, ਸੀਨੀਅਰ ਵਕੀਲਾਂ ਨਾਲ ਸਲਾਹ ਮਸ਼ਵਰਾ ਕਰਕੇ ਸੰਯੁਕਤ ਰਾਸ਼ਟਰ ਦੇ ਦਫਤਰ ਜਨੇਵਾ (ਸਵਿਟਜ਼ਰਲੈਂਡ) ਵਿਖੇ ਇਕ ਪਟੀਸ਼ਨ ਦਾਖਲ ਕਰੇਗੀ।

ਫੈਡਰੇਸ਼ਨ ਆਗੂਆਂ ਨੇ ਕਾਲਜਾਂ, ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਪੰਥਕ ਹਿੱਤਾਂ ਲਈ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਜੁੜਨ ਦਾ ਸੱਦਾ ਦਿੱਤਾ। ਉਨਾਂ ਕਿਹਾ ਕਿ ਸਿੱਖ ਕੌਮ ਨੂੰ ਬੌਧਿਕ ਪੱਧਰ ਤੇ ਚੇਤੰਨ ਕਰਨਾ ਅਤੇ ਉਸਦੀ ਬੌਧਿਕ ਸਮਰੱਥਾ ਨੂੰ ਸੰਗਠਿਤ ਅਤੇ ਸਰਗਰਮ ਕਰਨਾ ਸਮੇਂ ਦੀ ਮੰਗ ਹੈ। ਸਿੱਖ ਵਿਦਵਾਨ, ਸਿੱਖ ਚਿੰਤਕ, ਸਿੱਖ ਬੁੱਧੀਜੀਵੀ ਆਪਣਾ ਫਰਜ ਨਿਭਾਉਣ ਉਹ ਨੌਜਵਾਨਾਂ ਦੇ ਰਾਹ ਦਸੇਰੇ ਬਣਕੇ ਪੰਥ ਦੀ ਚੜਦੀ ਕਲਾ, ਸਿੱਖੀ ਦੇ ਬੋਲਬਾਲੇ ਦੇ ਸੰਕਲਪ ਨੂੰ ਪੂਰਿਆਂ ਕਰਨ ਲਈ ਅੱਗੇ ਆਉਣ। ਅਖੀਰ ਵਿੱਚ ਫੈਡਰੇਸ਼ਨ ਆਗੂਆਂ ਵੱਲੋਂ ਸਿੱਖ ਹੋਮਲੈਂਡ ਦੀ ਸਥਾਪਨਾ ਲਈ ਪੰਥਕ ਏਕਤਾ ਤੇ ਜੋਰ ਦਿੰਦਿਆਂ ਕਿਹਾ ਕਿ ਏਕਤਾ,

ਬਾਕੀ ਸਫ਼ਾ 31 ’ਤੇ

# ਯੂਕਰੇਨ ਨੇ ਖਾਰਕੀਵ ਦੇ ਕਈ ਇਲਾਕਿਆਂ ਵਿਚੋਂ ਖਦੇੜੀ ਰੂਸ ਦੀ ਫ਼ੌਜ

## ਆਪਣੇ ਫੌਜੀਆਂ ਨੂੰ ਵਾਪਸ ਬੁਲਾਉਣ ਲਈ ਮਜਬੂਰ ਹੋਇਆ ਰੂਸ

ਕੀਵ/ਏ.ਟੀ.ਨਿਊਜ਼ :- ਯੂਕਰੇਨ ਦੇ ਖ਼ਿਲਾਫ਼ ਪਿਛਲੇ 200 ਦਿਨਾਂ ਤੋਂ ਜਾਰੀ ਯੁੱਧ ’ਚ ਰੂਸ ਦੀ ਹਾਲਤ ਹੁਣ ਪਤਲੀ ਨਜ਼ਰ ਆਉਣ ਲੱਗੀ ਹੈ। ਯੂਕਰੇਨ ਨੇ ਖਾਰਕੀਵ ਦੇ ਕਈ ਇਲਾਕਿਆਂ ਵਿਚੋਂ ਰੂਸ ਦੇ ਸੈਨਿਕਾਂ ਨੂੰ ਖਦੇੜ ਦਿੱਤਾ ਹੈ ਅਤੇ ਕਈ ਇਲਾਕਿਆਂ ’ਤੇ ਉਨਾਂ ਮੁੜ ਕਬਜ਼ਾ ਕਰ ਲਿਆ ਹੈ। ਯੂਕਰੇਨ ਦੀ ਤਕੜੀ ਜਵਾਬੀ ਕਾਰਵਾਈ ਕਰਕੇ ਰੂਸ ਨੂੰ ਖਾਰਕੀਵ ਦੇ ਕਈ ਇਲਾਕਿਆਂ ਵਿਚੋਂ ਆਪਣੇ ਸੈਨਿਕਾਂ ਨੂੰ ਵਾਪਸ ਬੁਲਾਉਣ ਲਈ ਮਜਬੂਰ ਹੋਣਾ ਪਿਆ। ਰੂਸ ਦੇ ਰੱਖਿਆ ਮੰਤਰਾਲੇ ਨੇ ਐਲਾਨ ਕੀਤਾ ਕਿ ਉਹ ਯੂਕਰੇਨ ਦੇ ਪੂਰਬੀ ਖਾਰਕੀਵ ਖੇਤਰ ਦੇ ਦੋ ਸਥਾਨਾਂ ਤੋਂ ਆਪਣੇ ਸੈਨਿਕਾਂ ਨੂੰ ਵਾਪਸ ਬੁਲਾ ਰਿਹਾ ਹੈ। ਰੱਖਿਆ ਮੰਤਰਾਲੇ ਦੇ ਬੁਲਾਰੇ ਨੇ ਦੱਸਿਆ ਕਿ ਬਲਾਕਲੀਆ ਅਤੇ ਇੰਜ਼ਯਾਮ ਖੇਤਰਾਂ ਤੋਂ ਪੂਰਬੀ ਦੋਨੇਸਤਕ ਖੇਤਰ ਵਿਚ ਸੈਨਿਕਾਂ ਨੂੰ ਫਿਰ ਤੋਂ ਇਕੱਠਾ ਕਰੇਗਾ। ਇਸ ਤੋਂ ਪਹਿਲਾਂ ਮਾਰਚ ’ਚ ਰੂਸੀ ਸੈਨਿਕਾਂ ਨੂੰ ਯੂਕਰੇਨ ਦੀ ਰਾਜਧਾਨੀ ਕੀਵ ਤੋਂ ਵਾਪਸ ਬੁਲਾ ਲਿਆ ਗਿਆ ਸੀ। ਯੂਕਰੇਨ ਦੇ ਖ਼ਿਲਾਫ਼ ਜਾਰੀ ਯੁੱਧ ਵਿਚ ਇਹ ਫੈਸਲਾ ਮਹੱਤਵਪੂਰਨ ਸਾਬਿਤ ਹੋ ਸਕਦਾ ਹੈ। ਰੂਸੀ ਸੈਨਿਕਾਂ ਨੇ ਗੋਲਾ-ਬਰੂਦ ਦੇ ਭੰਡਾਰ ਅਤੇ ਹਥਿਆਰਾਂ ਨੂੰ ਵੀ ਉਥੇ ਹੀ ਛੱਡ ਦਿੱਤਾ ਹੈ। ਯੂਕਰੇਨ ਦੇ ਰਾਸ਼ਟਰਪਤੀ ਨੇ ਵੋਲੋਦੀਮੀਰ ਯੇਲੇਂਸਕੀ ਨੇ ਕਿਹਾ ਕਿ ਰੂਸੀ ਸੈਨਿਕਾਂ ਨੇ ਉਨਾਂ ਦੇ ਦੇਸ਼ ਦੇ ਜਵਾਬੀ ਹਮਲੇ ਤੋਂ ਭੱਜ ਕੇ ਇਕ ਚੰਗਾ ਫ਼ੈਸਲਾ ਲਿਆ ਹੈ। ਯੂਕਰੇਨ ਦੇ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਦੇਸ਼ ਦੇ ਉੱਤਰ-ਪੂਰਬ ਵਿਚ ਰੂਸੀ ਸੈਨਾ ਦੇ ਖ਼ਿਲਾਫ਼ ਜਵਾਬੀ ਕਾਰਵਾਈ ਵਿਚ ਕੀਵ ਨੂੰ ਵੱਡੀ ਸਫ਼ਲਤਾ ਮਿਲੀ ਹੈ। ਯੂਕਰੇਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਦੱਸਿਆ ਕਿ ਯੂਕਰੇਨੀ ਸੈਨਿਕਾਂ ਨੇ ਪੂਰਬੀ ਯੂਕਰੇਨ ਦੇ ਕੁਪਿਯਾਂਸਕ ਸ਼ਹਿਰ ਨੂੰ ਫਿਰ ਤੋਂ ਆਪਣੇ ਕਬਜ਼ੇ ਵਿਚ ਲੈ ਲਿਆ ਹੈ। ਬੁਲਾਰੇ ਨੇ ਇਕ ਤਸਵੀਰ ਟਵੀਟ ਕੀਤੀ ਹੈ, ਜਿਸ ’ਚ ਯੂਕਰੇਨ ਦੀ 92ਵੀਂ ਸੈਪਰੇਟ ਮੈਕੇਨਾਈਜ਼ ਬਟਾਲੀਅਨ ਦੇ ਸੈਨਿਕਾਂ ਨੂੰ ਉਥੇ ਦਿਖਾਇਆ ਗਿਆ ਹੈ।



ਖਾਰਕੀਵ ਦੇ ਇਕ ਇਲਾਕੇ ਨੂੰ ਰੂਸੀ ਫ਼ੌਜ ਤੋਂ ਛੁਡਵਾਉਣ ਤੋਂ ਬਾਅਦ ਆਪਣੇ ਦੇਸ਼ ਦਾ ਝੰਡਾ ਲਹਿਰਾਉਂਦੇ ਹੋਏ ਯੂਕਰੇਨੀ ਸੈਨਿਕ।

# ਪ੍ਰਧਾਨ ਮੰਤਰੀ ਬੰਦੀ ਸਿੰਘਾਂ ਦੇ ਹੱਕ ਵਿਚ ਫ਼ੈਸਲਾ ਦੇਣਗੇ ਪਰ ਕਾਨੂੰਨੀ ਮਸਲੇ ਨੂੰ ਧਾਰਮਿਕ ਮਸਲਾ ਬਣਾ ਕੇ ਨਾ ਪੇਸ਼ ਕਰੇ ਸ਼੍ਰੋਮਣੀ ਕਮੇਟੀ: ਲਾਲਪੁਰਾ

ਚੰਡੀਗੜ : ਕੌਮੀ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੰਦੀ ਸਿੰਘਾਂ ਦੇ ਹੱਕ ‘ਵਿਚ ਫ਼ੈਸਲਾ ਦੇਣਗੇ। ਉਨਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਰਾਜਨੀਤੀ ਨਹੀਂ ਹੋਣੀ ਚਾਹੀਦੀ ਪਰ ਕਾਨੂੰਨੀ ਮਸਲੇ ਨੂੰ ਧਾਰਮਿਕ ਮਸਲਾ ਬਣਾ ਕੇ ਨਾ ਪੇਸ਼ ਕੀਤਾ ਜਾਵੇ।

ਸ਼੍ਰੋਮਣੀ ਕਮੇਟੀ ਨੂੰ ਪ੍ਰਧਾਨ ਮੰਤਰੀ ਵੱਲੋਂ ਸਮਾਂ ਨਾਂ ਦੇਣ ‘ਤੇ ਲਾਲਪੁਰਾ ਨੇ ਕਿਹਾ ਕੇ ਜੇਕਰ ਕਈ ਲੋਕਾਂ ਦੀ ਸਮੱਸਿਆ ਦਾ ਮਸਲਾ ਹੈ ਤਾਂ ਪ੍ਰਧਾਨ ਮੰਤਰੀ ਹਮੇਸ਼ਾ ਹਾਜ਼ਰ ਹਨ ,ਮੈਂ ਖ਼ੁਦ ਸਮਾਂ ਲੈ ਕੇ ਦੇਵਾਂਗਾ ਪਰ ਸ਼੍ਰੋਮਣੀ ਕਮੇਟੀ ਜੋ ਵੀ ਚਿੱਠੀ ਪ੍ਰਧਾਨ ਮੰਤਰੀ ਨੂੰ ਲਿਖਦੀ ਹੈ ,ਉਸ ਨੂੰ ਪਹਿਲਾਂ ਅਖ਼ਬਾਰਾਂ ਨੂੰ ਦੇ ਦਿੰਦੀ ਹੈ ਜਦਕਿ ਜਦੋਂ ਕਿਸੇ ਵੱਡੇ ਦਫ਼ਤਰ ਦੇ ਮੁਖ਼ਾਤਬ ਹੋਣਾ ਹੋਵੇ ਤਾਂ ਸੀਕਰੇਸੀ ਦਾ ਹੋਣਾ ਵੀ ਜ਼ਰੂਰੀ ਹੈ।

ਲਾਲਪੁਰਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ੨੧ ਮੰਗਾਂ ਸਿੱਖਾਂ ਦੀਆਂ ਮੰਨੀਆਂ ਸਨ ਪਰ ਸਾਨੂੰ ਉਨਾਂ ਦੀਆਂ ਬਾਕੀ ਮੰਨੀਆਂ ਮੰਗਾਂ ਬਿਲਕੁਲ ਵੀ ਯਾਦ ਨਹੀਂ। ਬੀਜੇਪੀ ਸਿੱਖਾਂ ਦੇ ਸਾਰੇ ਮਸਲੇ ਹੱਲ ਕਰਨ ਲਈ ਯਤਨਸ਼ੀਲ ਹੈ।

ਉਨਾਂ ਕਿਹਾ ਕਿ ਪੰਜਾਬ ਸਰਕਾਰ ਧਰਮ ਪਰਿਵਰਤਨ ਦੇ ਮਸਲੇ ‘ਤੇ ਬਿਲਕੁਲ ਵੀ ਸੰਜੀਦਾ ਨਹੀਂ ਤੇ ਨਾਂ ਹੀ ਕੋਈ ਦਿਲਚਸਪੀ ਦਿਖਾ ਰਹੀ ਹੈ। ਮੇਰੇ ਲਿਖਣ ਦੇ ਬਾਵਜੂਦ ਵੀ ਜੇਕਰ ਮੁੜ ਮੁੜ ਘਟਨਾਵਾਂ ਵਾਪਰ ਰਹੀਆਂ ਹਨ ਤਾਂ ਸਾਫ਼ ਹੈ ਕਿ ਸਰਕਾਰ ਲਾਅ ਐਂਡ ਆਰਡਰ ਵੱਲ ਬਿਲਕੁਲ ਧਿਆਨ ਨਹੀਂ ਦੇਣਾ ਚਾਹੁੰਦੀ , ਇੱਥੋਂ ਤੱਕ ਇਕ ਸਾਲ ਤੱਕ ਮੈਨੂੰ ਸਰਕਾਰ ਦਾ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ।

# ਪੂਰਬੀ ਲੱਦਾਖ ’ਚੋਂ ਪਿੱਛੇ ਹਟਣ ਲੱਗੀਆਂ ਚੀਨੀ ਫ਼ੌਜਾਂ

## ਦੋਵੇਂ ਮੁਲਕ 16ਵੇਂ ਗੇੜ ਦੀ ਬੈਠਕ ਵਿਚ ਹੋਏ ਸਹਿਮਤ

ਨਵੀਂ ਦਿੱਲੀ/ਏ.ਟੀ.ਨਿਊਜ਼ :- ਭਾਰਤ ਅਤੇ ਚੀਨ ਦੀਆਂ ਫ਼ੌਜਾਂ ਨੇ ਪੂਰਬੀ ਲੱਦਾਖ਼ ਵਿੱਚ ਟਕਰਾਅ ਵਾਲੇ (ਪੈਟਰੋਲਿੰਗ ਪੁਆਇੰਟ-15) ਗੋਗਰਾ-ਹੌਟ ਸਪ੍ਰਿੰਗਸ ਇਲਾਕੇ ਤੋਂ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ ਹੈ। ਇਹ ਜਾਣਕਾਰੀ ਦੋਵੇਂ ਮੁਲਕਾਂ ਦੀਆਂ ਫ਼ੌਜਾਂ ਨੇ ਸਾਂਝੇ ਬਿਆਨ ਵਿੱਚ ਦਿੱਤੀ ਹੈ। ਇਸ ਨਾਲ ਦੋ ਸਾਲਾਂ ਤੋਂ ਵਧ ਸਮੇਂ ਤੋਂ ਪੈਟਰੋਲਿੰਗ ਪੁਆਇੰਟ-15 ’ਤੇ ਚੱਲ ਰਿਹਾ ਟਕਰਾਅ ਖ਼ਤਮ ਹੋਣ ਦੇ ਆਸਾਰ ਬਣ ਗਏ ਹਨ। ਪੂਰਬੀ ਲੱਦਾਖ ਦੇ ਵਿਵਾਦਤ ਖੇਤਰਾਂ ਵਿਚੋਂ ਫ਼ੌਜਾਂ ਪਿੱਛੇ ਹਟਾਉਣ ਦਾ ਐਲਾਨ ਉਸ ਸਮੇਂ ਹੋਇਆ ਹੈ ਜਦੋਂ ਅਗਲੇ ਹਫ਼ਤੇ ਉਜ਼ਬੇਕਿਸਤਾਨ ਵਿਚ ਸ਼ੰਘਾਈ ਕੋਆਪ੍ਰੇਸ਼ਨ ਆਰਗੇਨਾਈਜ਼ੇਸ਼ਨ (ਐੱਸਸੀਓ) ਦਾ ਸਾਲਾਨਾ ਸਿਖਰ ਸੰਮੇਲਨ ਹੋਣ ਜਾ ਰਿਹਾ ਹੈ। ਸੰਮੇਲਨ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਵੱਲੋਂ ਹਾਜ਼ਰੀ ਭਰੇ ਜਾਣ ਦੀ ਸੰਭਾਵਨਾ ਹੈ। ਕਿਆਸੇ ਲਾਏ ਜਾ ਰਹੇ ਹਨ ਕਿ ਦੋਵੇਂ ਆਗੂਆਂ ਵਿਚਕਾਰ ਮੀਟਿੰਗ ਹੋ ਸਕਦੀ ਹੈ। ਉਂਜ ਇਸ ਸੰਭਾਵਨਾ ਬਾਰੇ ਅਜੇ ਤੱਕ ਕੋਈ ਸਰਕਾਰੀ ਬਿਆਨ ਨਹੀਂ ਆਇਆ ਹੈ। ਭਾਰਤ ਅਤੇ ਚੀਨ ਦੀਆਂ ਫ਼ੌਜਾਂ ਵੱਲੋਂ ਜਾਰੀ ਸਾਂਝੇ ਬਿਆਨ ਮੁਤਾਬਕ ਜੁਲਾਈ ਵਿਚ ਕੋਰ ਕਮਾਂਡਰਾਂ ਵਿਚਾਲੇ 16ਵੇਂ ਗੇੜ ਦੀ ਮੀਟਿੰਗ ਮਗਰੋਂ ਇਲਾਕੇ ਵਿਚੋਂ ਫ਼ੌਜਾਂ ਪਿੱਛੇ ਹਟਾਉਣ ’ਤੇ ਸਹਿਮਤੀ ਬਣੀ ਸੀ। ਹੁਣ ਗੋਗਰਾ-ਹੌਟ ਸਪ੍ਰਿੰਗਸ ਇਲਾਕੇ ’ਚੋਂ ਭਾਰਤੀ ਅਤੇ ਚੀਨੀ ਫ਼ੌਜ ਨੇ ਯੋਜਨਾਬੱਧ ਢੰਗ ਨਾਲ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ ਹੈ। ਇਸ ਗੱਲ ਦੀ ਸੰਭਾਵਨਾ ਜ਼ਿਆਦਾ ਹੈ ਕਿ ਭਾਰਤ ਅਤੇ ਚੀਨ ਵੱਲੋਂ ‘ਬਫ਼ਰ ਜ਼ੋਨ’ ਜਾਂ ‘ਨੋ ਪੈਟਰੋਲਿੰਗ’ ਵਾਲਾ ਖੇਤਰ ਬਣਾਇਆ ਜਾਵੇ। ਇਹ ਪ੍ਰਬੰਧ ਟਕਰਾਅ ਵਾਲੇ ਹੋਰ ਇਲਾਕਿਆਂ ਵਿਚ ਕੀਤਾ ਗਿਆ ਹੈ। ਸੂਤਰ ਮੁਤਾਬਕ ਭਾਰਤੀ ਫ਼ੌਜ ਵੱਲੋਂ ਪੈਟਰੋਲਿੰਗ ਪੁਆਇੰਟ-15 ’ਤੇ ਫ਼ੌਜਾਂ ਦੀ ਵਾਪਸੀ ਪ੍ਰਕਿਰਿਆ ਦੀ ਪੜਤਾਲ ਕਰਕੇ ਤਸਦੀਕ ਕੀਤੀ ਜਾਵੇਗੀ। ਮੰਨਿਆ ਜਾ ਰਿਹਾ ਹੈ ਕਿ ਉੱਚ ਤਾਕਤੀ ਚੀਨੀ ਸਟੱਡੀ ਗਰੁੱਪ, ਜਿਸ ’ਚ ਐੱਨਐੱਸਏ ਅਜੀਤ ਡੋਵਾਲ, ਤਿੰਨੋਂ ਸੈਨਾਵਾਂ ਦੇ ਮੁਖੀ ਅਤੇ ਕੌਮੀ ਸੁਰੱਖਿਆ ਨਾਲ ਜੁੜੇ ਹੋਰ ਅਧਿਕਾਰੀ ਸ਼ਾਮਲ ਹਨ, ਵੱਲੋਂ ਅਗਲੇ ਕੁਝ ਦਿਨਾਂ ’ਚ ਪੂਰਬੀ ਲੱਦਾਖ ਦੇ ਹਾਲਾਤ ਦੀ ਸਮੀਖਿਆ ਕਰਨ ਲਈ ਮੀਟਿੰਗ ਕੀਤੇ ਜਾਣ ਦੀ ਸੰਭਾਵਨਾ ਹੈ।

ਨਿਰਪੱਖ ਹਲਕਿਆਂ ਦਾ ਮੰਨਣਾ ਹੈ ਕਿ ਮੌਜੂਦਾ ਹਾਲਾਤ ਵਿਚ ਜੰਗ ਕਿਸੇ ਦੇਸ਼ ਲਈ ਨਾ ਤਾਂ ਹਿੱਤਕਾਰੀ ਹੈ ਅਤੇ ਨਾ ਹੀ ਉਸ ਵਿਚ ਕੋਈ ਫ਼ੈਸਲਾਕੁਨ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ। ਭਾਰਤ ਅਤੇ ਚੀਨ ਗੁਆਂਢੀ ਹੋਣ ਦੇ ਨਾਲ ਨਾਲ ਵੱਸੋਂ ਦੇ ਹਿਸਾਬ ਨਾਲ ਦੁਨੀਆ ਦੇ ਸਭ ਤੋਂ ਵੱਡੇ ਦੇਸ਼ ਹਨ। ਭਾਰਤ ਦੀ ਆਬਾਦੀ ਕਰੀਬ 138 ਕਰੋੜ ਹੈ ਅਤੇ ਚੀਨ ਦੀ 145 ਕਰੋੜ। ਇਸ ਤਰਾਂ ਦੁਨੀਆ ਦੀ ਅਬਾਦੀ ਦਾ ਲਗਭਗ 36 ਫ਼ੀਸਦੀ ਹਿੱਸਾ ਇਨਾਂ ਦੋਹਾਂ ਦੇਸ਼ਾਂ ਵਿਚ ਵੱਸਦਾ ਹੈ। ਚੀਨ ਦੁਨੀਆ ਦਾ ਦੂਸਰਾ ਵੱਡਾ ਅਰਥਚਾਰਾ ਹੈ ਅਤੇ ਭਾਰਤ ਪੰਜਵਾਂ। ਸੰਸਾਰ ਦੇ ਕੁੱਲ ਘਰੇਲੂ ਉਤਪਾਦਨ ਵਿਚ ਚੀਨ ਦਾ ਹਿੱਸਾ 18.8 ਫ਼ੀਸਦੀ ਹੈ ਅਤੇ ਭਾਰਤ ਦਾ 7.2 ਫ਼ੀਸਦੀ। ਇਸ ਤੋਂ ਪ੍ਰਤੱਖ ਹੈ ਕਿ ਦੋਹਾਂ ਦੇਸ਼ਾਂ ਨੂੰ ਆਪਸੀ ਤਣਾਉ ਘਟਾਉਣ ਅਤੇ ਵਪਾਰ ਵਧਾਉਣ ਦੀ ਜ਼ਰੂਰਤ ਹੈ।ਸਰਹੱਦਾਂ ’ਤੇ ਤਣਾਉ ਦੋਹਾਂ ਦੇਸ਼ਾਂ ਦੇ ਵਪਾਰਕ ਸਬੰਧਾਂ ’ਤੇ ਹੀ ਅਸਰ ਨਹੀਂ ਪਾਉਂਦਾ ਸਗੋਂ ਅਰਥਚਾਰੇ ’ਤੇ ਬੋਝ ਵੀ ਬਣਦਾ ਹੈ। ਦੋਹਾਂ ਦੇਸ਼ਾਂ ਵਿਚ 3400 ਕਿਲੋਮੀਟਰ ਤੋਂ ਜ਼ਿਆਦਾ ਲੰਮੀ ਸਰਹੱਦ ਹੈ। ਬਹੁਤ ਸਾਰਾ ਸਰਹੱਦੀ ਇਲਾਕਾ ਉੱਚੀਆਂ ਪਹਾੜੀਆਂ ਤੇ ਬਰਫ਼ੀਲੇ ਖੇਤਰਾਂ ਵਾਲਾ ਹੈ। ਇੰਨੀ ਲੰਮੀ ਸਰਹੱਦ ’ਤੇ ਲਗਾਤਾਰ ਫ਼ੌਜ ਤਾਇਨਾਤ ਰੱਖਣ ਲਈ ਕਾਫ਼ੀ ਜ਼ਿਆਦਾ ਪੈਸਾ ਖ਼ਰਚ ਹੁੰਦਾ ਹੈ। ਟਕਰਾਅ ਵਾਲੇ ਕਈ ਸਥਾਨਾਂ ਤੋਂ ਭਾਵੇਂ ਫ਼ੌਜਾਂ ਪਿੱਛੇ ਹਟਾਉਣ ਬਾਰੇ ਸਹਿਮਤੀ ਬਣ ਗਈ ਹੈ ਪਰ ਡੇਪਸਾਂਗ ਅਤੇ ਡੈਮਚੋਕ ਦੇ ਇਲਾਕਿਆਂ ਵਿਚ ਕਈ ਸਮੱਸਿਆਵਾਂ ਸੁਲਝਾਈਆਂ ਜਾਣੀਆਂ ਬਾਕੀ ਹਨ।

# MSP ਦੀ ਖਰੀਦ ਦੀ ਗਰੰਟੀ ਲਈ 6 ਅਕਤੂਬਰ ਨੂੰ ਦਿੱਲੀ ਕੂਚ ਕਰਨਗੇ ਕਿਸਾਨ

ਚੰਡੀਗੜ/ਨਕਸ ਸਿੰਘ ਡਿਬਡਿਬਾ :- ਯੂ.ਪੀ. ਦੇ ਕਿਸਾਨ ਮਜਦੂਰ ਸੰਗਠਨ ਦੇ ਸਰਪ੍ਰਸਤ ਵੀ.ਐਮ. ਸਿੰਘ ਦੀ ਅਗਵਾਈ ਵਿਚ ਕਿਸਾਨ 6 ਅਕਤੂਬਰ ਨੂੰ ਦਿੱਲੀ ਵੱਲ ਕੂਚ ਕਰਨਗੇ। ਪਿਛਲੇ ਮਹੀਨੇ 22 ਅਗਸਤ ਨੂੰ ਜੰਤਰ ਮੰਤਰ ’ਤੇ ਰੋਜ਼ਗਾਰ ਅੰਦੋਲਨ ਦੇ ਦੌਰਾਨ ਵੀ.ਐਮ ਸਿੰਘ ਨੇ ਕਿਸਾਨਾਂ ਨੂੰ ਦਿੱਲੀ ਵਿਚ MSP ਦੀ ਖਰੀਦ ਦੀ ਗਰੰਟੀ ਲਈ ਦੇਸ਼ ਭਰ ਦੀਆਂ ਕਿਸਾਨ ਜਥੇਬੰਦੀਆਂ ਨੂੰ ਪਹੁੰਚਣ ਦਾ ਸੱਦਾ ਦਿੱਤਾ।




ਇਸ ਸਬੰਧੀ ਕਿਸਾਨ ਆਗੂ ਵੀ.ਐਮ. ਸਿੰਘ ਨੇ ਕਿਹਾ ਕਿਸਾਨ ਅੰਦੋਲਨ ਤੋਂ ਬਾਅਦ MSP ਤੇ ਸਰਕਾਰ ਦੀ ਦੋਗਲੀ ਨੀਤੀ ਨੂੰ ਦੇਖਕੇ ਕਿਸਾਨ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ। ਇਸੇ ਸੰਦਰਭ ਵਿਚ 6 ਅਕਤੂਬਰ ਨੂੰ ਕਿਸਾਨ ਦਿੱਲੀ ਵੱਲ ਕੂਚ ਕਰਨਗੇ। ਜੇ ਪਿਛਲੇ 25 ਸਾਲਾ ਦਾ ਰਿਕਾਰਡ ਦੇਖੀਏ ਤੇ ਤਕਰੀਬਨ 4 ਲੱਖ ਕਿਸਾਨ ਆਤਮਹੱਤਿਆ ਕਰ ਚੁੱਕੇ ਹਨ।

2020 ਤੋਂ ਬਾਅਦ ਸਰਕਾਰ ਨੇ ਆਪਣੀ ਨਾਕਾਮੀ ਲੁਕੋਣ ਵਾਸਤੇ ਅੰਕੜੇ ਦੇਣੇ ਬੰਦ ਕਰ ਦਿੱਤੇ। ਪਿਛਲੇ 2 ਸਾਲਾਂ ਤੋਂ ਕੋਈ ਗਿਣਤੀ ਨਹੀਂ ਕੀਤੀ ਗਈ। ਕਿਸਾਨਾਂ ਨੂੰ ਇਹ ਲੜਾਈ ਆਪਣੀ ਨਸਲ ਤੇ ਦੇਸ਼ ਦੋਨਾਂ ਨੂੰ ਬਚਾਉਣ ਲਈ ਲੜਨੀ ਪਵੇਗੀ, ਕਿਉਂਕਿ ਸਰਕਾਰ ਜਿਸ 5 ਟ੍ਰਿਲੀਅਨ ਅਰਥਵਸਤਾ ਦੀ ਗੱਲ ਕਰਦੀ ਹੈ ਇਹ ਅੰਦੋਲਨ ਉਸਦਾ ਮੁੱਢ ਸਕਦਾ ਹੈ, ਕਿਉਂਕਿ ਜਦੋਂ MSP ਤੇ ਫਸਲ ਦਾ 500 ਰੁਪਏ ਪ੍ਰਤੀ ਕੁਇੰਟਲ ਦਾ ਨਫਾ ਹੋਵੇਗਾ ਤੇ ਘੱਟੋ-ਘੱਟ 20 ਕੁਇੰਟਲ ਕਣਕ ਨਿਕਲਣ ਤੇ 10000 ਪ੍ਰਤੀ ਕਿਲੋ ਦਾ ਇਕ ਫਸਲ ਤੇ ਸਾਲ ਦਾ 20000 ਦਾ ਲਾਭ ਹੋਵੇਗਾ

ਪਿਛਲੇ 6 ਮਹੀਨਿਆਂ ਤੋਂ ਰਾਸ਼ਟਰੀ ਕਿਸਾਨ ਮਜਦੂਰ ਸੰਗਠਨ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨਾਲ ਬੈਠਕਾਂ ਕਰਨ ਤੇ ਦੇ ਅੰਦੋਲਨ ਦਾ ਹਿੱਸਾ ਬਣਨ ਲਈ ਪ੍ਰੇਰਿਤ ਕਰ ਰਿਹਾ ਹੈ।

ਮਹਾਰਾਸ਼ਟਰ ਦੇ ਸਾਬਕਾ ਸੰਸਦ ਤੇ ਸਵਾਭਿਮਾਨ ਕਿਸਾਨ ਸੰਗਠਨ ਦੇ ਮੁਖੀ ਰਾਜੂ ਸੈਟੀ ਵੀ ਇਸ ਅੰਦੋਲਨ ਦਾ ਮੁੱਢ ਬੰਨਣ ਲਈ ਕੋਸ਼ਿਸ਼ ਕਰ ਰਹੇ ਹਨ।

ਦੇਸ਼ ਦੀ 18 ਕਰੋੜ 18 ਲੱਖ 86 ਹਜ਼ਾਰ ਹੈਕਟੇਅਰ ਜਮੀਨ ਦੇ ਹਿਸਾਬ ਨੂੰ 20 ਹਜ਼ਾਰ ਸਲਾਨਾ ਨਫੇ ਨਾਲ ਗੁਣਾ ਕਰੀਏ ਤਾਂ ਲਗਭਗ 4-5 ਲੱਖ ਕਰੋੜ ਕਿਸਾਨਾਂ ਕੋਲ ਆਵੇਗਾ, ਕਿਸਾਨ ਪੈਸਾ ਕਦੇ ਘਰ ਨਹੀਂ ਰੱਖਦਾ, ਕਿਸਾਨ ਆਪਣਾ ਪੈਸਾ ਬਾਜਾਰ ਵਿਚ ਲਾਉਂਦਾ ਹੈ ਤੇ ਇਸ ਤਰਾਂ ਭਾਰਤੀ ਬਾਜਾਰ ਵਿਚ ਵੱਡਾ ਉਛਾਲ ਆਵੇਗਾ ਅਤੇ ਦੇਸ਼ 5 ਟ੍ਰਿਲੀਅਨ ਅਰਥਵਿਵਸਥਾ ਦੇ ਟੀਚੇ ਨੂੰ ਪੂਰਾ ਕਰਨ ਵਿਚ ਕਾਮਯਾਬ ਹੋਵੇਗਾ।

### ਮਾਮਲਾ ਬੰਦੀ ਸਿੰਘਾਂ ਦੀ ਰਿਹਾਈ ਦਾ

# ਸ਼੍ਰੋਮਣੀ ਕਮੇਟੀ ਨੇ ਜ਼ੰਜੀਰਾਂ ’ਚ ਜਕੜ ਕੇ ਕਾਲੇ ਚੋਲ਼ੇ ਪਾ ਕੇ ਕੀਤਾ ਪ੍ਰਦਰਸ਼ਨ

## ਸੰਵਿਧਾਨ ਬਰਾਬਰੀ ਦਾ ਹਾਮੀ ਹੈ ਪਰ ਸਿੱਖਾਂ ਨਾਲ ਵਿਤਕਰਾ ਕਿਉਂ : ਐਡਵੋਕੇਟ ਧਾਮੀ



ਅੰਮ੍ਰਿਤਸਰ/ਏ.ਟੀ.ਨਿਊਜ਼ :- ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਜੇਲਾਂ ਵਿਚ ਨਜ਼ਰਬੰਦ ਕੀਤੇ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਵਲੋਂ ਜ਼ਿਲਾ ਹੈੱਡਕੁਆਰਟਰਾਂ ’ਤੇ ਰੋਸ ਧਰਨੇ ਦਿੱਤੇ ਜਾ ਰਹੇ ਹਨ। ਇਸ ਸੰਬੰਧੀ ਵਿਸ਼ਾਲ ਮੋਟਰਸਾਈਕਲ ਰੋਸ ਮਾਰਚ ਸਥਾਨਕ ਗੁਰਦੁਆਰਾ ਸਾਰਾਗੜ੍ਹੀ ਵਿਰਾਸਤੀ ਮਾਰਗ ਤੋਂ ਜੈਕਾਰਿਆਂ ਦੀ ਗੂੰਜ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਕੱਢਿਆ ਗਿਆ, ਜੋ ਡੀ.ਸੀ. ਅੰਮ੍ਰਿਤਸਰ ਦੇ ਦਫ਼ਤਰ ਲਈ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਾ ਹੋਇਆ ਰਵਾਨਾ ਹੋਇਆ। ਇਸ ਰੋਸ ਮਾਰਚ ਵਿਚ ਸ਼ਾਮਲ ਪ੍ਰਧਾਨ ਐਡਵੋਕੇਟ ਧਾਮੀ, ਸ਼੍ਰੋਮਣੀ ਕਮੇਟੀ ਮੈਂਬਰਾਂ, ਮੁਲਾਜ਼ਮਾਂ ਅਤੇ ਹੋਰਨਾਂ ਨੇ ਕਾਲੀਆਂ ਦਸਤਾਰਾਂ ਅਤੇ ਕਾਲੇ ਚੋਲੇ ਪਹਿਨੇ ਹੋਏ ਸਨ। ਇਸ ਰੋਸ ਪ੍ਰਦਰਸ਼ਨ ਵਿਚ ਪ੍ਰਧਾਨ ਸਮੇਤ ਕਈ ਮੈਂਬਰਾਂ ਨੇ ਆਪਣੇ ਗਲ਼ਾਂ ਵਿਚ ਜ਼ੰਜੀਰਾਂ ਵੀ ਪਹਿਨੀਆਂ ਹੋਈਆਂ ਸਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਮੁਲਕ ਦੀ ਅਜ਼ਾਦੀ ਲਈ 80 ਫੀਸਦੀ ਤੋਂ ਵੱਧ ਕੁਰਬਾਨੀਆਂ ਸਿੱਖਾਂ ਨੇ ਦਿੱਤੀਆਂ ਸਨ। ਜਦਕਿ ਸਿੱਖਾਂ ਨਾਲ ਬੇਗਾਨਿਆਂ ਵਾਲਾ ਵਿਹਾਰ ਕੀਤਾ ਜਾ ਰਿਹਾ ਹੈ। ਐਡਵੋਕੇਟ ਧਾਮੀ ਨੇ ਦੱਸਿਆ ਕਿ ਦੇਸ਼ ਦੀਆਂ ਵੱਖ ਵੱਖ ਜੇਲਾਂ ਵਿਚ ਸਿੱਖ ਕੈਦੀ ਹਨ। ਸਜ਼ਾਵਾਂ ਪੂਰੀਆਂ ਹੋਣ ਤੋਂ ਬਾਅਦ ਵੀ ਉਨਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਉਨਾਂ ਕਿਹਾ ਕਿ ਭਾਰਤ ਸਰਕਾਰ ਨੇ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਸਿੱਖ ਬੰਦੀ ਸਿੱਖਾਂ ਦੀ ਰਿਹਾਈ ਦਾ ਐਲਾਨ ਕੀਤਾ ਗਿਆ ਸੀ। ਉਸ ਤੋਂ ਬਾਅਦ ਅੱਜ ਤੱਕ ਉਸ ਐਲਾਨ ਨੂੰ ਲਾਗੂ ਨਹੀਂ ਕੀਤਾ ਗਿਆ ਹੈ। ਧਾਮੀ ਨੇ ਕਿਹਾ ਕਿ ਗੁਰਦੀਪ ਸਿੰਘ ਖੈੜਾ, ਦਵਿੰਦਰਪਾਲ ਸਿੰਘ ਭੁੱਲਰ, ਬਲਵੰਤ ਸਿੰਘ ਰਾਜੋਆਣਾ, ਜਗਤਾਰ ਸਿੰਘ ਹਵਾਰਾ, ਲਖਵਿੰਦਰ ਸਿੰਘ ਲੱਖਾ, ਗੁਰਮੀਤ ਸਿੰਘ, ਸ਼ਮਸ਼ੇਰ ਸਿੰਘ, ਪਰਮਜੀਤ ਸਿੰਘ ਭਿਓਰਾ, ਜਗਤਾਰ ਸਿੰਘ ਤਾਰਾ ਆਦਿ ਸਿੱਖ ਬੰਦੀ ਆਪਣੀ ਰਿਹਾਈ ਉਡੀਕ ਰਹੇ ਹਨ। ਉਨਾਂ ਕਿਹਾ ਕਿ ਦੇਸ਼ ਦਾ ਕਾਨੂੰਨ ਅਤੇ ਸੰਵਿਧਾਨ ਹਰ ਨਾਗਰਿਕ ਨੂੰ ਬਰਾਬਰ ਅਧਿਕਾਰ ਦਿੰਦੇ ਹਨ ਫਿਰ ਸਿੱਖਾਂ ਨਾਲ ਵਿਤਕਰਾ ਕਿਉਂ ਹੋ ਰਿਹਾ ਹੈ ?

ਐਡਵੋਕੇਟ ਧਾਮੀ ਨੇ ਅਫ਼ਸੋਸ ਜ਼ਾਹਰ ਕੀਤਾ ਕਿ ਸ਼੍ਰੋਮਣੀ ਕਮੇਟੀ ਨੇ ਮੁਲਕ ਦੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੂੰ ਕਈ ਵਾਰ ਪੱਤਰ ਲਿਖ ਕੇ ਵਫ਼ਦ ਦੇ ਰੂਪ ਵਿਚ ਮਿਲਣ ਦੀ ਮੰਗ ਕੀਤੀ ਹੋਈ ਹੈ। ਹਾਲੇ ਤੱਕ ਹਾਕਮਾਂ ਨੇ ਕਿਸੇ ਪੱਤਰ ਦਾ ਜਵਾਬ ਨਹੀਂ ਦਿੱਤਾ।

ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਜਥੇਦਾਰ ਕਰਨੈਲ ਸਿੰਘ ਪੰਜੋਲੀ, ਹਲਕਾ ਇੰਚਾਰਜ ਜਗਦੀਪ ਸਿੰਘ ਚੀਮਾ, ਭਗਵੰਤ ਸਿੰਘ ਧੰਗੇੜਾ ਮੈਨੇਜਰ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਅਤੇ ਹੋਰ ਆਗੂ ਵੀ ਹਾਜ਼ਰ ਸਨ।ਰੋਸ ਮਾਰਚ ਤੋਂ ਬਾਅਦ ਡੀ.ਸੀ. ਦਫ਼ਤਰ ਦੇ ਸਾਹਮਣੇ ਸ਼੍ਰੋਮਣੀ ਕਮੇਟੀ ਵਲੋਂ ਰੋਸ ਧਰਨਾ ਦਿੱਤਾ ।

**ਜਲੰਧਰ ਵਿਚ ਰੋਸ ਮਾਰਚ**

ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਐਸ ਜੀ ਪੀ ਸੀ ਮੈਂਬਰ ਕੁਲਵੰਤ ਸਿੰਘ ਮੰਨਣ ਅਤੇ ਸਿੱਖ ਸੰਗਤਾਂ ਵਲੋਂ ਮਾਰਚ ਕਰਦੇ ਹੋਏ ਡਿਪਟੀ ਕਮਿਸ਼ਨਰ ਨੂੰ ਕੇਂਦਰ ਅਤੇ ਪੰਜਾਬ ਸਰਕਾਰ ਦੇ ਨਾਮ ’ਤੇ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਸੰਗਤਾਂ ਨੇ ਹੱਥਾਂ ਵਿੱਚ ਬੰਦੀ ਸਿੰਘਾਂ ਦੇ ਰਿਹਾਈ ਦੇ ਬੈਨਰ ਪਕੜ ਰੱਖੇ ਸਨ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਐਸ ਜੀ ਪੀ ਸੀ ਮੈਂਬਰ ਕੁਲਵੰਤ ਸਿੰਘ ਮੰਨਣ ਅਤੇ ਜਥੇਦਾਰ ਜਗਜੀਤ ਸਿੰਘ ਗਾਬਾ, ਗੁਰਮੀਤ ਸਿੰਘ ਬਿੱਟੂ ਨੇ ਕਿਹਾ ਕਿ ਦੇਸ਼ ਦੀ ਖਾਤਰ ਲੜੀਆਂ ਗਈਆਂ ਜੰਗਾਂ ਵਿੱਚ 80% ਸਿੱਖ ਕੌਮ ਨੇ ਕੁਰਬਾਨੀਆਂ ਦਿੱਤੀਆਂ ਸੀ ਅਤੇ ਅਸੀਂ ਇਸ ਮੰਗ ਪੱਤਰ ਦੇ ਜਰੀਏ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਸਿੱਖ ਕੌਮ ਦੀ ਦੇਸ਼ ਖਾਤਿਰ ਦਿੱਤੀਆਂ ਕੁਰਬਾਨੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਜੇਲਾਂ ਵਿਚੋਂ ਆਜ਼ਾਦ ਕੀਤਾ ਜਾਵੇ। ਉਨਾਂ ਕਿਹਾ ਕਿ ਜੇਕਰ ਰਾਜੀਵ ਗਾਂਧੀ ਦੇ ਕਾਤਿਲਾਂ ਨੂੰ ਜੇਲਾਂ ਵਿਚੋਂ ਆਜ਼ਾਦ ਕੀਤਾ ਜਾ ਸਕਦਾ ਹੈ, ਜੇਕਰ ਮੁਸਲਮਾਨ ਬੱਚੀਆਂ ਦੇ ਬਲਾਤਕਾਰੀਆਂ ਨੂੰ ਸਜ਼ਾਵਾ ਪੂਰੀਆਂ ਹੋਣ ਤੋਂ ਪਹਿਲਾਂ ਜੇਲਾਂ ਵਿਚੋਂ ਅਜ਼ਾਦੀ ਮਿਲ ਸਕਦੀ ਹੈ ਤਾਂ ਸਿੱਖ ਬੰਦੀਆਂ ਨੂੰ ਸਜ਼ਾਵਾਂ ਪੂਰੀਆਂ ਕਰਨ ਬਾਅਦ ਕਿਉਂ ਨਹੀਂ ਰਿਹਾਈ ਮਿਲੀ ?

# ‘ਭਗਵਾਨ ਜਗਨਨਾਥ ਦਾ ਹੈ ਕੋਹਿਨੂਰ ਹੀਰਾ’: ਹਿੰਦੂ ਸੰਗਠਨ

## ਯੂ.ਕੇ. ਤੋਂ ਵਾਪਸ ਲਿਆਉਣ ਲਈ ਮੁਰਮੂ ਨੂੰ ਅਪੀਲ

ਭੁਵਨੇਸ਼ਵਰ/ਏ.ਟੀ.ਨਿਊਜ਼ :- ਉੜੀਸਾ ਵਿੱਚ ਸਮਾਜਿਕ-ਸੱਭਿਆਚਾਰਕ ਹਿੰਦੂ ਸੰਗਠਨ ਨੇ ਇਤਿਹਾਸਕ ਤੱਥਾਂ ਦੇ ਉਲਟ ਫੋਕਾ ਦਾਅਵਾ ਕੀਤਾ ਹੈ ਕਿ ਕੋਹਿਨੂਰ ਹੀਰਾ ਭਗਵਾਨ ਜਗਨਨਾਥ ਦਾ ਹੈ। ਸੰਗਠਨ ਨੇ ਬਰਤਾਨੀਆ ਤੋਂ ਇਸ ਨੂੰ ਇਤਿਹਾਸਕ ਪੁਰੀ ਮੰਦਰ ਲਈ ਵਾਪਸ ਲਿਆਉਣ ਲਈ ਰਾਸ਼ਟਰਪਤੀ ਦਰੋਪਦੀ ਮੁਰਮੂ ਦੇ ਦਖਲ ਦੀ ਮੰਗ ਕੀਤੀ ਹੈ। ਮਹਾਰਾਣੀ ਐਲਿਜ਼ਾਬੈਥ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਪ੍ਰਿੰਸ ਚਾਰਲਸ ਰਾਜਾ ਬਣ ਗਿਆ ਹੈ ਅਤੇ ਨਿਯਮ ਵਜੋਂ 105 ਕੈਰੇਟ ਦਾ ਹੀਰਾ ਉਸ ਦੀ ਪਤਨੀ ਕੈਮਿਲਾ ਕੋਲ ਜਾਵੇਗਾ। ਪੁਰੀ ਸਥਿਤ ਸੰਗਠਨ ਸ੍ਰੀ ਜਗਨਨਾਥ ਸੈਨਾ ਨੇ ਰਾਸ਼ਟਰਪਤੀ ਨੂੰ ਦਿੱਤੇ ਮੰਗ ਪੱਤਰ ਵਿੱਚ ਮੰਗ ਕੀਤੀ ਹੈ ਕਿ ਉਹ ਕੋਹਿਨੂਰ ਹੀਰੇ ਨੂੰ 12ਵੀਂ ਸਦੀ ਦੇ ਮੰਦਰ ਵਿੱਚ ਵਾਪਸ ਲਿਆਉਣ ਦੀ ਪ੍ਰਕਿਰਿਆ ਨੂੰ ਅੱਗੇ ਵਧਾਉਣ ਲਈ ਦਖਲ ਦੇਣ। ਸੈਨਾ ਦੇ ਨੇਤਾ ਪ੍ਰਿਯਦਰਸ਼ਨ ਪਟਨਾਇਕ ਨੇ ਮੈਮੋਰੰਡਮ ਵਿੱਚ ਕਿਹਾ, ‘ਕੋਹਿਨੂਰ ਹੀਰਾ ਭਗਵਾਨ ਜਗਨਨਾਥ’ ਦਾ ਹੈ। ਹੁਣ ਇਹ ਇੰਗਲੈਂਡ ਦੀ ਮਹਾਰਾਣੀ ਕੋਲ ਹੈ। ਕਿਰਪਾ ਕਰਕੇ ਸਾਡੇ ਪ੍ਰਧਾਨ ਮੰਤਰੀ ਨੂੰ ਇਸ ਨੂੰ ਭਾਰਤ ਲਿਆਉਣ ਲਈ ਕਦਮ ਚੁੱਕਣ ਲਈ ਕਿਹਾ ਜਾਵੇ, ਕਿਉਂਕਿ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਇੱਛਾ ਮੁਤਾਬਕ ਇਸ ਨੂੰ ਭਗਵਾਨ ਜਗਨਨਾਥ ਨੂੰ ਦਾਨ ਕੀਤਾ ਸੀ।’ ਉਨਾਂ ਦਾਅਵਾ ਕੀਤਾ ਕਿ ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਨੇ ਨਾਦਰ ਸ਼ਾਹ ਵਿਰੁੱਧ ਲੜਾਈ ਜਿੱਤਣ ਤੋਂ ਬਾਅਦ ਇਹ ਹੀਰਾ ਭਗਵਾਨ ਜਗਨਨਾਥ ਨੂੰ ਦਾਨ ਕੀਤਾ ਸੀ। ਲੇਖਕ ਅਨਿਲ ਧੀਰ ਨੇ ਦੱਸਿਆ ਕਿ ਹੀਰਾ ਤੁਰੰਤ ਮੰਦਰ ਨੂੰ ਸੌਂਪਿਆ ਨਹੀਂ ਗਿਆ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਦੀ 1839 ਵਿੱਚ ਮੌਤ ਹੋ ਗਈ ਅਤੇ ਅੰਗਰੇਜ਼ਾਂ ਨੇ 10 ਸਾਲ ਬਾਅਦ ਉਸ ਦੇ ਪੁੱਤਰ ਦਲੀਪ ਸਿੰਘ ਤੋਂ ਕੋਹਿਨੂਰ ਖੋਹ ਲਿਆ ਸੀ।

# ਭਾਰਤੀ ਵਿਗਿਆਨੀ ਨੇ ਕੋਵਿਡ ਨੂੰ ਰੋਕਣ ਲਈ ਐਂਟੀਵਾਇਰਲ ਥੈਰੇਪੀ ਟੀਆਈਪੀ ਕੀਤੀ ਵਿਕਸਿਤ

**ਸੈਨ ਫਰਾਂਸਿਸਕੋ/ਏ.ਟੀ.ਨਿਊਜ਼ :-** ਭਾਰਤੀ ਮੂਲ ਦੀ ਵਿਗਿਆਨੀ ਸੋਨਾਲੀ ਚਤੁਰਵੇਦੀ ਸਮੇਤ ਅਮਰੀਕੀ ਖੋਜਕਰਤਾਵਾਂ ਦੀ ਇੱਕ ਟੀਮ ਨੇ ਇੱਕ ਡੋਜ਼ ਇੰਟਰਨਾਜ਼ਲ ਥੈਰੇਪੀ ਵਿਕਸਿਤ ਕੀਤੀ ਹੈ ਜੋ ਨਾ ਸਿਰਫ਼ ਕੋਵਿਡ ਦੇ ਵੱਖ-ਵੱਖ ਰੂਪਾਂ ਦੇ ਲੱਛਣਾਂ ਨੂੰ ਘਟਾਉਂਦੀ ਹੈ, ਸਗੋਂ ਵਾਇਰਸ ਤੋਂ ਬਚਾਅ ਵੀ ਕਰਦੀ ਹੈ। ਅਧਿਐਨ ਦੇ ਨਤੀਜੇ ਪ੍ਰੋਸੀਡਿੰਗਜ਼ ਆਫ਼ ਦ ਨੈਸ਼ਨਲ ਅਕੈਡਮੀ ਆਫ਼ ਸਾਇੰਸਿਜ਼ ਵਿੱਚ ਪ੍ਰਕਾਸ਼ਿਤ ਕੀਤੇ ਗਏ ਹਨ। ਸੈਨ ਫਰਾਂਸਿਸਕੋ ਵਿੱਚ ਗਲੈਡਸਟੋਨ ਇੰਸਟੀਚਿਊਟ ਦੀ ਟੀਮ ਨੇ ਇਸ ਨੱਕ ਦੇ ਐਂਟੀਵਾਇਰਲ ਨੂੰ ਇੱਕ ਥੈਰੇਪਿਊਟਿਕ ਇੰਟਰਫੇਰਿੰਗ ਪਾਰਟੀਕਲ ਦਾ ਨਾਂ ਦਿੱਤਾ ਹੈ। ਵਿਗਿਆਨੀਆਂ ਨੇ ਕਿਹਾ ਕਿ ਟੀਆਈਪੀ ਨਾ ਸਿਰਫ਼ ਸੰਕਰਮਿਤ ਜੀਵਾਂ ਤੋਂ ਨਿਕਲਣ ਵਾਲੇ ਵਾਇਰਸ ਦੀ ਮਾਤਰਾ ਨੂੰ ਘਟਾ ਸਕਦਾ ਹੈ, ਸਗੋਂ ਇਸ ਦੇ ਫੈਲਣ ਨੂੰ ਵੀ ਸੀਮਤ ਕਰ ਸਕਦਾ ਹੈ। ਅਧਿਐਨ ਦੀ ਪਹਿਲੀ ਵਿਗਿਆਨੀ ਸੋਨਾਲੀ ਕਹਿੰਦੀ ਹੈ, ‘ਸਾਡੀ ਜਾਣਕਾਰੀ ਅਨੁਸਾਰ, ਇਹ ਇਕੋ-ਇਕ-ਡੋਜ਼ ਐਂਟੀਵਾਇਰਲ ਹੈ ਜੋ ਨਾ ਸਿਰਫ ਕੋਵਿਡ-19 ਦੇ ਲੱਛਣਾਂ ਅਤੇ ਗੰਭੀਰਤਾ ਨੂੰ ਘਟਾਉਂਦਾ ਹੈ, ਬਲਕਿ ਵਾਇਰਸ ਦੇ ਫੈਲਣ ਤੋਂ ਵੀ ਰੋਕਦਾ ਹੈ।’

# ਕੈਲੀਫੋਰਨੀਆ ਪੁਲਿਸ ਨੇ 8 ਸਾਲਾ ਬੱਚੀ ਦੇ ਕਾਤਲ ਨੂੰ ਕੀਤਾ ਗ੍ਰਿਫਤਾਰ



*ਅਟਾਰਨੀ ਜਨਰਲ ਰਾਬ ਬੋਨਟਾ 8 ਸਾਲਾ ਬੱਚੀ ਦੇ ਕਤਲ ਸਬੰਧੀ ਜਾਣਕਾਰੀ ਦਿੰਦੇ ਹੋਏ*

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਕੈਲੀਫੋਰਨੀਆ ਪੁਲਿਸ ਨੇ 8 ਸਾਲਾ ਲੜਕੀ ਦੇ ਹੋਏ ਕਤਲ ਦੇ ਮਾਮਲੇ ਵਿਚ ਇਕ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ। ਇਹ ਜਾਣਕਾਰੀ ਲੈਫਟੀਨੈਂਟ ਜੋਅ ਪੇਰੇਜ਼ ਨੇ ਦਿੰਦਿਆਂ ਕਿਹਾ ਹੈ ਕਿ ਪੁਲਿਸ ਨੇ ਇਸ ਸਾਲ ਮਾਰਚ ਮਹੀਨੇ ਵਿਚ ਸੋਫੀਆ ਮੈਨਸਨ ਨਾਮੀ ਬੱਚੀ ਦੀ ਲਾਸ਼ ਉਸ ਦੀ ਮਾਂ ਦੇ ਮਰਸਡ ਵਿਚ ਰਹਿੰਦੇ ਮਿੱਤਰ ਧੰਟੇ ਜੈਕਸਨ ਦੇ ਘਰ ਤੋਂ ਬਰਾਮਦ ਕੀਤੀ ਸੀ। ਜਾਂਚ ਦੌਰਾਨ ਪੁਲਿਸ ਨੂੰ ਪਤਾ ਲੱਗਾ ਕਿ ਧੰਟੇ ਜੈਕਸਨ ਨੇ ਬੱਚੀ ਨੂੰ ਭੁੱਖਾ ਰਖਿਆ, ਉਸ ਉਪਰ ਹੋਰ ਤਸ਼ੱਦਦ ਕੀਤਾ ਤੇ ਉਸ ਨੂੰ ਘਰ ਦੇ ਪਿਛਵਾੜੇ ਇਕ ਸ਼ੈੱਡ ਵਿਚ ਰਹਿਣ ਲਈ ਮਜਬੂਰ ਕੀਤਾ। ਮੁਕੰਮਲ ਜਾਂਚ ਪੜਤਾਲ ਉਪਰੰਤ ਜੈਕਸਨ ਵਿਰੁੱਧ ਹੱਤਿਆ ਦਾ ਮਾਮਲਾ ਦਰਜ ਕੀਤਾ ਗਿਆ। ਅਟਾਰਨੀ ਜਨਰਲ ਰਾਬ ਬੋਨਟਾ ਦੇ ਦਫਤਰ ਵੱਲੋਂ ਜਾਰੀ ਬਿਆਨ ਵਿਚ ਜੈਕਸਨ ਦੀ ਗ੍ਰਿਫਤਾਰੀ ਦਾ ਐਲਾਨ ਕੀਤਾ ਗਿਆ ਹੈ। ਇਕ ਪਰਿਵਾਰਕ ਮੈਂਬਰ ਵੱਲੋਂ 8 ਮਾਰਚ ਨੂੰ ਬੱਚੀ ਦੇ ਲਾਪਤਾ ਹੋਣ ਦੀ ਸੂਚਨਾ ਦੇਣ ਉਪਰੰਤ ਪੁਲਿਸ ਨੇ ਮੈਨਸਨ ਦੀ ਮਾਂ ਸਮੰਥਾ ਜੌਹਨਸਨ ਨੂੰ ਹਿਰਾਸਤ ਵਿਚ ਲੈ ਕੇ ਜਾਂਚ ਪੜਤਾਲ ਸ਼ੁਰੂ ਕੀਤੀ ਸੀ। ਮਾਂ ਵਿਰੁੱਧ ਬੱਚੀ ਉਪਰ ਤਸ਼ੱਦਦ ਕਰਨ ਤੋਂ ਇਲਾਵਾ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ।

# ਨਿਊਯਾਰਕ ਦੀ ਕੋਨੇ ਬੀਚ ਤੋਂ ਤਿੰਨ ਬੱਚਿਆਂ ਦੀਆਂ ਲਾਸ਼ਾਂ ਮਿਲਣ ’ਤੇ ਦਹਿਸ਼ਤ ਫੈਲੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਨਿਊਯਾਰਕ ਦੇ ਕੋਨੇ ਟਾਪੂ ਦੀ ਬੀਚ ’ਤੇ 3 ਬੱਚਿਆਂ ਦੀਆਂ ਲਾਸ਼ਾਂ ਮਿਲਣ ’ਤੇ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਜਦੋਂ ਪੁਲਿਸ ਮੌਕੇ ਉਪਰ ਪੁੱਜੀ ਤਾਂ ਬੱਚੇ ਬੇਹੋਸ਼ ਸਨ। ਬਾਅਦ ਵਿਚ ਹਸਪਤਾਲ ਵਿਚ ਬੱਚਿਆਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇਸ ਮਾਮਲੇ ਵਿਚ ਪੁਲਿਸ ਬੱਚਿਆਂ ਦੀ 30 ਸਾਲਾ ਮਾਂ ਕੋਲੋਂ ਪੁੱਛਗਿੱਛ ਕਰ ਰਹੀ ਹੈ। ਨਿਊਯਾਰਕ ਪੁਲਿਸ ਵਿਭਾਗ ਦੇ ਮੁਖੀ ਕੈਨੇਥ ਕੋਰੇ ਨੇ ਇਹ ਜਾਣਕਾਰੀ ਦਿੰਦਿਆਂ ਇਕ ਬਿਆਨ ਵਿਚ ਕਿਹਾ ਹੈ ਕਿ ਮ੍ਰਿਤਕ ਬੱਚਿਆਂ ਵਿਚ ਇਕ ਲੜਕਾ ਜਿਸ ਦੀ ਉਮਰ 7 ਸਾਲ ਹੈ ਤੇ ਦੋ ਲੜਕੀਆਂ ਜਿਨਾਂ ਦੀ ਉਮਰ 3 ਅਤੇ 4 ਸਾਲ ਹੈ, ਸ਼ਾਮਿਲ ਹਨ। ਪੁਲਿਸ ਅਨੁਸਾਰ ਫੋਨ ਉਪਰ ਸੂਚਨਾ ਮਿਲਣ ’ਤੇ ਪੁਲਿਸ ਅੱਧੀ ਰਾਤ ਤੋਂ ਬਾਅਦ 1.40 ਵਜੇ ਔਰਤ ਦੇ ਘਰ ਪੁੱਜੀ ਜਿਥੇ ਬੱਚਿਆਂ ਦੇ ਪਿਤਾ ਨੇ ਦਸਿਆ ਕਿ ਉਹ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਹੈ। ਉਸ ਨੇ ਦੱਸਿਆ ਕਿ ਬੱਚੇ ਆਪਣੀ ਮਾਂ ਨਾਲ ਕੋਨੇ ਟਾਪੂ ਦੀ ਬੀਚ ’ਤੇ ਹੋ ਸਕਦੇ ਹਨ। ਪੁਲਿਸ ਨੇ ਬੀਚ ਤੇ ਨਾਲ ਲੱਗਦੇ ਖੇਤਰ ਵਿਚ 90 ਮਿੰਟ ਭਾਲ ਕਰਨ ਉਪਰੰਤ ਬੱਚਿਆਂ ਦੀ ਮਾਂ ਨੂੰ ਲੱਭ ਲਿਆ। ਉਸ ਨੇ ਬੱਚਿਆਂ ਸਬੰਧੀ ਪੁਲਿਸ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਨਹੀਂ ਦਿੱਤੇ। ਆਖਿਰ ਪੁਲਿਸ ਨੇ 4.30 ਵਜੇ ਤੜਕੇ ਕੋਨੇ ਆਈਲੈਂਡ ਬੀਚ ਬੋਰਡਵਾਕ ਤੋਂ 2 ਕਿਲੋਮੀਟਰ ਦੂਰ ਹੇਠਲੇ ਇਲਾਕੇ ਵਿਚ ਬੱਚਿਆਂ ਨੂੰ ਲੱਭ ਲਿਆ ਜੋ ਲਗਭਗ ਮਰੀ ਹੋਈ ਹਾਲਤ ਵਿਚ ਸਨ। ਪੁਲਿਸ ਨੇ ਸੀ ਪੀ ਆਰ ਦੀ ਮੱਦਦ ਨਾਲ ਬੱਚਿਆਂ ਦੇ ਸਾਹ ਚਲਾਉਣ ਦਾ ਯਤਨ ਕੀਤਾ ਪਰ ਉਹ ਨਾਕਾਮ ਰਹੇ। ਪੁਲਿਸ ਨੇ ਅਜੇ ਔਰਤ ਖਿਲਾਫ ਮਾਮਲਾ ਦਰਜ ਨਹੀਂ ਕੀਤਾ ਹੈ ਤੇ ਨਾ ਹੀ ਔਰਤ ਤੇ ਮ੍ਰਿਤਕ ਬੱਚਿਆਂ ਦੇ ਨਾਂ ਨਸ਼ਰ ਕੀਤੇ ਹਨ। ਪੁਲਿਸ ਮਾਮਲੇ ਦੀ ਜਾਂਚ ਉਪਰੰਤ ਹੀ ਔਰਤ ਵਿਰੁੱਧ ਕਾਰਵਾਈ ਕਰੇਗੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਪਾਕਿ ਰਾਜਦੂਤ ਨੂੰ ਮਿਲਿਆ ਸ਼੍ਰੋਮਣੀ ਕਮੇਟੀ ਤੇ ਦਿੱਲੀ ਦੇ ਅਕਾਲੀ ਆਗੂਆਂ ਦਾ ਸਾਂਝਾ ਵਫ਼ਦ

## ਪਾਕਿਸਤਾਨ 'ਵਿਚ ਰਹਿ ਗਏ ਗੁਰਧਾਮਾਂ ਦੇ ਦਰਸ਼ਨ ਦੀਦਾਰ ਕਰਨ ਲਈ ਪੂਰੀ ਖੁੱਲ ਦੇਣ ਦੀ ਕੀਤੀ ਮੰਗ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦਿੱਲੀ ਦੇ ਅਕਾਲੀ ਨੇਤਾਵਾਂ ਦਾ ਇਕ ਸਾਂਝਾ ਵਫ਼ਦ ਬੀਤੇ ਦਿਨੀਂ ਪਾਕਿਸਤਾਨੀ ਰਾਜਦੂਤ ਆਫ਼ਤਾਬ ਹਸਨ ਖ਼ਾਨ ਨੂੰ ਮਿਲਿਆ ਤੇ ਮੰਗ ਕੀਤੀ ਕਿ ਭਾਰਤ ਅਤੇ ਪਾਕਿ ਦੋਵੇਂ ਸਰਕਾਰਾਂ ਪਾਕਿਸਤਾਨ 'ਵਿਚ ਰਹਿ ਗਏ ਗੁਰਧਾਮਾਂ ਦੇ ਦਰਸ਼ਨ ਦੀਦਾਰ ਕਰਨ ਲਈ ਪੂਰੀ ਤਰਾਂ ਖੁੱਲ ਦੇਣ ਦਾ ਪ੍ਰਬੰਧ ਕਰਨ।

ਪਾਕਿਸਤਾਨ ਦੇ ਰਾਜਦੂਤ ਨੂੰ ਮਿਲਣ ਵਾਲੇ ਵਫ਼ਦ 'ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ, ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਸਰਪ੍ਰਸਤ ਹਰਵਿੰਦਰ ਸਿੰਘ ਸਰਨਾ, ਸਾਬਕਾ ਸੀਨੀਅਰ ਮੀਤ ਪ੍ਰਧਾਨ ਰਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਅਜਾਇਬ ਸਿੰਘ ਅਭਿਆਸੀ, ਅੰਤ੍ਰਿੰਗ ਮੈਂਬਰ ਗੁਰਮੀਤ ਸਿੰਘ ਬੂਹ, ਸਕੱਤਰ ਪਰਮਜੀਤ ਸਿੰਘ ਸਰੋਆ, ਰਜਿੰਦਰ ਸਿੰਘ ਰੂਬੀ ਇੰਚਾਰਜ ਯਾਤਰਾ, ਪ੍ਰਭਜੀਤ ਸਿੰਘ ਸ਼ਾਮਲ ਸਨ।

ਵਫ਼ਦ ਦੀ ਅਗਵਾਈ ਕਰ ਰਹੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ ਨੇ ਦੱਸਿਆ ਕਿ ਵਫ਼ਦ ਵੱਲੋਂ ਪਾਕਿਸਤਾਨ 'ਚ ਆਏ ਹੜ੍ਹਾਂ ਕਾਰਨ ਹੋਈ ਤਬਾਹੀ 'ਤੇ ਅਫ਼ਸੋਸ ਪ੍ਰਗਟ ਕੀਤਾ। ਪੰਜੋਲੀ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਰਾਜਦੂਤ ਆਫ਼ਤਾਬ ਹਸਨ ਖ਼ਾਨ ਨੂੰ ਵਿਸ਼ਵਾਸ ਦਿਵਾਇਆ ਕਿ ਸ਼੍ਰੋਮਣੀ ਕਮੇਟੀ ਹੜ੍ਹਾਂ ਕਾਰਨ ਹੋਈ ਤਬਾਹੀ 'ਵਿਚ ਲੋਕਾਂ ਦੀ ਮਦਦ ਕਰਨ ਦਾ ਆਪਣੇ ਵਸੀਲਿਆਂ ਅਨੁਸਾਰ ਪੂਰਾ ਯਤਨ ਕਰੇਗੀ। ਵਫ਼ਦ ਦੇ ਵਿਸ਼ੇਸ਼ ਮਕਸਦ ਨੂੰ ਦੱਸਦਿਆਂ ਪੰਜੋਲੀ ਨੇ ਦੱਸਿਆ ਕਿ ੩੦ ਅਕਤੂਬਰ ੨੦੨੨ ਨੂੰ ਸਾਕਾ ਪੰਜਾ ਸਾਹਿਬ ਦੀ ੧੦੦ ਸਾਲਾ ਸ਼ਤਾਬਦੀ ਮਨਾਉਣ ਲਈ ਪਾਕਿ ਸਰਕਾਰ ਤੋਂ ਦਿੱਲੀ ਦੇ ਸਿੱਖ ਅਤੇ ਸ਼੍ਰੋਮਣੀ ਕਮੇਟੀ ਦੇ ਜਥੇ ਵਿਚ ਜਾਣ ਵਾਲੇ ਸ਼ਰਧਾਲੂਆਂ ਲਈ ਵੱਧ ਤੋਂ ਵੱਧ ਵੀਜ਼ੇ ਦੇਣ ਦੀ ਮੰਗ ਕੀਤੀ ਹੈ। ਵਫ਼ਦ ਨੇ ਪਾਕਿਸਤਾਨ ਦੇ ਰਾਜਦੂਤ ਨੂੰ ਇਹ ਵੀ ਕਿਹਾ ਕਿ ਇਸ ਸਬੰਧੀ ਇਕ ਐਡਵਾਂਸ ਪਾਰਟੀ ਪ੍ਰਬੰਧ ਕਰਨ ਲਈ ਜਾਵੇਗੀ, ਉਨਾਂ ਲਈ ਐਡਵਾਂਸ ਵੀਜ਼ੇ ਜਾਰੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ। ਉਨਾਂ ਕਿਹਾ ਕਿ ਮੁਲਾਕਾਤ ਬਹੁਤ ਹੀ ਸਦਭਾਵਨਾ ਵਾਲੇ ਮਾਹੌਲ ਵਿਚ ਹੋਈ ਹੈ, ਰਾਜਦੂਤ ਨੇ ਵਿਸ਼ਵਾਸ ਦਿਵਾਇਆ ਹੈ ਕਿ ਉਹ ਜਲਦੀ ਹੀ ਆਪਣੀ ਸਰਕਾਰ ਨਾਲ ਗੱਲਬਾਤ ਕਰ ਕੇ ਵੀਜ਼ੇ ਦੇਣ ਦਾ ਪ੍ਰਬੰਧ ਕਰਨਗੇ।ਵਫ਼ਦ ਵੱਲੋਂ ਰਾਜਦੂਤ ਨੂੰ ਇਕ ਮੰਗ ਪੱਤਰ ਵੀ ਦਿੱਤਾ ਗਿਆ।

# ਲੰਗਾਹ 'ਤੇ ਜਬਰ ਜਨਾਹ ਦਾ ਦੋਸ਼ ਲਾਉਣ ਵਾਲੀ ਬੀਬੀ ਨੇ ਸੁਖਜਿੰਦਰ ਰੰਧਾਵਾ ਉਪਰ ਲਗਾਏ ਦੋਸ਼

## ਅਖੇ, ਰੰਧਾਵਾ ਦੇ ਕਹਿਣ 'ਤੇ ਵੀਡੀਓ ਕੀਤੀ ਸੀ ਵਾਇਰਲ ✪ ਰੰਧਾਵਾ ਦਾ ਕਹਿਣਾ ਹੈ ਕਿ ਬੀਬੀ ਝੂਠੀ, ਦੋਸ਼ ਬੇਬੁਨਿਆਦ ਮਾਣਹਾਨੀ ਦਾ ਕੇਸ ਦਾਇਰ ਕਰਨਗੇ

**ਚੰਡੀਗੜ੍ਹ/ਏ.ਟੀ.ਨਿਊਜ਼ :-** ਸਾਲ 2017 'ਚ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ 'ਤੇ ਜਬਰ ਜਨਾਹ ਦਾ ਦੋਸ਼ ਲਾਉਣ ਵਾਲੀ ਔਰਤ ਹੁਣ ਮੀਡੀਆ ਸਾਹਮਣੇ ਆ ਗਈ ਹੈ। ਔਰਤ ਨੇ ਦੱਸਿਆ ਕਿ ਸੁੱਚਾ ਸਿੰਘ ਲੰਗਾਹ ਨਾਲ ਉਸ ਦੀ ਵੀਡੀਓ ਵਾਇਰਲ ਹੋਈ ਸੀ। ਇਹ ਵੀਡੀਓ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਵਾਇਰਲ ਕੀਤੀ ਸੀ। ਔਰਤ ਦੇ ਇਸ ਦੋਸ਼ ਤੋਂ ਬਾਅਦ ਰੰਧਾਵਾ ਦਾ ਕਹਿਣਾ ਹੈ ਕਿ ਇਹ ਦੋਸ਼ ਬੇਬੁਨਿਆਦ ਹਨ। ਉਹ ਔਰਤ ਖਿਲਾਫ ਮਾਣਹਾਨੀ ਦਾ ਕੇਸ ਦਾਇਰ ਕਰਵਾਉਣਗੇ। ਚੰਡੀਗੜ੍ਹ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਔਰਤ ਨੇ ਦੱਸਿਆ ਕਿ ਗੁਰਦਾਸਪੁਰ 'ਚ ਲੋਕ ਸਭਾ ਦੀ ਜ਼ਿਮਨੀ ਚੋਣ ਸੀ। ਰੰਧਾਵਾ ਨੇ ਜ਼ਿਮਨੀ ਚੋਣ 'ਚ ਜਿੱਤ ਯਕੀਨੀ ਬਣਾਉਣ ਲਈ ਇਹ ਵੀਡੀਓ ਵਾਇਰਲ ਕੀਤੀ ਸੀ। ਗੁਰਦਾਸਪੁਰ 'ਚ 20 17 ਵਿਚ ਲੋਕ ਸਭਾ ਲਈ ਜ਼ਿਮਨੀ ਚੋਣ ਹੋਈ ਸੀ। ਇਸ ਵੀਡੀਓ ਦੇ ਆਉਣ ਨਾਲ ਸੁੱਚਾ ਸਿੰਘ ਲੰਗਾਹ ਦਾ ਸਿਆਸੀ ਕਰੀਅਰ ਖਤਮ ਹੋ ਗਿਆ ਸੀ।

ਚੰਡੀਗੜ੍ਹ ਪ੍ਰੈੱਸ ਕਲੱਬ ਵਿਚ ਔਰਤ ਨੇ



ਦੱਸਿਆ ਕਿ ਉਸ ਦੇ ਲੰਗਾਹ ਨਾਲ ਸੰਬੰਧ ਸਨ। ਹਾਲਾਂਕਿ ਔਰਤ ਇੰਨੇ ਸਾਲਾਂ ਬਾਅਦ ਸਾਹਮਣੇ ਆਉਣ ਦਾ ਕਾਰਨ ਨਹੀਂ ਦੱਸ ਸਕੀ। ਦੂਜੇ ਪਾਸੇ ਰੰਧਾਵਾ ਦਾ ਕਹਿਣਾ ਹੈ ਕਿ ਉਨਾਂ ਦਾ ਨਾ ਤਾਂ ਔਰਤ ਨਾਲ ਕੋਈ ਸਬੰਧ ਹੈ ਤੇ ਨਾ ਹੀ ਵੀਡੀਓ ਵਾਇਰਲ ਕਰਨ ਦਾ। ਪਹਿਲਾਂ ਔਰਤ ਜਬਰ ਜਨਾਹ ਦਾ ਇਲਜ਼ਾਮ ਲਾਉਂਦੀ ਹੈ ਬਾਅਦ ਵਿਚ ਮੁੱਕਰ ਜਾਂਦੀ ਹੈ। ਰੰਧਾਵਾ ਨੇ ਕਿਹਾ ਕਿ ਉਹ ਔਰਤ ਖਿਲਾਫ ਮਾਣਹਾਨੀ ਦਾ ਕੇਸ ਦਰਜ ਕਰਵਾਉਣਗੇ।

**ਇਹ ਹੈ ਮਾਮਲਾ**

ਵੀਡੀਓ ਵਾਇਰਲ ਹੋਣ ਤੋਂ ਬਾਅਦ ਔਰਤ ਨੇ ਲੰਗਾਹ 'ਤੇ ਜਬਰ ਜਨਾਹ ਦਾ ਦੋਸ਼ ਲਗਾਇਆ ਸੀ। ਇਹ ਇਲਜ਼ਾਮ ਗੁਰਦਾਸਪੁਰ ਜ਼ਿਮਨੀ ਚੋਣ ਵਿਚ ਵੋਟਿੰਗ ਤੋਂ ਠੀਕ ਪਹਿਲਾਂ ਲਗਾਇਆ ਗਿਆ ਸੀ। ਔਰਤ ਦੀ ਸ਼ਿਕਾਇਤ 'ਤੇ ਲੰਗਾਹ ਖਿਲਾਫ ਥਾਣਾ ਸਿਟੀ ਗੁਰਦਾਸਪੁਰ ਵਿਚ 28 ਅਕਤੂਬਰ 2017 ਨੂੰ ਮਾਮਲਾ ਦਰਜ ਕੀਤਾ ਗਿਆ ਸੀ। ਔਰਤ ਨੇ ਉਦੋਂ ਦੋਸ਼ ਲਾਇਆ ਸੀ ਕਿ ਲੰਗਾਹ ਨੇ ਸਾਲ 2009 ਵਿੱਚ ਉਸ ਨਾਲ ਜਬਰ ਜਨਾਹ ਕੀਤਾ ਸੀ।

ਔਰਤ ਨੇ ਇਹ ਵੀ ਦੋਸ਼ ਲਾਇਆ ਸੀ ਕਿ ਲੰਗਾਹ ਨੇ ਧੋਖੇ ਨਾਲ ਉਸ ਦੀ ਜਾਇਦਾਦ ਵੇਚ ਦਿੱਤੀ ਤੇ ਕਈ ਲੱਖ ਰੁਪਏ ਹੜੱਪ ਲਏ। ਔਰਤ ਦੀ ਸ਼ਿਕਾਇਤ 'ਤੇ ਲੰਗਾਹ ਖਿਲਾਫ ਆਈਪੀਸੀ ਦੀ ਧਾਰਾ 376 (ਬਲਾਤਕਾਰ), 384 (ਫਿਰੌਤੀ), 420 (ਧੋਖਾਧੜੀ) ਅਤੇ 506 (ਅਪਰਾਧਿਕ ਧਮਕੀ) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ।

# ਅੰਮ੍ਰਿਤਸਰ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਨੋਟੀਫਿਕੇਸ਼ਨ ਜਾਰੀ ਕਰੇ ਪੰਜਾਬ ਸਰਕਾਰ : ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਵਲੋਂ ਮੰਗ



**ਅਨੰਦਪੁਰ ਸਾਹਿਬ/ਏ.ਟੀ.ਨਿਊਜ਼ :-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚੋਣਾਂ ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਪਵਿੱਤਰ ਸ਼ਹਿਰ ਐਲਾਨਣ ਦਾ ਨੋਟੀਫਿਕੇਸ਼ਨ ਜਾਰੀ ਕਰੇ। ਉਨਾਂ ਅੱਗੇ ਕਿਹਾ ਕਿ ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਧਰਮ ਪ੍ਰਚਾਰ ਦੀ ਲਹਿਰ ਸਿਖਰਾਂ 'ਤੇ ਹੈ, ਜਿਸ ਤਹਿਤ 200 ਮਿਸ਼ਨਰੀ ਵਿਦਿਆਰਥੀਆਂ ਨੂੰ ਜੂਨ ਦੀਆਂ ਛੁੱਟੀਆਂ ਵਿਚ 50 ਪਿੰਡਾਂ ਵਿਚ ਪ੍ਰਚਾਰ ਕੀਤਾ ਅਤੇ ਵੱਡੀ ਪੱਧਰ 'ਤੇ ਪਰਿਵਾਰਾਂ ਦੀ ਘਰ ਵਾਪਸੀ ਹੋਈ ਹੈ ਅਤੇ ਇਹ ਲੜੀ ਇਸੇ ਤਰਾਂ ਜਾਰੀ ਰਹੇਗੀ। ਉਨਾਂ ਕਿਹਾ ਕਿ ਧਰਮ ਪਰਿਵਰਤਨ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਵੱਲੋਂ ਹਰੇਕ ਪਹਿਲੂ 'ਤੇ ਵਿਚਾਰ ਕੀਤਾ ਜਾਂਦਾ ਹੈ ਅਤੇ ਇਸ ਨੂੰ ਰੋਕਣ ਦਾ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ।

# ਮੋਦੀ ਸਰਕਾਰ ਅਰਬ ਦੇਸ਼ਾਂ ਨਾਲ ਵਪਾਰ ਕਰਨ ਲਈ ਪਾਕਿ ਸਰਹੱਦ ਤੁਰੰਤ ਖੋਲੇ : ਲੱਖੋਵਾਲ ਦੀ ਅਪੀਲ



**ਲੁਧਿਆਣਾ/ਏ.ਟੀ.ਨਿਊਜ਼ :-** ਭਾਰਤੀ ਕਿਸਾਨ ਯੂਨੀਅਨ ਪੰਜਾਬ ਦੀ ਅਹਿਮ ਮੀਟਿੰਗ ਅਜਮੇਰ ਸਿੰਘ ਲੱਖੋਵਾਲ ਨੇ ਕਿਹਾ ਕਿ ਅਰਬ ਦੇਸ਼ਾਂ ਨਾਲ ਵਪਾਰ ਕਰਨ ਲਈ ਕੇਂਦਰ ਸਰਕਾਰ ਪਾਕਿਸਤਾਨ ਸਰਹੱਦ ਨੂੰ ਤੁਰੰਤ ਖੋਲੇ ਜਿਸ ਨਾਲ ਚੜਦੇ ਪੰਜਾਬ ਤੋਂ ਫਲ, ਸਬਜ਼ੀਆਂ ਅਤੇ ਹੋਰ ਅਨਾਜ ਅਰਬ ਦੇਸ਼ਾਂ ਨੂੰ ਭੇਜਿਆ ਜਾ ਸਕੇ। ਉਨਾਂ ਕਿਹਾ ਕਿ ਸਰਹੱਦ ਖੁੱਲਣ ਨਾਲ ਭਾਰਤ ਦੇ ਹੋਰ ਰਾਜਾਂ ਦੇ ਨਾਲ ਨਾਲ ਪੰਜਾਬ ਦੇ ਕਿਸਾਨਾਂ ਨੂੰ ਲਾਭ ਹੋਵੇਗਾ ਅਤੇ ਅਰਬ ਦੇਸ਼ਾਂ ਦੇ ਲੋਕਾਂ ਨੂੰ ਵੀ ਫਲ, ਸਬਜ਼ੀਆਂ ਤੇ ਹੋਰ ਅਨਾਜ ਸਸਤੇ ਭਾਅ ਵਿਚ ਮਿਲ ਸਕਣਗੇ । ਉਨਾਂ ਕਿਹਾ ਕਿ ਪਾਕਿਸਤਾਨ ਵਿਚ ਕਣਕ 8500 ਰੁਪਏ ਪ੍ਰਤੀ ਕੁਇੰਟਲ ਤੇ ਅਫ਼ਗਾਨਿਸਤਾਨ ਵਿਚ 5100 ਰੁਪਏ ਪ੍ਰਤੀ ਕੁਇੰਟਲ ਹੈ।

## ਮਾਮਲਾ ਪਰਾਲੀ ਸਾੜਨ ਦਾ

# ਕਿਸਾਨਾਂ ਨੂੰ ਵਿੱਤੀ ਮਦਦ ਦੇਣ ਦੀ ਤਜਵੀਜ਼ ਮੋਦੀ ਸਰਕਾਰ ਨੇ ਠੁਕਰਾਈ



**ਚੰਡੀਗੜ੍ਹ/ਏ.ਟੀ.ਨਿਊਜ਼ :-** ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਝੋਨੇ ਦੇ ਸੀਜ਼ਨ ਦੌਰਾਨ ਪਰਾਲੀ ਸਾੜਨ ਦੀ ਸਮੱਸਿਆ ਦੇ ਹੱਲ ਲਈ ਕਿਸਾਨਾਂ ਨੂੰ 2500 ਰੁਪਏ ਪ੍ਰਤੀ ਏਕੜ ਵਿੱਤੀ ਮਦਦ ਦੇਣ ਦੀ ਤਜਵੀਜ਼ ਨੂੰ ਕੇਂਦਰ ਸਰਕਾਰ ਨੇ ਠੁਕਰਾ ਦਿੱਤਾ ਹੈ। ਪੰਜਾਬ ਸਰਕਾਰ ਨੇ ਪੱਤਰ ਲਿਖ ਕੇ ਕੇਂਦਰ ਨੂੰ 1500 ਰੁਪਏ ਪ੍ਰਤੀ ਏਕੜ ਅਤੇ 500-500 ਰੁਪਏ ਪ੍ਰਤੀ ਏਕੜ ਪੰਜਾਬ ਤੇ ਦਿੱਲੀ ਵੱਲੋਂ ਕਿਸਾਨਾਂ ਨੂੰ ਦੇਣ ਦੀ ਪੇਸ਼ਕਸ਼ ਕੀਤੀ ਸੀ। ਹੁਣ ਪੰਜਾਬ ਸਰਕਾਰ ਆਪਣੇ ਪੱਧਰ 'ਤੇ ਸੂਬੇ ਵਿੱਚ ਪਰਾਲੀ ਸਾੜਨ ਦੀ ਸਮੱਸਿਆ ਦੇ ਨਿਪਟਾਰੇ ਲਈ ਯਤਨ ਕਰੇਗੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਆਪਣੇ ਪੱਧਰ 'ਤੇ ਇਸ ਸਮੱਸਿਆ ਦੇ ਹੱਲ ਲਈ ਯਤਨ ਕਰੇਗੀ। ਸਰਕਾਰ ਖੇਤਾਂ ਵਿੱਚ ਹੀ ਪਰਾਲੀ ਦੇ ਨਿਬੇੜੇ ਲਈ ਇੱਕ ਲੱਖ ਤੋਂ ਵੱਧ ਮਸ਼ੀਨਾਂ ਦੇਣ 'ਤੇ ਵਿਚਾਰ ਕਰ ਰਹੀ ਹੈ।

**ਬਾਕੀ ਸਫ਼ਾ 31 'ਤੇ**

# ਹਰਿਮੰਦਰ ਸਾਹਿਬ ਵਿੱਚ ਫ਼ੌਜ ਦਾ ਦਾਖਲ ਹੋਣਾ ਦੁਖਾਂਤਕ ਸੀ

## ਸਾਬਕਾ ਰਾਜਪਾਲ ਵੋਹਰਾ ਨੇ ਰਮੇਸ਼ ਇੰਦਰ ਦੀ ਪੁਸਤਕ ਰਿਲੀਜ਼ ਮੌਕੇ ਕੇਂਦਰ ਸਰਕਾਰ ਦੀ ਕੀਤੀ ਨਿਖੇਧੀ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਸੰਨ 1984 ਦੀ ਇੱਕ ਜੂਨ ਨੂੰ ਕੀਤੇ 'ਅਪਰੇਸ਼ਨ ਬਲਿਊ ਸਟਾਰ' ਬਾਰੇ ਅੰਮ੍ਰਿਤਸਰ ਦੇ ਤਤਕਾਲੀ ਡਿਪਟੀ ਕਮਿਸ਼ਨਰ ਰਮੇਸ਼ ਇੰਦਰ ਸਿੰਘ ਦੀ ਨਵੀਂ ਪੁਸਤਕ ਨੇ ਹਰਿਮੰਦਰ ਸਾਹਿਬ ਵਿਚ ਫ਼ੌਜ ਦੇ ਦਾਖਲ ਹੋਣ ਪਿਛਲੇ ਕਾਰਨਾਂ ਬਾਰੇ ਫਿਰ ਤੋਂ ਗੰਭੀਰ ਵਿਚਾਰ-ਚਰਚਾ ਛੇੜ ਦਿੱਤੀ ਹੈ। ਘਟਨਾਵਾਂ ਦਾ ਮੁਲਾਂਕਣ ਕਰਦਿਆਂ ਜੰਮੂ ਕਸ਼ਮੀਰ ਦੇ ਸਾਬਕਾ ਰਾਜਪਾਲ ਐਨ.ਐਨ. ਵੋਹਰਾ, ਜੋ ਪੰਜਾਬ ਦੇ ਤਤਕਾਲੀ ਵਿੱਤ ਕਮਿਸ਼ਨਰ ਸਨ, ਤੇ ਸਾਰੀਆਂ ਘਟਨਾਵਾਂ ਦੇ ਚਸ਼ਮਦੀਦ ਵੀ ਹਨ, ਨੇ ਅੰਦਰੂਨੀ ਸੁਰੱਖਿਆ ਪ੍ਰਬੰਧਨ ਵਿੱਚ ਫ਼ੌਜ ਤਾਇਨਾਤ ਕਰਨ ਪ੍ਰਤੀ ਚੌਕਸ ਕਰਦਿਆਂ ਕਿਹਾ ਕਿ ਕਿਸੇ ਵੀ ਥਾਂ ਸਥਿਤੀ ਕਾਬੂ ਤੋਂ ਬਾਹਰ ਹੋਣ ਦੀ ਸੂਰਤ ਵਿਚ ਕਾਰਵਾਈ ਦੀ ਯੋਜਨਾ ਤੋਂ ਪਹਿਲਾਂ ਸਾਰੀਆਂ ਧਿਰਾਂ ਵਿਚਕਾਰ ਸਹਿਮਤੀ ਬਣਾਈ ਜਾਣੀ ਚਾਹੀਦੀ ਹੈ।

ਪੁਸਤਕ 'ਟਰਮੋਇਲ ਇਨ ਪੰਜਾਬ : ਬਿਫੋਰ ਐਂਡ ਆਫਟਰ ਬਲਿਊ ਸਟਾਰ, ਐਨ ਇਨਸਾਈਡਰ ਸਟੋਰੀ' ਦੇ ਰਿਲੀਜ਼ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਵੋਹਰਾ ਨੇ ਕਿਹਾ, 'ਮੈਂ ਇਹ ਗੱਲ ਜ਼ੋਰ ਦੇ ਕੇ ਸਪਸ਼ਟ ਕਰਨੀ ਚਾਹਾਂਗਾ ਕਿ ਅੰਦਰੂਨੀ ਗੜਬੜੀ ਖਿਲਾਫ਼ ਕਾਰਵਾਈ ਫ਼ੌਜ ਦਾ ਕੰਮ ਨਹੀਂ ਹੈ। ਜਦੋਂ ਤੁਸੀਂ ਹਰਿਮੰਦਰ ਸਾਹਿਬ ਵਿਚ ਫ਼ੌਜ ਲੈ ਆਂਦੀ ਤਾਂ ਉਹ ਇਕ ਦੁਖਾਂਤਕ ਦਿਨ ਸੀ। ਨਾਗਰਿਕ ਮਾਮਲਿਆਂ ਵਿੱਚ ਸੈਨਾ ਦੇ ਦਖ਼ਲ ਕਾਰਨ ਫ਼ੌਜ ਲਈ ਵੀ ਇਹ ਦਿਨ ਬਹੁਤ ਮੰਦਭਾਗਾ ਸੀ। ਸੈਨਾ ਆਪਣੇ ਹਿੱਤ ਤੇ ਬਚਾਅ ਲਈ ਹਥਿਆਰਬੰਦ ਬਲ ਵਿਸ਼ੇਸ਼ ਤਾਕਤਾਂ ਐਕਟ ਦੀ ਮੰਗ ਕਰ ਸਕਦੀ ਹੈ ਕਿਉਂਕਿ ਉਹ ਅਜਿਹੇ ਕਾਨੂੰਨ ਤੋਂ ਬਿਨਾਂ ਨਾਗਰਿਕਾਂ 'ਤੇ ਗੋਲੀ ਨਹੀਂ ਚਲਾ ਸਕਦੀ, ਜਿਵੇਂ ਕਿ ਅਸੀਂ ਉੱਤਰ-ਪੂਰਬ ਵਿੱਚ ਦੇਖਿਆ ਹੈ ਅਤੇ ਇਸ ਦੇ ਨਤੀਜੇ ਭੁਗਤਣੇ ਪਏ ਹਨ। ਫ਼ੌਜ ਦੀ ਜ਼ਿੰਮੇਵਾਰੀ ਬਾਹਰੀ ਅਤੇ ਵਿਦੇਸ਼ੀ ਦੁਸ਼ਮਣਾਂ ਦਾ ਟਾਕਰਾ ਕਰਨ ਦੀ ਹੈ।' ਲੇਖਕ ਵੱਲੋਂ ਪੰਜਾਬ ਨੂੰ ਨੌਕਰਸ਼ਾਹਾਂ ਜਾਂ ਪੁਲਿਸ ਹਵਾਲੇ ਕਰ ਦਿੱਤਾ ਗਿਆ।' ਉਨਾਂ ਕਿਹਾ, 'ਸਿਆਸੀ ਮੁੱਦਿਆਂ ਨੂੰ



ਵਿਚਲੇ ਸੰਕਟ ਲਈ ਉਸ ਵੇਲੇ ਅਕਾਲੀ ਦਲ ਦੀਆਂ ਦਸ ਮੰਗਾਂ ਨਾ ਮੰਨੇ ਜਾਣ ਦੇ ਹਵਾਲੇ 'ਤੇ ਵੋਹਰਾ ਨੇ ਕਿਹਾ ਕਿ ਪੰਜਾਬ ਸੰਤਾਪ ਦੀ ਸਮੱਸਿਆ ਉਦੋਂ ਖੜੀ ਹੋਈ, 'ਜਦੋਂ ਸਿਆਸੀ ਮੁੱਦਿਆਂ ਨੂੰ ਸਮਝਣ ਵਿਚ ਦਿਲਚਸਪੀ ਲੈਣ ਦੀ ਥਾਂ ਉਦਾਸੀਨਤਾ ਦਿਖਾਈ ਗਈ ਅਤੇ ਇਨਾਂ ਸਮੇਂ ਸਿਰ ਨਾ ਸਮਝ ਸਕਣ ਅਤੇ ਇਨਾਂ ਦਾ ਹੱਲ ਨਾ ਨਿਕਲ ਸਕਣ ਕਾਰਨ ਪੰਜਾਬ ਵਿਚ 1984 ਜਿਹੇ ਹਾਲਾਤ ਪੈਦਾ ਹੋਏ। ਜਦ ਚੀਜ਼ਾਂ ਗਲਤ ਹੁੰਦੀਆਂ ਹਨ ਤਾਂ ਜ਼ਿੰਮੇਵਾਰੀ ਤੋਂ ਪੱਲਾ ਝਾੜਿਆ ਜਾਂਦਾ ਹੈ। ਪੰਜਾਬ ਪੁਲੀਸ ਸਥਿਤੀ ਨੂੰ ਨਹੀਂ ਸੰਭਾਲ ਸਕੀ ਤੇ ਫ਼ੌਜ ਸੱਦਣੀ ਪਈ।'

ਵੋਹਰਾ ਨੇ ਇਸ ਮੌਕੇ ਜਲੰਧਰ ਦੇ ਡੀਆਈਜੀ ਏਐੱਸ ਅਟਵਾਲ ਦੀ ਹੱਤਿਆ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨਾਂ ਦੀ ਦੇਹ ਹਰਿਮੰਦਰ ਸਾਹਿਬ ਦੇ ਦਾਖ਼ਲਾ ਦੁਆਰ ਉਤੇ ਪਈ ਰਹੀ, ਜਦਕਿ ਅੰਮ੍ਰਿਤਸਰ ਦਾ ਐੱਸ.ਐੱਸ.ਪੀ. ਮੁੱਖ ਮੰਤਰੀ ਦੀਆਂ ਹਦਾਇਤਾਂ ਉਡੀਕਦਾ ਰਿਹਾ। ਸਾਬਕਾ ਰਾਜਪਾਲ ਨੇ ਇਸ ਮੌਕੇ ਕਿਹਾ ਕਿ ਚੰਗੇ ਪ੍ਰਸ਼ਾਸਨ ਲਈ ਜ਼ਰੂਰੀ ਹੈ ਕਿ ਸਿਵਲ ਤੇ ਪੁਲਿਸ ਤੰਤਰ ਨੂੰ ਬਿਨਾਂ ਦਖ਼ਲ ਕੰਮ ਕਰਨ ਦਿੱਤਾ ਜਾਵੇ। ਇਸ ਤੋਂ ਪਹਿਲਾਂ ਰਮੇਸ਼ ਇੰਦਰ ਸਿੰਘ ਨੇ ਜ਼ਿਕਰ ਕੀਤਾ ਕਿ 1981 ਤੋਂ 1984 ਤੱਕ ਪੰਜਾਬ ਤੇ ਕੇਂਦਰ ਸਰਕਾਰ ਦਰਮਿਆਨ 26 ਮੀਟਿੰਗਾਂ ਦੇ ਬਾਵਜੂਦ ਪ੍ਰਕਾਸ਼ ਸਿੰਘ ਬਾਦਲ ਵੱਲੋਂ ਰੱਖੀਆਂ ਗਈਆਂ ਦਸ ਮੰਗਾਂ ਦਾ ਕੋਈ ਹੱਲ ਨਹੀਂ ਨਿਕਲ ਸਕਿਆ ਅਤੇ ਇਹ ਹੀ ਬਾਅਦ ਵਿੱਚ ਪੈਦਾ ਹੋਈ ਸਮੱਸਿਆ ਦੀ ਜੜ ਸਨ।

# ਕਰਤਾਰਪੁਰ ਲਾਂਘੇ ਨੇ ਮੁੜ ਮਿਲਾਇਆ 1947 'ਚ ਵੱਖ ਹੋਇਆ ਪਰਿਵਾਰ

## ਕਰਤਾਰਪੁਰ ਵਿਚ ਭੈਣ ਨੂੰ ਮਿਲਿਆ ਅਮਰਜੀਤ

**ਡੇਰਾ ਬਾਬਾ ਨਾਨਕ/ਏ.ਟੀ.ਨਿਊਜ਼ :-** ਭਾਰਤ-ਪਾਕਿ ਵੰਡ ਦੌਰਾਨ ਆਪਣੇ ਪਰਿਵਾਰ ਨਾਲੋਂ ਵਿਛੜੇ ਅਮਰਜੀਤ ਸਿੰਘ ਪਾਕਿਸਤਾਨ ਵਿਚ ਰਹਿੰਦੀ ਭੈਣ ਨਾਲ ਕਰਤਾਰਪੁਰ ਵਿਚ ਮਿਲਿਆ ਤੇ ਕਰਤਾਰਪੁਰ ਲਾਂਘੇ ਨੇ ਇਕ ਵਾਰ ਫਿਰ ਇਕ ਹੋਰ ਪਰਿਵਾਰ ਨੂੰ ਮੁੜ ਮਿਲਾ ਦਿੱਤਾ ਹੈ। ਅਮਰਜੀਤ ਸਿੰਘ ਆਪਣੀ ਮੁਸਲਿਮ ਭੈਣ ਨੂੰ ਮਿਲਣ ਲਈ ਵੀਜ਼ਾ ਲੈ ਕੇ ਵਾਹਗਾ ਸਰਹੱਦ ਰਾਹੀਂ ਪਾਕਿਸਤਾਨ ਪਹੁੰਚਿਆ ਸੀ ਉਸ ਦੀ ਭੈਣ ਕੁਲਸੂਮ ਅਖਤਰ (65) ਅਮਰਜੀਤ ਨੂੰ ਦੇਖ ਕੇ ਇਕ-ਦੂਜੇ ਨੇ ਗਲਵੱਕੜੀ ਪਾ ਕੇ ਆਪਣੇ ਪਿਆਰ ਦਾ ਇਜ਼ਹਾਰ ਕੀਤਾ। ਭਾਰਤ-ਪਾਕਿ ਵੰਡ ਦੌਰਾਨ ਅਮਰਜੀਤ ਸਿੰਘ ਦੇ ਮਾਤਾ-ਪਿਤਾ 1947 ਵਿਚ ਜਲੰਧਰ ਨਜ਼ਦੀਕ ਛੱਡ ਕੇ ਪਾਕਿਸਤਾਨ ਚਲੇ ਗਏ ਸੀ। ਅਮਰਜੀਤ ਸਿੰਘ ਕਲਸੂਮ ਅਖ਼ਤਰ ਦਾ ਜਨਮ ਪਾਕਿਸਤਾਨ ਵਿਚ ਹੋਇਆ ਸੀ ਅਤੇ ਉਸ ਨੇ ਆਪਣੀ ਮਾਂ ਤੋਂ ਆਪਣੇ ਗੁਆਚੇ ਹੋਏ ਭਰਾ ਅਤੇ ਇਕ ਭੈਣ ਬਾਰੇ ਸੁਣਿਆ ਸੀ। ਕੁਲਸੂਮ ਅਖ਼ਤਰ ਅਨੁਸਾਰ ਉਸ ਦੀ ਮਾਂ ਹਰ ਵਾਰ ਆਪਣੇ ਗੁੰਮ ਹੋਏ ਬੱਚਿਆਂ ਨੂੰ ਯਾਦ ਕਰ ਕੇ ਰੋਣ ਲੱਗ ਜਾਂਦੀ ਸੀ। ਕੁਲਸੂਮ ਨੇ ਕਿਹਾ ਕਿ ਉਸ ਨੂੰ ਉਮੀਦ ਨਹੀਂ ਸੀ ਕਿ ਉਹ ਕਦੇ ਆਪਣੇ ਭਰਾ ਅਤੇ ਭੈਣ ਨੂੰ ਮਿਲ ਸਕੇਗੀ। ਹਾਲਾਂਕਿ ਕੁਝ ਸਾਲ ਪਹਿਲਾਂ ਉਨ੍ਹਾਂ ਦੇ ਪਿਤਾ ਸਰਦਾਰ ਦਾਰਾ ਸਿੰਘ ਦਾ ਇਕ ਦੋਸਤ ਭਾਰਤ ਤੋਂ ਪਾਕਿਸਤਾਨ ਆਇਆ ਸੀ ਅਤੇ ਉਨ੍ਹਾਂ ਨੂੰ ਵੀ ਮਿਲਿਆ ਸੀ। ਕੁਲਸੂਮ ਦੀ ਮਾਂ ਨੇ ਅਮਰਜੀਤ ਸਿੰਘ ਨੂੰ ਆਪਣੇ ਬੇਟੇ ਅਤੇ ਧੀ ਬਾਰੇ ਦੱਸਿਆ ਜੋ ਉਹ ਭਾਰਤ ਛੱਡ ਗਏ ਸਨ। ਉਸ ਨੇ ਉਸ ਨੂੰ ਆਪਣੇ ਪਿੰਡ ਦਾ ਨਾਮ ਅਤੇ ਗੁਆਂਢੀ ਦੇਸ਼ ਵਿਚ ਆਪਣੇ ਘਰ ਦਾ ਸਥਾਨ ਵੀ ਦੱਸਿਆ। ਅਮਰਜੀਤ ਫਿਰ ਜਲੰਧਰ ਦੇ ਪਿੰਡ ਪੜਾਵਾਂ ਵਿਚ ਉਸ ਦੇ ਘਰ ਗਿਆ ਅਤੇ ਉਸ ਨੂੰ ਦੱਸਿਆ ਕਿ ਉਸ ਦਾ ਪੁੱਤਰ ਜਿਉਂਦਾ ਹੈ ਪਰ ਉਸ ਦੀ ਧੀ ਮਰ ਚੁੱਕੀ ਹੈ। ਉਨ੍ਹਾਂ ਦੇ ਬੇਟੇ ਦਾ ਨਾਂ ਅਮਰਜੀਤ ਸਿੰਘ ਸੀ, ਜਿਸ ਨੂੰ 1947 ਵਿਚ ਇਕ ਸਿੱਖ ਪਰਿਵਾਰ ਨੇ ਗੋਦ ਲਿਆ ਸੀ। ਭਰਾ ਬਾਰੇ ਜਾਣਕਾਰੀ ਮਿਲਣ ਤੋਂ ਬਾਅਦ ਅਮਰਜੀਤ ਅਤੇ ਕੁਲਸੂਮ ਅਖਤਰ ਨੇ ਵਟਸਐਪ 'ਤੇ ਸੰਪਰਕ ਕੀਤਾ ਅਤੇ ਕਰਤਾਰਪੁਰ ਲਾਂਘੇ ਦੀ ਵਰਤੋਂ ਕਰਦੇ ਹੋਏ ਦੋਵਾਂ ਭੈਣ-ਭਰਾ ਦੀ ਮੁਲਾਕਾਤ ਹੋ ਗਈ। ਇਕ ਅਸਲੀਅਤ ਹੁਣ ਇਕ ਬਜ਼ੁਰਗ ਸਰਦਾਰ ਅਮਰਜੀਤ ਸਿੰਘ ਵੀਲ ਚੇਅਰ 'ਤੇ ਗੁਰਦੁਆਰਾ ਸਾਹਿਬ ਆਏ। ਕੁਲਸੂਮ ਅਖਤਰ ਵੀ ਪਿੱਠ ਦੇ ਦਰਦ ਕਾਰਨ ਸਫਰ ਨਹੀਂ ਕਰ ਸਕੀ ਪਰ ਉਸ ਨੇ ਹਿੰਮਤ ਦਿਖਾਈ ਅਤੇ ਆਪਣੇ ਬੇਟੇ ਨਾਲ ਫੈਸਲਾਬਾਦ ਤੋਂ ਕਰਤਾਰਪੁਰ ਪਹੁੰਚੀ। ਦੋਵੇਂ ਭੈਣ-ਭਰਾ ਇਕ-ਦੂਜੇ ਨੂੰ ਜੱਫੀ ਪਾ ਕੇ ਆਪਣੇ ਮਾਤਾ-ਪਿਤਾ ਨੂੰ ਯਾਦ ਕਰਦੇ ਹੋਏ ਰੋਂਦੇ ਰਹੇ। ਅਮਰਜੀਤ ਨੇ ਕਿਹਾ ਕਿ ਜਦੋਂ ਉਸ ਨੂੰ ਪਹਿਲੀ ਵਾਰ ਪਤਾ ਲੱਗਾ ਕਿ ਉਸ ਦੇ ਅਸਲ ਮਾਤਾ-ਪਿਤਾ ਪਾਕਿਸਤਾਨ ਵਿਚ ਹਨ ਅਤੇ ਮੁਸਲਮਾਨ ਹਨ ਤਾਂ ਇਹ ਉਸ ਲਈ ਸਦਮਾ ਸੀ। ਉਂਜ, ਉਸ ਨੇ ਆਪਣੇ



ਦਿਲ ਨੂੰ ਤਸੱਲੀ ਦਿੱਤੀ ਕਿ ਉਸ ਦੇ ਆਪਣੇ ਪਰਿਵਾਰ ਤੋਂ ਇਲਾਵਾ ਕਈ ਪਰਿਵਾਰ ਇਕ ਦੂਜੇ ਤੋਂ ਵਿਛੜ ਚੁੱਕੇ ਹਨ। ਰਿਪੋਰਟ ਅਨੁਸਾਰ ਕਈ ਮੁਸਲਮਾਨ ਬੱਚੇ ਸਿੱਖ ਬਣ ਗਏ ਅਤੇ ਕਈ ਸਿੱਖ ਬੱਚੇ ਮੁਸਲਮਾਨ ਬਣ ਗਏ। ਉਸ ਨੇ ਕਿਹਾ ਕਿ ਉਹ ਹਮੇਸ਼ਾ ਆਪਣੀ ਅਸਲੀ ਭੈਣ ਅਤੇ ਭਰਾਵਾਂ ਨੂੰ ਮਿਲਣਾ ਚਾਹੁੰਦਾ ਸੀ। ਉਸ ਨੇ ਕਿਹਾ ਕਿ ਉਸ ਨੂੰ ਇਹ ਜਾਣ ਕੇ ਖ਼ੁਸ਼ੀ ਹੋਈ ਕਿ ਉਸ ਦੇ ਤਿੰਨ ਭਰਾ ਜਿਉਂਦੇ ਹਨ। ਹਾਲਾਂਕਿ, ਜਰਮਨੀ ਵਿਚ ਰਹਿੰਦੇ ਇਕ ਭਰਾ ਦੀ ਮੌਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਹੁਣ ਉਹ ਵੀਜ਼ਾ ਲੈ ਕੇ ਵਾਹਗਾ ਸਰਹੱਦ ਤੋਂ ਪਾਕਿਸਤਾਨ ਆਉਣਗੇ ਅਤੇ ਆਪਣੇ ਪਰਿਵਾਰ ਨਾਲ ਸਮਾਂ ਬਿਤਾਉਣਗੇ। ਉਨ੍ਹਾਂ ਇਹ ਵੀ ਕਿਹਾ ਕਿ ਉਹ ਆਪਣੇ ਪਰਿਵਾਰ ਨੂੰ ਵੀ ਭਾਰਤ ਲੈ ਕੇ ਜਾਣਗੇ ਤਾਂ ਜੋ ਉਹ ਆਪਣੇ ਸਿੱਖ ਪਰਿਵਾਰ ਨੂੰ ਮਿਲ ਸਕਣ। ਦੋਵੇਂ ਭੈਣ-ਭਰਾ ਇਕ ਦੂਜੇ ਲਈ ਕਈ ਤੋਹਫ਼ੇ ਲੈ ਕੇ ਆਏ ਸਨ। ਕੁਲਸੂਮ ਦੇ ਬੇਟੇ ਸ਼ਹਿਜ਼ਾਦ ਅਹਿਮਦ ਨੇ ਦੱਸਿਆ ਕਿ ਉਹ ਆਪਣੀ ਦਾਦੀ ਅਤੇ ਮਾਂ ਤੋਂ ਆਪਣੇ ਚਾਚੇ ਬਾਰੇ ਸੁਣਦਾ ਸੀ। ਉਨ੍ਹਾਂ ਕਿਹਾ ਕਿ ਵੰਡ ਵੇਲੇ ਸਾਰੇ ਭੈਣ-ਭਰਾ ਬਹੁਤ ਛੋਟੇ ਸਨ ਅਤੇ ਅਮਰਜੀਤ ਨੂੰ ਕੋਈ ਨਾਂ ਨਹੀਂ ਦਿੱਤਾ ਗਿਆ ਸੀ ਜਾਂ ਸ਼ਾਇਦ ਇੰਨੇ ਸਾਲਾਂ ਬਾਅਦ ਇਹ ਨਾਂ ਮਨਾਂ ਵਿਚੋਂ ਗੁਆਚ ਗਿਆ ਸੀ। ਸਿੱਖ ਪਰਿਵਾਰ, ਉਹ ਸਿੱਖ ਹੈ ਅਤੇ ਮੇਰੇ ਪਰਿਵਾਰ ਅਤੇ ਮੈਨੂੰ ਇਸ ਨਾਲ ਕੋਈ ਸਮੱਸਿਆ ਨਹੀਂ ਹੈ। ਸ਼ਹਿਜ਼ਾਦ ਨੇ ਕਿਹਾ ਕਿ ਉਹ ਖੁਸ਼ ਹਨ ਕਿ ਉਨ੍ਹਾਂ ਦੀ ਮਾਂ 75 ਸਾਲਾਂ ਬਾਅਦ ਵੀ ਆਪਣਾ ਗੁਆਚਿਆ ਭਰਾ ਲੱਭ ਲਿਆ ਹੈ।

# ਗੈਂਗਸਟਰ ਮੈਨੂੰ ਵੀ ਗੋਲੀ ਮਾਰ ਸਕਦੈ ਨੇ- ਸਿੱਧੂ ਮੂਸੇਵਾਲਾ ਦੇ ਪਿਤਾ ਨੇ ਖਦਸ਼ਾ ਪ੍ਰਗਟਾਇਆ

## ਕਿਹਾ ਕਿ ਸਰਕਾਰਾਂ ਗੰਭੀਰ ਨਾ ਹੋਣ ਕਰ ਕੇ ਗੈਂਗਸਟਰ ਜੇਲਾਂ ਵਿਚ ਬੈਠ ਕੇ ਕਰ ਰਹੇ ਨੇ ਰਾਜ

**ਮਾਨਸਾ/ਏ.ਟੀ.ਨਿਊਜ਼ :-** ਅਗਲੇ ਦਿਨਾਂ ਵਿਚ ਮੌਕਾ ਮਿਲਦੇ ਮੇਰੇ ਵੀ ਗੋਲੀ ਵੱਜ ਸਕਦੀ ਹੈ। ਇਹ ਖ਼ਦਸ਼ਾ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਜਤਾਇਆ। ਪਿੰਡ ਮੂਸਾ ਵਿਖੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਇਹ ਵੀ ਕਿਹਾ ਕਿ ਉਹ ਕਿਸੇ ਤੋਂ ਡਰਦੇ ਨਹੀਂ ਬਲਕਿ ਇਨਸਾਫ਼ ਲਈ ਆਪਣੀ ਲੜਾਈ ਜਾਰੀ ਰੱਖਣਗੇ । ਉਨ੍ਹਾਂ ਕਿਹਾ ਕਿ ਮੈਂ ਸਭ ਤੋਂ ਵੱਧ ਲਾਰੈਂਸ ਬਿਸ਼ਨੋਈ ਦੀਆਂ ਅੱਖਾਂ ਵਿਚ ਰੜਕਦਾ ਹਾਂ ਅਤੇ ਬਿਸ਼ਨੋਈ ਇਹ ਆਮ ਆਖਦਾ ਹੈ ਕਿ



ਜੇ ਕਿਸੇ ਇਕ ਬੰਦੇ ਨੂੰ ਅਪਰਾਧ ਕਰਨ ਲਈ ਆਵਾਜ਼ ਮਾਰਾਂ ਤਾਂ 7 ਭੱਜੇ ਆਉਂਦੇ ਹਨ। ਉਨ੍ਹਾਂ ਦਿੱਲੀ ਪੁਲਿਸ ਦੇ ਕੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਰਕਾਰਾਂ ਗੰਭੀਰ ਨਹੀਂ ਹਨ, ਜਿਸ ਕਰ ਕੇ ਗੈਂਗਸਟਰ ਜੇਲਾਂ ਵਿਚ ਬੈਠ ਕੇ ਵੀ ਰਾਜ ਕਰ ਰਹੇ ਹਨ ਅਤੇ ਭਾੜੇ ਦੀ ਬੰਦਿਆਂ ਤੋਂ ਸ਼ਰੇਆਮ ਕਤਲ ਕਰਵਾ ਰਹੇ ਹਨ। ਬਲਕੌਰ ਸਿੰਘ ਦਾ ਕਹਿਣਾ ਹੈ ਕਿ ਜੇਕਰ ਖਾੜਕੂਵਾਦ ਖ਼ਤਮ ਹੋ ਸਕਦਾ ਹੈ ਤਾਂ ਗੈਂਗਸਟਰਵਾਦ ਕਿਉਂ ਨਹੀਂ ? ਉਨ੍ਹਾਂ ਦੀਪਕ ਮੁੰਡੀ ਦੀ ਗ੍ਰਿਫ਼ਤਾਰੀ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਕਰਿੰਦਿਆਂ ਦੀ ਗ੍ਰਿਫ਼ਤਾਰੀ ਕੋਈ ਜ਼ਿਆਦਾ ਮਾਅਨੇ ਨਹੀਂ ਰੱਖਦੀ।

# ਇਸਲਾਮ ਵਿਰੁੱਧ ਨਫਰਤੀ ਟਿਪਣੀਆਂ ਕਰਨ ਵਾਲੀ ਨੂਪੁਰ ਸ਼ਰਮਾ ਨੂੰ ਸੁਪਰੀਮ ਕੋਰਟ ਤੋਂ ਰਾਹਤ



**ਨਵੀਂ ਦਿੱਲੀ/ਏ.ਟੀ.ਨਿਊਜ਼ :-** ਭਾਜਪਾ ਦੀ ਸਾਬਕਾ ਬੁਲਾਰੀ ਨੂਪੁਰ ਸ਼ਰਮਾ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਦਾਇਰ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਸੁਣਵਾਈ ਤੋਂ ਇਨਕਾਰ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਇਸ ਦੇ ਦੂਰਗਾਮੀ ਨਤੀਜੇ ਹੁੰਦੇ ਹਨ । ਪੈਗੰਬਰ ਮੁਹੰਮਦ 'ਤੇ ਕਥਿਤ ਇਤਰਾਜ਼ਯੋਗ ਟਿੱਪਣੀ ਦੇ ਚਲਦਿਆਂ ਨੂਪੁਰ ਸ਼ਰਮਾ ਖ਼ਿਲਾਫ਼ ਕਾਰਵਾਈ ਤੇ ਗ੍ਰਿਫ਼ਤਾਰੀ ਦੀ ਮੰਗ ਕੀਤੀ ਗਈ ਸੀ। ਚੀਫ ਜਸਟਿਸ ਯੂ.ਯੂ. ਲਲਿਤ, ਜਸਟਿਸ ਰਵਿੰਦਰ ਭੱਟ ਅਤੇ ਜਸਟਿਸ ਪੀ.ਐਸ. ਨਰਸਿਮਹਾ ਦੀ ਬੈਂਚ ਨੇ ਸੁਣਵਾਈ ਦੌਰਾਨ ਕਿਹਾ ਕਿ ਇਹ ਵੇਖਣ ਵਿਚ ਨੁਕਸਾਨ ਨਹੀਂ ਪਹੁੰਚਾਉਣ ਵਾਲਾ ਲਗਦਾ ਹੈ ਪਰ ਭਵਿੱਖ ਵਿਚ ਇਸ ਦੇ ਗੰਭੀਰ ਨਤੀਜੇ ਹੋ ਸਕਦੇ ਹਨ। ਬੈਂਚ ਨੇ ਕਿਹਾ ਕਿ ਅਦਾਲਤ ਨੂੰ ਨਿਰਦੇਸ਼ ਦਿੰਦੇ ਸਮੇਂ ਹਮੇਸ਼ਾ ਚੌਕਸ ਰਹਿਣਾ ਚਾਹੀਦਾ ਹੈ। ਅਦਾਲਤ ਨੇ ਪਟੀਸ਼ਨਰ ਨੂੰ ਪਟੀਸ਼ਨ ਵਾਪਸ ਲੈਣ ਦਾ ਸੁਝਾਅ ਦਿੱਤਾ। ਪਟੀਸ਼ਨ ਵਿਚ ਦਲੀਲ ਦਿੱਤੀ ਗਈ ਸੀ ਕਿ ਨੂਪੁਰ ਸ਼ਰਮਾ ਨੇ ਪੈਗੰਬਰ ਮੁਹੰਮਦ ਤੇ ਮੁਸਲਿਮ ਭਾਈਚਾਰੇ ਖਿਲਾਫ ਇਤਰਾਜ਼ਯੋਗ ਟਿੱਪਣੀ ਕੀਤੀ, ਇਸ ਲਈ ਉਸ ਘਟਨਾ ਦੀ ਸੁਤੰਤਰ ਤੇ ਨਿਰਪੱਖ ਜਾਂਚ ਦੀ ਮੰਗ ਕੀਤੀ ਗਈ ਸੀ। ਨਿਰਪੱਖ ਵਿਚਾਰਵਾਨਾਂ ਦਾ ਮੰਨਣਾ ਹੈ ਕਿ ਅਦਾਲਤ ਭਗਵੇਂ ਫਾਸ਼ੀਵਾਦ ਦੇ ਹੱਕ ਵਿਚ ਭੁਗਤ ਰਹੀ ਹੈ ਜੋ ਲੋਕਤੰਤਰ ਲਈ ਖਤਰਨਾਕ ਹੈ।

# ਖਾੜਕੂਆਂ ਨਾਲ ਗੈਂਗਸਟਰਾਂ ਦੇ ਸਬੰਧਾਂ ਨੂੰ ਲੈ ਕੇ ਐਨਆਈਏ ਵੱਲੋਂ ਪੰਜਾਬ ਵਿਚ ਛਾਪੇ

**ਚੰਡੀਗੜ੍ਹ/ਏ.ਟੀ.ਨਿਊਜ਼ :-** ਐਨਆਈਏ ਨੇ ਖਾੜਕੂ ਸਮੂਹਾਂ ਨਾਲ ਸਬੰਧ ਰੱਖਣ ਵਾਲੇ ਗੈਂਗਸਟਰਾਂ 'ਤੇ ਸ਼ਿਕੰਜਾ ਕੱਸਣ ਲਈ ਬੀਤੇ ਦਿਨੀਂ ਪੰਜਾਬ, ਹਰਿਆਣਾ ਅਤੇ ਦਿੱਲੀ ਦੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਇਹ ਛਾਪੇ ਖਾਸ ਤੌਰ 'ਤੇ ਸਿੱਧੂ ਮੂਸੇਵਾਲਾ ਹੱਤਿਆ ਕਾਂਡ ਵਿੱਚ ਨਹੀਂ, ਸਗੋਂ ਗੈਂਗਸਟਰਾਂ ਵਿਰੁੱਧ ਦਿੱਲੀ ਪੁਲਿਸ ਵੱਲੋਂ ਯੂਏਪੀਏ ਐਕਟ ਤਹਿਤ ਦਰਜ ਕੀਤੀਆਂ ਐੱਫ.ਆਈ.ਆਰ. ਤਹਿਤ ਮਾਰੇ ਗਏ ਹਨ, ਜਿਨ੍ਹਾਂ ਨੂੰ ਐਨਆਈਏ ਨੂੰ ਸੌਂਪਿਆ ਗਿਆ ਸੀ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਇਸ ਵਿੱਚ ਸਹਿਯੋਗ ਦੇ ਰਹੀ ਹੈ।

# ਭਾਰਤੀ ਮਰੀਜ਼ਾਂ 'ਤੇ ਬੇਅਸਰ ਹੋਈਆਂ ਐਂਟੀਬਾਇਓਟਿਕ ਦਵਾਈਆਂ

## ਆਈਸੀਐਮਆਰ ਦੇ ਅਧਿਐਨ 'ਚ ਸਾਹਮਣੇ ਆਈ ਰਿਪੋਰਟ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਭਾਰਤੀ ਮੈਡੀਕਲ ਰਿਸਰਚ ਕੌਂਸਲ ਵੱਲੋਂ ਐਂਟੀਬਾਇਓਟਿਕ ਦਵਾਈਆਂ ਬਾਰੇ ਕੀਤੇ ਗਏ ਅਧਿਐਨ ਵਿਚ ਬਹੁਤ ਡਰਾਉਣੀ ਤਸਵੀਰ ਸਾਹਮਣੇ ਆਈ ਹੈ। ਅਧਿਐਨ ਮੁਤਾਬਕ, ਅਜਿਹਾ ਖ਼ਦਸ਼ਾ ਹੈ ਕਿ ਜ਼ਿਆਦਾਤਰ ਮਰੀਜ਼ਾਂ 'ਤੇ ਐਂਟੀਬਾਇਓਟਿਕ ਦਵਾਈ 'ਕਾਰਬਾਪੇਨੇਮ' ਕੰਮ ਨਾ ਕਰੇ ਕਿਉਂਕਿ ਇਨ੍ਹਾਂ ਮਰੀਜ਼ਾਂ 'ਚ ਇਸ ਦਵਾਈ ਪ੍ਰਤੀ ਸੂਖਮ ਜੀਵਾਣੂ ਰੋਧਕ (ਐਂਟੀਮਾਈਕ੍ਰੋਬੀਅਲ) ਸਮਰੱਥਾ ਵਿਕਸਿਤ ਹੋ ਰਹੀ ਹੈ। 'ਕਾਰਬਾਪੇਨੇਮ' ਇਕ ਸ਼ਕਤੀਸ਼ਾਲੀ ਐਂਟੀਬਾਇਓਟਿਕ ਦਵਾਈ ਹੈ ਜਿਹੜੀ ਮੁੱਖ ਤੌਰ 'ਤੇ ਆਈਸੀਯੂ ਵਿਚ ਦਾਖ਼ਲ ਨਿਮੋਨੀਆ ਤੇ ਸੈਪਟੀਸੀਮੀਆ ਦੇ ਮਰੀਜ਼ਾਂ ਨੂੰ ਦਿੱਤੀ ਜਾਂਦੀ ਹੈ।

ਇਹ ਅਧਿਐਨ ਕਰਨ ਵਾਲੀ ਟੀਮ ਦੀ ਅਗਵਾਈ ਕਰਨ ਵਾਲੀ ਆਈਸੀਐਮਆਰ ਦੀ ਵਿਗਿਆਨੀ ਡਾ. ਕਾਮਿਨੀ ਵਾਲੀਆ ਨੇ ਕਿਹਾ ਕਿ ਇਕ ਜਨਵਰੀ ਤੋਂ 31 ਦਸੰਬਰ, 2021 ਵਿਚਕਾਰ ਮਿਲੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ। ਇਸ ਵਿਚ ਪਤਾ ਲੱਗਾ ਕਿ ਦਵਾਈ ਵਿਰੋਧੀ ਰੋਗਾਣੂਆਂ (ਪੈਥੋਜੇਨ) ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਕਾਰਨ ਮੌਜੂਦਾ ਐਂਟੀਬਾਇਓਟਿਕ ਦਵਾਈਆਂ ਦੀ ਮਦਦ ਨਾਲ ਕੁਝ ਖ਼ਾਸ ਤਰਾਂ ਦੀ ਇਨਫੈਕਸ਼ਨ ਦਾ ਇਲਾਜ ਕਰਨਾ ਮੁਸ਼ਕਲ ਹੋ ਰਿਹਾ ਹੈ। ਡਾ. ਵਾਲੀਆ ਨੇ ਕਿਹਾ ਕਿ ਜੇਕਰ ਤੁਰੰਤ ਉਚਿਤ ਕਦਮ ਨਾ ਚੁੱਕੇ ਗਏ ਤਾਂ ਸੂਖਮ ਜੀਵਾਣੂ ਰੋਧਕ ਸਮਰੱਥਾ ਦਾ ਵਿਕਸਿਤ ਹੋਣਾ ਭਵਿੱਖ ਵਿਚ ਮਹਾਂਮਾਰੀ ਦਾ ਰੂਪ ਧਾਰ ਸਕਦਾ ਹੈ। ਰਿਪੋਰਟ ਮੁਤਾਬਕ, ਐਂਟੀਬਾਇਓਟਿਕ ਦਵਾਈ ਇਮਿਪੇਨੇਮ ਪ੍ਰਤੀ ਏਐਮਆਰ 2016 ਦੇ 14 ਫ਼ੀਸਦੀ ਦੇ ਮੁਕਾਬਲੇ 2021 ਵਿਚ ਵੱਧ ਕੇ 36 ਫ਼ੀਸਦੀ ਹੋ ਗਈ ਹੈ। ਇਸ ਦਵਾਈ ਦੀ ਵਰਤੋਂ 'ਈ ਕੋਲਾਈ' ਬੈਕਟੀਰੀਆ ਨਾਲ ਹੋਣ ਵਾਲੀ ਇਨਫੈਕਸ਼ਨ ਦੇ ਇਲਾਜ ਵਿਚ ਕੀਤੀ ਜਾਂਦੀ ਹੈ। 'ਕਲੇਬਸੀਏਲਾ ਨਿਮੋਨੀਆ' ਦੇ ਇਲਾਜ ਵਿਚ ਵਰਤੀਆਂ ਜਾਣ ਵਾਲੀਆਂ ਖ਼ਾਸ ਤਰਾਂ ਦੀਆਂ ਐਂਟੀਬਾਇਓਟਿਕ ਦਵਾਈਆਂ ਦੇ ਅਸਰ 'ਚ ਵੀ ਕਮੀ ਦੇਖੀ ਗਈ ਹੈ। 2016 'ਚ ਇਸ ਬਿਮਾਰੀ ਦੇ ਇਲਾਜ 'ਚ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਦਾ ਅਸਰ 65 ਫ਼ੀਸਦੀ ਹੁੰਦਾ ਸੀ ਜਿਹੜਾ 2020 'ਚ ਘੱਟ ਕੇ 45 ਫ਼ੀਸਦੀ 'ਤੇ ਅਤੇ 2021 'ਚ ਘੱਟ ਹੋ ਕੇ 43 ਫ਼ੀਸਦੀ 'ਤੇ ਆ ਗਿਆ।

ਡਾ. ਵਾਲੀਆ ਦਾ ਕਹਿਣਾ ਹੈ ਕਿ ਐਂਟੀਬਾਇਓਟਿਕ ਦਵਾਈਆਂ ਦੀ ਤਰਕਸੰਗਤ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਲਈ ਜਾਂਚ ਕਰਨ ਵਾਲੀਆਂ ਲੈਬਾਰਟਰੀਆਂ ਦੀ ਗੁਣਵੱਤਾ ਵਿਚ ਸੁਧਾਰ ਕਰਨਾ ਬਹੁਤ ਜ਼ਰੂਰੀ ਹੈ। ਡਾਕਟਰਾਂ ਵੱਲੋਂ ਵੀ ਐਂਟੀਬਾਇਓਟਿਕ ਦਵਾਈਆਂ ਨਿਸ਼ਚਿਤ ਜਾਂਚ ਰਿਪੋਰਟ ਦੇ ਆਧਾਰ 'ਤੇ ਹੀ ਲਿਖਣੀਆਂ ਚਾਹੀਦੀਆਂ ਹਨ, ਅੰਦਾਜ਼ੇ ਦੇ ਆਧਾਰ 'ਤੇ ਨਹੀਂ।

## ਮਾਮਲਾ ਸਿੱਖ ਵਿਰੋਧੀ ਕਤਲੇਆਮ ਦਾ

# ਕਾਰਵਾਈ ਕਰਨ 'ਚ ਅਸਫ਼ਲ ਰਹੇ ਸਾਬਕਾ ਪੁਲਿਸ ਕਰਮੀ ਨੂੰ ਅਦਾਲਤ ਵਲੋਂ ਸਜ਼ਾ ਦੇਣ ਦੇ ਆਦੇਸ਼

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਦਿੱਲੀ ਹਾਈ ਕੋਰਟ ਨੇ ਬੀਤੇ ਦਿਨੀਂ 1984 ਦੇ ਸਿੱਖ ਵਿਰੋਧੀ ਕਤਲੇਆਮ ਨਾਲ ਜੁੜੇ ਇਕ ਮਾਮਲੇ ਵਿਚ ਸਮਰੱਥ ਅਧਿਕਾਰੀ ਨੂੰ ਇਹ ਸੁਤੰਤਰਤਾ ਦਿੱਤੀ ਕਿ ਉਹ ਸ਼ਹਿਰ ਦੇ ਇਕ ਸੇਵਾ-ਮੁਕਤ ਪੁਲਿਸ ਅਧਿਕਾਰੀ ਨੂੰ 'ਉੱਚਿਤ ਸਜ਼ਾ ਦਾ ਆਦੇਸ਼' ਦੇਵੇ ਜੋ ਕਥਿਤ ਤੌਰ 'ਤੇ ਲੋੜੀਂਦੀ ਪੁਲਿਸ ਤੈਨਾਤ ਕਰਨ, ਇਹਤਿਆਤ ਦੇ ਤੌਰ 'ਤੇ ਹਿਰਾਸਤ ਵਿਚ ਲੈਣ ਅਤੇ ਹਿੰਸਾ ਦੌਰਾਨ ਦੰਗਾਕਾਰੀਆਂ 'ਤੇ ਲਗਾਮ ਲਗਾਉਣ ਲਈ ਕਾਰਵਾਈ ਕਰਨ ਵਿਚ ਅਸਫ਼ਲ ਰਿਹਾ। ਇਸ ਦੇ ਨਾਲ ਹੀ ਅਦਾਲਤ ਨੇ ਇਹ ਵੀ ਕਿਹਾ ਕਿ ਕਤਲੇਆਮ ਤੋਂ ਸਾਲਾਂ ਬਾਅਦ ਵੀ ਲੋਕ ਦੁੱਖ ਝੱਲ ਰਹੇ ਹਨ। ਹਾਈਕੋਰਟ ਦੇ ਚੀਫ ਜਸਟਿਸ ਸਤੀਸ਼ ਚੰਦਰ ਸ਼ਰਮਾ ਦੀ ਅਗਵਾਈ ਵਾਲੇ ਬੈਂਚ ਨੇ ਕਿੰਗਸ-ਵੇਅ ਕੈਂਪ ਥਾਣੇ ਦੇ ਤਤਕਾਲੀਨ ਥਾਣਾ ਮੁਖੀ ਖ਼ਿਲਾਫ਼ ਅਨੁਸ਼ਾਸਨਾਤਮਕ ਅਥਾਰਟੀ ਅਤੇ ਕੇਂਦਰੀ ਪ੍ਰਸ਼ਾਸਨਿਕ ਟ੍ਰਿਬਿਊਨਲ ਵਲੋਂ ਜਾਰੀ ਆਦੇਸ਼ਾਂ ਨੂੰ ਖਾਰਜ ਕਰਦੇ ਹੋਏ ਕਿਹਾ ਕਿ ਕਤਲੇਆਮ ਵਿਚ ਨਿਰਦੋਸ਼ ਲੋਕਾਂ ਦੀ ਜਾਨ ਚਲੀ ਗਈ ਅਤੇ ਪੁਲਿਸ ਅਧਿਕਾਰੀ ਨੂੰ ਉਸ ਦੀ 79 ਸਾਲ ਦੀ ਉਮਰ ਦੇ ਚਲਦਿਆਂ ਛੋਟ ਨਹੀਂ ਦਿੱਤੀ ਜਾ ਸਕਦੀ। ਬੈਂਚ ਨੇ ਕਿਹਾ ਕਿ ਉਸ ਦੀ ਉਮਰ 100 ਸਾਲ ਵੀ ਹੋ ਸਕਦੀ ਹੈ ਪਰ ਕ੍ਰਿਪਾ ਕਰਕੇ ਉਸ ਦਾ ਕਸੂਰ ਦੇਖੋ। ਦੇਸ਼ ਅਜੇ ਵੀ ਉਸ ਦੁੱਖ ਵਿਚੋਂ ਗੁਜ਼ਰ ਰਿਹਾ ਹੈ।

# ਗਜਿੰਦਰ ਸਿੰਘ ਦਲ ਖਾਲਸਾ ਆਗੂ ਨੇ ਪਾਕਿ 'ਚ ਆਪਣਾ ਟਿਕਾਣਾ ਕੀਤਾ ਜਨਤਕ

## ਸਾਲ 1981 ਵਿੱਚ ਏਅਰ ਇੰਡੀਆ ਦਾ ਜਹਾਜ਼ ਅਗਵਾ ਕਰਕੇ ਲਾਹੌਰ ਲਿਆਂਦਾ ਸੀ

ਕਵਰ ਸਟੋਰੀ

ਦਲ ਖ਼ਾਲਸਾ ਦੇ ਸਹਿ-ਬਾਨੀ ਗਜਿੰਦਰ ਸਿੰਘ ਤੇ ਉਸਦੇ ਸਾਥੀਆਂ ਨੇ 29 ਸਤੰਬਰ 1981 ਨੂੰ ਏਅਰ ਇੰਡੀਆ ਦੇ ਇੱਕ ਜਹਾਜ਼ ਨੂੰ ਮੁਸਾਫਰਾਂ ਸਣੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਰਿਹਾਈ ਲਈ ਅਗਵਾ ਕੀਤਾ ਸੀ। ਸੰਤ ਭਿੰਡਰਾਂਵਾਲਿਆਂ ਨੂੰ 20 ਸਤੰਬਰ 1981 ਨੂੰ ਮੀਡੀਆ ਅਦਾਰੇ ਹਿੰਦ ਸਮਾਚਾਰ ਗਰੁੱਪ ਦੇ ਮਾਲਕ ਲਾਲ ਜਗਤ ਨਰਾਇਣ ਦੇ ਕਤਲ ਕੇਸ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।5 ਹਾਈਜੈਕਰਜ਼ ਵਿੱਚੋਂ 2 ਅਗਵਾਕਾਰ ਸਤਨਾਮ ਸਿੰਘ ਅਤੇ ਤੇਜਿੰਦਰਪਾਲ ਸਿੰਘ 'ਤੇ ਦੇਸ਼ ਖਿਲਾਫ਼ ਜੰਗ ਛੇੜਨ ਦਾ ਮੁਕੱਦਮਾ ਚਲਾਇਆ ਗਿਆ ਸੀ।

ਪਾਕਿਸਤਾਨ ਵਿੱਚ ਆਪਣੀ ਸਜ਼ਾ ਪੂਰੀ ਕਰਨ ਤੋਂ ਬਾਅਦ ਤਜਿੰਦਰਪਾਲ ਸਿੰਘ 1998 ਵਿੱਚ ਕੈਨੇਡਾ ਚਲਾ ਗਿਆ ਜਦਕਿ 1999 ਵਿੱਚ ਸਤਨਾਮ ਸਿੰਘ ਅਮਰੀਕਾ ਚਲਾ ਗਿਆ ਸੀ।ਸਤਿਨਾਮ ਸਿੰਘ ਅਤੇ ਤੇਜਿੰਦਰਪਾਲ ਸਿੰਘ ਦੋਵੇਂ 1999 ਵਿੱਚ ਕ੍ਰਮਵਾਰ ਅਮਰੀਕਾ ਅਤੇ ਕੈਨੇਡਾ ਤੋਂ ਡਿਪੋਰਟ ਕੀਤੇ ਜਾਣ ਤੋਂ ਬਾਅਦ ਭਾਰਤ ਆ ਗਏ ਸਨ। ਜਸਬੀਰ ਸਿੰਘ ਅਤੇ ਕਰਨ ਸਿੰਘ ਦੋਵੇਂ ਸਵਿੱਟਜ਼ਰਲੈਂਡ ਚਲੇ ਗਏ ਸਨ, ਜਿੱਥੇ ਉਨਾਂ ਨੂੰ ਸਿਆਸੀ ਸ਼ਰਨ ਮਿਲ ਚੁੱਕੀ ਹੈ। ਗਜਿੰਦਰ ਸਿੰਘ ਨੂੰ ਇੱਥੇ 14 ਸਾਲ ਕੈਦ ਦੀ ਸਜ਼ਾ ਹੋਈ ਸੀ ਅਤੇ ਇਨਾਂ ਪੰਜਾਂ ਨੇ ਪੂਰੀ ਕੈਦ ਕੱਟੀ ਅਤੇ ਨਵੰਬਰ 1994 ਵਿੱਚ ਰਿਹਾਅ ਹੋਏ ਸਨ।ਗਜਿੰਦਰ ਸਿੰਘ ਨੇ ਫੇਸਬੁੱਕ ਪੇਜ 'ਤੇ ਆਪਣੀ ਇੱਕ ਤਸਵੀਰ ਅਪਲੋਡ ਕੀਤੀ ਹੈ। ਇਸ ਤਸਵੀਰ ਦੇ ਨਾਲ ਉਨਾਂ ਨੇ ਆਪਣੀ ਇੱਕ ਕਵਿਤਾ 'ਜ਼ਿੰਦਗੀ ਦੀ ਕਿਤਾਬ' ਵੀ ਦਰਜ ਕੀਤੀ ਹੈ। ਤਸਵੀਰ ਦੇ ਸਾਹਮਣੇ ਆਉਣ ਤੋਂ ਬਾਅਦ ਕਿਆਸ ਲਗਾਏ ਜਾ ਰਹੇ ਹਨ ਕਿ ਗਜਿੰਦਰ ਸਿੰਘ ਪਾਕਿਸਤਾਨ ਵਿੱਚ ਰਹਿ ਰਹੇ ਹਨ। ਗਜਿੰਦਰ ਸਿੰਘ ਨੇ 1981 ਤੋਂ ਬਾਅਦ ਪਹਿਲੀ ਵਾਰ ਆਪਣਾ ਟਿਕਾਣਾ ਜਨਤਕ ਕੀਤਾ ਹੈ। ਫੋਟੋ ਵਿੱਚ ਉਹ ਪਾਕਿਸਤਾਨ ਦੇ ਇਤਿਹਾਸਕ ਗੁਰਦੁਆਰਾ ਪੰਜਾ ਸਾਹਿਬ ਵਿੱਚ ਖੜੇ ਦਿਖਾਈ ਦਿੰਦੇ ਹਨ।ਦਲ ਖਾਲਸਾ ਸਿੱਖ ਜਥੇਬੰਦੀ ਦਾ ਗਠਨ 1978 ਵਿੱਚ ਕੀਤਾ ਗਿਆ ਸੀ ਅਤੇ ਇਹ ਆਪਣਾ ਉਦੇਸ਼ ਵੱਖਰੇ ਸਿੱਖ ਰਾਜ 'ਖਾਲਿਸਤਾਨ' ਦੀ ਪ੍ਰਾਪਤੀ ਦੱਸਦੀ ਰਹੀ ਹੈ। ਹਾਲਾਂਕਿ ਇਸ ਫੋਟੋ ਨਾਲ ਇਹ ਪੁਸ਼ਟੀ ਨਹੀਂ ਹੁੰਦੀ ਕਿ ਗਜਿੰਦਰ ਸਿੰਘ ਪਾਕਿਸਤਾਨ ਦੇ ਕਿਸ ਸ਼ਹਿਰ ਜਾਂ ਕਸਬੇ ਵਿੱਚ ਰਹਿੰਦੇ ਹਨ, ਪਰ ਇਹ ਕਿਆਸ ਲਗਾਏ





ਜਾ ਰਹੇ ਹਨ ਕਿ ਉਹ ਪਾਕਿਸਤਾਨ ਵਿਚ ਹਨ।

### ਦਲ ਖਾਲਸਾ ਨੇ ਫੋਟੋ ਦੀ ਪੁਸ਼ਟੀ ਕੀਤੀ

ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਗੱਲਬਾਤ ਦੌਰਾਨ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਜਿਸ ਫੇਸਬੁੱਕ ਅਕਾਊਂਟ ਉੱਤੇ ਗਜਿੰਦਰ ਸਿੰਘ ਦੀ ਫੋਟੋ ਸ਼ੇਅਰ ਕੀਤੀ ਗਈ ਹੈ, ਉਹ ਉਨਾਂ ਦਾ ਅਧਿਕਾਰਤ ਅਕਾਊਂਟ ਹੈ। ਇਹ ਫੋਟੋ ਕਦੋਂ ਦੀ ਹੈ, ਸਵਾਲ ਦੇ ਜਵਾਬ ਵਿੱਚ ਉਨਾਂ ਕਿਹਾ ਕਿ ਮੈਂ ਇਹ ਤਾਂ ਨਹੀਂ ਦੱਸ ਸਕਦਾ ਕਿ ਇਹ ਕਦੋਂ ਦੀ ਹੈ, ਕਿਉਂਕਿ ਉਨਾਂ ਨਾਲ ਸਾਡਾ ਸੰਪਰਕ ਨਹੀਂ ਹੈ। ਗਜਿੰਦਰ ਸਿੰਘ ਨੇ ਸਜ਼ਾ ਪੂਰੀ ਕਰਨ ਤੋਂ ਬਾਅਦ 1996 ਵਿੱਚ ਜਰਮਨੀ ਜਾਣ ਦੀ ਕੋਸ਼ਿਸ਼ ਕੀਤੀ, ਪਰ ਭਾਰਤ ਸਰਕਾਰ ਦੇ ਇਤਰਾਜ਼ ਕਾਰਨ ਜਰਮਨ ਸਰਕਾਰ ਨੇ ਉਨਾਂ ਨੂੰ ਮੁਲਕ ਵਿੱਚ ਦਾਖਲਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ।ਕਿਹਾ ਜਾਂਦਾ ਹੈ ਕਿ ਉਨਾਂ ਦੇ ਪਤਨੀ ਅਤੇ ਬੇਟੀ ਜਰਮਨ ਚਲੇ ਗਏ ਸਨ। ਉਨਾਂ ਦੀ ਪਤਨੀ ਦੀ ਕੁਝ ਸਮਾਂ ਪਹਿਲਾਂ ਮੌਤ ਹੋ ਚੁੱਕੀ ਹੈ ਅਤੇ ਬੇਟੀ ਦਾ ਵਿਆਹ ਹੋ ਚੁੱਕਿਆ ਹੈ। ਉਹ ਆਪਣੀ ਪਤਨੀ ਦੇ ਸਸਕਾਰ ਅਤੇ ਬੇਟੀ ਦੇ ਵਿਆਹ ਮੌਕੇ ਜਰਮਨੀ ਨਹੀਂ ਜਾ ਸਕੇ ਸਨ।

ਕੰਵਰਪਾਲ ਸਿੰਘ ਨੇ ਕਿਹਾ, 'ਮੈਂ ਇੰਨਾ ਕਹਿ ਸਕਦਾ ਹਾਂ ਕਿ ਉਨਾਂ ਦੇ ਛੇ ਕੁ ਮਹੀਨੇ ਪਹਿਲਾਂ ਬਿਮਾਰ ਹੋਣ ਬਾਰੇ ਪਤਾ ਲੱਗਿਆ ਸੀ, ਉਨਾਂ ਨੂੰ ਦਿਲ ਦਾ ਦੌਰਾ ਪਿਆ ਸੀ, ਜਿਸ ਕਾਰਨ ਉਨਾਂ ਦੀ ਸਿਹਤ ਕਾਫੀ ਕਮਜ਼ੋਰ ਹੋ ਗਈ ਸੀ।' ਫੋਟੋ ਵਿੱਚ ਉਹ ਕਾਫੀ ਬਿਰਧ ਤੇ ਕਮਜ਼ੋਰ ਦਿਖ ਰਹੇ ਹਨ, ਜਿਸ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਇਹ ਫੋਟੋ ਤਾਜ਼ਾ ਹੀ ਹੈ।

ਕੰਵਰਪਾਲ ਸਿੰਘ ਦੱਸਦੇ ਹਨ, 'ਭਾਰਤੀ ਸੰਸਦ ਉੱਤੇ ਜਿਹਾਦੀ ਹਮਲੇ ਤੋਂ ਬਾਅਦ ਭਾਰਤ ਸਰਕਾਰ ਨੇ ਜਨਵਰੀ 2002 ਵਿੱਚ ਜਦੋਂ ਭਾਈ ਗਜਿੰਦਰ ਸਿੰਘ ਦਾ ਨਾਮ ਮੋਸਟ ਵਾਂਟਡ ਲਿਸਟ ਵਿੱਚ ਪਾਇਆ ਸੀ ਤਾਂ ਪਾਰਟੀ ਵੱਲੋਂ ਸਖ਼ਤ ਇਤਰਾਜ਼ ਜਤਾਇਆ ਗਿਆ।'

ਦਲ ਖ਼ਾਲਸਾ ਨੇ ਭਾਰਤ ਸਰਕਾਰ ਦੇ ਤਤਕਾਲੀ ਗ੍ਰਹਿ ਮੰਤਰੀ ਲਾਲ ਕਿਸ਼ਨ ਅਡਵਾਨੀ ਨੂੰ ਫਰਵਰੀ 2002 ਵਿੱਚ ਖ਼ਤ ਲਿਖ ਕੇ ਗਜਿੰਦਰ ਸਿੰਘ ਦਾ ਨਾਂ ਮੋਸਟ ਵਾਂਟੇਡ ਸੂਚੀ ਵਿੱਚੋਂ ਹਟਾਉਣ ਦੀ ਮੰਗ ਕੀਤੀ ਸੀ।

ਦਲ ਖਾਲਸਾ ਨੇ ਯੂਐੱਨਓ ਨੂੰ ਵੀ ਪੱਤਰ ਲਿਖ ਕੇ ਭਾਰਤ ਸਰਕਾਰ ਦੇ ਗਲਤ ਫ਼ੈਸਲੇ ਉੱਤੇ ਇਤਰਾਜ਼ ਜਤਾਇਆ ਸੀ। ਕੰਵਰਪਾਲ ਸਿੰਘ ਨੇ ਦੱਸਿਆ ਕਿ ਉਨਾਂ ਨੇ ਭਾਰਤ ਸਰਕਾਰ ਨੂੰ ਲਿਖਿਆ ਸੀ, ਗਜਿੰਦਰ ਸਿੰਘ ਹਵਾਈ ਜਹਾਜ਼ ਅਗਵਾ ਕੇਸ ਵਿੱਚ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ।ਉਨਾਂ ਨੇ ਇਸ ਤੋਂ ਬਾਅਦ ਕਿਸੇ ਵੀ ਤਰਾਂ ਦੀ ਹਿੰਸਕ ਗਤੀਵਿਧੀ ਅਤੇ ਬਾਗੀ ਵਿਚਾਰ ਜਾਂ ਵਿਚਾਰਧਾਰਕ ਗਤੀਵਿਧੀਆਂ ਵਿੱਚ ਸ਼ਮੂਲੀਅਤ ਨਹੀਂ ਕੀਤੀ। ਉਨਾਂ ਖਿਲਾਫ਼ ਭਾਰਤ ਵਿੱਚ ਕੋਈ ਬਕਾਇਆ ਕੇਸ ਨਹੀਂ ਹੈ, ਇਸ ਲਈ ਉਨਾਂ ਨੂੰ ਕਥਿਤ ਅੱਤਵਾਦੀ ਵਜੋਂ ਪ੍ਰਚਾਰਨਾ ਘੋਰ ਇਤਰਾਜ਼ਯੋਗ ਹੈ। 'ਕੰਵਰਪਾਲ ਅੱਗੇ ਦੱਸਦੇ ਹਨ ਕਿ ਭਾਰਤ ਸਰਕਾਰ ਨੇ ਇਸ ਪੱਤਰ ਦਾ ਜਵਾਬ ਨਹੀਂ ਸੀ ਦਿੱਤਾ ਪਰ 2008 ਅਤੇ 2009 ਵਿੱਚ ਜਾਰੀ ਦੂਜੀ ਤੇ ਤੀਜੀ ਲਿਸਟ ਵਿੱਚ ਉਨਾਂ ਦਾ ਨਾਮ ਨਹੀਂ ਪਾਇਆ ਗਿਆ ਸੀ।

ਕੰਵਰਪਾਲ ਦਾਅਵਾ ਕਰਦੇ ਹਨ ਕਿ ਗਜਿੰਦਰ ਸਿੰਘ ਇਸ ਸਮੇਂ ਪੂਰੀ ਤਰਾਂ ਅਜ਼ਾਦ ਸ਼ਖ਼ਸੀਅਤ ਹਨ। ਉਹ ਕਿਸੇ ਵੀ ਲੋੜੀਂਦੀ ਸੂਚੀ ਵਿੱਚ ਸ਼ਾਮਲ ਨਹੀਂ ਹਨ।

### ਗਜਿੰਦਰ ਸਿੰਘ ਦਾ ਪਿਛੋਕੜ ਤੇ ਭਵਿੱਖ

ਸੀਨੀਅਰ ਪੱਤਰਕਾਰ ਜਗਤਾਰ ਸਿੰਘ ਗਜਿੰਦਰ ਸਿੰਘ ਬਾਰੇ ਆਪਣੇ ਬਲੌਗ ਵਿੱਚ ਲਿਖਦੇ ਹਨ ਗਜਿੰਦਰ ਸਿੰਘ ਚੰਡੀਗੜ ਵਿੱਚ ਰਹਿੰਦੇ ਸਨ ਅਤੇ ਸ਼ੁਰੂਆਤੀ ਦਿਨਾਂ ਵਿਚ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਸਰਗਰਮ ਮੈਂਬਰ ਸਨ। 1971 ਵਿੱਚ ਉਨਾਂ ਨੇ ਚੰਡੀਗੜ-ਅੰਬਾਲਾ ਰੋਡ ਉੱਤੇ ਡੇਰਾਬਸੀ ਵਿੱਚ ਹੋਈ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਰੈਲੀ ਦੌਰਾਨ ਨਾਅਰੇਬਾਜ਼ੀ ਕੀਤੀ ਸੀ। ਅਚਾਨਕ ਹੀ ਉਹ ਵੱਖਰੇ ਖਾਲਿਸਤਾਨ ਦੀ ਮੰਗ ਕਰਨ ਵਾਲੀ ਵਿਚਾਰਧਾਰਾ ਨਾਲ ਜੁੜ ਗਏ ਅਤੇ ਉਨਾਂ ਆਪਣੇ 5 ਸਾਥੀਆਂ ਨਾਲ ਜਹਾਜ਼ ਅਗਵਾ ਕਰ ਲਿਆ। ਇਹੀ ਉਨਾਂ ਦੀ ਜ਼ਿੰਦਗੀ ਦਾ ਪ੍ਰਮੁੱਖ ਐਕਸ਼ਨ ਸੀ। ਹੁਣ ਆਪਣੀ ਪਾਕਿਸਤਾਨ ਵਿੱਚ ਮੌਜੂਦਗੀ ਨੂੰ ਜਨਤਕ ਕਰਨ ਤੋਂ ਬਾਅਦ ਉਹ ਅਗਲਾ ਕੀ ਕਦਮ ਚੁੱਕਦੇ ਹਨ ਇਹ ਦੇਖਣਾ ਹੋਵੇਗਾ।

# ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਮੁੜ ਸੰਗਠਨ ਕਰਨ ਦੀ ਲੋੜ

**ਤਲਵਿੰਦਰ ਸਿੰਘ ਬੁਟਰ**

78ਵੀਂ ਵਰੇਗੰਢ 'ਤੇ ਵਿਸ਼ੇਸ਼

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਸਿੱਖ ਕੌਮ ਦਾ ਹਰਾਵਲ ਦਸਤਾ ਆਖਿਆ ਜਾਂਦਾ ਹੈ। ਇਸ ਦੀ ਸਥਾਪਨਾ ਭਾਈ ਅਮਰ ਸਿੰਘ ਅੰਬਾਲਵੀ ਦੇ ਯਤਨਾਂ ਸਦਕਾ 13 ਸਤੰਬਰ 1944 ਨੂੰ ਹੋਈ ਸੀ ਅਤੇ ਸ. ਸਰੂਪ ਸਿੰਘ ਇਸ ਦੇ ਪਹਿਲੇ ਪ੍ਰਧਾਨ ਥਾਪੇ ਗਏ ਸਨ। ਲਾਹੌਰ ਵਿਚ ਹੋਈ ਪਹਿਲੀ ਬੈਠਕ ਦੌਰਾਨ ਇਸ ਜਥੇਬੰਦੀ ਦੇ ਪੰਜ ਮੁੱਖ ਨਿਸ਼ਾਨੇ ਮਿਥੇ ਗਏ ਸਨ।

1. ਸਿੱਖ ਵਿਦਿਆਰਥੀਆਂ ਨੂੰ ਇਕੱਠੇ ਕਰਕੇ ਉਨਾਂ ਦੇ ਹੱਕਾਂ ਅਤੇ ਹਿਤਾਂ ਦੀ ਰਾਖੀ ਕਰਨਾ।
2. ਸਿੱਖ ਵਿਦਿਆਰਥੀਆਂ ਲਈ ਗੁਰੂ ਸਾਹਿਬਾਨ ਦੇ ਉੱਚੇ ਸੁੱਚੇ ਉਪਦੇਸ਼ ਅਤੇ ਵਡਮੁੱਲੇ ਵਿਰਸੇ ਦੀ ਜਾਣਕਾਰੀ ਉਪਲੱਬਧ ਕਰਵਾਉਣੀ।
3. ਸਿੱਖ ਵਿਦਿਆਰਥੀਆਂ ਨੂੰ ਅਜਿਹਾ ਸਮਾਜ ਘੜਨ ਲਈ ਤਿਆਰ ਕਰਨਾ ਜਿਸ ਵਿਚ ਕੌਮ ਪੂਰੀ ਤਰਾਂ ਵਧ-ਫੁੱਲ ਸਕੇ।
4. ਗੁਰਬਾਣੀ, ਇਤਿਹਾਸ, ਸਿੱਖ ਰਹਿਤ ਮਰਯਾਦਾ ਬਾਰੇ ਵਿਚਾਰ-ਵਟਾਂਦਰਾ ਅਤੇ ਖੋਜ ਬੈਠਕਾਂ ਦਾ ਇੰਤਜ਼ਾਮ ਕਰਨਾ।
5. ਸਿੱਖਾਂ ਦੀ ਧਾਰਮਿਕ, ਰਾਜਨੀਤਕ, ਵਿਦਿਅਕ, ਸਮਾਜਿਕ, ਭਾਈਚਾਰਕ ਅਤੇ ਆਰਥਿਕ ਉੱਨਤੀ ਲਈ ਪ੍ਰਚਾਰ ਦਾ ਚਾਅ ਪੈਦਾ ਕਰਨਾ ਅਤੇ ਪੰਜਾਬੀ ਪੜਨ ਲਿਖਣ ਅਤੇ ਸਿੱਖ ਯੂਨੀਵਰਸਿਟੀ ਦੀ ਸਥਾਪਨਾ ਲਈ ਯਤਨਸ਼ੀਲ ਰਹਿਣਾ।

ਭਾਰਤ ਦੀ ਅਜ਼ਾਦੀ ਤੋਂ ਬਾਅਦ ਫੈਡਰੇਸ਼ਨ ਦਾ ਏਜੰਡਾ ਕੈਂਪਾਂ ਦੁਆਰਾ ਸਿੱਖਾਂ ਨੂੰ ਵੱਖਰੀ ਪਛਾਣ ਦਾ ਅਹਿਸਾਸ ਕਰਵਾਉਣਾ ਅਤੇ ਸਿੱਖ ਨੌਜਵਾਨਾਂ ਵਿਚ ਪਤਿਤਪੁਣਾ, ਨਸ਼ਾਖੋਰੀ ਅਤੇ ਰਾਜਨੀਤਕ ਗਫ਼ਲਤ ਵਿਰੁੱਧ ਚੇਤਨਾ ਪੈਦਾ ਕਰਨਾ ਰਿਹਾ ਹੈ। ਫ਼ੈਡਰੇਸ਼ਨ ਨੇ ਸਿੱਖ ਨੌਜਵਾਨ ਵਰਗ ਵਿਚੋਂ ਵੀਹਵੀਂ ਸਦੀ ਦੇ ਅਖੀਰ ਤੱਕ ਅਨੇਕਾਂ ਚਿੰਤਕ ਤੇ ਦੂਰਅੰਦੇਸ਼ੀ ਵਾਲੇ ਆਗੂ ਸਿੱਖ ਰਾਜਨੀਤੀ ਨੂੰ ਦਿੱਤੇ ਹਨ। ਨੌਜਵਾਨ ਵਰਗ ਵਿਚ ਸਿੱਖੀ ਚੇਤਨਾ ਤੇ ਸਿਧਾਂਤਕ ਦ੍ਰਿੜਤਾ ਦੇ ਨਾਲ-ਨਾਲ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਧਰਮ ਨਿਰਪੱਖਤਾ ਦੀ ਵੀ ਵੱਖਰੀ ਮਿਸਾਲ ਪੈਦਾ ਕਰਦਿਆਂ ਗੈਰ-ਸਿੱਖਾਂ ਨੂੰ ਵੀ ਕਲਾਵੇ ਵਿਚ ਲਿਆ, ਜਿਸ ਦੀ ਮਿਸਾਲ 1954 ਵਿਚ ਭਾਈ ਹਰਬੰਸ ਲਾਲ ਨੂੰ ਫ਼ੈਡਰੇਸ਼ਨ ਦਾ ਪ੍ਰਧਾਨ ਬਣਾਉਣਾ ਸੀ।

2 ਜੁਲਾਈ 1978 ਨੂੰ ਟੈਗੋਰ ਥੀਏਟਰ ਚੰਡੀਗੜ ਵਿਖੇ ਫ਼ੈਡਰੇਸ਼ਨ ਦੇ ਸਾਲਾਨਾ ਇਜਲਾਸ ਵਿਚ ਭਾਈ ਅਮਰੀਕ ਸਿੰਘ (ਸਪੁੱਤਰ ਸੰਤ ਕਰਤਾਰ ਸਿੰਘ ਖ਼ਾਲਸਾ ਭਿੰਡਰਾਂਵਾਲੇ, 13ਵੇਂ ਮੁਖੀ ਦਮਦਮੀ ਟਕਸਾਲ) ਨੂੰ ਇਸ ਜਥੇਬੰਦੀ ਦਾ ਪ੍ਰਧਾਨ ਬਣਾਉਣ ਦਾ ਇਤਿਹਾਸਕ ਫ਼ੈਸਲਾ ਹੋਇਆ। ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਹਿਯੋਗ ਨਾਲ ਭਾਈ ਅਮਰੀਕ ਸਿੰਘ ਨੇ ਗੁਰਮਤਿ ਪ੍ਰਚਾਰ ਦੀ ਅਜਿਹੀ ਲਹਿਰ ਆਰੰਭੀ ਕਿ ਸਿੱਖ ਨੌਜਵਾਨੀ ਬਾਣੀ-ਬਾਣੇ ਵਿਚ ਪ੍ਰਪੱਕਤਾ ਦੇ ਨਾਲ-ਨਾਲ ਰਾਜਨੀਤਕ ਖੇਤਰ ਵਿਚ ਵੀ ਚੇਤੰਨ ਹੋਣ ਲੱਗੀ। ਸਿੱਖੀ ਚੇਤਨਾ ਜਾਗਣ ਲੱਗੀ ਅਤੇ ਪਤਿਤ ਹੋ ਰਹੇ ਸਿੱਖ ਨੌਜਵਾਨਾਂ ਦੇ ਸਿਰਾਂ 'ਤੇ ਦਸਤਾਰਾਂ ਮੁੜ ਜਲਵਾਗਰ ਹੋਣ ਲੱਗੀਆਂ। ਭਾਈ ਅਮਰੀਕ ਸਿੰਘ ਲਗਾਤਾਰ ਪੰਜ ਵਾਰ ਫੈਡਰੇਸ਼ਨ ਦੇ ਪ੍ਰਧਾਨ ਰਹੇ ਅਤੇ ਧਰਮ ਯੁੱਧ ਮੋਰਚੇ ਤੱਕ ਸਿੱਖ ਰਾਜਨੀਤਕ ਖੇਤਰ ਵਿਚ ਫੈਡਰੇਸ਼ਨ ਦੀ ਚੜਤ ਸਿਖ਼ਰਾਂ 'ਤੇ ਪਹੁੰਚ ਗਈ। ਜੂਨ 1984 ਦੇ ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਦੌਰਾਨ ਭਾਈ ਅਮਰੀਕ ਸਿੰਘ ਅਤੇ ਫੈਡਰੇਸ਼ਨ ਦੇ ਹੋਰ ਸਿਰਕੱਢ ਆਗੂ ਆਪਣੇ ਜਾਨ ਤੋਂ ਪਿਆਰੇ ਧਰਮ ਅਸਥਾਨ ਦੀ ਅਜ਼ਮਤ ਖ਼ਾਤਰ ਸ਼ਹੀਦ ਹੋ ਗਏ। ਫੈਡਰੇਸ਼ਨ ਨਾਲ ਸੰਬੰਧਿਤ ਬਾਕੀ ਨੌਜਵਾਨਾਂ ਨੂੰ ਚੁਣ-ਚੁਣ ਕੇ ਜੇਲਾਂ ਵਿਚ ਡੱਕਿਆ ਜਾਣ ਲੱਗਾ। ਸਰਕਾਰੀ ਚਾਲਾਂ ਕਾਰਨ ਫੈਡਰੇਸ਼ਨ ਧੜੇਬੰਦੀਆਂ ਦੀ ਸ਼ਿਕਾਰ ਹੋ ਗਈ। ਫ਼ੈਡਰੇਸ਼ਨ ਦੇ ਕਈ ਧੜੇ ਬਣ ਗਏ। ਅੱਜ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ



ਲਗਭਗ ਅੱਧੀ ਦਰਜਨ ਵੱਖ-ਵੱਖ ਸਰਗਰਮ ਧੜੇ ਹਨ ਪਰ ਇਸ ਦੇ ਬਾਵਜੂਦ ਪਿਛਲੇ ਸਮੇਂ ਦੌਰਾਨ ਸਕੂਲਾਂ/ ਕਾਲਜਾਂ ਵਿਚ ਫੈਡਰੇਸ਼ਨ ਦਾ ਆਧਾਰ ਨਾ-ਮਾਤਰ ਜਿਹਾ ਹੀ ਰਹਿ ਗਿਆ ਹੈ। ਇਸ ਦਾ ਇਕ ਕਾਰਨ ਫੈਡਰੇਸ਼ਨ ਦੀ ਧੜੇਬੰਦੀ ਅਤੇ ਦੂਜਾ ਕਾਰਨ ਖਾੜਕੂਵਾਦ ਵੇਲੇ ਤੋਂ ਚੱਲੀ ਆ ਰਹੀ ਵਿਦਿਆਰਥੀ ਚੋਣਾਂ 'ਤੇ ਪਾਬੰਦੀ ਵੀ ਰਹੀ ਹੈ। ਇਸ ਦੇ ਨਤੀਜੇ ਵਜੋਂ ਹੀ ਪਿਛਲੇ ਸਮੇਂ ਤੋਂ ਸਿੱਖ ਲੀਡਰਸ਼ਿਪ ਵਿਚ ਨਵੇਂ ਪ੍ਰਤੀਬੱਧ ਤੇ ਗਿਆਨਵਾਨ ਆਗੂਆਂ ਦਾ ਖਲਾਅ ਵੀ ਪੈਦਾ ਹੋਇਆ ਹੈ।

ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀ 78ਵੀਂ ਸਥਾਪਨਾ ਵਰੇਗੰਢ ਮੌਕੇ ਸਾਡੀ ਸਿੱਖ ਨੌਜਵਾਨਾਂ ਦੀ ਇਸ ਜਥੇਬੰਦੀ ਦੇ ਸੰਸਥਾਪਕਾਂ ਅਤੇ ਸ਼ਹੀਦ ਆਗੂਆਂ ਪ੍ਰਤੀ ਇਹੀ ਸੱਚੀ ਨਿਸ਼ਠਾ ਤੇ ਸਤਿਕਾਰ ਹੋਵੇਗਾ ਕਿ ਆਪਾਪ੍ਰਸਤੀ ਅਤੇ ਧੜੇਬੰਦੀਆਂ ਤਿਆਗ ਕੇ ਮੁੜ ਫੈਡਰੇਸ਼ਨ ਨੂੰ ਇਸ ਦੇ ਮੂਲ ਸਰੂਪ ਵਿਚ ਲਿਆਂਦਾ ਜਾਵੇ। ਪੰਜਾਬ ਦੀ ਨੌਜਵਾਨੀ ਦੇ ਅਜੋਕੇ ਸਰੋਕਾਰਾਂ ਅਤੇ ਸੰਕਟਾਂ ਨੂੰ ਮੁਖ਼ਾਤਿਬ ਹੁੰਦਿਆਂ ਨਵੇਂ ਅਤੇ ਉੱਜਲ ਰਾਹ ਤਲਾਸ਼ੇ ਜਾਣ। ਅਜੋਕੇ ਸਮੇਂ ਵੀ ਫੈਡਰੇਸ਼ਨ ਦੀ ਸਥਾਪਨਾ ਵੇਲੇ ਨਿਰਧਾਰਿਤ ਕੀਤੇ ਗਏ ਇਸ ਦੇ ਮੁੱਖ ਉਦੇਸ਼ਾਂ ਦੀ ਪੂਰੀ ਪ੍ਰਸੰਗਿਕਤਾ ਬਣਦੀ ਹੈ।

ਜੇਕਰ ਫੈਡਰੇਸ਼ਨ ਦੇ ਸੰਵਿਧਾਨਿਕ ਏਜੰਡੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਅਤੇ ਅਸੂਲਾਂ ਦਾ ਪ੍ਰਚਾਰ, ਸਿੱਖ ਨੌਜਵਾਨਾਂ ਦੇ ਜਾਗ੍ਰਿਤੀ ਅਤੇ ਗੁਰਮਤਿ ਪ੍ਰਚਾਰ ਕੈਂਪ ਲਗਾਏ ਜਾਣ, ਸਮਾਜਿਕ ਅਤੇ ਰਾਜਨੀਤਕ ਬੁਰਾਈਆਂ ਖਿਲਾਫ਼ ਫੈਡਰੇਸ਼ਨ ਦੇ ਉਸਾਰੂ ਨਿਸ਼ਾਨਿਆਂ ਤਹਿਤ ਕੰਮ ਕੀਤੇ ਜਾਣ ਅਤੇ ਸਿੱਖ ਨੌਜਵਾਨਾਂ ਦੀ ਸਰਬਪੱਖੀ ਸ਼ਖ਼ਸੀਅਤ ਉਸਾਰੀ ਨੂੰ ਮੁੱਖ ਏਜੰਡਾ ਬਣਾਇਆ ਜਾਵੇ ਤਾਂ ਪ੍ਰਤੀਬੱਧ ਅਤੇ ਪੰਥਕ ਸੋਚ ਵਾਲੀ ਨਵੀਂ ਸਿੱਖ ਲੀਡਰਸ਼ਿਪ ਪੈਦਾ ਕਰਕੇ ਅਜੋਕੇ ਸਮੇਂ ਵਿਚ ਸਿੱਖ ਸਿਆਸਤ ਨੂੰ ਮੁੜ ਸਿੱਖੀ ਜਾਹੋ-ਜਲਾਲ ਵਾਲੇ ਹਾਲਾਤ ਵਿਚ ਲਿਜਾਇਆ ਜਾ ਸਕਦਾ ਹੈ। ਨਾਲ ਹੀ ਸਿੱਖ ਨੌਜਵਾਨੀ ਨੂੰ ਕਈ ਤਰਾਂ ਦੀ ਨੈਤਿਕ ਗਿਰਾਵਟ ਵਿਚੋਂ ਕੱਢ ਕੇ ਸਿੱਖੀ ਇਖ਼ਲਾਕ ਨੂੰ ਦੁਨੀਆ ਲਈ ਮਿਸਾਲ ਪੇਸ਼ ਕੀਤਾ ਜਾ ਸਕਦਾ ਹੈ। ਇਸ ਦੇ ਨਾਲ-ਨਾਲ ਮੌਜੂਦਾ ਸਮੇਂ ਵਿਚ ਆਲਮੀ ਪੱਧਰ 'ਤੇ ਸਿੱਖ ਨੌਜਵਾਨਾਂ ਦਾ ਇਕ ਸਾਂਝਾ ਮੰਚ ਤਿਆਰ ਕਰਨਾ ਵੀ ਜ਼ਰੂਰੀ ਹੈ ਤਾਂ ਜੋ ਸਮੁੱਚੇ ਸੰਸਾਰ ਵਿਚ ਵਸਦੇ ਸਿੱਖ ਭਾਈਚਾਰੇ ਦੀ ਨਵੀਂ ਪਨੀਰੀ ਨੂੰ ਆਪਣੇ ਮੂਲ ਅਤੇ ਵਿਰਸੇ ਨਾਲ ਜੋੜੀ ਰੱਖਿਆ ਜਾ ਸਕੇ।

# ਪੰਜਾਬ ਦੇ ਪਾਣੀਆਂ ਬਾਰੇ ਆਪ ਸਰਕਾਰ ਦਾ ਪੰਜਾਬ ਵਿਰੋਧੀ ਪੱਖ

ਬੀਤੇ ਹਫਤੇ ਸੁਪਰੀਮ ਕੋਰਟ ਦੇ ਜਸਟਿਸ ਸੰਜੇ ਕਿਸ਼ਨ ਕੌਲ ਦੀ ਅਗਵਾਈ ਵਾਲੇ ਬੈਂਚ ਨੇ ਕੇਂਦਰੀ ਜਲ ਸ਼ਕਤੀ ਮੰਤਰਾਲੇ ਨੂੰ ਪੰਜਾਬ ਤੇ ਹਰਿਆਣਾ ਮੁੱਖ ਮੰਤਰੀਆਂ ਦੀ ਮੀਟਿੰਗ ਬੁਲਾਉਣ ਲਈ ਕਿਹਾ। ਇਸ ਕੇਸ 'ਤੇ ਹੋਈ ਪ੍ਰਗਤੀ ਦੀ ਰਿਪੋਰਟ ਮੰਗਦਿਆਂ ਬੈਂਚ ਨੇ ਮਾਮਲੇ ਦੀ ਸੁਣਵਾਈ 15 ਜਨਵਰੀ 2023 'ਤੇ ਪਾ ਦਿੱਤੀ ਹੈ। ਇਸ ਮਾਮਲੇ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਪਾਣੀ ਇਕ ਕੁਦਰਤੀ ਸਰੋਤ ਹੈ ਤੇ ਇਸ ਨੂੰ ਲੈ ਕੇ ਕੋਈ ਵੀ ਨਿੱਜੀ ਹਿੱਤ ਦਿਮਾਗ ਵਿਚ ਨਹੀਂ ਰੱਖ ਸਕਦਾ। ਸਪੱਸ਼ਟ ਹੈ ਕਿ ਜੇ ਸਮਝੌਤਾ ਨਹੀਂ ਹੁੰਦਾ ਤਾਂ ਅਦਾਲਤ ਦਾ ਰੁਖ਼ ਪੰਜਾਬ ਵਿਰੋਧੀ ਹੀ ਹੋਵੇਗਾ। ਸੁਆਲ ਇਹ ਹੈ ਕਿ ਕੀ ਕੋਲਾ, ਲੋਹਾ ਜਾਂ ਜ਼ਮੀਨ ਵਿਚੋਂ ਨਿਕਲਣ ਵਾਲੀਆਂ ਹੋਰ ਧਾਤਾਂ ਜਾਂ ਚੀਜ਼ਾਂ ਕੁਦਰਤੀ ਸਰੋਤ ਨਹੀਂ ਹਨ। ਜੇ ਪੰਜਾਬ ਦੇ ਪਾਣੀ ਸਭ ਦੇ ਹਨ ਤਾਂ ਕੀ ਬਾਕੀ ਕੁਦਰਤੀ ਸਰੋਤਾਂ 'ਤੇ ਵੀ ਸਭ ਦਾ ਬਰਾਬਰ ਦਾ ਹੱਕ ਹੋਣਾ ਇਨਸਾਫ਼ ਦਾ ਤਕਾਜ਼ਾ ਨਹੀਂ ਹੈ ? ਐਸ.ਵਾਈ. ਐਲ. ਨਹਿਰ ਬਾਰੇ ਸੁਪਰੀਮ ਕੋਰਟ ਦੀ ਹਦਾਇਤ 'ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ 'ਤੇ ਰਾਜ ਕਰ ਰਹੀ ਪਾਰਟੀ ਦੇ ਸੁਪਰੀਮੋ ਕੇਜਰੀਵਾਲ ਜੋ ਪੰਜਾਬ ਦੇ ਪਾਣੀ ਦਿੱਲੀ ਨੂੰ ਦੇਣ ਦੇ ਮਾਮਲੇ ਵਿਚ ਵੀ ਇਕ ਧਿਰ ਹਨ, ਦੇ ਸਟੈਂਡ ਨੇ ਪੰਜਾਬੀਆਂ ਨੂੰ ਫ਼ਿਕਰ ਵਿਚ ਪਾ ਦਿੱਤਾ ਹੈ। ਉਨਾਂ ਦੋਵਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਇਸ ਮਾਮਲੇ ਵਿਚ ਦਖ਼ਲ ਦੇਵੇ ਅਤੇ ਇਸ ਮਾਮਲੇ ਨੂੰ ਹੱਲ ਕਰਨ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੈ। ਜਦ ਕਿ ਪੰਜਾਬ ਦੇ ਪਾਣੀਆਂ ਦੇ ਮਾਮਲੇ ਵਿਚ ਕੇਂਦਰ ਸਰਕਾਰ ਦਾ ਪੰਜਾਬ ਵਿਰੋਧੀ ਸਟੈਂਡ ਰਿਹਾ ਹੈ। ਆਪ ਸਰਕਾਰ ਦਾ ਇਹ ਮਸਲਾ ਕੇਂਦਰ ਉਪਰ ਸੁਟਣਾ ਪੰਜਾਬ ਨਾਲ ਧੋਖਾ ਹੈ। ਇਹ ਹੁਣ ਸੱਚਮੁੱਚ ਹੀ ਪੰਜਾਬ ਦੇ ਅਸਲੀ ਸਟੈਂਡ ਦੇ ਉਲਟ ਹੈ। ਯਾਦ ਰੱਖੋ ਭਾਰਤੀ ਸੰਵਿਧਾਨ ਦੇ 7ਵੇਂ ਸ਼ਡਿਊਲ ਵਿਚ ਰਾਜਾਂ ਦੇ ਅਧਿਕਾਰਾਂ ਦੀ ਸੂਚੀ ਵਿਚ 17ਵੀਂ ਮੱਦ ਅਨੁਸਾਰ ਪਾਣੀ ਸਿਰਫ਼ ਤੇ ਸਿਰਫ਼ ਰਾਜਾਂ ਦੇ ਅਧਿਕਾਰ ਖੇਤਰ ਦੀ ਗੱਲ ਹੈ। ਇਸ ਲਈ ਭਾਰਤੀ ਸੰਵਿਧਾਨ ਤੇ ਦੁਨੀਆ ਭਰ ਵਿਚ ਮੰਨੇ ਜਾਂਦੇ ਰਾਇਪੇਰੀਅਨ ਕਾਨੂੰਨ ਅਨੁਸਾਰ ਪੰਜਾਬ ਵਿਚ ਵਗਦੇ ਦਰਿਆਵਾਂ ਦੇ ਪਾਣੀ ਦਾ ਹੱਕਦਾਰ ਪੰਜਾਬ ਹੀ ਹੈ।ਪਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਵਿਰੋਧੀ ਸਟੈਂਡ ਲੈ ਕੇ ਇਕ ਹੋਰ ਦਰਬਾਰਾ ਸਿੰਘ ਬਣ ਰਹੇ ਹਨ।

**ਦਰਪਣ ਝੂਠ ਨਹੀਂ ਬੋਲਦਾ**

ਅਸਲ ਵਿਚ 1978 ਵਿਚ ਪ੍ਰਕਾਸ਼ ਸਿੰਘ ਬਾਦਲ ਸਰਕਾਰ ਨੇ ਸੁਪਰੀਮ ਕੋਰਟ ਵਿਚ ਪੰਜਾਬ ਪੁਨਰਗਠਨ ਐਕਟ ਦੀਆਂ ਧਾਰਾਵਾਂ 78, 79 ਅਤੇ 80 ਦੇ ਖ਼ਿਲਾਫ਼ ਕੇਸ ਕੀਤਾ ਸੀ। ਪਰ ਜਦੋਂ ਕੇਂਦਰ ਸਰਕਾਰ ਨੂੰ ਲੱਗਾ ਕਿ ਅਦਾਲਤ ਤਾਂ ਇਨਸਾਫ਼ ਕਰੇਗੀ ਤੇ ਇਹ ਧਾਰਾਵਾਂ ਰੱਦ ਹੋਣ ਤੋਂ ਬਚਾਈਆਂ ਨਹੀਂ ਜਾ ਸਕਦੀਆਂ ਤਾਂ 1980 ਵਿਚ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਉਸ ਵੇਲੇ ਦੇ ਕਾਂਗਰਸੀ ਮੁੱਖ ਮੰਤਰੀ ਦਰਬਾਰਾ ਸਿੰਘ ਉਪਰ ਦਬਾਅ ਪਾ ਕੇ



ਇਹ ਕੇਸ ਵਾਪਸ ਕਰਵਾ ਦਿੱਤਾ ਸੀ। 'ਆਪ' ਮੁਖੀ ਕੇਜਰੀਵਾਲ ਵਲੋਂ ਮਾਮਲਾ ਕੇਂਦਰ ਸਰਕਾਰ ਨੂੰ ਹੱਲ ਕਰਨ ਲਈ ਕਹਿਣ 'ਤੇ ਕੋਈ ਹੈਰਾਨੀ ਨਹੀਂ, ਕਿਉਂਕਿ ਉਹ ਖੁਦ ਵੀ ਕੇਂਦਰੀਕਰਨ ਤੇ ਤਾਨਾਸ਼ਾਹੀ ਰੁਚੀਆਂ ਰੱਖਦੇ ਹਨ ਅਤੇ ਪੰਜਾਬ ਦੇ ਪਾਣੀਆਂ ਦੀ ਲੁੱਟ ਦੇ ਜਿੰਮੇਵਾਰਾਂ ਵਿਚ ਸ਼ਾਮਿਲ ਹਨ। ਉਹ ਭਗਵੀਂ ਰਾਸ਼ਟਰਵਾਦੀ ਸੋਚ ਦੇ ਵੀ ਹਾਮੀ ਹਨ। ਮੁੱਖ ਮੰਤਰੀ ਭਗਵੰਤ ਮਾਨ ਨੂੰ ਚਾਹੀਦਾ ਹੈ ਕਿ ਉਹ ਬਹੁਤ ਕਾਬਿਲ ਵਕੀਲਾਂ ਦੀਆਂ ਸੇਵਾਵਾਂ ਲੈ ਕੇ ਸੁਪਰੀਮ ਕੋਰਟ ਵਿਚ ਦੋ ਲੜਾਈਆਂ ਇਕੱਠੀਆਂ ਲੜੇ। ਪਹਿਲੀ ਇਹ ਕਿ ਪਾਣੀਆਂ ਦਾ ਮਾਮਲਾ ਸੰਵਿਧਾਨ ਅਨੁਸਾਰ ਸਿਰਫ਼ ਰਾਜਾਂ ਦੇ ਅਧਿਕਾਰ ਖੇਤਰ ਦਾ ਮਾਮਲਾ ਹੈ ਤੇ ਦੇਸ਼ ਵਿਚ ਆਮ ਤੌਰ 'ਤੇ ਮੰਨੇ ਜਾਂਦੇ ਅੰਤਰਰਾਸ਼ਟਰੀ ਰਾਇਪੇਰੀਅਨ ਕਾਨੂੰਨ ਅਨੁਸਾਰ ਪੰਜਾਬ ਤਿੰਨਾਂ ਦਰਿਆਵਾਂ ਦਾ ਇਕੱਲਾ ਤਟਵਰਤੀ ਰਾਜ ਹੋਣ ਦੇ ਨਾਤੇ ਪੰਜਾਬ ਵਿਚ ਵਗ ਰਹੇ ਦਰਿਆਈ ਪਾਣੀਆਂ 'ਤੇ ਸਿਰਫ਼ ਤੇ ਸਿਰਫ਼ ਪੰਜਾਬ ਦਾ ਹੱਕ ਹੈ। ਇਥੋਂ ਤੱਕ ਕਿ ਇਸ ਬਾਰੇ ਕਾਨੂੰਨੀ ਤੌਰ 'ਤੇ ਸੁਪਰੀਮ ਕੋਰਟ ਤੇ ਕੇਂਦਰ ਸਰਕਾਰ ਵੀ ਕਿਸੇ ਰੂਪ ਵਿਚ ਕੋਈ ਫ਼ੈਸਲਾ ਥੋਪਣ ਦੇ ਸਮਰਥ ਅਥਾਰਟੀਆਂ ਨਹੀਂ ਹਨ। ਜਦੋਂ ਕਿ ਦੂਸਰਾ ਕੇਸ ਪੰਜਾਬ ਪੁਨਰ ਗਠਨ ਐਕਟ ਦੀਆਂ ਧਾਰਾਵਾਂ 78, 79 ਅਤੇ 80 ਰੱਦ ਕਰਨ ਦੀ ਚੁਣੌਤੀ ਦੇਣ ਦਾ ਹੋਵੇ, ਕਿਉਂਕਿ ਅਜਿਹੀਆਂ ਧਾਰਾਵਾਂ ਗ਼ੈਰ-ਸੰਵਿਧਾਨਕ ਵੀ ਹਨ ਤੇ ਦੇਸ਼ ਭਰ ਵਿਚ ਹੋਰ ਕਿਸੇ ਵੀ ਰਾਜ ਦੇ ਪੁਨਰ ਗਠਨ ਵੇਲੇ ਨਹੀਂ ਪਾਈਆਂ ਗਈਆਂ। ਇਸ ਮਾਮਲੇ ਵਿਚ ਪੰਜਾਬ ਨੂੰ ਜੁਰੱਅਤ ਤਾਂ ਵਿਖਾਉਣੀ ਹੀ ਪਵੇਗੀ ਤੇ ਇਨਾਂ ਬਾਰੇ ਵਕੀਲਾਂ ਦੀ ਸਲਾਹ ਨਾਲ ਜੇ ਪੰਜਾਬ ਵਿਧਾਨ ਸਭਾ ਵਿਚ ਵੀ ਕੋਈ ਕਾਨੂੰਨ ਪਾਸ ਕਰਨਾ ਪੈਂਦਾ ਹੈ ਤਾਂ ਪਿੱਛੇ ਨਹੀਂ ਹਟਣਾ ਚਾਹੀਦਾ, ਕਿਉਂਕਿ ਪਾਣੀ ਹੁਣ ਪੰਜਾਬ ਤੇ ਪੰਜਾਬੀਆਂ ਲਈ ਜਿਊਣ-ਮਰਨ ਦਾ ਸਵਾਲ ਹੈ। ਇਹ ਸਥਿਤੀ ਪੰਜਾਬ ਨਾਲ ਕੇਂਦਰ ਦੇ ਧੱਕੇ ਦੀ ਇੰਤਹਾ ਹੈ।

ਪੰਜਾਬ ਦਾ ਸਾਫ਼ ਤੇ ਸਪੱਸ਼ਟ ਸਟੈਂਡ ਇਹ ਹੋਣਾ ਚਾਹੀਦਾ ਹੈ ਕਿ ਪੰਜਾਬ ਦੇ ਤਿੰਨਾਂ ਦਰਿਆਵਾਂ 'ਤੇ ਦੇਸ਼ ਅਤੇ ਦੁਨੀਆ ਵਿਚ ਮੰਨੇ ਜਾਂਦੇ ਰਾਇਪੇਰੀਅਨ ਕਾਨੂੰਨ ਅਨੁਸਾਰ ਸਿਰਫ਼ ਪੰਜਾਬ ਦਾ ਹੱਕ ਹੈ। ਇਸ ਲਈ ਕਿਸੇ ਐਸ.ਵਾਈ.ਐਲ. ਨਹਿਰ ਦਾ ਕੋਈ ਮਤਲਬ ਹੀ ਨਹੀਂ। ਰਾਜਸਥਾਨ, ਹਰਿਆਣਾ ਅਤੇ ਦਿੱਲੀ ਨੂੰ ਹੁਣ ਤੱਕ ਦਿੱਤਾ ਗਿਆ ਪਾਣੀ ਵੀ ਪੰਜਾਬ ਦੀ ਮਲਕੀਅਤ ਸੀ ਤੇ ਇਸ ਦੀ ਕੀਮਤ ਵੀ ਵਿਆਜ ਸਮੇਤ ਵਸੂਲੀ ਜਾਣ ਲਈ ਚਾਰਾਜੋਈ ਕੀਤੀ ਜਾਣੀ ਚਾਹੀਦੀ ਹੈ। ਅਸਲ ਵਿਚ ਹਰਿਆਣਾ ਦਾ ਵੀ ਪੰਜਾਬ ਦੇ ਪਾਣੀਆਂ 'ਤੇ ਕੋਈ ਕਾਨੂੰਨੀ ਹੱਕ ਨਹੀਂ, ਕਿਉਂਕਿ ਭਾਰਤ ਵਿਚ ਜਦੋਂ ਵੀ ਸੂਬਿਆਂ ਦੀ ਵੰਡ ਹੋਈ ਤਾਂ ਪਾਣੀ ਦੀ ਮਾਲਕੀ ਤੱਟਵਰਤੀ ਰਾਜਾਂ ਦੀ ਹੀ ਰਹੀ ਹੈ।

ਯਾਦ ਰਹੇ ਕਿ 1901 ਵਿਚ ਸੂਬਾ ਸਰਹੱਦ ਪੰਜਾਬ ਤੋਂ ਵੱਖ ਹੋਇਆ ਪਰ ਪੰਜਾਬ ਦੇ ਪਾਣੀ ਪੰਜਾਬ ਦੇ ਹੀ ਰਹੇ। 1912 ਵਿਚ ਬਿਹਾਰ ਤੇ ਓਡੀਸ਼ਾ ਬੰਗਾਲ ਤੋਂ ਵੱਖ ਹੋਏ ਤਾਂ ਪਾਣੀ ਰਾਇਪੇਰੀਅਨ ਕਾਨੂੰਨ ਅਨੁਸਾਰ ਹੀ ਵੰਡੇ ਗਏ। 1936 ਵਿਚ ਉੜੀਸਾ, ਬਿਹਾਰ ਤੋਂ ਵੱਖ ਹੋਇਆ ਤੇ 1936 ਵਿਚ ਹੀ ਸਿੰਧ ਬੰਬਈ ਤੋਂ ਵੱਖਰਾ ਹੋਇਆ ਤਦ ਵੀ ਰਾਇਪੇਰੀਅਨ ਕਾਨੂੰਨ ਹੀ ਮੰਨਿਆ ਗਿਆ। ਆਜ਼ਾਦ ਭਾਰਤ ਵਿਚ ਵੀ 1953 ਵਿਚ ਆਂਧਰਾ ਪ੍ਰਦੇਸ਼ ਬਣਿਆ ਤਾਂ ਇਸੇ ਕਾਨੂੰਨ ਅਧੀਨ ਹੀ ਕ੍ਰਿਸ਼ਨਾ ਨਦੀ 'ਤੇ ਆਂਧਰਾ ਦਾ ਅਤੇ ਕਾਵੇਰੀ ਨਦੀ 'ਤੇ ਮਦਰਾਸ ਦਾ ਅਧਿਕਾਰ ਮੰਨ ਲਿਆ ਗਿਆ।

1960 ਵਿਚ ਬੰਬਈ ਰਾਜ ਵਿਚੋਂ ਮਹਾਰਾਸ਼ਟਰ ਤੇ ਗੁਜਰਾਤ ਸੂਬੇ ਬਣੇ ਅਤੇ 1972 ਵਿਚ ਪੰਜਾਬੀ ਸੂਬੇ ਤੋਂ ਵੀ ਬਾਅਦ ਉੱਤਰ ਪੂਰਬੀ ਸੂਬੇ ਬਣਾਏ ਜਾਣ ਵੇਲੇ ਵੀ ਰਾਇਪੇਰੀਅਨ ਕਾਨੂੰਨ ਹੀ ਲਾਗੂ ਹੋਇਆ। ਪਰ ਇਸ ਤੋਂ ਪਹਿਲਾਂ 1966 ਵਿਚ ਪੰਜਾਬ ਹਰਿਆਣਾ ਵੰਡ ਵੇਲੇ ਅਜਿਹਾ ਕਿਉਂ ਨਹੀਂ ਕੀਤਾ ਗਿਆ ? ਹਰਿਆਣਾ ਪੰਜਾਬ ਦਾ ਹਿੱਸਾ ਰਹੇ ਹੋਣ ਕਾਰਨ ਪੰਜਾਬ ਦੇ ਪਾਣੀਆਂ 'ਤੇ ਹੱਕ ਤਾਂ ਜਤਾਉਂਦਾ ਹੈ ਪਰ ਇਤਿਹਾਸ ਵੇਖੋ 1859 ਵੇਲੇ ਹਰਿਆਣਾ ਦੇ ਸਿਰਫ਼ 6 ਜ਼ਿਲੇ ਹੀ ਪੰਜਾਬ ਨਾਲ ਮਿਲਾਏ ਗਏ ਸੀ ਤਾਂ ਵੱਖ ਹੋਣ ਵੇਲੇ ਉਹ ਉਸ ਤੋਂ ਵੱਧ ਕੀ ਲੈ ਸਕਦਾ ਹੈ, ਜੋ ਉਸ ਨੇ ਪਾਇਆ ਸੀ। ਉਸ ਵੇਲੇ ਵੀ ਇਹ ਪਾਣੀ ਪੰਜਾਬ ਦੇ ਹੀ ਸਨ। ਜੇ ਪੰਜਾਬ ਤੋਂ ਵੱਖ ਹੋਣ ਕਾਰਨ ਹਰਿਆਣਾ ਦਾ ਕੋਈ ਹੱਕ ਬਣਦਾ ਹੈ ਤਾਂ ਫਿਰ ਹਰਿਆਣਾ ਵਿਚ ਵਗਦੇ ਯਮੁਨਾ ਤੇ ਘੱਗਰ ਦਰਿਆ ਦੇ ਪਾਣੀਆਂ 'ਤੇ ਪੰਜਾਬ ਦਾ ਹੱਕ ਕਿਉਂ ਨਹੀਂ ?

ਨੋਟ ਕਰਨ ਵਾਲੀ ਗੱਲ ਹੈ ਕਿ 1920 ਵਿਚ ਬੀਕਾਨੇਰ ਨਹਿਰ ਵਾਲੇ ਸਮਝੌਤੇ ਦੀ ਧਾਰਾ 13 ਵਿਚ ਪੰਜਾਬ ਨੂੰ ਪਾਣੀ ਬਦਲੇ ਰਾਇਲਟੀ ਦੇਣ ਦੀ ਗੱਲ ਸੀ, ਜੋ 1946 ਤੱਕ ਦਿੱਤੀ ਵੀ ਜਾਂਦੀ ਰਹੀ। ਫਿਰ 1955 ਦੇ ਸਮਝੌਤੇ ਦੀ ਗੱਲ ਕਰੀਏ ਤਾਂ ਇੰਡੀਅਨ ਕੰਟਰੈਕਟ ਐਕਟ ਦੀ ਧਾਰਾ 25 ਅਧੀਨ ਉਹ ਸਮਝੌਤਾ ਕਾਨੂੰਨੀ ਰੂਪ ਵਿਚ ਸਮਝੌਤਾ ਹੀ ਨਹੀਂ ਮੰਨਿਆ ਜਾ ਸਕਦਾ, ਜਿਸ ਵਿਚ ਕੋਈ ਕਮੀ ਹੋਵੇ। ਇਸ ਸਮਝੌਤੇ ਦੀ ਧਾਰਾ 5 ਅਨੁਸਾਰ ਪਾਣੀ ਦੀ ਕੀਮਤ ਤੈਅ ਕੀਤੀ ਜਾਣੀ ਸੀ, ਜੋ ਅੱਜ ਤੱਕ ਤੈਅ ਨਹੀਂ ਹੋਈ। ਸਮਝੌਤੇ ਵਿਚ ਕੋਈ ਚੀਜ਼ ਲੈਣ ਲਈ ਉਸ ਦੇ ਬਦਲੇ ਵਿਚ ਕੀ ਕੀਤਾ ਗਿਆ ਹੈ, ਦਰਜ ਹੋਣਾ ਜ਼ਰੂਰੀ ਹੈ। ਰਾਜਸਥਾਨ ਨੂੰ ਮੁਫ਼ਤ ਪਾਣੀ ਦੇਣ ਦਾ ਕੋਈ ਵੀ ਸਮਝੌਤਾ ਨਹੀਂ ਹੋਇਆ। ਇਸ ਲਈ ਕਾਨੂੰਨੀ ਰੂਪ ਵਿਚ ਪੰਜਾਬ ਰਾਜਸਥਾਨ ਨੂੰ ਹੁਣ ਤੱਕ ਦਿੱਤੇ ਪਾਣੀ ਦੀ ਕੀਮਤ ਵਸੂਲਣ ਦਾ ਹੱਕਦਾਰ ਹੈ।

## ਭਾਰਤ ਜੋੜੋ ਯਾਤਰਾ ਕਾਰਨ ਰਾਹੁਲ ਭਾਜਪਾ ਲਈ ਬਣ ਸਕਦਾ ਹੈ ਚੈਲਿੰਜ

ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਸ੍ਰੀ ਪੇਰਬੰਦੂਰ ਜਿੱਥੇ 1991 ਵਿਚ ਰਾਜੀਵ ਗਾਂਧੀ ਦੀ ਹੱਤਿਆ ਕਰ ਦਿੱਤੀ ਗਈ ਸੀ, ਵਿਚ ਆਪਣੇ ਪਿਤਾ ਨੂੰ ਸ਼ਰਧਾਂਜਲੀ ਦੇਣ ਉਪਰੰਤ ਆਪਣੀ ਬਹੁ-ਅਭਿਲਾਖੀ ਮੁਹਿੰਮ 'ਭਾਰਤ ਜੋੜੋ ਯਾਤਰਾ' ਦੀ ਸ਼ੁਰੂਆਤ ਕੀਤੀ ਹੈ। ਇਹ ਯਾਤਰਾ ਭਾਰਤੀ ਰਾਜਨੀਤੀ ਵਿਚ ਇਕ ਮਹੱਤਵਪੂਰਨ ਮੋੜ ਲਿਆ ਸਕਦੀ ਹੈ ਅਤੇ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਮਹੱਤਵਪੂਰਨ ਚੁਣੌਤੀ ਵਜੋਂ ਪੇਸ਼ ਕਰ ਸਕਦੀ ਹੈ। ਰਾਹੁਲ ਗਾਂਧੀ ਨੇ ਕਿਹਾ ਹੈ ਕਿ ਭਾਰਤ ਉਹ ਸੰਸਥਾ ਹੈ, ਜੋ ਇਸ ਝੰਡੇ ਦੀ ਰੱਖਿਆ ਕਰਦੀ ਹੈ। ਭਾਰਤ ਸੁਤੰਤਰ ਮੀਡੀਆ ਹੈ, ਜੋ ਇਸ ਝੰਡੇ ਦੀ ਰੱਖਿਆ ਕਰਦਾ ਹੈ। ਭਾਰਤ ਇਕ ਨਿਆਂ ਪਾਲਿਕਾ ਹੈ, ਜੋ ਇਸ ਝੰਡੇ ਦੀ ਰੱਖਿਆ ਕਰਦੀ ਹੈ ਅਤੇ ਅੱਜ ਸਾਡੀ ਹਰ ਇਕ ਸੰਸਥਾ 'ਤੇ ਭਾਜਪਾ, ਆਰ. ਐਸ.ਐਸ. ਵਲੋਂ ਹਮਲਾ ਕੀਤਾ ਜਾ ਰਿਹਾ ਹੈ।



ਉਨਾਂ ਨੂੰ ਲਗਦਾ ਹੈ ਕਿ ਇਹ ਝੰਡਾ ਉਨਾਂ ਦੀ ਨਿੱਜੀ ਸੰਪਤੀ ਹੈ। ਉਨਾਂ ਨੂੰ ਲਗਦਾ ਹੈ ਕਿ ਉਹ ਇਕੱਲੇ ਹੀ ਇਨਾਂ ਲੋਕਾਂ ਦਾ ਭਵਿੱਖ ਤੈਅ ਕਰ ਸਕਦੇ ਹਨ। ਰਾਹੁਲ ਕੰਨਿਆ ਕੁਮਾਰੀ ਤੋਂ ਕਸ਼ਮੀਰ ਤੱਕ ਸਾਰੇ ਰਸਤੇ ਪੈਦਲ ਚੱਲਣਗੇ, ਜਿੱਥੇ ਯਾਤਰਾ ਦੀ ਸਮਾਪਤੀ ਹੋਵੇਗੀ। ਉਹ ਇਕ ਮੋਬਾਈਲ ਸ਼ਿਪਿੰਗ ਕੰਟੇਨਰ ਕੈਬਿਨ ਵਿਚ ਰਹਿਣਗੇ, ਜਿਸ ਵਿਚ ਇਕ ਬਿਸਤਰ, ਬਾਥਰੂਮ ਅਤੇ ਇਕ ਏਅਰ ਕੰਡੀਸ਼ਨਰ (ਏ. ਸੀ.) ਹੋਵੇਗਾ। ਹੋਰ ਯਾਤਰੀਆਂ ਲਈ ਵੀ ਕੰਟੇਨਰ ਲਗਾਏ ਗਏ ਹਨ, ਜੋ ਰਾਹੁਲ ਦੇ ਨਾਲ ਪੂਰੇ ਰੂਟ 'ਤੇ ਚੱਲਣਗੇ। ਭਾਰਤ ਜੋੜੋ ਯਾਤਰਾ ਪੰਜ ਮਹੀਨਿਆਂ ਵਿਚ 12 ਸੂਬਿਆਂ ਅਤੇ ਦੋ ਕੇਂਦਰ ਸ਼ਾਸਿਤ ਸੂਬਿਆਂ ਨੂੰ ਕਵਰ ਕਰੇਗੀ।

### ਭਾਜਪਾ ਵਿਰੋਧੀ ਸਾਂਝਾ ਮੋਰਚਾ ਬਨਾਉਣ ਵਿਚ ਜੁਟੇ ਨਿਤਿਸ਼

ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਵਿਰੋਧੀ ਧਿਰ ਦੇ ਨੇਤਾਵਾਂ ਨਾਲ ਗੱਲਬਾਤ ਕਰਨ ਵਿਚ ਰੁੱਝੇ ਹੋਏ ਹਨ, ਜਿਸ ਨੂੰ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਕ ਸਾਂਝਾ ਭਾਜਪਾ ਵਿਰੋਧੀ ਮੋਰਚਾ ਬਣਾਉਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ। ਨਿਤਿਸ਼ ਦਾ ਟੀਚਾ ਮੁੱਖ ਮੋਰਚਾ ਬਣਾਉਣਾ ਹੈ, ਨਾ ਕਿ ਤੀਜਾ ਮੋਰਚਾ। ਨਿਤਿਸ਼ ਨੇ ਇਸ ਗੱਲ ਦਾ ਇਸ਼ਾਰਾ ਕੀਤਾ ਅਤੇ ਸੰਕੇਤ ਦਿੱਤਾ ਕਿ ਉਹ ਸਾਰੀਆਂ ਪਾਰਟੀਆਂ, ਇੱਥੋਂ ਤੱਕ ਕਿ ਸਿਆਸੀ ਵਿਰੋਧੀਆਂ ਜਿਵੇਂ ਕਿ ਆਮ ਆਦਮੀ ਪਾਰਟੀ (ਆਪ) ਅਤੇ ਕਾਂਗਰਸ ਨੂੰ ਇਕੱਠੇ ਕਰਨ ਲਈ ਇਸ ਗੱਲਬਾਤ ਨੂੰ ਅੱਗੇ ਵਧਾਉਣ ਲਈ ਵਾਪਸ ਦਿੱਲੀ ਜਾਣਗੇ। ਨਿਤਿਸ਼ ਨੇ ਇਹ ਵੀ ਕਿਹਾ ਕਿ ਉਹ ਵਿਦੇਸ਼ ਤੋਂ ਵਾਪਸ ਆਉਣ ਤੋਂ ਬਾਅਦ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਵੀ ਮਿਲਣਗੇ, ਜਿੱਥੇ ਉਹ ਮੈਡੀਕਲ ਜਾਂਚ ਲਈ ਗਏ ਹਨ। ਹਾਲ ਹੀ ਵਿਚ ਨਿਤਿਸ਼ ਨੇ ਰਾਹੁਲ ਗਾਂਧੀ, ਸ਼ਰਦ ਪਵਾਰ, ਸੀ.ਪੀ.ਆਈ. (ਐਮ.ਐਲ.) ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰਿਆ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਸੀ.ਪੀ.ਆਈ. ਐਮ. ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ, ਸੀ.ਪੀ.ਆਈ. ਦੇ ਜਨਰਲ ਸਕੱਤਰ ਡੀ. ਰਾਜਾ, ਸਪਾ ਮੁਖੀ ਅਖਿਲੇਸ਼ ਯਾਦਵ ਅਤੇ ਉਨਾਂ ਦੇ ਪਿਤਾ ਮੁਲਾਇਮ ਸਿੰਘ ਯਾਦਵ ਦੇ ਨਾਲ-ਨਾਲ ਇਨੈਲੋ ਨੇਤਾ ਓ.ਪੀ. ਚੌਟਾਲਾ ਨਾਲ ਵੀ ਉਨਾਂ ਨੇ ਗੱਲਬਾਤ ਕੀਤੀ ਸੀ। ਇਸ ਚਰਚਾ ਦੇ ਬਾਵਜੂਦ ਕਿ ਨਿਤਿਸ਼ ਵਿਰੋਧੀ ਧਿਰ ਦੇ ਪ੍ਰਧਾਨ ਮੰਤਰੀ ਦੇ ਚਿਹਰੇ ਵਜੋਂ ਉੱਭਰ ਸਕਦੇ ਹਨ, ਜਨਤਾ ਦਲ (ਯੂ.) ਦੇ ਨੇਤਾ ਨੇ ਇਕ ਵਾਰ ਫਿਰ ਅਟਕਲਾਂ ਨੂੰ ਖਾਰਜ ਕਰਦਿਆਂ ਕਿਹਾ ਕਿ ਇਸ ਬਾਰੇ ਬਾਅਦ 'ਵਿਚ ਸਹਿਮਤੀ ਨਾਲ ਫ਼ੈਸਲਾ ਕੀਤਾ ਜਾਵੇਗਾ।

## ਮਾਮਲਾ ਚੰਡੀਗੜ੍ਹ ਸੈਕਟਰ 'ਵਿਚ ਜਾਅਲੀ ਕਾ.ਗਜ਼ਾਂ ਤੇ ਕੋਠੀ ਹੜੱਪਣ ਦੇ ਦੋਸ਼ ਦਾ

## ਸਾਬਕਾ ਡੀਜੀਪੀ ਸੈਣੀ ਨੂੰ ਵਿਜੀਲੈਂਸ ਵਲੋਂ ਦਰਜ ਮਾਮਲੇ 'ਵਿਚ ਹਾਈਕੋਰਟ ਤੋਂ ਮਿਲੀ ਅਗਾਊਂ ਜ਼ਮਾਨਤ

ਚੰਡੀਗੜ੍ਹ- ਪੰਜਾਬ-ਹਰਿਆਣਾ ਹਾਈਕੋਰਟ ਨੇ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨੂੰ ਵੱਡੀ ਰਾਹਤ ਦਿੱਤੀ ਹੈ। ਸੁਮੇਧ ਸੈਣੀ ਨੂੰ ਚੰਡੀਗੜ੍ਹ ਸੈਕਟਰ 20 'ਚ ਜਾਅਲੀ ਕਾ.ਗਜ਼ਾਂ ਤੇ ਕੋਠੀ ਹੜੱਪਣ ਦੇ ਦੋਸ਼ 'ਚ ਵਿਜੀਲੈਂਸ ਵਲੋਂ ਦਰਜ ਮਾਮਲੇ 'ਚ ਅਗਾਊਂ ਜ਼ਮਾਨਤ ਮਿਲੀ ਹੈ।ਦੱਸ ਦਈਏ ਕਿ ਚੰਡੀਗੜ੍ਹ ਦੇ ਸੈਕਟਰ 20 ਕੋਠੀ ਕੇਸ ਵਿੱਚ ਸੁਮੇਧ ਸਿੰਘ ਸੈਣੀ ਦੀ ਅਗਾਊਂ ਜਮਾਨਤ ਦੀ ਪੁਸਟੀ ਦਾ ਮਤਲਬ ਹੈ ਕਿ ਹੁਣ ਜੇਕਰ ਵਿਜੀਲੈਂਸ ਨੇ ਸੈਣੀ ਨੂੰ ਬੁਲਾਉਣਾ ਹੈ ਤਾਂ ਨੋਟਿਸ ਦੇਣਾ ਪਵੇਗਾ। ਵਿਜੀਲੈਂਸ ਨੇ ਸੈਣੀ ਖਿਲਾਫ ਜਾਅਲੀ ਕਾਗਜਾਤ ਦੇ ਕੇ



ਸੈਕਟਰ 20 ਦੀ ਕੋਠੀ ਹੜੱਪਣ ਦੇ ਦੋਸ ਲਾਏ ਹਨ। ਵਿਜੀਲੈਂਸ ਨੇ ਸੈਣੀ ਖਿਲਾਫ ਦੋ ਐਫਆਈਆਰ ਦਰਜ ਕੀਤੀਆਂ ਸਨ। ਦੋਵਾਂ ਵਿੱਚ ਹੁਣ ਹਾਈ ਕੋਰਟ ਨੇ ਸੁਮੇਧ ਸਿੰਘ ਸੈਣੀ ਦੀ ਅਗਾਊਂ ਜਮਾਨਤ ਦੀ ਪੁਸਟੀ ਕਰ ਦਿੱਤੀ ਹੈ।

# ਜਲੰਧਰ ਦਾ ਡੇਰਾਵਾਦੀ ਚਰਚ ਸੌਦਾ ਸਾਧ ਦੇ ਰਸਤੇ ਚੱਲਣ ਲੱਗਾ

**✪ ਝੂਠੇ ਜਾਦੂ ਤੰਤਰ ਰਾਹੀਂ ਫੈਲਾ ਰਿਹਾ ਹੈ ਡੇਰਾਵਾਦੀ ਚਰਚ ✪ ਵਿਰੋਧੀਆਂ ਦਾ ਮੁਕਾਬਲਾ ਕਰਨ ਲਈ ਪਾਦਰੀਆਂ ਦੀ ਇੱਕ ਐਕਸ਼ਨ ਕਮੇਟੀ ਬਣਾਏਗਾ ਨਰੂਲਾ ✪ ਨਰੂਲਾ ਦੀ ਚਰਚ ਵਿਚ 4 ਸਾਲਾ ਕੈਂਸਰ ਦੀ ਸ਼ਿਕਾਰ ਬੱਚੀ ਦੀ ਮੌਤ ਹੋਣ 'ਤੇ ਹੰਗਾਮਾ ✪ ਮਾਪਿਆਂ ਵਲੋਂ ਦੋਸ਼ ਸਾਡੇ ਕੋਲੋਂ 65 ਹਜ਼ਾਰ ਰੁਪਏ ਲੈ ਕੇ ਬੱਚੀ ਦਾ ਕੈਂਸਰ ਠੀਕ ਨਾ ਕਰ ਸਕਿਆ : ਨਰੂਲਾ ✪ ਚਰਚ ਵਿੱਚੋਂ ਧੱਕੇ ਮਾਰਕੇ ਕੱਢਿਆ ਪਰਿਵਾਰ**

**ਜਲੰਧਰ/ਏ.ਟੀ.ਨਿਊਜ਼ :-** ਜਲੰਧਰ ਦੇ ਡੇਰਾਵਾਦੀ ਚਰਚ ਦਾ ਮੁਖੀ ਪਾਦਰੀ ਅੰਕੁਰ ਯੂਸਫ ਨਰੂਲਾ ਅੱਜ ਕੱਲ ਧਰਮ ਬਦਲੀ ਕਰਵਾਉਣ ਦੇ ਦੋਸ਼ਾਂ ਤੇ ਝੂਠੇ ਜਾਦੂ ਤੰਤਰ ਨਾਲ ਲੋਕਾਂ ਨੂੰ ਖਿੱਚਣ ਵਿਚ ਕਾਮਯਾਬ ਹੋ ਰਿਹਾ ਹੈ। ਹਿੰਦੂ ਅਤੇ ਸਿੱਖ ਸੰਗਠਨਾਂ ਦੁਆਰਾ ਲਗਾਏ ਗਏ ਧਰਮ ਪਰਿਵਰਤਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ, ਪਾਦਰੀ ਅੰਕੁਰ ਯੂਸਫ ਨਰੂਲਾ ਜੋ ਕਿ 'ਪੰਜਾਬ ਵਿੱਚ ਸਭ ਤੋਂ ਵੱਡੀ ਅਤੇ ਤੇਜ਼ੀ ਨਾਲ ਵੱਧ ਰਹੀ ਡੇਰਾਵਾਦੀ ਚਰਚ ਦੇ ਮੁਖੀ ਹੋਣ ਦਾ ਦਾਅਵਾ ਕਰਦਾ ਹੈ, ਨੇ ਬੀਤੇ ਐਤਵਾਰ ਨੂੰ ਪਾਦਰੀਆਂ ਦੀ ਇੱਕ ਐਕਸ਼ਨ ਕਮੇਟੀ ਬਣਾਉਣ ਦਾ ਐਲਾਨ ਕੀਤਾ। ਉਸਦਾ ਕਹਿਣਾ ਹੈ ਕਿ ਵੱਡੇ ਚਰਚ ਸੁਰੱਖਿਅਤ ਹਨ ਅਤੇ ਛੋਟੇ ਚਰਚਾਂ ਨੂੰ ਵੀ ਹੁਣ ਸਮਰਥਨ ਦੇਵਾਂਗੇ। ਪਾਸਟਰਾਂ ਦੇ ਖਿਲਾਫ ਝੂਠੇ ਕੇਸ ਸੰਭਵ ਨਹੀਂ ਹੋਣਗੇ। ਲੋਕਾਂ ਕੋਲ ਆਪਣੀ ਪਸੰਦ ਦੇ ਧਰਮ ਅਪਨਾਉਣ ਦੀ ਅਜ਼ਾਦੀ ਹੈ ਅਤੇ ਕਾਨੂੰਨ ਵੀ ਇਸ ਵਿਚਾਰ ਨੂੰ ਮਾਨਤਾ ਦਿੰਦਾ ਹੈ। ਜਲੰਧਰ ਦੇ ਪਿੰਡ ਖਾਂਬਰਾਂ ਵਿਖੇ ਆਪਣੇ ਚਰਚ ਦੀ ਐਤਵਾਰ ਦੇ ਸਮਾਗਮ ਨੂੰ ਸੰਬੋਧਿਤ ਕਰਦੇ ਹੋਏ, ਨਰੂਲਾ ਨੇ ਸਰਕਾਰ ਅਤੇ ਪ੍ਰਸ਼ਾਸਨ ਨੂੰ ਤਾੜਨਾ ਕੀਤੀ ਕਿ ਈਸਾਈ ਪਾਦਰੀ ਜਾਂ 'ਈਸਾਈ ਲੋਕਾਂ' ਦੇ ਖਿਲਾਫ ਕੋਈ ਵੀ ਕੇਸ ਕਰਨ ਵਿੱਚ ਸਾਵਧਾਨੀ ਵਰਤਣ। ਨਰੂਲਾ ਨੇ ਕਿਹਾ ਕਿ 'ਅਸੀਂ ਜ਼ਬਰਦਸਤੀ ਕਿਸੇ ਦਾ ਧਰਮ ਪਰਿਵਰਤਨ ਨਹੀਂ ਕਰ ਰਹੇ ਹਾਂ। ਸੋਸ਼ਲ ਮੀਡੀਆ ਦੇ ਜ਼ਮਾਨੇ ਵਿੱਚ, ਕੁਝ ਵੀ ਲੁਕਿਆ ਨਹੀਂ ਰਹਿ ਸਕਦਾ। ਜੇਕਰ 50-60 ਲੱਖ (ਲੋਕ) ਸ਼ਾਮਲ ਹੋਏ ਹਨ ਤਾਂ ਕੀ ਇਹ ਪੈਸੇ ਨਾਲ ਹੋਇਆ ਹੈ? ਜੇਕਰ ਸਰਕਾਰ ਚਰਚ ਵਿਰੁੱਧ ਕੋਈ ਕਦਮ ਚੁੱਕਦੀ ਹੈ ਤਾਂ ਐਕਸ਼ਨ ਕਮੇਟੀ ਇਸ ਦਾ ਜਵਾਬ ਦੇਵੇਗੀ। ਪਤਾ ਲੱਗਾ ਹੈ ਕਿ ਨਰੂਲਾ ਦੇ ਚਰਚ ਵਿਚ ਸੂਬੇ ਭਰ ਦੇ ਪਾਦਰੀ ਦੀ ਮੀਟਿੰਗ ਵੀ ਹੋ ਰਹੀ ਹੈ। ਨਰੂਲਾ ਦਾ ਕਹਿਣਾ ਹੈ ਕਿ ਕੁੱਲ ਮਿਲਾ ਕੇ, 90% ਪਾਦਰੀ ਕੋਲ ਆਪਣੇ ਚਰਚਾਂ ਲਈ ਪੈਸਾ ਨਹੀਂ ਹੈ, ਪਰ ਇਹ ਕਿਹਾ ਜਾ ਰਿਹਾ ਹੈ ਕਿ ਉਹ ਪੈਸੇ ਦੀ ਵਰਤੋਂ ਲੋਕਾਂ ਦਾ ਈਸਾਈਕਰਨ ਕਰਨ ਲਈ ਕਰ ਰਹੇ ਹਨ। ਉਸਨੇ ਦੂਜੇ ਧਰਮਾਂ ਦੇ ਨੇਤਾਵਾਂ ਅਤੇ ਧਰਮ ਪਰਿਵਰਤਨ ਦੇ ਦੋਸ਼ ਲਗਾਉਣ ਵਾਲੇ ਭਾਈਚਾਰੇ ਨੂੰ ਅਪੀਲ ਕੀਤੀ ਕਿ 'ਜੇਕਰ ਕਿਸੇ ਨੂੰ ਈਸਾਈ ਧਰਮ ਪਸੰਦ ਨਹੀਂ ਹੈ, ਤਾਂ ਆਪਣੇ ਧਰਮ ਦੇ ਚੰਗੇ ਗੁਣ ਦੱਸੋ, ਦੂਜਿਆਂ ਵਿਚ ਕਮੀਆਂ



ਨਾ ਲੱਭੋ।'

ਨਰੂਲਾ ਦੇ ਚਰਚ ਆਫ਼ ਸਾਈਨਸ ਐਂਡ ਵੈਂਡਰਸ ਦੀ ਵੈੱਬਸਾਈਟ ਦੇ ਅਨੁਸਾਰ, ਚਰਚ 'ਏਸ਼ੀਆ ਵਿੱਚ ਸਭ ਤੋਂ ਵੱਡਾ ਪ੍ਰਗਟ ਹੋਣ ਵਾਲਾ ਚਰਚ' ਹੈ।

ਕਮੇਟੀ ਬਾਰੇ ਵਿਸਥਾਰ ਵਿੱਚ ਦੱਸਦਿਆਂ, ਉਸਨੇ ਕਿਹਾ, 'ਲਗਭਗ 3,000-4,000 (ਲੋਕ) ਇਸ ਕਮੇਟੀ ਵਿਚ ਸ਼ਾਮਿਲ ਹਨ। ਸਾਬਕਾ ਈਸਾਈ ਜੱਜਾਂ ਤੋਂ ਇਲਾਵਾ ਅੰਤਰਰਾਸ਼ਟਰੀ ਲੋਕ ਵੀ ਇਸ ਕਮੇਟੀ ਸ਼ਾਮਲ ਹੋਣਗੇ। ਇਹ ਕਾਨੂੰਨ ਜਾਣਨ ਵਾਲੀ ਕਮੇਟੀ ਹੋਵੇਗੀ। ਕੋਈ ਵੀ ਕਾਰਵਾਈ ਕਰਨ ਤੋਂ ਪਹਿਲਾਂ ਸਰਕਾਰ ਅਤੇ ਪ੍ਰਸ਼ਾਸਨ ਨੂੰ ਸੁਚੇਤ ਹੋਣਾ ਚਾਹੀਦਾ ਹੈ। ਮੈਂ ਤੁਹਾਨੂੰ ਸਾਰਿਆਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕਰਦਾ ਹਾਂ। ਉਸਨੇ ਇਹ ਵੀ ਕਿਹਾ, 'ਜੇਕਰ ਕੁਰਬਾਨੀਆਂ ਦੀ ਗੱਲ ਕਰੀਏ ਤਾਂ ਈਸਾਈ ਧਰਮ ਵਿੱਚ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਗਈਆਂ ਹਨ। ਪਰ ਅਸੀਂ ਕੋਈ ਤੁਲਨਾ ਨਹੀਂ ਕਰਨਾ ਚਾਹੁੰਦੇ। ਈਸਾਈ ਭਾਈਚਾਰਾ ਡਰਨ ਵਾਲਾ ਨਹੀਂ ਹੈ।

## ਕੈਂਸਰ ਦੀ ਸ਼ਿਕਾਰ ਬੱਚੀ ਨੂੰ ਠੀਕ ਨਾ ਕਰ ਸਕਿਆ ਪਾਸਟਰ ਨਰੂਲਾ

ਥਾਣਾ ਲਾਂਬੜਾ ਅਧੀਨ ਪੈਂਦੇ ਪਿੰਡ ਤਾਜਪੁਰ ਸਥਿਤ ਚਰਚ ਵਿਚ ਇਲਾਜ ਲਈ ਆਈ 4 ਸਾਲਾ ਬੱਚੀ ਦੀ ਮੌਤ ਹੋ ਗਈ, ਜਿਸ ਤੋਂ ਬਾਅਦ ਕੁੜੀ ਦੇ ਪਰਿਵਾਰਕ ਮੈਂਬਰਾਂ ਨੇ ਚਰਚ ਦੇ ਬਾਹਰ ਹੰਗਾਮਾ ਕਰ ਦਿੱਤਾ। ਜ਼ਿਕਰਯੋਗ ਹੈ ਕਿ ਪਿੰਡ ਤਾਜਪੁਰ ਸਥਿਤ ਚਰਚ ਵਿਚ ਕਥਿਤ ਤੌਰ 'ਤੇ ਲੋਕ ਦੂਰ-ਦੂਰ ਤੋਂ ਬੀਮਾਰੀਆਂ ਦਾ ਇਲਾਜ ਕਰਵਾਉਣ ਲਈ ਆਉਂਦੇ ਹਨ। ਇਸ ਚਰਚ ਦੇ ਮੁਖੀ ਨਰੂਲਾ ਦਾ ਦਾਅਵਾ ਹੈ ਕਿ ਇਥੇ ਮਰੀਜ਼ ਤੰਦਰੁਸਤ ਹੋ ਜਾਂਦੇ ਹਨ ਪਰ ਦਿੱਲੀ ਵਿਚ ਦਿਮਾਗ਼ ਦੇ ਕੈਂਸਰ ਦਾ ਇਲਾਜ ਕਰਵਾ ਰਹੀ 4 ਸਾਲਾ ਬੱਚੀ ਦਾ ਪਰਿਵਾਰ ਇਥੋਂ ਦੇ ਚਰਚ ਵਿਚ ਇਲਾਜ ਲਈ 9 ਮਹੀਨਿਆਂ ਤੋਂ ਲਿਆ ਰਹੇ ਸਨ। ਦੱਸਿਆ ਜਾਂਦਾ ਹੈ ਕਿ ਐਤਵਾਰ ਤੜਕੇ 3 ਵਜੇ ਦੇ ਕਰੀਬ ਉਸ ਦੇ ਮਾਤਾ-ਪਿਤਾ, ਪਿਤਾ ਚੰਦਨ ਮੋਹਨ ਅਤੇ ਮਾਂ ਪਿੰਕੀ ਵਾਸੀ ਦਿੱਲੀ ਤੋਂ ਇਥੋਂ ਦੇ ਚਰਚ ਵਿਚ ਪਹੁੰਚੇ, ਜਿੱਥੇ ਬਾਅਦ ਦੁਪਹਿਰ ਬੱਚੀ ਦੀ ਮੌਤ ਹੋ ਗਈ। ਇਸ 'ਤੇ ਜਦੋਂ ਬੱਚੀ ਦੇ ਪਰਿਵਾਰਕ ਮੈਂਬਰਾਂ ਨੇ ਪਾਦਰੀ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਤਾਂ ਚਰਚ ਦੇ ਸਟਾਫ਼ ਨੇ ਉਨ੍ਹਾਂ ਨੂੰ ਮਿਲਣ ਨਹੀਂ ਦਿੱਤਾ ਅਤੇ ਉਨ੍ਹਾਂ ਨੂੰ ਧੱਕੇ ਮਾਰਕੇ ਚਰਚ ਤੋਂ ਬਾਹਰ ਕੱਢ ਦਿੱਤਾ। ਇਸ ਤੋਂ ਬਾਅਦ ਕੁੜੀ ਦੇ ਪਰਿਵਾਰ ਵਾਲਿਆਂ ਅਤੇ ਹੋਰ ਰਿਸ਼ਤੇਦਾਰਾਂ ਨੇ ਉੱਥੇ ਹੰਗਾਮਾ ਕਰ ਦਿੱਤਾ। ਇਸ ਦੀ ਸੂਚਨਾ ਪਾ ਕੇ ਥਾਣਾ ਲਾਂਬੜਾ ਦੀ ਪੁਲਿਸ ਮੌਕੇ 'ਤੇ ਪੁੱਜ ਗਈ।



ਬੱਚੀ ਦੀ ਲਾਸ਼ ਨੂੰ ਗੋਦ 'ਚ ਲਈ ਵਿਰਲਾਪ ਕਰਦੇ ਹੋਏ ਪਰਿਵਾਰਕ ਮੈਂਬਰ। ਤਸਵੀਰ- ਪਰਮੀਤ ਗੁਪਤਾ

ਥਾਣਾ ਲਾਂਬੜਾ ਦੇ ਸਬ-ਇੰਸਪੈਕਟਰ ਜੀਤ ਸਿੰਘ ਨੇ ਲੜਕੀ ਦੇ ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੇ ਲਿਖਤੀ ਬਿਆਨ ਲਏ। ਇਸ ਤੋਂ ਬਾਅਦ ਲੜਕੀ ਦੀ ਲਾਸ਼ ਤੇ ਪਰਿਵਾਰਕ ਮੈਂਬਰਾਂ ਨੂੰ ਥਾਣਾ ਲਾਂਬੜਾ ਦੇ ਇੰਚਾਰਜ ਅਮਨ ਸੈਣੀ ਨੇ ਕਿਰਾਏ 'ਤੇ ਕਾਰ ਲੈ ਕੇ ਦਿੱਲੀ ਭੇਜ ਦਿੱਤਾ। ਇਸ ਸਬੰਧੀ ਜਦੋਂ ਚਰਚ ਦੇ ਪਾਦਰੀ ਨਾਲ ਗੱਲ ਕੀਤੀ ਗਈ ਤਾਂ ਉਸ ਨੇ ਕਿਹਾ ਕਿ ਉਹ ਗੱਡੀ ਚਲਾ ਰਿਹਾ ਹੈ ਅਤੇ 10 ਮਿੰਟ ਬਾਅਦ ਫੋਨ ਕਰਾਂਗਾ ਪਰ ਬਾਅਦ ਵਿਚ ਉਸ ਨੇ ਫੋਨ ਨਹੀਂ ਚੁੱਕਿਆ।ਜਦ ਥਾਣਾ ਲਾਂਬੜਾ ਦੇ ਐੱਸ. ਐੱਚ. ਓ. ਅਮਨ ਸੈਣੀ ਨਾਲ ਇਸ ਸਬੰਧੀ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਬੱਚੀ ਪਿਛਲੇ ਕਾਫ਼ੀ ਸਮੇਂ ਤੋਂ ਦਿਮਾਗ ਦੇ ਕੈਂਸਰ ਨਾਲ ਲੜ ਰਹੀ ਸੀ ਅਤੇ ਉਸ ਦਾ ਏਮਜ਼ ਹਸਪਤਾਲ 'ਵਿਚ ਇਲਾਜ ਚੱਲ ਰਿਹਾ ਸੀ, ਜਿੱਥੇ ਡਾਕਟਰਾਂ ਨੇ ਜਵਾਬ ਦੇ ਦਿੱਤਾ ਹੈ। ਇਸ 'ਤੇ ਚੰਦਨ ਆਪਣੀ ਬੱਚੀ ਨੂੰ ਇਲਾਜ ਲਈ ਤਾਜਪੁਰ ਚਰਚ ਲੈ ਕੇ ਆਉਂਦਾ ਸੀ। ਇਸ ਸਬੰਧੀ ਜਦੋਂ ਡੀ. ਐੱਸ. ਪੀ. ਕਰਤਾਰਪੁਰ ਸੁਰਿੰਦਰ ਧੋਗੜੀ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਘਟਨਾ ਸੰਬੰਧੀ ਦਿੱਲੀ ਵਾਸੀ ਚੰਦਰ ਮੋਹਨ ਨੇ ਦੱਸਿਆ ਕਿ ਉਹ ਦਿੱਲੀ ਵਿਚ ਡਰਾਈਵਰੀ ਦਾ ਕੰਮ ਕਰਦਾ ਹੈ ਅਤੇ ਉਸ ਦੀਆਂ ਦੋ ਬੇਟੀਆਂ ਹਨ ਤੇ ਛੋਟੀ ਬੇਟੀ ਤਨੀਸ਼ਾ (4) ਦਿਮਾਗ ਦੇ ਕੈਂਸਰ ਤੋਂ ਪੀੜਤ ਸੀ ਅਤੇ ਉਸ ਦਾ ਦਿੱਲੀ ਵਿਖੇ 8 ਮਹੀਨਿਆਂ ਤੋਂ ਇਲਾਜ ਚੱਲ ਰਿਹਾ ਸੀ ਜਿਸ ਦੌਰਾਨ ਬਾਕੀ ਸਫ਼ਾ 31 'ਤੇ

# ਗੁਰਦਾਸ ਮਾਨ ਨਵੇਂ ਗੀਤ 'ਗੱਲ ਸੁਣੋ ਪੰਜਾਬੀ ਦੋਸਤੋ' ਰਾਹੀਂ ਮੁੜ ਆਲੋਚਨਾ ਦਾ ਸ਼ਿਕਾਰ

**✪ ਗੁਰਦਾਸ ਮਾਨ ਭਗਵੀਂ ਸਿਆਸਤ ਦਾ ਫੀਲਾ ✪ ਭਾਜਪਾ ਦੇ ਹਿੰਦੂ ਫਾਸ਼ੀਵਾਦ ਦੇ ਭਾਸ਼ਾਈ ਸਾਮਰਾਜਵਾਦ ਦੀ ਕਰ ਰਿਹਾ ਹਮਾਇਤ**

**ਪ੍ਰਗਟ ਸਿੰਘ ਜੰਡਿਆਲਾ ਗੁਰੂ**

ਉੱਘੇ ਗਾਇਕ ਗੁਰਦਾਸ ਮਾਨ ਆਪਣੇ ਨਵੇਂ ਗੀਤ 'ਗੱਲ ਸੁਣੋ ਪੰਜਾਬੀ ਦੋਸਤੋ' ਰਾਹੀਂ ਭਾਵਕੁਤਾ ਦੇ ਲਬਾਦੇ ਅੰਦਰ ਮੁਲਕ ਦੀ ਸਾਂਝੀ ਬੋਲੀ ਵਜੋਂ ਹਿੰਦੀ ਦੀ ਵਜ਼ਾਹਤ ਕਰਨ ਦੇ ਆਪਣੇ ਬੱਜਰ ਸਿਆਸੀ ਗੁਨਾਹ ਨੂੰ ਮੁੜ ਸਹੀ ਠਹਿਰਾਉਣ ਤੇ ਪ੍ਰਵਾਨਗੀ ਦਿਵਾਉਣ ਲਈ ਹਮਲਾਵਰ ਹੋ ਕੇ ਸਾਹਮਣੇ ਆਇਆ ਹੈ। ਉਹ ਆਪਣੇ ਵਿਚਾਰ ਦੀ ਅਲੋਚਨਾ ਕਰਨ ਵਾਲਿਆਂ ਨੂੰ ਹਿੰਦੂ ਰਾਸ਼ਟਰਵਾਦੀਆਂ ਵਾਂਗੂੰ 'ਦੁਸ਼ਮਣ' ਕਰਾਰ ਦੇ ਰਿਹਾ ਹੈ ਜਿਸ ਦਾ ਆਪਣੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਹਰ ਪੰਜਾਬੀ ਨੂੰ ਇਸ ਦਾ ਗੰਭੀਰ ਨੋਟਿਸ ਲੈਣਾ ਚਾਹੀਦਾ ਹੈ। ਸੋਸ਼ਲ ਮੀਡੀਆ 'ਤੇ ਗੁਰਦਾਸ ਮਾਨ ਨੂੰ ਕਾਫ਼ੀ ਤਿੱਖੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗੁਰਦਾਸ ਮਾਨ ਨਾਲ ਮੱਤ-ਭੇਦਾਂ ਦਾ ਮਸਲਾ ਮੁਲਕ ਅੰਦਰ ਬੋਲੀਆਂ, ਉਨ੍ਹਾਂ ਦੇ ਰੁਤਬੇ ਅਤੇ ਮੁਲਕ ਦੀ ਇਕ ਸਾਂਝੀ ਬੋਲੀ ਹੋਵੇ, ਨਾ ਹੋਵੇ ਤੇ ਕੀ ਹੋਵੇ ਬਾਰੇ ਹੈ ਜੋ ਕਿ ਨਿਰੋਲ ਇਕ ਸਿਆਸੀ ਸੁਆਲ ਹੈ। ਮਾਨ ਦਾ ਰੋਲ਼ੇ ਵਾਲਾ ਇਹ ਬਿਆਨ ਉਸ ਵੇਲੇ ਆਇਆ ਸੀ ਜਦੋਂ ਮੁਲਕ ਦਾ ਗ੍ਰਹਿ ਮੰਤਰੀ ਇਕ ਮੁਲਕ ਤੇ ਇਕ ਭਾਸ਼ਾ ਦੇ ਸਿਧਾਂਤ ਨੂੰ ਅੱਗੇ ਵਧਾ ਰਿਹਾ ਸੀ ਤੇ ਕਹਿ ਰਿਹਾ ਸੀ ਕਿ ਹਿੰਦੀ ਮੁਲਕ ਦੀ ਸਾਂਝੀ ਕੌਮੀ ਬੋਲੀ ਹੋਣੀ ਚਾਹੀਦੀ ਹੈ। ਇਹ ਇੰਡੀਆ ਦੇ ਸੰਵਿਧਾਨ ਅੰਦਰ ਬੋਲੀਆਂ ਦੇ ਰੁਤਬੇ ਦੀ ਘੋਰ ਉਲੰਘਣਾ ਸੀ। ਭਾਰਤ ਕੋਈ ਕੌਮ ਨਹੀ ਹੈ, ਇੰਡੀਆ ਦਾ ਸੰਵਿਧਾਨ ਕਹਿੰਦਾ ਹੈ ਕਿ ਮੁਲਕ ਰਾਜਾਂ ਦੀ ਯੂਨੀਅਨ ਹੈ। ਇਸੇ ਲਈ ਲਗਭਗ ਦੋ ਦਰਜਨ ਬੋਲੀਆਂ ਨੂੰ ਮੁਲਕ ਅੰਦਰ ਬਰਾਬਰ ਦਾ ਰੁਤਬਾ ਦਿੱਤਾ ਹੋਇਆ ਹੈ। ਇਸ ਦੇ ਨਾਲ ਹੀ ਕੇਂਦਰ ਅਤੇ ਰਾਜਾਂ ਵਿਚਕਾਰ ਆਪਸੀ ਸੰਚਾਰ ਲਈ ਪਹਿਲਾਂ ਅੰਗਰੇਜ਼ੀ ਭਾਸ਼ਾ ਨੂੰ ਮਾਨਤਾ ਸੀ ਤੇ ਬਾਅਦ ਵਿੱਚ ਇਸ ਨਾਲ ਹਿੰਦੀ ਜੋੜ ਦਿੱਤੀ ਗਈ। ਇੰਡੀਆ ਦੀ ਕੋਈ ਕੌਮੀ ਭਾਸ਼ਾ ਨਹੀ ਹੈ। ਇਸੇ ਲਈ ਮੁਲਕ ਦੀ ਅਨੇਕਤਾ ਮੂਲ ਹੈ ਤੇ ਏਕਤਾ ਆਪਸੀ ਸਾਂਝੇ ਹਿਤਾਂ 'ਤੇ ਆਧਾਰਿਤ ਹੈ।ਗੁਰਦਾਸ ਮਾਨ ਦਾ ਤਰਕ ਸੰਘ ਪਰਿਵਾਰ ਵਰਗਾ ਹੈ ਕਿ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਭਾਰਤ ਇਕ ਹੈ, ਦੇਸ਼ ਦੀ ਏਕਤਾ ਅਖੰਡਤਾ, ਭਾਰਤੀ ਰਾਸ਼ਟਰਵਾਦ ਤੇ ਹੁਣ ਹਿੰਦੂ ਰਾਸ਼ਟਰਵਾਦ ਉਭਾਰਿਆ ਜਾ ਰਿਹਾ ਹੈ। ਹੁਣ ਅਨੇਕਤਾ ਵਿੱਚ ਏਕਤਾ ਦੀ ਥਾਂ ਏਕਤਾ ਵਿੱਚ ਅਨੇਕਤਾ ਦਾ ਸੰਕਲਪ ਉਭਾਰਿਆ ਜਾ ਰਿਹਾ ਹੈ ਕਿ ਸਭ ਤੋਂ ਪਹਿਲਾਂ ਅਸੀਂ ਭਾਰਤੀ ਹਾਂ। ਯਾਦ ਰਹੇ ਕਿ ਅਮਿੱਤ ਸ਼ਾਹ ਦੀ ਮੁਲਕ ਦੀ ਸਾਂਝੀ/ਕੌਮੀ ਭਾਸ਼ਾ ਹਿੰਦੀ ਬਣਾਉਣ ਵਾਲੀ ਮੁਹਿੰਮ ਦਾ ਜ਼ਬਰਦਸਤ ਵਿਰੋਧ ਹੋਇਆ ਸੀ ਤੇ ਉਸਨੂੰ ਆਪਣੇ ਉਸ ਬਿਆਨ ਨੂੰ ਵਾਪਸ ਲੈਣ ਵਰਗੀ ਸਫਾਈ ਦੇਣੀ ਪਈ ਸੀ। ਇਸ ਹਾਲਤ ਵਿੱਚ ਹੀ ਗੁਰਦਾਸ ਮਾਨ ਵੱਲੋਂ ਹਿੰਦੀ ਨੂੰ ਮੁਲਕ ਦੀ ਕੌਮੀ ਭਾਸ਼ਾ ਬਣਾਉਣ ਦੀ ਮੁਹਿੰਮ ਦਾ ਸਮਰਥਨ ਕਰਨ ਤੇ ਹਿੰਦੀ ਨੂੰ ਪੰਜਾਬੀਆਂ ਦੀ ਮਾਸੀ ਭਾਸ਼ਾ ਦਾ ਰੁਤਬਾ ਦੇਣ ਦਾ ਕੈਨੇਡਾ ਦੀ ਧਰਤੀ ਉਪਰ ਪੰਜਾਬੀਆਂ ਵਲੋਂ ਵਿਰੋਧ ਹੋਇਆ ਸੀ। ਗੁਰਦਾਸ ਮਾਨ ਇਸ ਗੰਭੀਰ ਸਿਆਸੀ ਮੁੱਦੇ ਮਾਂ ਬੋਲੀ ਦੇ ਰੁਤਬੇ ਤੇ ਹਿੰਦੀ ਦੇ ਕੌਮੀ ਭਾਸ਼ਾ ਹੋਣ ਬਾਰੇ ਉਸ ਵੇਲੇ ਵੀ ਗਲਤ ਸੀ ਤੇ ਇਸ ਗੀਤ ਰਾਹੀ ਅਸਲ ਮੁੱਦੇ ਨੂੰ ਭਾਵਕੁਤਾ ਨਾਲ ਰੋਲਣ ਪੱਖੋਂ ਅੱਜ ਵੀ ਗਲਤ ਹੈ। ਭਾਵੇਂ ਗੀਤ ਦੇ ਰੂਪ ਵਿਚ ਮਾਨ ਨੇ ਆਪਣੀ ਗੱਲ ਨੂੰ ਤਰਕ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ, ਪਰ ਪੰਜਾਬੀਆਂ ਨੂੰ ਉਨ੍ਹਾਂ ਦਾ ਤਰਕ ਹਜ਼ਮ ਨਹੀਂ ਹੋਇਆ। ਗੁਰਦਾਸ ਮਾਨ ਦੇ ਉਪਾਸ਼ਕ ਕਹਿੰਦੇ ਹਨ ਕਿ ਉਸਦਾ ਕੱਦ ਵੱਡਾ ਹੈ। ਪਰ ਇਹ ਕੱਦ ਕਿਸ ਖੇਤਰ ਵਿੱਚ ਵੱਡਾ ਹੈ? ਕਦੇ ਉਸਨੇ ਆਪਣੇ ਕਿਸੇ ਗੀਤ ਅੰਦਰ ਪੰਜਾਬ ਦੇ ਕਿਸੇ ਦੁੱਖ, ਲੁੱਟ, ਬੇਇਨਸਾਫੀ ਤੇ ਢਾਹੇ ਜੁਲਮ ਦੀ ਕਦੇ ਬਾਤ ਪਾਈ ਹੈ? ਪੰਜਾਬੀ ਗੀਤ ਸੰਗੀਤ ਦੇ ਖੇਤਰ ਵਿੱਚ ਕੱਦ ਵੱਡਾ ਹੋਣ ਨਾਲ ਕੀ ਅਜਿਹਾ ਸਿਆਸੀ ਝੱਲ ਖਿਲਾਰਨ ਦਾ ਹੱਕ ਮਿਲ ਜਾਂਦਾ ਹੈ? ਉਸਦਾ ਇਹ ਬਿਆਨ ਸਿਰਫ ਪੰਜਾਬੀ ਭਾਸ਼ਾ ਹੀ ਨਹੀਂ ਸਗੋਂ ਮੁਲਕ ਦੀਆਂ ਹੋਰਨਾਂ ਭਾਸ਼ਾਵਾਂ ਦੀ ਜੜ ਵਿੱਚ ਦਾਤੀ ਫੇਰਨ ਵਾਲਾ ਸੀ ਤੇ ਅੱਜ ਵੀ ਹੈ ।ਗੁਰਦਾਸ ਮਾਨ ਮੁਲਕ ਦੀ ਭਗਵੀਂ ਸਿਆਸਤ ਤੇ ਮੁਲਕ ਅੰਦਰ ਇਕ ਬੋਲੀ ਦੀ ਸਿਆਸਤ ਨੂੰ ਸਮਝਣ ਲਈ ਬੌਧਿਕ ਕੰਗਾਲੀ ਦਾ ਸ਼ਿਕਾਰ ਤੇ ਫੀਲਾ ਹੈ।



ਯਾਦ ਰਹੇ ਕਿ ਪਹਿਲਾਂ ਗੁਰਦਾਸ ਮਾਨ ਨੇ ਕਾਂਗਰਸ ਦੇ ਸੈਕੂਲਰ ਚਿਹਰੇ ਵਾਲੇ ਹਿੰਦੂ ਫਾਸ਼ੀਵਾਦ ਦੇ ਹੱਕ 'ਚ ਹਵਾ ਬਣਾਉਣ ਵਿਚ ਹਿੱਸਾ ਪਾਇਆ, ਹੁਣ ਉਹ ਭਾਰਤੀ ਜਨਤਾ ਪਾਰਟੀ ਦੇ ਨੰਗੇ-ਚਿੱਟੇ ਹਿੰਦੂ ਫਾਸ਼ੀਵਾਦ ਦੇ ਭਾਸ਼ਾਈ ਸਾਮਰਾਜਵਾਦ ਦੀ ਹਮਾਇਤ ਕਰ ਰਿਹਾ ਹੈ। ਸਾਰੀ ਗੱਲ ਦਾ ਮੁੱਖ ਮਕਸਦ ਸਿੱਖਾਂ ਤੇ ਹੋਰ ਘੱਟਗਿਣਤੀਆਂ ਨੂੰ ਹੌਲ਼ੀ-ਹੌਲ਼ੀ ਹਿੰਦੂਵਾਦ ਵਿੱਚ ਜਜ਼ਬ ਕਰਨਾ ਹੈ। ਗੁਰਦਾਸ ਮਾਨ ਵਰਗੇ ਝੂਠੇ ਸੱਭਿਆਚਾਰਕ ਮੁਨਾਰੇ ਸਥਾਪਤ ਹੋਣੇ ਹੀ ਅਸਲ ਮਸਲਾ ਹੈ।

ਫੇਸਬੁੱਕ 'ਤੇ ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਕੈਨੇਡਾ ਨੇ ਮਾਨ ਨੂੰ ਲਾਹਣਤਾਂ ਪਾਉਂਦਿਆਂ ਲਿਖਿਆ ਹੈ ਕਿ ਪੰਜਾਬੀਆਂ ਨੇ ਕਦੋਂ ਕਿਹਾ ਕਿ ਬੰਗਾਲ ਵਿਚ ਜਾ ਕੇ ਪੰਜਾਬੀ ਵਿਚ ਗੱਲ ਕਰੋ। ਉਨ੍ਹਾਂ ਗੁਰਦਾਸ ਮਾਨ ਨੂੰ ਸਵਾਲ ਕੀਤਾ ਕਿ ਜੇਕਰ ਤੁਹਾਨੂੰ ਗੁੱਸਾ ਆ ਸਕਦਾ ਹੈ ਤੇ ਤੁਸੀਂ ਗਾਲ ਕੱਢ ਸਕਦੇ ਹੋ ਤਾਂ ਦੂਜਾ ਮੁਰਦਾਬਾਦ ਵੀ ਨਹੀਂ ਕਰ ਸਕਦਾ। ਇਸੇ ਤਰਾਂ ਜਸਵਿੰਦਰ ਸਿੰਘ ਐਡਵੋਕੇਟ ਨੇ ਕੁਮੈਂਟ ਕੀਤਾ ਹੈ ਕਿ ਗੁਰਦਾਸ ਮਾਨ ਆਪਣੇ ਬੱਜਰ ਗੁਨਾਹ ਨੂੰ ਮੁੜ ਸਹੀ ਠਹਿਰਾਉਣ ਲਈ ਹਮਲਾਵਰ ਹੋ ਕੇ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਮਾਨ ਮਾਂ ਬੋਲੀ ਦੇ ਰੁਤਬੇ ਨੂੰ ਲੈ ਕੇ ਪਹਿਲਾਂ ਵੀ ਗਲਤ ਸੀ ਤੇ ਨਵੇਂ ਗੀਤ ਰਾਹੀਂ ਵੀ ਗਲਤ ਹੈ ਤੇ ਉਹ ਬੋਲੀ ਦੀ ਸਿਆਸਤ ਨੂੰ ਸਮਝਣ ਲਈ ਬੌਧਿਕ ਕੰਗਾਲੀ ਦਾ ਸ਼ਿਕਾਰ ਹੋਇਆ ਹੈ। ਵੱਡਾ ਗਾਇਕ ਤੇ ਗੀਤਕਾਰ ਹੋ ਕੇ ਵੀ ਉਸਨੂੰ ਬੋਲੀ ਦੇ ਸਿਆਸੀ ਅਰਥਾਂ ਦੀ ਸਮਝ ਨਹੀਂ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਗੁਰਦਾਸ ਮਾਨ ਨੇ ਹਿੰਦੀ ਭਾਸ਼ਾ ਬਾਰੇ ਇਕ ਬਿਆਨ ਦਿੱਤਾ ਸੀ ਜਿਸਦਾ ਪੰਜਾਬੀਆਂ ਨੇ ਵੱਡੇ ਪੱਧਰ 'ਤੇ ਵਿਰੋਧ ਕੀਤਾ ਸੀ। ਮਾਨ ਨੂੰ ਕੈਨੇਡਾ ਵਿਚ ਸ਼ੋਅ ਦੌਰਾਨ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ ਤਾਂ ਉਨ੍ਹਾਂ ਚੱਲਦੇ ਸ਼ੋਅ ਵਿਚ ਗਾਲ਼ ਕੱਢ ਦਿੱਤੀ ਸੀ,

ਜਿਸ ਤੋਂ ਬਾਅਦ ਪੰਜਾਬੀ ਪ੍ਰੇਮੀਆਂ ਨੇ ਇਸਦਾ ਵਿਰੋਧ ਕੀਤਾ ਸੀ। ਹੁਣ ਪੰਜਾਬੀ ਪ੍ਰੇਮੀ ਗੁਰਦਾਸ ਮਾਨ 'ਤੇ ਸਵਾਲ ਖੜੇ ਕਰ ਰਹੇ ਹਨ ਕਿ ਹੁਣ ਦੁਬਾਰਾ ਗਾਲ਼ ਕੱਢ ਕੇ ਗੁਰਦਾਸ ਮਾਨ ਕੀ ਸਾਬਤ ਕਰਨਾ ਚਾਹੁੰਦੇ ਹਨ?

# ਗੁਰਦਾਸ ਮਾਨ ਦਾ ਨਵਾਂ ਗੀਤ 'ਗੱਲ ਸੁਣੋ ਪੰਜਾਬੀ ਦੋਸਤੋ' ਪੰਜਾਬੀ ਭਾਈਚਾਰੇ ਨੂੰ ਭਰਮਾ ਨਾ ਸਕਿਆ



**ਬਘੇਲ ਸਿੰਘ ਪੱਤਰਕਾਰ**

**99142-58142**

ਇੱਕ ਵਾਰ ਫਿਰ ਪੰਜਾਬੀ ਗਾਇਕ ਗੁਰਦਾਸ ਮਾਨ ਆਪਣੇ ਨਵੇਂ ਗੀਤ 'ਗੱਲ ਸੁਣੋ ਪੰਜਾਬੀ ਦੋਸਤੋ' ਨਾਲ ਖੂਬ ਚਰਚਾ ਵਿੱਚ ਹੈ। ਉਨਾਂ ਨੇ ਅਜਿਹਾ ਗੀਤ ਕਿਉਂ ਗਾਇਆ, ਇਹ ਗੀਤ ਉਨਾਂ ਲਈ ਕਿੰਨਾ ਕੁ ਸਾਜਗਾਰ ਰਹੇਗਾ ਜਾਂ ਫਿਰ ਪਹਿਲਾਂ ਹੀ ਖੇਤਰੀ ਭਾਸ਼ਾਵਾਂ ਦੇ ਵਿਰੋਧ ਵਿਚ ਭੁਗਤਣ ਕਰਕੇ ਪੰਜਾਬੀਆਂ ਦੀ ਵਿਰੋਧਤਾ ਦਾ ਸ਼ਿਕਾਰ ਹੋਏ ਗੁਰਦਾਸ ਮਾਨ ਨੂੰ ਹੋਰ ਨਵੀਆਂ ਮੁਸ਼ਕਲਾਂ ਖੜੀਆਂ ਕਰੇਗਾ। ਸੋਸ਼ਲ ਮੀਡੀਆ 'ਤੇ ਇਸ ਨਵੇਂ ਗੀਤ ਨੂੰ ਲੈ ਕੇ ਬਹੁਤ ਸਾਰੀਆਂ ਪੋਸਟਾਂ ਸਾਂਝੀਆਂ ਹੋ ਰਹੀਆਂ ਹਨ, ਜਿਨਾਂ ਦੇ ਵਿਸ਼ੇ ਤੋਂ ਜਾਪਦਾ ਹੈ ਕਿ ਇੱਕ ਵਾਰ ਫਿਰ ਗੁਰਦਾਸ ਮਾਨ ਖੁਦ ਹੀ ਕਟਿਹਰੇ ਵਿੱਚ ਖੜਾ ਹੋ ਗਿਆ ਹੈ। ਇਸ ਵਿਸ਼ੇ ਉਪਰ ਗੱਲ ਕਰਨੀ ਬਣਦੀ ਹੈ। ਬਿਨਾਂ ਸ਼ੱਕ ਗੁਰਦਾਸ ਮਾਨ ਪੰਜਾਬੀ ਦਾ ਸਭ ਤੋਂ ਵੱਧ ਸੁਣਿਆ ਅਤੇ ਸਤਿਕਾਰਿਆ ਜਾਣ ਵਾਲਾ ਗਾਇਕ ਰਿਹਾ ਹੈ, ਉਨਾਂ ਦੀ ਮਕਬੂਲ ਗਾਇਕੀ ਕਾਰਨ ਉਨਾਂ ਦੀਆਂ ਪੁਰਾਣੀਆਂ ਗਲਤੀਆਂ ਲੰਮਾ ਸਮਾਂ ਦਬੀਆਂ ਵੀ ਰਹੀਆਂ ਹਨ, ਪ੍ਰੰਤੂ ਉਨਾਂ ਵੱਲੋਂ ਕੀਤੀ ਗਈ ਕੇਂਦਰ ਸਰਕਾਰ ਦੇ ਇੱਕ ਰਾਸ਼ਟਰ ਇੱਕ ਭਾਸ਼ਾ ਵਾਲੇ ਫਾਰਮੂਲੇ ਦੀ ਵਕਾਲਤ ਨੇ ਉਨਾਂ ਦੀ ਹਰਮਨ-ਪਿਆਰਤਾ ਨੂੰ ਵੱਡੀ ਸੱਟ ਮਾਰੀ ਅਤੇ ਉਨਾਂ ਦੇ ਪੰਜ ਦਹਾਕਿਆਂ ਦੇ ਪੰਜਾਬੀ ਗਾਇਕੀ ਦੇ ਖੇਤਰ ਵਿੱਚ ਕੀਤੇ ਕਰਾਏ ਤੇ ਪਾਣੀ ਫੇਰ ਦਿੱਤਾ। ਪਾਣੀ ਫਿਰਦਾ ਵੀ ਕਿਉਂ ਨਾ, ਕਿਉਂਕਿ ਗੁਰਦਾਸ ਮਾਨ ਉੱਪਰ ਜਿਸ ਥਾਲੀ ਵਿੱਚ ਖਾਧਾ ਉਹਦੇ ਵਿੱਚ ਹੀ ਛੇਕ ਕਰਨ ਦੇ ਦੋਸ਼ ਹੀ ਨਹੀ ਲੱਗੇ, ਸਗੋਂ ਉਨਾਂ ਤੇ ਪਦਾਰਥਵਾਦ ਦੀ ਭੁੱਖ ਕਾਰਨ ਸਥਾਪਤੀ ਦਾ ਪ੍ਰਭਾਵ ਕਬੂਲਦਿਆਂ ਆਪਣੀ ਮਾਂ ਬੋਲੀ ਨਾਲ ਧ੍ਰੋਹ ਕਮਾਉਣ ਦੇ ਗੀਦੀ ਦੋਸ਼ ਵੀ ਲੱਗੇ ਹਨ, ਜਿਸ ਕਾਰਨ ਉਨਾਂ ਨੂੰ ਥਾਂ-ਥਾਂ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ। ਭਾਵੇਂ ਗੁਰਦਾਸ ਮਾਨ ਪੰਜਾਬੀਆਂ ਦੇ ਮਨਾਂ ਵਿਚੋਂ ਅਮਿਤ ਸਾਹ ਅਤੇ ਨਰੇਂਦਰ ਮੋਦੀ ਦੀਆਂ ਖੁਸ਼ੀਆਂ ਲੈਣ ਖਾਤਰ ਹਿੰਦੀ ਬੋਲੀ ਵਾਲੀ ਟਿੱਪਣੀ ਕਰਨ ਸਮੇਂ ਹੀ ਉੱਤਰ ਗਿਆ ਸੀ, ਪਰ ਅਸਲ ਵਿੱਚ ਉਸ ਮੌਕੇ ਤਾਂ ਉਹ ਹੋਰ ਵੱਡੀ ਨਫਰਤ ਦਾ ਪਾਤਰ ਬਣ ਗਿਆ, ਜਦੋਂ ਕੈਨੇਡਾ ਵਿੱਚ ਇੱਕ ਸ਼ੋਅ ਦੌਰਾਨ ਲੇਖਕ ਤੇ ਸਾਹਿਤਕਾਰ ਭਾਈ ਚਰਨਜੀਤ ਸਿੰਘ ਸੁਜੋਂ ਹੋਰਾਂ ਵੱਲੋਂ ਵਿਰੋਧ ਕੀਤੇ ਜਾਣ ਤੋਂ ਭੜਕੇ ਇਸ ਵੱਡੇ ਪੰਜਾਬੀ ਗਾਇਕ ਨੇ ਬੇਹੱਦ ਨੀਵੇਂ ਦਰਜੇ ਦੀ ਅਸ਼ਲੀਲ ਭਾਸ਼ਾ ਦਾ ਇਸਤੇਮਾਲ ਕਰਦਿਆਂ ਸਟੇਜ ਤੋਂ ਗਾਲ ਕੱਢ ਕੇ ਆਪਣਾ ਕਿਰਦਾਰ ਬੌਨਾ ਕਰ ਲਿਆ। ਸਾਡਾ ਸੱਭਿਅਕ ਸਮਾਜ ਕਦੇ ਵੀ ਅਜਿਹੀ ਭੱਦੀ ਸ਼ਬਦਾਵਲੀ ਨੂੰ ਬਰਦਾਸ਼ਤ ਨਹੀਂ ਕਰਦਾ। ਸੋ ਗੁਰਦਾਸ ਮਾਨ ਦੀ ਉਪਰੋਕਤ ਗਲਤੀ ਕਾਰਨ ਜੋ ਦੁਰਦਸ਼ਾ ਹੋਈ, ਉਹ ਦੇ ਲਈ ਖੁਦ ਗੁਰਦਾਸ ਹੀ ਜਿੰਮੇਵਾਰ ਹੈ। ਆਪਣੇ ਵਿਰੋਧ ਨੂੰ ਠੱਲਣ ਖਾਤਰ ਉਹਨਾਂ ਨੇ ਦਿੱਲੀ ਕਿਸਾਨੀ ਅੰਦੋਲਨ ਵਿੱਚ ਵੀ ਸ਼ਿਰਕਤ ਕੀਤੀ ਸੀ ਅਤੇ ਸਟੇਜ ਤੇ ਆਕੇ ਸੰਬੋਧਨ ਕਰਨ ਦੀ ਇੱਛਾ ਜਾਹਿਰ ਕੀਤੀ ਸੀ, ਜਿਸ ਨੂੰ ਸਟੇਜ ਪ੍ਰਬੰਧਕਾਂ ਵੱਲੋਂ ਸਵੀਕਾਰ ਵੀ ਕਰ ਲਿਆ ਗਿਆ ਸੀ, ਪਰ ਅੰਦੋਲਨਕਾਰੀ ਪੰਜਾਬੀਆਂ ਨੇ ਗੁਰਦਾਸ ਮਾਨ ਦਾ ਓਥੇ ਵੀ ਭਾਰੀ ਵਿਰੋਧ ਕੀਤਾ, ਗੁਰਦਾਸ ਮਾਨ ਮੁਰਦਾਬਾਦ ਦੇ ਨਾਹਰਿਆਂ ਨੇ ਧਰਤੀ ਅਸਮਾਨ ਇੱਕ ਕਰ ਦਿੱਤਾ। ਇਸ ਭਾਰੀ ਵਿਰੋਧ ਅੱਗੇ ਝੁਕਦਿਆਂ ਸਟੇਜ ਚਲਾ ਰਹੇ ਕਿਸਾਨ ਆਗੂਆਂ ਨੂੰ ਇਹ ਸਪੱਸ਼ਟੀਕਰਨ ਦੇਣਾ ਪਿਆ ਸੀ ਕਿ ਗੁਰਦਾਸ ਮਾਨ ਨੂੰ ਸਟੇਜ ਤੇ ਬੋਲਣ ਨਹੀਂ ਦਿੱਤਾ ਜਾਵੇਗਾ, ਫਿਰ ਕਿਤੇ ਜਾ ਕੇ ਲੋਕਾਂ ਦਾ ਰੋਹ ਕੁੱਝ ਸ਼ਾਂਤ ਹੋਇਆ ਸੀ। ਗੁਰਦਾਸ ਮਾਨ ਪ੍ਰਤੀ ਲੋਕਾਂ ਵਿੱਚ ਐਨੀ ਨਫਰਤ ਦਾ ਕਾਰਨ ਖੇਤਰੀ ਭਾਸ਼ਾਵਾਂ ਨੂੰ ਖਤਮ ਕਰਨ ਦੀ ਕੇਂਦਰੀ ਨੀਤੀ 'ਤੇ ਸਹੀ ਪਾਉਣਾ ਅਤੇ ਉਸ ਤੋਂ ਬਾਅਦ ਕੈਨੇਡਾ ਵਾਲੇ ਸ਼ੋਅ ਦੌਰਾਨ ਵਰਤੀ ਗਈ ਭੱਦੀ ਸ਼ਬਦਾਵਲੀ ਨੂੰ ਮੰਨਿਆ ਜਾ ਰਿਹਾ ਹੈ, ਪਰ ਅਸਲ ਕਾਰਨ ਤਾਂ ਇਹ ਹੈ ਕਿ ਗੁਰਦਾਸ ਮਾਨ ਦਾ ਕੇਂਦਰੀ ਫੈਸਲੇ ਦੇ ਹੱਕ ਵਿੱਚ ਬੋਲਣ ਤੋਂ ਬਾਅਦ ਸੋਸ਼ਲ ਮੀਡੀਏ ਨੇ ਗੁਰਦਾਸ ਮਾਨ ਦਾ ਉਹ ਚਿਹਰਾ ਵੀ ਨੰਗਾ ਕਰ ਦਿੱਤਾ, ਜਿਹੜਾ ਉਨਾਂ ਦੀ ਮਕਬੂਲ ਗਾਇਕੀ ਕਾਰਨ ਹੁਣ ਤੱਕ ਢਕਿਅ




ਰਿਹਾ ਸੀ। ਉਹਦੇ ਖਿਲਾਫ ਪ੍ਰਚਾਰ ਦਾ ਤੁਫਾਨ ਆ ਗਿਆ। ਉਹ ਸਾਰਾ ਕੁੱਝ ਦਿਸਦਾ ਅਤੇ ਅਣ-ਦਿਸਦਾ ਸਾਹਮਣੇ ਆ ਗਿਆ, ਜਿਸ ਤੋਂ ਬਹੁਗਿਣਤੀ ਵਿੱਚ ਪੰਜਾਬੀ ਖਾਸ ਕਰਕੇ ਨਵੀਂ ਪੀਹੜੀ ਦੇ ਗੱਭਰੂ ਅਣਜਾਣ ਸਨ। ਪੰਜਾਬ ਦੀ ਸਿੱਖ ਜੁਆਨੀ ਦੇ ਕਾਤਲ ਕੇ ਪੀ ਐਸ ਗਿੱਲ ਨਾਲ ਯਾਰੀ, ਆਪਣੇ ਗੀਤਾਂ ਵਿਚ ਸ਼ਰਾਬ ਵਰਗੇ ਮਾਰੂ ਨਸ਼ੇ ਦਾ ਪ੍ਰਚਾਰ ਕਰਕੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਵੱਲ ਧੱਕਣਾ, ਮਸਤਾਂ ਦੇ ਡੇਰੇ ਤੇ ਜਾ ਕੇ ਚਿਲਮਾਂ ਦੇ ਸੂਟਿਆਂ ਨੂੰ ਉਤਸ਼ਾਹਿਤ ਕਰਨ ਅਤੇ ਖੁਦ ਪੰਜਾਬੀ ਗਾਇਕੀ ਦੇ ਖੇਤਰ ਵਿਚੋਂ ਦਸਤਾਰ ਨੂੰ ਗਾਇਬ ਕਰਨ ਵਰਗੇ ਗੰਭੀਰ ਇਲਜਾਮਾਂ ਦੀ ਜਾਣਕਾਰੀ ਨੇ ਪੰਜਾਬੀਆਂ ਦੇ ਮਨਾਂ ਅੰਦਰ ਗੁਰਦਾਸ ਮਾਨ ਪ੍ਰਤੀ ਪਿਆਰ ਦੀ ਥਾਂ ਨਫਰਤ ਪੈਦਾ ਕਰ ਦਿੱਤੀ। ਭਾਵੇਂ ਗੁਰਦਾਸ ਨੇ ਆਪਣੇ ਨਵੇਂ ਗੀਤ ਦੀ ਭਾਵੁਕ ਸ਼ਬਦਾਵਲੀ ਰਾਹੀਂ ਆਪਣੇ ਮਨ ਦਾ ਬੋਝ ਹਲਕਾ ਕਰਨ ਅਤੇ ਭੋਲੇ ਪੰਜਾਬੀਆਂ ਦੀ ਮਾਨਸਿਕਤਾ ਨੂੰ ਝੰਜੋੜ ਕੇ ਇੱਕ ਵਾਰ ਫਿਰ ਤੋਂ ਹਮਦਰਦੀ ਹਾਸਿਲ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ ਹੈ, ਪਰ ਸਚਾਈ ਇਹ ਹੈ ਕਿ ਗੁਰਦਾਸ ਮਾਨ ਨੇ ਇੱਕ ਵਾਰ ਫਿਰ ਆਪਣੀ ਪਹਿਲੀ ਗਲਤੀ ਨੂੰ ਮੁੜ ਦੁਹਰਾਇਆ ਹੈ, ਬਲਕਿ ਉਹਨੇ ਇੱਕ ਵਾਰ ਫਿਰ ਕੇਂਦਰ ਦੇ ਸੂਬਿਆਂ 'ਤੇ ਮੱਲੋ-ਜੋਰੀ ਹਿੰਦੀ ਥੋਪਣ ਦੇ ਫੈਸਲੇ ਨੂੰ ਜਾਇਜ਼ ਠਹਿਰਾ ਕੇ ਪੰਜਾਬੀਆਂ ਦੇ ਜ਼ਖਮ ਤੇ ਇੱਕ ਵਾਰ ਫਿਰ ਲੂਣ ਛਿੜਕਣ ਵਾਲੀ ਗਲਤੀ ਕਰ ਲਈ ਹੈ। ਗੁਰਦਾਸ ਮਾਨ ਆਪਣੇ ਇਸ ਨਵੇਂ ਗੀਤ ਵਿਚ ਜਿਥੇ ਆਪਣੀ ਪੰਜ ਦਹਾਕਿਆਂ ਦੀ ਪੇਸ਼ੇਵਰ ਪੰਜਾਬੀ ਗਾਇਕੀ ਦਾ ਅਹਿਸਾਨ ਕਰਦਾ ਹੈ, ਓਥੇ ਉਹਦੇ ਵੱਲੋਂ ਆਪਣੇ ਖਿਲਾਫ ਹੋਏ ਵਿਰੋਧ ਪ੍ਰਦਰਸ਼ਨਾਂ ਦੇ ਵੀਡੀਓ ਕਲਿੱਪ ਅਤੇ ਗਾਲ਼ ਦਾ ਜਵਾਬ ਗਾਲ਼ ਵਿਚ ਦੇਣ ਵਾਲੀ ਵੀਡੀਓ ਕਲਿੱਪ ਪਾ ਕੇ ਪੰਜਾਬੀਆਂ ਨੂੰ ਚਿੜਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਹਨੇ ਆਪਣੇ ਨਵੇਂ ਗੀਤ ਰਾਹੀਂ ਹਿੰਦੀ ਪੱਖੀ ਫੈਸਲੇ ਤੇ ਦੁਬਾਰਾ ਫਿਰ ਤੋਂ ਸਹੀ ਪਾ ਕੇ ਕੈਨੇਡਾ ਵਾਲੇ ਸ਼ੋਅ ਵਿੱਚ ਕੱਢੀ ਗਈ ਭੱਦੀ ਅਤੇ ਅਸ਼ਲੀਲ ਗਾਲ਼ ਨੂੰ ਵੀ ਜਾਇਜ਼ ਠਹਿਰਾ ਦਿੱਤਾ ਹੈ। ਗੁਰਦਾਸ ਮਾਨ ਦਾ ਹੰਕਾਰ ਇਸ ਭਾਵੁਕ ਗੀਤ ਵਿੱਚ ਵੀ ਸਿਰ ਚੜਕੇ ਬੋਲਦਾ ਸਪੱਸ਼ਟ ਦੇਖਿਆ ਸੁਣਿਆ ਜਾ ਸਕਦਾ ਹੈ, ਜਦੋਂ ਉਹ ਕਹਿੰਦਾ ਹੈ ਕਿ ਮੈਨੂੰ ਕਿਉਂ ਨਾ ਗੁੱਸਾ ਆਉਂਦਾ ਤੇ ਕਿਉਂ ਨਾ ਨਿਕਲਦੀ ਗਾਲ਼, ਇਸ ਤੋ ਅੱਗੇ ਵੀ ਉਹ ਆਪਣੀ ਗਲਤੀ ਮੰਨਣ ਦੀ ਬਜਾਏ ਆਪਣੀ ਮਾਂ ਦੇ ਮੂੰਹੋਂ ਇਹ ਅਖਵਾ ਕੇ ਆਪਣੇ ਆਪ ਨੂੰ ਬਰੀ ਕਰ ਦਿੰਦਾ ਹੈ ਕਿ ਇਹ ਤਾਂ 'ਹੋਣੀ' ਸੀ ਅਤੇ ਹੋਣੀ ਨੂੰ ਕੋਈ ਟਾਲ ਨਹੀ ਸਕਦਾ। ਇਨਾਂ ਸਤਰਾਂ ਨੂੰ ਧਿਆਨ ਨਾਲ ਸੁਣੋ ਤਾਂ ਸਮਝ ਅਵੇਗਾ ਕਿ ਗੁਰਦਾਸ ਮਾਨ ਇਸ ਸਾਰੇ ਘਟਨਾਕ੍ਰਮ ਤੋਂ ਨਾ ਹੀ ਕੋਈ ਸਬਕ ਸਿੱਖਣਾ ਚਾਹੁੰਦਾ ਹੈ, ਬਲਕਿ ਉਹ ਇਸ ਵਰਤਾਰੇ ਨੂੰ ਹੋਣੀ ਜਾਂ ਸਾਜਿਸ਼ ਦੀ ਸੰਗਿਆ ਦੇ ਕੇ ਬੜੀ ਸਾਫ ਗੋਈ ਦੇ ਨਾਲ ਪੰਜਾਬੀਆਂ ਨੂੰ ਭਾਵੁਕ ਨਹੋਰਾ ਮਾਰ ਕੇ ਆਪਣੀ ਖੁੱਸੀ ਹੋਈ ਥਾਂ ਮੁੜ ਤੋਂ ਮੱਲ ਲੈਣ ਦੇ ਯਤਨਾਂ ਵਿੱਚ ਹੈ, ਪ੍ਰੰਤੂ ਇਹ ਸਪੱਸ਼ਟ ਹੈ ਕਿ ਗੁਰਦਾਸ ਮਾਨ ਦਾ ਇਹ ਗੀਤ ਉਨਾਂ ਲਈ ਹਮਦਰਦੀ ਬਟੋਰਨ ਦੀ ਬਜਾਏ ਉਨਾਂ ਨੂੰ ਪੰਜਾਬੀਆਂ ਦੀ ਹੋਰ ਨਫਰਤ ਦਾ ਪਾਤਰ ਬਣਾਉਣ ਦਾ ਜ਼ਿੰਮੇਵਾਰ ਬਣੇਗਾ।

DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੇਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਪੰਜਾਬ ਦੀ ਆਰਥਿਕਤਾ ਲਈ ਕੇਂਦਰ ਖੇਤੀਬਾੜੀ, ਉਦਯੋਗਕ ਨੀਤੀਆਂ 'ਚ ਤਬਦੀਲੀਆਂ ਕਰੇ



ਡਾ. ਗਿਆਨ ਸਿੰਘ
ਸੰਪਰਕ : +੧-੪੦੮-੪੯੩-੯੭੭੬

ਪੰਜਾਬ ਨੇ ਮੁਲਕ ਦੀ ਆਜ਼ਾਦੀ ਦੇ ਸੰਘਰਸ਼ 'ਚ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ, ਪਾਕਿਸਤਾਨ ਨਾਲ ਤਿੰਨ ਜੰਗਾਂ ਵਿਚ ਵੱਡਾ ਯੋਗਦਾਨ ਪਾਇਆ ਅਤੇ ਬਾਰਡਰ ਦਾ ਸੂਬਾ ਹੋਣ ਕਾਰਨ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕੀਤਾ, ਤੇ ਹੁਣ ਵੀ ਕਰ ਰਿਹਾ ਹੈ : ਮੁਲਕ ਦੀ ਅਨਾਜ ਸੁਰੱਖਿਆ ਵਿਚ ਸ਼ਾਨਦਾਰ ਯੋਗਦਾਨ ਪਾਇਆ ਅਤੇ ਪਾ ਰਿਹਾ ਹੈ। ਇਨਾਂ ਸਾਰੇ ਤੱਥਾਂ ਦੇ ਬਾਵਜੂਦ ਪੰਜਾਬ ਅਨੇਕਾਂ ਆਰਥਿਕ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਇਨਾਂ ਆਰਥਿਕ ਸਮੱਸਿਆਵਾਂ ਵਿਚ ਪੰਜਾਬ ਸਿਰ ਖੜਾ ਤੇ ਲਗਾਤਾਰ ਵਧਦਾ ਕਰਜ਼ਾ, ਖੇਤੀਬਾੜੀ ਖੇਤਰ ਉੱਪਰ ਆਪਣੀ ਰੋਜ਼ੀ-ਰੋਟੀ ਲਈ ਨਿਰਭਰ ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਦੀ ਲਗਾਤਾਰ ਨਿਘਰਦੀ ਹਾਲਤ, ਉਦਯੋਗਕ ਖੇਤਰ ਦੀ ਤਰਸਯੋਗ ਹਾਲਤ ਅਤੇ ਪੂੰਜੀ-ਹੂੰਝਾ ਮੁੱਖ ਹਨ।

1980ਵਿਆਂ ਤੋਂ ਪਹਿਲਾਂ ਪੰਜਾਬ ਦੀ ਵਿੱਤੀ ਹਾਲਤ ਚੰਗੀ ਸੀ। ਪੰਜਾਬ ਸਿਰ ਕਰਜ਼ਾ ਲਗਾਤਾਰ ਵਧ ਰਿਹਾ ਅਤੇ ਇਹ ਸੂਬੇ ਦੇ ਕੁੱਲ ਘਰੇਲੂ ਉਤਪਾਦ (ਜੀਐੱਸਡੀਪੀ) ਦੀ ਫ਼ੀਸਦੀ ਅਤੇ ਸੂਬੇ ਦੀ ਸਰਕਾਰ ਦੀਆਂ ਮਾਲੀਆਂ ਪ੍ਰਾਪਤੀਆਂ ਦੀ ਫ਼ੀਸਦੀ ਦੇ ਰੂਪ ਵਿਚ ਬਾਕੀ ਦੇ ਸਾਰੇ ਸੂਬਿਆਂ ਨਾਲੋਂ ਜ਼ਿਆਦਾ ਹੈ। ਇਸ ਤੱਥ ਦੀ ਪੁਸ਼ਟੀ ਸਾਰਨੀ ਤੋਂ ਹੋ ਜਾਂਦੀ ਹੈ।

ਇਸ ਸਮੇਂ ਪੰਜਾਬ ਸਰਕਾਰ ਸਿਰ 3 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਜਿਸ ਦੇ 2024-25 ਤੱਕ 3.73 ਲੱਖ ਕਰੋੜ ਰੁਪਏ ਹੋਣ ਦਾ ਅਨੁਮਾਨ ਹੈ। ਪੰਜਾਬ ਸਿਰ ਕਰਜ਼ਾ ਲਗਾਤਾਰ ਵਧਣ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਦੀਆਂ ਨੀਤੀਆਂ ਜ਼ਿੰਮੇਵਾਰ ਹਨ। ਕੇਂਦਰ ਸਰਕਾਰ ਨੇ ਖਾੜਕੂਵਾਦ ਉੱਤੇ ਕਾਬੂ ਪਾਉਣ ਲਈ ਸੁਰੱਖਿਆ ਦਾ ਸਾਰਾ ਖ਼ਰਚ ਪੰਜਾਬ ਸਿਰ ਮੜ ਦਿੱਤਾ, ਜਦੋਂਕਿ ਹੋਰ ਸੂਬਿਆਂ ਦੇ ਸਬੰਧ ਵਿਚ ਅਜਿਹਾ ਖ਼ਰਚ ਕੇਂਦਰ ਸਰਕਾਰ ਨੇ ਕੀਤਾ ਅਤੇ ਕਰ ਰਹੀ ਹੈ। ਜਦੋਂ ਇੰਦਰ ਕੁਮਾਰ ਗੁਜਰਾਲ ਮੁਲਕ ਦੇ ਪ੍ਰਧਾਨ ਮੰਤਰੀ ਸਨ ਤਾਂ ਉਨਾਂ ਨੇ ਪੰਜਾਬ ਸਿਰ ਮੜੇ ਕਰਜ਼ੇ ਵਿਚੋਂ ਬਹੁਤ ਥੋੜੀ ਜਿਹੀ ਰਾਸ਼ੀ ਮੁਆਫ਼ ਕੀਤੀ ਸੀ। ਖਾੜਕੂਵਾਦ ਦੌਰਾਨ ਪੰਜਾਬ ਦੀਆਂ ਕੁਝ ਉਦਯੋਗਕ ਇਕਾਈਆਂ ਸੁਰੱਖਿਆ ਕਾਰਨਾਂ ਕਰਕੇ ਹੋਰ ਸੂਬਿਆਂ ਵਿਚ ਚਲੀਆਂ ਗਈਆਂ ਜਿਸ ਨਾਲ਼ ਉਦਯੋਗਕ ਰੁਜ਼ਗਾਰ ਤੇ ਉਤਪਾਦਨ ਘਟਿਆ ਅਤੇ ਸੂਬਾ ਸਰਕਾਰ ਦੀ ਆਮਦਨ ਵੀ ਘਟੀ। ਕੇਂਦਰ ਸਰਕਾਰ ਵੱਲੋਂ ਪਹਾੜੀ ਸੂਬਿਆਂ ਦੇ ਉਦਯੋਗਕ ਵਿਕਾਸ ਲਈ ਦਿੱਤੀਆਂ ਵਿੱਤੀ ਰਿਆਇਤਾਂ/ਸਹੂਲਤਾਂ ਕਾਰਨ ਪੰਜਾਬ ਦੀਆਂ ਬਹੁਤ ਸਾਰੀਆਂ ਉਦਯੋਗਕ ਇਕਾਈਆਂ ਪਹਾੜੀ ਸੂਬਿਆਂ, ਖ਼ਾਸਕਰ ਹਿਮਾਚਲ ਪ੍ਰਦੇਸ਼ ਵਿਚ ਚਲੀਆਂ ਗਈਆਂ ਜਿਸ ਨੇ ਉਦਯੋਗਕ ਰੁਜ਼ਗਾਰ ਤੇ ਉਤਪਾਦਨ ਅਤੇ ਸੂਬਾ ਸਰਕਾਰ ਦੀ ਆਮਦਨ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ।

ਦੂਜੀ ਪੰਜ ਸਾਲਾ ਯੋਜਨਾ (1956-61) ਦੌਰਾਨ ਮੁੱਖ ਤਰਜੀਹ ਖੇਤੀਬਾੜੀ ਖੇਤਰ ਦੀ ਜਗਾ ਉਦਯੋਗਕ ਖੇਤਰ ਨੂੰ ਦੇਣ ਕਾਰਨ ਮੁਲਕ ਨੂੰ ਅਨਾਜ ਪਦਾਰਥਾਂ ਦੀ ਭਾਰੀ ਥੁੜ ਦਾ ਸਾਹਮਣਾ ਕਰਨਾ ਪਿਆ। 1964-66 ਦੇ ਦੋ ਸਾਲਾਂ ਦੌਰਾਨ ਪਏ ਸੋਕੇ ਨੇ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾ ਦਿੱਤਾ। ਅਨਾਜ ਪਦਾਰਥਾਂ ਦੀ ਭਾਰੀ ਥੁੜ ਉੱਤੇ ਕਾਬੂ ਪਾਉਣ ਲਈ ਕੇਂਦਰ ਸਰਕਾਰ ਨੂੰ ਅਮਰੀਕਾ ਤੋਂ ਪੀਐੱਲ-480 ਅਧੀਨ ਅਨਾਜ ਮੰਗਵਾਉਣਾ ਪਿਆ ਜਿਸ ਦੀ ਮੁਲਕ ਨੂੰ ਵੱਡੀ ਕੀਮਤ ਤਾਰਨੀ ਪਈ। ਅਨਾਜ ਪਦਾਰਥਾਂ ਦੀ ਭਾਰੀ ਥੁੜ ਉੱਤੇ ਕਾਬੂ ਪਾਉਣ ਲਈ ਕੇਂਦਰ ਸਰਕਾਰ ਨੇ ਖੇਤੀਬਾੜੀ ਦੀ ਨਵੀਂ ਜੁਗਤ ਅਪਣਾਉਣ ਦਾ ਫੈਸਲਾ ਕੀਤਾ। ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਅਤੇ ਇੱਥੋਂ ਦੀ ਭੂਮੀ ਦੀ ਉੱਚੀ ਉਪਜਾਊ ਸ਼ਕਤੀ ਤੇ ਧਰਤੀ ਹੇਠਲੇ ਪਾਣੀ ਦੇ ਠੀਕ ਪੱਧਰ ਨੂੰ ਧਿਆਨ ਵਿਚ ਰੱਖਦੇ ਹੋਏ ਖੇਤੀਬਾੜੀ ਦੀ ਇਸ ਜੁਗਤ ਨੂੰ ਸਭ ਤੋਂ ਪਹਿਲਾਂ ਪੰਜਾਬ ਵਿਚ ਸ਼ੁਰੂ ਕੀਤਾ। ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਅਤੇ ਇੱਥੋਂ ਦੇ ਅਮੀਰ ਕੁਦਰਤੀ ਸਰੋਤਾਂ ਦੀ ਲੋੜੋਂ ਵੱਧ ਵਰਤੋਂ ਨੇ ਮੁਲਕ ਦੀ ਅਨਾਜ ਸਮੱਸਿਆ ਤਾਂ ਹੱਲ ਕਰ ਦਿੱਤੀ ਪਰ ਜਿੱਥੇ ਕੇਂਦਰ ਸਰਕਾਰ ਦੀਆਂ ਖੇਤੀਬਾੜੀ ਨੀਤੀਆਂ ਨੇ ਇੱਥੇ ਖੇਤੀਬਾੜੀ ਨਾਲ਼ ਸਬੰਧਿਤ ਵੱਖ ਵੱਖ ਵਰਗਾਂ ਦੀ ਆਰਥਿਕ ਹਾਲਤ ਮਾੜੀ ਕੀਤੀ, ਉੱਥੇ ਪੰਜਾਬ ਸਰਕਾਰ ਸਿਰ ਕਰਜ਼ਾ ਵੀ ਵਧਾਇਆ। ੧੯ ਜਨਵਰੀ, 2019 ਨੂੰ ਇੰਡੀਅਨ ਐਕਸਪ੍ਰੈਸ ਵਿਚ ਅਰਥ-ਵਿਗਿਆਨੀ ਅਸ਼ੋਕ ਗੁਲਾਟੀ ਨੇ ਆਪਣੇ ਲੇਖ ਵਿਚ ਲਿਖਿਆ ਹੈ ਕਿ ਆਈਸੀਆਰਆਈਈਆਰ ਅਤੇ ਓਈਸੀਡੀ ਸੰਸਥਾਵਾਂ ਦੇ ਖੋਜ ਪ੍ਰਾਜੈਕਟ (2000-01 ਤੋਂ 2016-17) ਦੇ ਅਧਿਐਨ ਦੁਆਰਾ ਭਾਰਤ ਵਿਚ ਲੁਪਤ ਕਰਾਧਾਨ **(implicit taxation)** ਦੁਆਰਾ 17 ਸਾਲਾਂ ਵਿਚ ਕਿਸਾਨਾਂ ਸਿਰ 45 ਲੱਖ ਕਰੋੜ ਰੁਪਏ ਦਾ ਭਾਰ ਪਾਇਆ ਗਿਆ। ਪੰਜਾਬ ਦੇ ਉੱਚ ਖੇਤੀਬਾੜੀ ਦੀ ਲਾਗਤਾਂ ਸੂਬਾ ਹੋਣ ਕਾਰਨ ਇਸ ਲੁਪਤ ਕਰਾਧਾਨ ਦੀ ਵੱਡੀ ਮਾਰ ਪੰਜਾਬ ਦੇ ਕਿਸਾਨਾਂ ਅਤੇ ਸੂਬਾ ਸਰਕਾਰ ਨੂੰ ਝੱਲਣੀ ਪਈ ਹੈ।

### ਆਰਥਿਕ ਮੱਸਲਾ

ਪੰਜਾਬ ਨੇ ਮੁਲਕ ਦੀ ਅਨਾਜ ਸੁਰੱਖਿਆ ਵਿਚ ਸ਼ਾਨਦਾਰ ਯੋਗਦਾਨ ਪਾਇਆ ਅਤੇ ਪਾ ਰਿਹਾ ਹੈ। ਭੂਗੋਲਿਕ ਪੱਖੋਂ ਬਹੁਤ ਹੀ ਛੋਟਾ (1.54 ਫ਼ੀਸਦ) ਇਹ ਸੂਬਾ ਲੰਮੇ ਸਮੇਂ ਲਈ ਕੇਂਦਰੀ ਅਨਾਜ ਭੰਡਾਰ ਵਿਚ ਕਣਕ ਅਤੇ ਚੌਲਾਂ ਸਬੰਧੀ 50 ਫ਼ੀਸਦ ਦੇ ਕਰੀਬ ਯੋਗਦਾਨ ਪਾਉਂਦਾ ਰਿਹਾ ਹੈ। ਕੇਂਦਰ ਸਰਕਾਰ ਦੁਆਰਾ ਭਾਵੇਂ ਕੁਝ ਦੂਜੇ ਸੂਬਿਆਂ ਦੇ ਖੇਤੀਬਾੜੀ ਵਿਕਾਸ ਨੂੰ ਤਰਜੀਹ ਦਿੱਤੇ ਜਾਣ ਕਾਰਨ ਪੰਜਾਬ ਦਾ ਇਹ ਯੋਗਦਾਨ ਕੁਝ ਘਟਿਆ ਹੈ ਪਰ ਹੁਣ ਵੀ ਇਹ 30 ਫ਼ੀਸਦ ਤੋਂ ਜ਼ਿਆਦਾ ਹੈ। ਇਸ ਸਬੰਧ ਵਿਚ ਧਿਆਨ ਮੰਗਦਾ ਜ਼ਰੂਰੀ ਤੱਥ ਇਹ ਹੈ ਕਿ ਕੁਦਰਤੀ ਆਫ਼ਤਾਂ ਜਿਵੇਂ ਹੜਾਂ, ਸੋਕੇ ਆਦਿ ਮੌਕੇ ਪੰਜਾਬ ਦਾ ਯੋਗਦਾਨ ਹੋਰ ਵੀ ਵਧ ਜਾਂਦਾ ਹੈ।

ਪੰਜਾਬ ਵਿਚ ਕੀਤੇ ਖੋਜ ਅਧਿਐਨਾਂ ਨੇ ਇੱਥੋਂ ਦੇ ਸੀਮਾਂਤ ਤੇ ਛੋਟੇ ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਦੀ ਲਗਾਤਾਰ ਨਿਘਰਦੀ ਆਰਥਿਕ ਹਾਲਤ ਨੂੰ ਸਾਹਮਣੇ ਲਿਆਂਦਾ ਹੈ। ਇਨਾਂ ਵਰਗਾਂ ਨਾਲ ਸਬੰਧਿਤ ਜ਼ਿਆਦਾਤਰ ਵਿਅਕਤੀ ਗ਼ਰੀਬੀ ਅਤੇ ਕਰਜ਼ੇ ਵਿਚ ਜਨਮ ਲੈਂਦੇ ਹਨ, ਕਰਜ਼ੇ ਤੇ ਗ਼ਰੀਬੀ ਵਿਚ ਦਿਨ-ਕਟੀ ਕਰਦੇ ਹਨ ਅਤੇ ਆਪਣੀਆਂ ਆਉਣ ਵਾਲੀਆਂ ਪੀੜੀਆਂ ਲਈ ਘੋਰ ਗ਼ਰੀਬੀ ਤੇ ਕਰਜ਼ੇ ਦਾ ਪਹਾੜ ਛੱਡ ਕੇ ਜਾਂ ਤਾਂ ਤੰਗੀਆਂ-ਤਰੁਸ਼ੀਆਂ ਵਾਲ਼ੀ ਮੌਤ ਮਰ ਜਾਂਦੇ ਹਨ ਜਾਂ ਜਦੋਂ ਸਰਕਾਰਾਂ ਤੇ ਸਮਾਜ ਵੱਲੋਂ ਉਨਾਂ ਦੀਆਂ ਜ਼ਿੰਦਗੀ ਪ੍ਰਤੀ ਸਾਰੀਆਂ ਆਸਾਂ ਮੁਕਾ ਦਿੱਤੀਆਂ ਜਾਂਦੀਆਂ ਹਨ ਤਾਂ ਉਹ ਖ਼ੁਦਕੁਸ਼ੀਆਂ ਕਰ ਰਹੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਲੋਂ ਪੰਜਾਬ ਸਰਕਾਰ ਲਈ ਕੀਤੇ ਖੋਜ ਅਧਿਐਨ ਤੋਂ ਇਹ ਸਾਹਮਣੇ ਆਇਆ ਹੈ ਕਿ 2000-16 ਦੌਰਾਨ 16606 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਕਰਜ਼ੇ ਦੇ ਬੋਝ ਕਾਰਨ ਖ਼ੁਦਕੁਸ਼ੀਆਂ ਕੀਤੀਆਂ। ਮੁਲਕ ਵਿਚ ਖੇਤੀਬਾੜੀ ਨੀਤੀਆਂ ਮੁੱਖ ਤੌਰ ਉੱਤੇ ਕੇਂਦਰ ਸਰਕਾਰ ਦੁਆਰਾ ਬਣਾਈਆਂ ਜਾਂਦੀਆਂ ਹਨ। ਖੇਤੀਬਾੜੀ ਨਾਲ ਸਬੰਧਿਤ ਵਰਗਾਂ ਦੀ ਨਿਘਰਦੀ ਹਾਲਤ ਲਈ ਭਾਵੇਂ ਕੇਂਦਰ ਸਰਕਾਰ ਜ਼ਿੰਮੇਵਾਰ ਹੈ ਪਰ ਸੂਬਾ ਸਰਕਾਰ ਵੀ ਆਪਣੀ ਬਣਦੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ।

ਪੰਜਾਬ ਦਾ ਕੁੱਲ ਘਰੇਲੂ ਉਤਪਾਦ ਅਤੇ ਪ੍ਰਤੀ ਜੀਅ ਆਮਦਨ ਬਹੁਤ ਸਾਰੇ ਸੂਬਿਆਂ ਤੋਂ ਥੱਲੇ ਆ ਗਏ ਹਨ। ਇਸ ਸਭ ਤੋਂ ਵੱਡੀ ਮਾਰ ਸੂਬੇ ਵਿਚ ਮਿਲਣ ਵਾਲੇ ਰੁਜ਼ਗਾਰ ਉੱਪਰ ਪੈ ਰਹੀ ਹੈ। ਪਿਛਲੇ ਕੁਝ ਅਰਸੇ ਤੋਂ ਸੂਬੇ ਵਿਚ ਮਿਲਣ ਵਾਲ਼ਾ ਰੁਜ਼ਗਾਰ ਅਤੇ ਪ੍ਰਾਪਤ ਰੁਜ਼ਗਾਰ ਦਾ ਮਿਆਰ ਬਹੁਤ ਥੱਲੇ ਆ ਗਏ ਹਨ। ਪੰਜਾਬ ਦੇ ਨੌਜਵਾਨ ਖ਼ਾਸਕਰ ਦਰਮਿਆਨੇ ਆਮਦਨ ਵਰਗਾਂ ਨਾਲ਼ ਸਬੰਧਿਤ, ਰੁਜ਼ਗਾਰ ਦੀ ਪ੍ਰਾਪਤੀ ਲਈ ਵੱਡੀ ਗਿਣਤੀ ਵਿਚ ਬਾਹਰਲੇ ਮੁਲਕਾਂ ਨੂੰ ਜਾ ਕਰ ਰਹੇ ਹਨ। ਜਿੱਥੇ ਅਜਿਹੇ ਪਰਵਾਸ ਨਾਲ ਬੌਧਿਕ ਹੂੰਝਾ ਅਤੇ ਆਬਾਦੀ ਅਨੁਪਾਤ ਦੀ ਹਾਨੀ ਹੋ ਰਹੀ ਹੈ, ਉੱਥੇ ਇਸ ਨਾਲ ਪੂੰਜੀ-ਹੂੰਝਾ ਵੀ ਬਹੁਤ ਨੁਕਸਾਨ ਕਰ ਰਿਹਾ ਹੈ। ਜਿਹੜੇ ਬੱਚੇ ਪੰਜਾਬ ਵਿਚੋਂ ਪਰਵਾਸ ਕਰ ਰਹੇ ਹਨ, ਉਨਾਂ ਵਿਚੋਂ ਵੱਡੀ ਗਿਣਤੀ ਵਿਚ ਵਿਦਿਆਰਥੀ ਵੀਜ਼ੇ ਉੱਪਰ ਬਾਹਰਲੇ ਮੁਲਕਾਂ ਵਿਚ ਜਾ ਰਹੇ ਹਨ। ਉਨਾਂ ਮੁਲਕਾਂ ਦੇ ਕਾਲਜਾਂ/ ਯੂਨੀਵਰਸਿਟੀਆਂ ਵਿਚ ਦਾਖ਼ਲੇ ਤੋਂ ਬਾਅਦ ਉਨਾਂ ਦੇ ਉੱਥੇ ਜਾਣ ਤੋਂ ਪਹਿਲਾਂ ਉਨਾਂ ਦੀਆਂ ਫੀਸਾਂ ਆਦਿ ਭੇਜਣੀਆਂ ਪੈਂਦੀਆਂ ਹਨ। ਬਾਹਰਲੇ ਮੁਲਕਾਂ ਲਈ ਵੀਜ਼ਾ ਲੈਣ ਅਤੇ ਉੱਥੇ ਜਾਣ ਦੇ ਹਵਾਈ ਜਹਾਜ਼ਾਂ ਦੇ ਖ਼ਰਚ ਵੀ ਕਾਫ਼ੀ ਜ਼ਿਆਦਾ ਹਨ। ਬਾਹਰਲੇ ਮੁਲਕਾਂ ਵਿਚ ਪਹੁੰਚ ਕੇ ਅਗਲੀਆਂ ਫ਼ੀਸਾਂ, ਉੱਥੇ ਰਹਿਣ ਦਾ ਖ਼ਰਚ ਅਤੇ ਉੱਥੇ ਪੱਕੇ ਹੋਣ ਤੋਂ ਬਾਅਦ ਰੁਜ਼ਗਾਰ ਪ੍ਰਾਪਤ ਕਰਨ ਅਤੇ ਰਹਿਣ ਲਈ ਕੋਈ ਮਕਾਨ ਕਰਾਏ ਉੱਤੇ ਜਾਂ ਮੁੱਲ ਦਾ ਲੈਣ, ਕਾਰ ਆਦਿ ਖ਼ਰੀਦਣ ਲਈ ਹੋਰ ਜ਼ਿਆਦਾ ਪੈਸੇ ਮਾਪਿਆਂ ਤੋਂ ਮੰਗਵਾਏ ਜਾਂਦੇ ਹਨ। ਇਹ ਸਾਰਾ ਵਰਤਾਰਾ ਪੰਜਾਬ ਵਿਚੋਂ ਪੂੰਜੀ-ਹੂੰਝੇ ਨੂੰ ਸਾਹਮਣੇ ਲਿਆਇਆ ਹੈ ਜੋ ਪੰਜਾਬ ਅਤੇ ਪੂਰੇ ਮੁਲਕ ਦੇ ਹੱਕ ਵਿਚ ਨਹੀਂ।

ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਕੇਂਦਰ ਸਰਕਾਰ ਦੁਆਰਾ ਸੂਬਿਆਂ ਵਿਚੋਂ ਇਕੱਠੇ ਕੀਤੇ ਗਏ ਕਰਾਂ ਵਿਚੋਂ 41 ਫ਼ੀਸਦ ਹਿੱਸਾ ਸੂਬਿਆਂ ਨੂੰ ਮਿਲਣਾ ਬਣਦਾ ਹੈ। ਕੇਂਦਰ ਸਰਕਾਰ ਨੇ ਇਨਾਂ ਕਰਾਂ ਵਿਚੋਂ ਆਪਣਾ ਹਿੱਸਾ ਵਧਾਉਣ ਲਈ ਉਪ-ਕਰ ਅਤੇ ਸੈੱਸ ਲਗਾਉਣੇ ਸ਼ੁਰੂ ਕਰ ਦਿੱਤੇ ਹਨ ਜਿਨਾਂ ਤੋਂ ਹੋਣ ਵਾਲੀ ਸਾਰੀ ਆਮਦਨ ਕੇਂਦਰ ਸਰਕਾਰ ਦੀ ਬਣ ਜਾਂਦੀ ਹੈ। ਹਕੀਕਤ ਵਿਚ ਸੂਬਿਆਂ ਵਿਚੋਂ ਇਕੱਠੇ ਕੀਤੇ ਕਰਾਂ ਵਿਚੋਂ ਸੂਬਿਆਂ ਨੂੰ ਸਿਰਫ਼ 29.61 ਫ਼ੀਸਦ ਹਿੱਸਾ ਹੀ ਮਿਲਿਆ ਹੈ। ਪਿਛਲੇ ਕੁਝ ਵਿੱਤ ਕਮਿਸ਼ਨਾਂ ਦੀਆਂ ਸਿਫ਼ਾਰਸ਼ਾਂ ਜਿਹੜੇ ਆਧਾਰਾਂ ਉੱਪਰ ਕੀਤੀਆਂ ਗਈਆਂ ਹਨ, ਉਨਾਂ ਅਨੁਸਾਰ ਪੰਜਾਬ ਨੂੰ ਦਿੱਤਾ ਜਾਂਦਾ ਹਿੱਸਾ ਕਈ ਸੂਬਿਆਂ ਦੇ ਮੁਕਾਬਲੇ ਕਾਫ਼ੀ ਘੱਟ ਰਿਹਾ ਹੈ।

ਪੰਜਾਬ ਦੇ ਆਰਥਿਕ ਮਸਲਿਆਂ ਦੇ ਹੱਲ ਲਈ ਕੇਂਦਰ ਦੀਆਂ ਖੇਤੀਬਾੜੀ, ਉਦਯੋਗਕ ਅਤੇ ਵਿੱਤ ਨੀਤੀਆਂ ਵਿਚ ਵੱਡੀਆਂ ਤਬਦੀਲੀਆਂ ਦੀ ਲੋੜ ਹੈ। ਪੰਜਾਬ ਦੁਆਰਾ ਮੁਲਕ ਦੀ ਆਜ਼ਾਦੀ ਅਤੇ ਅਨਾਜ ਸੁਰੱਖਿਆ ਵਿਚ ਪਾਏ ਯੋਗਦਾਨ ਅਤੇ ਬਾਰਡਰ ਸੂਬਾ ਹੋਣ ਕਰਕੇ ਪੰਜਾਬ ਨੂੰ ਵਿਸ਼ੇਸ਼ ਆਰਥਿਕ ਪੈਕੇਜ ਮਿਲਣਾ ਚਾਹੀਦਾ ਹੈ। ਪੰਜਾਬ ਦੁਆਰਾ ਘਾਟਾ ਝੱਲ ਕੇ ਕੇਂਦਰੀ ਅਨਾਜ ਭੰਡਾਰ ਵਿਚ ਪਾਏ ਯੋਗਦਾਨ ਦਾ ਹਿਸਾਬ ਕਰਕੇ ਬਣਦੀ ਵਿੱਤੀ ਰਾਸ਼ੀ ਪੰਜਾਬ ਨੂੰ ਦੇਣੀ ਬਣਦੀ ਹੈ। ਇਸ ਦੇ ਨਾਲ ਹੀ ਸੂਬਾ ਸਰਕਾਰ ਨੂੰ ਆਪਣੀ ਆਮਦਨ ਵਧਾਉਣ ਲਈ ਤੇਜ਼ੀ ਨਾਲ ਉਪਰਾਲੇ ਕਰਨੇ ਬਣਦੇ ਹਨ। ਜਿਸ ਤਰਾਂ ਪੰਜਾਬ ਸਰਕਾਰ ਨੇ ਵਰਤਮਾਨ ਸਾਲ ਦੌਰਾਨ ਮੂੰਗੀ ਦੀ ਖ਼ਰੀਦ ਘੱਟੋ-ਘੱਟ ਸਮਰਥਨ ਕੀਮਤਾਂ ਉੱਤੇ ਕੀਤੀ ਹੈ ਉਸ ਤਰਾਂ ਹੀ ਆਉਣ ਵਾਲ਼ੇ ਸਮੇਂ ਦੌਰਾਨ ਮੱਕੀ, ਕਪਾਹ-ਨਰਮਾ, ਤੇਲ ਬੀਜਾਂ ਅਤੇ ਕੁਝ ਹੋਰ ਜਿਣਸਾਂ ਦੀ ਖ਼ਰੀਦ ਦੇ ਸਬੰਧ ਵਿਚ ਯਤਨ ਕਰਨੇ ਬਣਦੇ ਹਨ। ਸ਼ਾਮਲਾਟ ਜ਼ਮੀਨਾਂ ਤੋਂ ਕਬਜ਼ੇ ਛੁਡਾਉਣ ਨਾਲ ਪ੍ਰਾਪਤ ਹੋਈ ਜ਼ਮੀਨ ਦਲਿਤਾਂ, ਔਰਤਾਂ ਅਤੇ ਬੇਜ਼ਮੀਨੇ ਕਿਸਾਨਾਂ ਨੂੰ ਬਿਨਾ ਠੇਕਾ ਲਏ ਤੋਂ ਸਹਿਕਾਰੀ ਖੇਤੀਬਾੜੀ ਲਈ ਦੇਣੀ ਬਣਦੀ ਹੈ। ਕਿਸਾਨ ਜੱਥੇਬੰਦੀਆਂ ਦੁਆਰਾ ਕਿਸਾਨਾਂ ਨੂੰ ਸਹਿਕਾਰੀ ਖੇਤੀਬਾੜੀ ਉਤਸ਼ਾਹਤ ਕਰਨਾ ਜ਼ਰੂਰੀ ਹੈ। ਪੰਜਾਬ ਸਰਕਾਰ ਨੂੰ ਸਹਿਕਾਰੀ ਐਗਰੋ-ਪ੍ਰੋਸੈਸਿੰਗ ਉਦਯੋਗਕ ਇਕਾਈਆਂ ਲਾਉਣ ਲਈ ਉਪਰਾਲੇ ਕਰਨ ਦੀ ਲੋੜ ਹੈ ਜਿਸ ਸਦਕਾ ਰੁਜ਼ਗਾਰ ਵਿਚ ਵਾਧਾ ਹੋਵੇਗਾ ਅਤੇ ਮੁੱਲ-ਵਾਧੇ ਦਾ ਫ਼ਾਇਦਾ ਕਿਸਾਨਾਂ ਨੂੰ ਹੋਵੇਗਾ। ਮਜ਼ਦੂਰ ਵਰਗਾਂ ਦੀਆਂ ਆਰਥਿਕ ਸਮੱਸਿਆਵਾਂ ਨੂੰ ਘਟਾਉਣ ਲਈ ਮਗਨਰੇਗਾ ਸਕੀਮ ਨੂੰ ਸੁਚਾਰੂ ਢੰਗ ਨਾਲ਼ ਚਲਾਉਣ ਦੇ ਨਾਲ ਨਾਲ ਉਸ ਵਰਗੀਆਂ ਹੋਰ ਸਕੀਮਾਂ ਚਲਾਉਣੀਆਂ ਚਾਹੀਦੀਆਂ ਹਨ ਜਿਸ ਸਦਕਾ ਸ਼ਹਿਰੀ ਮਜ਼ਦੂਰਾਂ ਨੂੰ ਵੀ ਰਾਹਤ ਮਿਲ ਸਕੇ।

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਅੰਮ੍ਰਿਤਸਰ ਟਾਈਮਜ਼ AMRITSAR TIMES

14 ਸਤੰਬਰ 2022 ਤੋਂ 20 ਸਤੰਬਰ 2022

# ਇਸਾਈ ਸਿੱਖ ਮਸਲਾ

ਪਿਛਲੇ ਮਹੀਨੇ ਤੋਂ ਮਾਝੇ ਦੇ ਇਲਾਕੇ ਵਿਚ ਈਸਾਈ ਕਹਾਉਣ ਵਾਲੇ ਪ੍ਰਚਾਰਕਾਂ ਦੁਆਰਾ ਲੋਕਾਂ ਦਾ ਧਰਮ ਬਦਲੀ ਕਰਵਾਉਣ ਅਤੇ ਇਸ ਦੇ ਸਿੱਟੇ ਵਜੋਂ ਨਿਹੰਗ ਸਿੰਘਾਂ ਦੇ ਨਾਲ ਟਕਰਾਅ ਅਤੇ ਇਸ ਤੋਂ ਬਾਅਦ ਦੋਵੇਂ ਧਿਰਾਂ ਵਲੋਂ ਇੱਕ ਦੂਜੇ ਖਿਲਾਫ ਹੋ ਰਹੀ ਬਿਆਨਬਾਜ਼ੀ ਨਾਲ ਸਬੰਧਿਤ ਖਬਰਾਂ ਨਿੱਤ ਅਖਬਾਰਾਂ ਵਿਚ ਲੱਗਦੀਆਂ ਰਹਿੰਦੀਆਂ ਹਨ। ਪਿਛਲੇ ਦਿਨੀ ਇਸ ਸਬੰਧ ਵਿਚ ਗਿਆਨੀ ਹਰਪ੍ਰੀਤ ਸਿੰਘ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਐਂਗਲੀਕਨ ਚਰਚ ਦੇ ਬਿਸ਼ਪ ਜੌਹਨ ਨਾਲ ਗੱਲਬਾਤ ਕਰਕੇ ਦੋਵਾਂ ਨੇ ਈਸਾਈ ਕਹਾਉਣ ਵਾਲੇ ਇਨਾਂ ਪ੍ਰਚਾਰਕਾਂ ਦੇ ਤਰੀਕੇ ਨੂੰ ਗਲਤ ਦੱਸਿਆ ਸੀ ਅਤੇ ਦੋਵੇ ਪਾਸਿਆਂ ਤੋਂ ਇਸ ਸਬੰਧੀ ਸਰਕਾਰ ਤੋਂ ਇਸ ਤਰਾਂ ਦੇ ਈਸਾਈ ਪ੍ਰਚਾਰਕਾਂ ’ਤੇ ਪਬੰਦੀਆਂ ਲਗਾਉਣ ਦੀ ਮੰਗ ਕੀਤੀ ਗਈ ਸੀ। ਧਰਮ ਬਦਲਾਉਣ ਦੇ ਇਹਨਾਂ ਮਾਮਲਿਆਂ ਦੀ ਚਰਚਾ ਜਿਆਦਾਤਰ ਬਿਜਲ ਸੱਥ (ਸੋਸ਼ਲ ਮੀਡੀਆ) ਤੇ ਹੁੰਦੀ ਹੈ। ਇਸ ਦੇ ਅਸਰ ਵਜੋਂ ਪੰਜਾਬ ਵਿੱਚ ਸਿੱਖਾਂ ਦੀ ਗਿਣਤੀ ਘੱਟ ਜਾਣ, ਈਸਾਈਆਂ ਅਤੇ ਦੂਸਰੇ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਦੀ ਗਿਣਤੀ ਵੱਧ ਜਾਣ ਦਾ ਫਿਕਰ ਸਿੱਖਾਂ ਦੇ ਇੱਕ ਹਿੱਸੇ ਵਿਚ ਕਾਫੀ ਵਧਿਆ ਹੈ। ਜਿਕਰਯੋਗ ਹੈ ਕਿ ਇਹ ਈਸਾਈ ਪ੍ਰਚਾਰਕ ਹਰੇਕ ਸਹਾਇਕ ਤਰੀਕੇ ਰਾਹੀਂ ਆਮ ਲੋਕਾਂ ਨੂੰ ਆਪਣੇ ਵੱਲ ਖਿੱਚਣ ਦਾ ਯਤਨ ਕਰਦੇ ਹਨ, ਜਿਸਨੂੰ ਈਸਾਈਆਂ ਦੀਆਂ ਨਾਮਵਰ ਸੰਸਥਾਵਾਂ ਵੀ ਪ੍ਰਵਾਨਗੀ ਨਹੀਂ ਦਿੰਦੀਆਂ। ਜੋ ਗੱਲ ਜਿਆਦਾ ਫੜੀ ਗਈ ਹੈ ਉਹ ਇਹ ਕਿ ਇਹ ਈਸਾਈ ਕਹਾਉਂਦੇ ਪ੍ਰਚਾਰਕ ਮਜਬੂਰ ਲੋਕਾਂ ਨੂੰ ਲਾਲਚ ਜਾਂ ਸਹੂਲਤਾਂ ਦੇ ਕੇ ਆਪਣੇ ਨਾਲ ਜੋੜਦੇ ਹਨ। ਦੂਸਰਾ ਧੋਖੇ, ਚਮਤਕਾਰ ਰਾਹੀਂ, ਸਕੂਲ ਅਤੇ ਕਾਲਜ ਪੱਧਰ ਤੇ ਸਿੱਖਿਆ ਰਾਹੀ ਆਪਣੇ ਵਿਚ ਰਲਾਉਂਦੇ ਹਨ। ਇਸ ਸਾਰੇ ਮਾਮਲੇ ਤੋਂ ਵੱਡਾ ਹਿੱਸਾ ਜਾਣੂ ਹੈ। ਇਸ ਮਸਲੇ ’ਤੇ ਕੁਝ ਅਜਿਹੇ ਨੁਕਤੇ ਹਨ ਜਿੰਨਾਂ ਦੁਆਲੇ ਗੱਲ ਜਿੰਨੀ ਤੁਰਨੀ ਚਾਹੀਦੀ ਸੀ ਉਨੀ ਤੁਰੀ ਨਹੀਂ।

ਪਹਿਲਾ ਨੁਕਤਾ ਇਹ ਹੈ ਕਿ ਸਿੱਖੀ ਬਖਸ਼ਿਸ਼ ਦੇ ਨਾਲ ਮਿਲਦੀ ਹੈ। ਸਿੱਖੀ ਨਾ ਲਾਲਚ ਨਾਲ ਫੈਲਾਈ ਜਾ ਸਕਦੀ ਹੈ, ਨਾ ਹੀ ਸਿੱਖੀ ਗਿਣਤੀਆਂ ਦੀ ਅਤੇ ਨਾ ਹੀ ਸਹੂਲਤਾਂ ਦੀ ਮੁਹਥਾਜ ਹੈ, ਸੋ ਇਸ ਲਈ ਇਹ ਪਹੁੰਚ ਬਿਲਕੁਲ ਗਲਤ ਹੈ ਕਿ ਜੇਕਰ ਉਹ ਲੋਕਾਂ ਨੂੰ ਲਾਲਚ ਦੇ ਕੇ ਆਪਣੀ ਗਿਣਤੀ ਵਧਾ ਰਹੇ ਹਨ ਤਾਂ ਸਾਨੂੰ ਵੀ ਲੋਕਾਂ ਨੂੰ ਸਹੂਲਤਾਂ ਜਾਂ ਲਾਲਚ ਜਾਂ ਹੋਰ ਕਿਸੇ ਛਲ ਕਪਟ ਨਾਲ ਸਿੱਖੀ ਵੱਲ ਲੈ ਕੇ ਆਉਣਾ ਚਾਹੀਦਾ ਹੈ। ਇਹ ਤਰੀਕਾ ਸਾਡਾ ਨਹੀਂ ਹੈ, ਸਿੱਖੀ ਵਿੱਚ ਦੀਵੇ ਤੋਂ ਦੀਵਾ ਜਗਦਾ ਹੈ, ਜਿਸ ’ਤੇ ਗੁਰੂ ਦੀ ਬਖਸ਼ਿਸ਼ ਹੋਵੇਗੀ ਸਿੱਖੀ ਉਸੇ ਨੂੰ ਹੀ ਪ੍ਰਾਪਤ ਹੋਵੇਗੀ। ਅੱਜ ਜੋ ਲਾਲਚ ਵੱਸ ਕਿਸੇ ਨਾਲ ਜੁੜ ਰਿਹਾ, ਕੱਲ ਨੂੰ ਕਿਸੇ ਵੱਡੇ ਲਾਲਚ ਪਿਛੇ ਉਸ ਤੋਂ ਟੁੱਟ ਵੀ ਜਾਵੇਗਾ।

ਦੂਸਰਾ ਨੁਕਤਾ ਇਹ ਹੈ ਕਿ ਇਹ ਜਿੰਨੇ ਵੀ ਚਮਤਕਾਰਾਂ ਵਾਲੇ ਜੋ ਈਸਾਈ ਪ੍ਰਚਾਰਕ ਕਹਾ ਰਹੇ ਹਨ ਇਹਨਾਂ ਪਿੱਛੇ ਬਿਨਾਂ ਸ਼ੱਕ ਸਟੇਟ ਅਤੇ ਆਰ.ਐੱਸ.ਐੱਸ ਹੈ। ਇਹ ਅਸਲ ਚਰਚਾਂ ਦੇ ਨੁਮਾਇੰਦੇ ਨਹੀਂ ਹਨ, ਸਗੋਂ ਉਨਾਂ ਦੇ ਨੁਮਾਇੰਦੇ ਤਾਂ ਇਨਾਂ ਨੂੰ ਖੁਦ ਨਕਲੀ ਦੱਸ ਰਹੇ ਹਨ ਅਤੇ ਇਸ ਸਭ ਦਾ ਉਹ ਵੀ ਵਿਰੋਧ ਕਰ ਰਹੇ ਹਨ। ਹਕੂਮਤ ਚਾਹੇ ਕੋਈ ਵੀ ਸਾਜਿਸ਼, ਛਲ ਕਪਟ ਘੜ ਲਵੇ, ਜੇਕਰ ਸਿੱਖ ਸੰਗਤ ਆਪਣਾ ਭਰੋਸਾ ਗੁਰੂ ’ਤੇ ਅਡੋਲ ਰੱਖਦੀ ਹੈ, ਅਤੇ ਹਰੇਕ ਮਸਲੇ ਵਿਚ ਸੁਚੇਤ ਰਹਿੰਦੀ ਹੈ ਤਾਂ ਦੁਨੀਆਂ ਦੀ ਕੋਈ ਵੀ ਤਾਕਤ ਸਿੱਖੀ ਨੂੰ ਖੋਰਾ ਨਹੀਂ ਲਾ ਸਕਦੀ।

ਤੀਸਰਾ ਨੁਕਤਾ ਇਹ ਹੈ ਕਿ ਜਿੰਨੇ ਸਿੱਖ (ਦਿਸਦੇ ਰੂਪ ਵਿੱਚ) ਇਸ ਪਾਸੇ ਜਾ ਰਹੇ ਹਨ ਉਨਾਂ ਬਾਰੇ ਸਾਨੂੰ ਜ਼ਰੂਰ ਵੇਖਣਾ ਚਾਹੀਦਾ ਹੈ ਕਿ ਉਹ ਕੌਣ ਲੋਕ ਹਨ। ਅਸਲ ਵਿੱਚ ਉਹ ਓਹੀ ਲੋਕ ਹਨ ਜਿਹੜੇ ਡੇਰਾਵਾਦ ਨੂੰ ਮੰਨਦੇ ਹਨ, ਜਿਨਾਂ ਵਿੱਚ ਸਰਸੇ ਵਾਲੇ ਦੇ ਚੇਲੇ, ਨੂਰ ਮਹਿਲੀਏ ਦੇ ਚੇਲੇ, ਰਾਧਾ ਸੁਆਮੀ ਦੇ ਚੇਲੇ ਜਾਂ ਕਬਰਾਂ ’ਤੇ ਮੱਥੇ ਟੇਕਣ ਵਾਲੇ ਆਦਿ ਲੋਕ ਸ਼ਾਮਲ ਹਨ। ਬਹੁਤਾਤ ਇਨਾਂ ਲੋਕਾਂ ਦੀ ਹੀ ਹੈ, ਇਨਾਂ ਵਿੱਚ ਪੱਗਾਂ ਵਾਲੇ ਵੀ ਹਨ, ਦਾਹੜੀਆਂ ਵਾਲੇ ਵੀ ਹਨ, ਬਸ ਇਨਾਂ ਦੀ ਦਿੱਖ ਹੀ ਸਿੱਖਾਂ ਵਾਲੀ ਹੈ, ਪਰ ਇਹ ਸਿੱਖ ਨਹੀਂ ਹਨ। ਉਨਾਂ ਦੀਆਂ ਤਸਵੀਰਾਂ/ਵੀਡਿਓ ਵਿਖਾ ਕੇ ਸਿੱਖਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸਭ ਦੇ ਬਹਾਨੇ ਸਿੱਖਾਂ ਨੂੰ ਦੁਨੀਆਂ ਭਰ ਵਿੱਚ ਈਸਾਈਅਤ ਵਿਰੋਧੀ ਦਿਖਾ ਕੇ ਸਿੱਖਾਂ ਅਤੇ ਈਸਾਈਆਂ ਦਾ ਦੁਨੀਆਂ ਪੱਧਰ ’ਤੇ ਟਕਰਾਅ ਕਰਵਾਉਣ ਦੇ ਯਤਨ ਕੀਤੇ ਜਾ ਰਹੇ ਹਨ।

ਇੱਕ ਨੁਕਤਾ ਇਹ ਹੈ ਕਿ ਜੇਕਰ ਫਿਰ ਵੀ ਸਾਨੂੰ ਲਗਦਾ ਹੈ ਕਿ ਇਹ ਅਸਲ ਈਸਾਈ ਹਨ ਜੋ ਆਪਣੇ ਪੈਰ ਪਸਾਰ ਰਹੇ ਹਨ, ਫਿਰ ਉਨਾਂ ਦਾ ਮੁਕਾਬਲਾ ਕਿਸ ਤਰਾਂ ਕਰਨਾ ਹੈ ? ਉਨਾਂ ਦੇ ਪਿੱਛੇ ਉਨਾਂ ਦੀਆਂ ਸੰਸਥਾਵਾਂ ਖੜੀਆਂ ਹਨ। ਸੰਸਥਾਵਾਂ ਦਾ ਮੁਕਾਬਲਾ ਸੰਸਥਾਵਾਂ ਨਾਲ ਹੀ ਹੋ ਸਕਦਾ ਹੈ। ਸਿੱਖਾਂ ਦੀਆਂ ਸੰਸਥਾਵਾਂ ਅੱਜ ਸਿੱਧੇ-ਅਸਿੱਧੇ ਤਰੀਕੇ ਗਲਤ ਹੱਥਾਂ ਵਿੱਚ ਹਨ, ਉਹ ਸਿੱਖਾਂ ਦੀਆਂ ਭਾਵਨਾਵਾਂ ਅਨੁਸਾਰ ਕੰਮ ਨਹੀਂ ਕਰ ਰਹੀਆਂ। ਸੋ ਸਾਨੂੰ ਆਪਣੀਆਂ ਸੰਸਥਾਵਾਂ ਆਜ਼ਾਦ ਕਰਵਾਉਣ ਦੀ ਲੋੜ ਹੈ ਅਤੇ ਨਵੀਆਂ ਸੰਸਥਾਵਾਂ ਜੋ ਗੁਰਮਤਿ ਅਨੁਸਾਰੀ ਹੋਣ, ਸਾਡੀ ਰਵਾਇਤ ਅਨੁਸਾਰ ਹੋਣ ਉਹ ਬਣਾਉਣ ਦੀ ਲੋੜ ਹੈ।

ਸਿੱਖ ਰਾਜ ਜਾਣ ਤੋਂ ਬਾਅਦ ਈਸਾਈ ਮਿਸ਼ਨਰੀਆਂ ਦੁਆਰਾ ਅਮ੍ਰਿਤਸਰ, ਲਾਹੌਰ, ਸਿਆਲਕੋਟ ਕਿੰਨੇ ਹੀ ਇਲਾਕਿਆਂ ਵਿਚ ਈਸਾਈ ਸਕੂਲ ਅਤੇ ਚਰਚਾਂ ਸਥਾਪਤ ਕਰਕੇ ਬੜੇ ਜ਼ੋਰ ਨਾਲ ਈਸਾਈ ਧਰਮ ਦਾ ਪ੍ਰਚਾਰ ਕੀਤਾ ਗਿਆ ਸੀ ਅਤੇ ਨਤੀਜਨ ਸਿੱਖਾਂ ਦੀ ਗਿਣਤੀ ਦਿਨੋਂ ਦਿਨ ਘੱਟਦੀ ਗਈ। ਇਥੋਂ ਤੱਕ ਕਿ ਸਿੱਖ ਮਹਾਰਾਜਾ ਦਲੀਪ ਸਿੰਘ, ਕਪੂਰਥਲਾ ਰਿਆਸਤ ਦੇ ਰਾਜਕੁਮਾਰ, ਸਕੂਲਾਂ ਵਿਚ ਪੜਦੇ ਵਿਦਿਆਰਥੀ ਵੀ ਈਸਾਈ ਸਿੱਖਿਆ ਤੇ ਉਨਾਂ ਦੀ ਸੰਗਤ ਕਰਕੇ ਈਸਾਈ ਬਣ ਗਏ ਸੀ। ਇਸ ਬਾਰੇ ਅੰਗਰੇਜ਼ੀ ਦੇ ਅਖਬਾਰ ਵਿਚ ਛਪੀ ਇੱਕ ਰਿਪੋਰਟ ਵਿਚ ਅੰਦਾਜ਼ਾ ਲਗਾਇਆ ਗਿਆ ਸੀ ਕਿ ਸਿੱਖਾਂ ਦੀ ਗਿਣਤੀ ਜੇਕਰ ਇਸੇ ਰਫ਼ਤਾਰ ਨਾਲ ਘੱਟਦੀ ਗਈ ਤਾਂ ਜਿਵੇਂ ਬੋਧੀਆਂ ਦੇ ਦਰਸ਼ਨ ਤਸਵੀਰਾਂ ਵਿਚ ਹੀ ਹੁੰਦੇ ਹਨ। ਸਿੱਖ ਵੀ ਤਸਵੀਰਾਂ ਵਿਚ ਹੀ ਨਜ਼ਰ ਆਉਣਗੇ। ਪਰ ਉਸ ਵੇਲੇ ਦੇ ਸਿੱਖਾਂ ਨੇ ਮਿਲ ਬੈਠ ਵਿਚਾਰਾਂ ਕੀਤੀਆਂ ਅਤੇ ਇਸ ਵਿਚੋਂ ਸਿੰਘ ਸਭਾ ਲਹਿਰ ਦਾ ਜਨਮ ਹੋਇਆ ਜਿਸ ਨੇ ਈਸਾਈਆਂ ਵਲੋਂ ਖੜੀ ਕੀਤੀ ਚੁਣੌਤੀ ਨਾਲ ਵੀ ਨਜਿੱਠਿਆ ਅਤੇ ਆਰੀਆ ਸਮਾਜੀ ਅਤੇ ਮਹੰਤਾਂ ਦੇ ਕੂੜ ਪ੍ਰਚਾਰ, ਗੁਰੂਘਰਾਂ ਵਿਚੋਂ ਬਿਪਰ ਕੁਰਹਿਤਾਂ ਨੂੰ ਵੀ ਠੱਲ ਪਾਈ। ਸਿੰਘ ਸਭਾ ਦੇ ਸਿੰਘਾਂ ਦਾ ਪ੍ਰਚਾਰ ਕਰਨ ਦਾ ਤਰੀਕਾ ਸਿੱਖਾਂ ਵਲੋਂ ਜਾਨਣਾ ਜ਼ਰੂਰੀ ਹੈ। ਉਨਾਂ ਨੇ ਸਿੱਖੀ ਦਾ ਪ੍ਰਚਾਰ ਕੀਤਾ ਪਰ ਕਿਸੇ ਵੀ ਤਰਾਂ ਈਸਾਈਅਤ ਨੂੰ ਨੀਵਾਂ ਨਹੀਂ ਦਿਖਾਇਆ।

ਬਿਪਤਾਵਾਂ ਸਦਾ ਹੀ ਜਿਉਂਦੀਆਂ ਕੌਮਾਂ ਨਾਲ ਪਰਛਾਵਿਆਂ ਦੀ ਤਰਾਂ ਚੱਲਦੀਆਂ ਹਨ। ਜਿਵੇਂ ਗੁਰੂ ਨਾਨਕ ਸਾਹਿਬ ਨੇ ਸਿਧਾਂ ਪਾਸ ਫੁਰਮਾਇਆ ਸੀ ਕਿ ਉਨਾਂ ਦੀ ਟੇਕ ਗੁਰਬਾਣੀ ਗੁਰਸੰਗਤ ਹੈ। ਮੌਜੂਦਾ ਦਰਪੇਸ਼ ਪ੍ਰਚਾਰ ਹਮਲੇ ਦਾ ਹੱਲ ਵੀ ਇਸੇ ਗੁਰਮਿਤ ਜੁਗਤ ਵਿਚੋਂ ਨਿਕਲ ਸਕਦਾ ਹੈ।

# ਇੰਡੋ-ਪੈਸੀਫਿਕ ਖਿੱਤੇ ਵਿਚ ਵਧ ਰਹੀ ਤਾਨਾਸ਼ਾਹੀ



ਰਣਜੀਤ ਸਿੰਘ ਕੁਕੀ

ਅੱਜ ਦੇ ਭੂ-ਰਾਜਨੀਤਿਕ ਮੁਕਾਬਲੇਬਾਜ਼ੀ ਵਿਚ ਮੁਕਾਬਲਾ ਇਸ ਗੱਲ ਦਾ ਹੈ ਕਿ ਸੱਤਾ ਦਾ ਕਿਹੜਾ ਮਾਡਲ ਨਾਗਕਿਰਾਂ ਦੀਆਂ ਲੋੜਾਂ ਅਤੇ ਸਮਰੱਥਾਵਾਂ ਉੱਪਰ ਖਰਾ ਉਤਰਦਾ ਹੈ। ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਦੇ ਨੇਤਾਵਾਂ ਨੇ ਗਲੋਬਲ ਲੋਕਤੰਤਰਿਕ ਮੰਦਵਾੜੇ ਅਤੇ ਗਲੋਬਲ ਪੱਧਰ ’ਤੇ ਤਾਨਾਸ਼ਾਹੀ ਦੇ ਉਭਾਰ ਉੱਪਰ ਚਿੰਤਾ ਜ਼ਾਹਿਰ ਕੀਤੀ ਹੈ। ਇਸ ਤਰਾਂ ਦੇ ਰੁਝਾਨਾਂ ਦਾ ਜਵਾਬ ਦੇਣ ਲਈ ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜੋਹਨਸਨ ਨੇ ਡੀ-10 ਗਰੁੱਪ ਬਣਾਉਣ ਦਾ ਪ੍ਰਸਤਾਵ ਰੱਖਿਆ ਜਿਸ ਵਿਚ ਆਸਟ੍ਰੇਲੀਆ, ਭਾਰਤ ਅਤੇ ਦੱਖਣੀ ਕੋਰੀਆ ਦੇ ਨਾਲ-ਨਾਲ ਜੀ-7 ਦੇਸ਼ਾਂ ਦੇ ਮੈਂਬਰ ਸ਼ਾਮਿਲ ਹੋਣਗੇ। ਹਾਲੀਆ ਸਮੇਂ ਵਿਚ ਛਪੇ ਨਾਟੋ-2030 ਸਫੈਦ ਪੱਤਰ ਵਿਚ ਵੀ ਕਿਹਾ ਗਿਆ ਹੈ ਕਿ ਲੋਕਤੰਤਰਿਕ ਲਚਕੀਲੇਪਣ ਉੱਪਰ ਮਿਲ ਕੇ ਧਿਆਨ ਦੇਣਾ ਚਾਹੀਦਾ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਵਾਅਦਾ ਕੀਤਾ ਹੈ ਕਿ ਲੋਕਤੰਤਰੀ ਕਦਰਾਂ-ਕੀਮਤਾਂ ਦੀ ਰਾਖੀ ਕਰਨਾ ਹੀ ਉਸ ਦੀ ਵਿਦੇਸ਼ ਨੀਤੀ ਦਾ ਮੁੱਖ ਉਦੇਸ਼ ਰਹੇਗਾ। ਆਪਣੇ ਕਾਰਜਕਾਲ ਦੇ ਪਹਿਲੇ ਵਰੇ ਉਸ ਨੇ ‘ਲੋਕਤੰਤਰ ਲਈ ਸਿਖਰ ਸੰਮੇਲਨ’ ਬੁਲਾਇਆ ਜਿਸ ਦਾ ਉਦੇਸ਼ ਭ੍ਰਿਸ਼ਟਾਚਾਰ, ਤਾਨਾਸ਼ਾਹੀ ਦਾ ਵਿਰੋਧ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨਾ ਸੀ। ਗਲੋਬਲ ਪੱਧਰ ਉੱਤੇ ਲੋਕਤੰਤਰ ਨੂੰ ਮਜਬੂਤ ਕਰਨਾ ਮਹਿਜ਼ ਪੱਛਮੀ ਪ੍ਰੋਜੈਕਟ ਨਹੀਂ ਹੈ। ਲੋਕਤੰਤਰ ਅਤੇ ਤਾਨਾਸ਼ਾਹੀ ਵਿਚਕਾਰ ਆਪਸੀ ਕਸ਼ਮਕਸ਼ ਵਿਚ ਇੰਡੋ-ਪੈਸੀਫਿਕ ਖੇਤਰ ਜਿਆਦਾ ਮਹੱਤਵਪੂਰਨ ਭੂਮਿਕਾ ਅਦਾ ਕਰ ਸਕਦਾ ਹੈ।

ਇਸ ਖਿੱਤੇ ਵਿਚ ਵਿਸ਼ਵ ਦੀਆਂ ਸਭ ਤੋਂ ਵੱਡੇ ਅਤੇ ਆਰਥਿਕ ਰੂਪ ਵਿਚ ਗਤੀਸ਼ੀਲ ਲੋਕਤੰਤਰ ਸ਼ਾਮਿਲ ਹਨ।ਇਸ ਵਿਚ ਨੌਜਵਾਨ ਅਬਾਦੀ ਦੀ ਗਿਣਤੀ ਮੁਕਾਬਲਤਨ ਜਿਆਦਾ ਹੋਣ ਕਰਕੇ ਇਹ ਖਿੱਤਾ ਲਗਾਤਾਰ ਤਬਦੀਲ ਹੋ ਰਿਹਾ ਹੈ।ਪੂਰੇ ਵਿਸ਼ਵ ਦੀ ਪੰਜਾਹ ਪ੍ਰਤੀਸ਼ਤ ਅਬਾਦੀ ਏਸ਼ੀਆ ਵਿਚ ਰਹਿੰਦੀ ਹੈ। 1990ਵਿਆਂ ਅਤੇ 90ਵਿਆਂ ਵਿਚ ਹੋਏ ਲੋਕਤੰਤਰੀਕਰਨ ਨੇ ਇਸ ਖਿੱਤੇ ਦਾ ਰੁਝਾਨ ਅਣਉਦਾਰਵਾਦੀ ਅਤੀਤ ਵਲੋਂ ਮੋੜ ਕੇ ਲੋਕਤੰਤਰੀ ਉਮੀਦਾਂ ਵੱਲ ਕਰ ਦਿੱਤਾ।ਹਾਲੀਆਂ ਵਰਿਆਂ ਵਿਚ ਲੋਕਤੰਤਰੀ ਕਦਰਾਂ-ਕੀਮਤਾਂ ਦੇ ਮੁੜ-ਪਤਨ ਨੇ ਰਾਜਨੀਤਿਕ ਲਹਿਰਾਂ ਨੂੰ ਉਲਟੀ ਦਿਸ਼ਾ ਵੱਲ ਮੋੜ ਦਿੱਤਾ ਹੈ ਜਿਸ ਨਾਲ ਅਣਉਦਾਰਵਾਦੀ ਰੁਝਾਨ ਸਾਹਮਣੇ ਆਏ ਹਨ ਅਤੇ ਕਈ ਮਾਮਲਿਆਂ ਵਿਚ ਤਾਨਾਸ਼ਾਹੀ ਦਾ ਉਭਾਰ ਦੇਖਿਆ ਗਿਆ ਹੈ।

ਬਰੂਕਿੰਗਜ਼ ਸੰਸਥਾ ਨੇ ਏਸ਼ੀਆ ਵਿਚ ਲੋਕਤੰਤਰੀ ਸ਼ਾਸਨ ਦੀ ਸਥਿਤੀ ਜਾਣਨ ਲਈ ਇਕ ਵਰੇ ਦਾ ਪ੍ਰੋਜੈਕਟ ਸ਼ੁਰੂ ਕੀਤਾ। ਇਸ ਦਾ ਮਨੋਰਥ ਏਸ਼ੀਅਨ ਲੋਕਤੰਤਰੀ ਦੇਸ਼ਾਂ ਵਿਚ ਨਾਕਾਰਤਮਕ ਅਤੇ ਸਾਕਾਰਤਮਕ ਰੁਝਾਨਾਂ ਦਾ ਅਧਿਐਨ ਕਰਨਾ ਸੀ ਅਤੇ ਉਨਾਂ ਚਿੰਨਾਂ ਦੀ ਨਿਸ਼ਾਨਦੇਹੀ ਕਰਨਾ ਸੀ ਜਿਸ ਰਾਹੀ ਲੋਕਤੰਤਰ ਨੂੰ ਮਜਬੂਤ ਬਣਾਇਆ ਜਾ ਸਕਦਾ ਸੀ। ਜਿਸ ਤਰੀਕੇ ਨਾਲ ਦੇਸ਼ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਤਵੱਜੋ ਦਿੰਦੇ ਹਨ, ਉਸ ਵਿਚ ਵਿਭਿੰਨਤਾ ਹੋਣਾ ਇਹ ਦਰਸਾਉਂਦਾ ਹੈ ਕਿ ਏਸ਼ੀਆ ਦੇ ਲੋਕ ਇਕ ਲੋਕਤੰਤਰ ਵਿਚ ਕੀ ਸਭ ਤੋਂ ਮਹੱਤਵਪੂਰਨ ਹੈ ਇਸ ਬਾਰੇ ਵੀ ਆਪਣੀ ਵੱਖ-ਵੱਖ ਰਾਇ ਰੱਖਦੇ ਹਨ। ਉਦਾਹਰਣ ਵਜੋਂ ਜਪਾਨ ਵਿਚ ਸਿਰਫ 18 ਪ੍ਰਤੀਸ਼ਤ ਲੋਕਾਂ ਨੇ ਧਰਮ ਦੀ ਅਜ਼ਾਦੀ ਨੂੰ ਸਭ ਤੋਂ ਮਹੱਤਵਪੂਰਨ ਦੱਸਿਆ ਜਦੋਂ ਕਿ ਭਾਰਤ ਅਤੇ ਇੰਡੋਨੇਸ਼ੀਆ ਵਿਚ ਅੱਸੀ ਪ੍ਰਤੀਸ਼ਤ ਲੋਕਾਂ ਨੇ ਇਸ ਪ੍ਰਤੀ ਹਾਂ-ਪੱਖੀ ਹੁੰਗਾਰਾ ਦਿੱਤਾ। ਇਸੇ ਤਰਾਂ ਹੀ ਪੰਜਾਹ ਪ੍ਰਤੀਸ਼ਤ ਤੋਂ ਵੀ ਘੱਟ ਲੋਕਾਂ ਨੇ ਮੀਡੀਆ ਦੀ ਅਜ਼ਾਦੀ, ਨਾਗਰਿਕ ਸਮਾਜ ਦੀ ਅਜ਼ਾਦੀ ਅਤੇ ਵਿਰੋਧੀ ਪਾਰਟੀਆਂ ਦੀ ਅਜ਼ਾਦੀ ਨੂੰ ਤਵੱਕੋ ਦਿੱਤੀ। ਵਿਅਕਤੀਗਤ ਅਤੇ ਨਾਗਰਿਕ ਅਧਿਕਾਰਾਂ ਉੱਪਰ ਪਾਬੰਦੀਆਂ ਆਇਤ ਕਰਨ ਲਈ ਜਨਵਾਦੀ ਨੇਤਾਵਾਂ ਨੂੰ ਰਾਜਨੀਤਿਕ ਕੀਮਤ ਘੱਟ ਹੀ ਚੁਕਾਉਣੀ ਪੈਂਦੀ ਹੈਇੰਡੋਨੇਸ਼ੀਅਨ ਲੋਕਤੰਤਰ ਬਾਰੇ ਹੋਏ ਇਕ ਅਧਿਐਨ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਜਿਆਦਾਤਰ ਇੰਡੋਨੇਸ਼ੀਅਨ ਲੋਕਾਂ ਲਈ ਆਰਥਿਕ ਵਿਕਾਸ ਲੋਕਤੰਤਰੀ ਦੀ ਪ੍ਰਗਤੀ ਨੂੰ ਰੋਕਦਾ ਹੈ।ਇਸ ਤੋਂ ਇਹ ਪਤਾ ਚੱਲਦਾ ਹੈ ਕਿ ਜ਼ਰਾ ਜਿਹੀ ਮੁਸੀਬਤ ਦੀ ਸਥਿਤੀ ਵਿਚ ਲਗਭਗ ਸਾਰੇ ਹੀ ਇੰਡੋਨੇਸ਼ੀਅਨ ਆਰਥਿਕ ਤਰੱਕੀ ਲਈ ਆਪਣੇ ਲੋਕਤੰਤਰੀ ਅਧਿਕਾਰਾਂ ਨੂੰ ਛੱਡਣ ਲਈ ਤਿਆਰ ਹੋ ਜਾਣਗੇ। ਬਹੁਤ ਸਾਰੇ ਅਧਿਐਨਾਂ ਵਿਚ ਗਲੋਬਲ ਪੱਧਰ ਉੱਪਰ ਲੋਕਤੰਤਰੀ ਮੰਦਵਾੜੇ ਦੀ ਗੱਲ ਸਾਹਮਣੇ ਆਈ ਹੈ। ਪੱਛਮੀ ਲੋਕਤੰਤਰਾਂ, ਖਾਸ ਕਰਕੇ ਅਮਰੀਕਾ, ਦੀ ਅਸੰਤੁਸ਼ਟ ਕਾਰਗੁਜ਼ਾਰੀ ਨੇ ਇਸ ਲੋਕਤੰਤਰੀ ਮੰਦਵਾੜੇ ਨੂੰ ਹੋਰ ਜਿਆਦਾ ਵਧਾਇਆ ਹੈ। ਏਸ਼ੀਅਨ ਦੇਸ਼ ਆਰਥਿਕ ਪੱਖੋਂ ਭਾਵੇਂ ਅਮੀਰ ਹੋਏ ਹਨ, ਪਰ ਇੱਥੇ ਨਾਬਰਾਬਰੀ ਲਗਾਤਾਰ ਵਧ ਰਹੀ ਹੈ।

ਏਸ਼ੀਅਨ ਵਿਕਾਸ ਬੈਂਕ ਦੁਆਰਾ ਕਰਵਾਈ ਗਈ ਇਕ ਖੋਜ ਤੋਂ ਪਤਾ ਚੱਲਦਾ ਹੈ ਕਿ ਪਿਛਲੇ ਦੋ ਦਹਾਕਿਆਂ ਵਿਚ ਖੇਤਰੀ ਨਾਬਰਾਬਰੀ 42 ਪ੍ਰਤੀਸ਼ਤ ਤੱਕ ਵਧ ਗਈ ਹੈ ਅਤੇ ਇਹ ਲਗਾਤਾਰ ਵਧ ਰਹੀ ਹੈ ਜਿਸ ਨੇ ਅਫਰੀਕਾ ਅਤੇ ਲੈਟਿਨ ਅਮਰੀਕਾ ਨੂੰ ਵੀ ਪਿੱਛੇ ਛੱਡ ਦੇਣਾ ਹੈ।ਬਹੁਤ ਸਾਰੇ ਦੇਸ਼ਾਂ ਵਿਚ ਕੁਲੀਨ ਭ੍ਰਿਸ਼ਟਾਚਾਰ ਵੀ ਚਿੰਤਾ ਦਾ ਵਿਸ਼ਾ ਹੈ ਜਿਸ ਨੇ ਸਰਕਾਰਾਂ ਦੇ ਤਖਤੇ ਪਲਟ ਕੀਤੇ ਹਨ ਅਤੇ ਮਲੇਸ਼ੀਆ ਅਤੇ ਦੱਖਣੀ ਕੋਰੀਆ ਜਿਹੇ ਦੇਸ਼ਾਂ ਵਿਚ ਗ੍ਰਿਫਤਾਰੀਆਂ ਹੋਈਆਂ ਹਨ।ਮਲੇਸ਼ੀਆ ਦੇ ਸਾਬਕਾ ਪ੍ਰਧਾਨ ਮੰਤਰੀ ਨਜੀਬ ਰਜ਼ਾਕ ਦੀ ਭ੍ਰਿਸ਼ਟਾਚਾਰੀ ਦੇ ਦੋਸ਼ਾਂ ਹੇਠ ਗ੍ਰਿਫਤਾਰੀ ਤੋਂ ਬਾਅਦ ਵੀ ਉਸ ਦੀ ਲੋਕਪ੍ਰਿਯਤਾ ਨੇ ਦੇਸ਼ ਦੇ ਰਾਜਨੀਤਿਕ ਏਜੰਡੇ ਨੂੰ ਖੁੰਡਾ ਕਰ ਦਿੱਤਾ ਹੈ ਅਤੇ ਉੱਥੇ ਅਰਥਪੂਰਨ ਸੁਧਾਰ ਲਾਗੂ ਕਰਨਾ ਮੁਸ਼ਕਿਲ ਕਰ ਦਿੱਤਾ ਹੈ। ਕੋਰੀਅਨ ਵਿਦਵਾਨ ਜੁੰਗ ਐਚ ਪਾਕ ਨੇ ਕੋਰੀਆ ਨੂੰ ਲੈ ਕੇ ਵੀ ਇਹੀ ਖਦਸ਼ੇ ਜ਼ਾਹਿਰ ਕੀਤੇ ਹਨ। ਉਹ ਲਿਖਦਾ ਹੈ ਕਿ ਸਟੇਟ ਅਤੇ ਇਸ ਦੇ ਭਾਈਵਾਲਾਂ ਦੀ ਆਪਸੀ ਜੁੱਟਬੰਦੀ ਕਰਕੇ ਪ੍ਰਸ਼ਾਸਨ ਨੇ ਲੋਕਾਂ ਲਈ ਸੁਧਾਰ ਕਰਨ ਦੀ ਇੱਛਾ ਨੂੰ ਸੀਮਿਤ ਕਰ ਦਿੱਤਾ ਹੈ। ਇਸ ਨੇ ਕੁਲੀਨ ਸਰਕਾਰਾਂ ਪ੍ਰਤੀ ਲੋਕਾਂ ਦੀ ਬੇਭਰੋਸਗੀ ਨੂੰ ਵਧਾਇਆ ਹੈ ਅਤੇ ਲੋਕਤੰਤਰੀ ਸੰਸਥਾਵਾਂ ਦੀ ਵੈਧਤਾ ਨੂੰ ਵੀ ਘੱਟ ਕੀਤਾ ਹੈ। ਰਾਜਨੀਤਿਕ ਵਰਗਾਂ ਪ੍ਰਤੀ ਨਿਰਾਸ਼ਤਾ ਵਿਚੋਂ ਹੀ ਫਿਲੀਪਨ ਦੇ ਰਾਸ਼ਟਰਪਤੀ ਰੋਡਰਿਗੋ ਡਿਊਰੈਟ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਇੰਡੋਨੇਸ਼ੀਆ ਦੇ ਰਾਸ਼ਟਰਪਤੀ ਜੋਕੋ ਵੀਦੋਦੋ ਜਿਹੇ ਜਨਵਾਦੀ ਨੇਤਾਵਾਂ ਦਾ ਉਭਾਰ ਹੋਇਆ ਹੈ ਜਿਨਾਂ ਨੇ ਸੱਤਾ ਉੱਪਰ ਆਪਣੇ ਆਪ ਨੂੰ ਕਾਬਜ਼ ਕਰਨ ਲਈ ਲੋਕਤੰਤਰੀ ਸੰਸਥਾਵਾਂ ਨੂੰ ਹੋਰ ਜਿਆਦਾ ਕਮਜ਼ੋਰ ਕੀਤਾ ਹੈ।

ਬਹੁਤ ਸਾਰੇ ਏਸ਼ੀਆਈ ਲੋਕਤੰਤਰਾਂ ਵਿਚ, ਜਿਵੇਂ ਭਾਰਤ, ਧਾਰਮਿਕ, ਜਾਤੀ ਅਤੇ ਰਾਜਨੀਤਿਕ ਅਧਾਰ ਤੇ ਗੁੱਟਬੰਦੀ ਵਧ ਗਈ ਹੈ।ਇਸ ਰਾਜਨੀਤਿਕ ਵਿਵਸਥਾ ਦਾ ਬਹੁਗਿਣਤੀ ਅਧਾਰਿਤ ਚਰਿੱਤਰ ਰਾਜਨੀਤਿਕ ਗੁੱਟਬੰਦੀ ਲਈ ਢਾਂਚਾ ਤਿਆਰ ਕਰਦਾ ਹੈ।ਇਸ ਤਰਾਂ ਦੀ ਸਥਿਤੀ ਨੇ ਸਰਕਾਰ ਦੇ ਪ੍ਰਭਾਵ ਨੂੰ ਘੱਟ ਕੀਤਾ ਹੈ ਬਲਕਿ ਮਹੱਤਵਪੂਰਨ ਨੀਤੀ ਮਸਲਿਆਂ ਉੱਪਰ ਅਨਿਯਮਤ ਅਤੇ ਡਾਵਾਂਡੋਲ ਸਥਿਤੀ ਪੈਦਾ ਕੀਤੀ ਹੈ। ਸਾਰੇ ਹੀ ਇੰਡੋ-ਪੈਸੀਫਿਕ ਖਿੱਤੇ ਵਿਚ ਇਕ ਚਿੰਤਾਜਨਕ ਰੁਝਾਨ ਵਿਅਕਤੀਗਤ ਅਤੇ ਨਾਗਰਿਕ ਅਜ਼ਾਦੀ ਉੱਪਰ ਪਾਬੰਦੀ ਲਗਾਉਣਾ, ਅਸੈਂਬਲ਼ੀ ਦੀ ਅਜ਼ਾਦੀ ਘਟਾਉਣਾ, ਨਾਗਰਿਕ ਸਮਾਜ ਦੀਆਂ ਸੰਸਥਾਵਾਂ, ਧਾਰਮਿਕ ਸੰਸਥਾਵਾਂ ਅਤੇ ਪ੍ਰੈਸ ਦੀ ਅਜ਼ਾਦੀ ਉੱਪਰ ਪਾਬੰਦੀ ਲਗਾਉਣਾ ਹੈ। ਰਿਪੋਰਟਜ਼ ਵਿਦਾਊਟ ਬਾਰਡਰਜ਼ ਨੇ ਇਸ ਖਿਤੇ ਵਿਚ ਮੀਡੀਆ ਉੱਪਰ ਵਧਦੀਆਂ ਪਾਬੰਦੀਆਂ, ਸੈਂਸਰਸ਼ਿਪ, ਅਜ਼ਾਦ ਮੀਡੀਆ ਘਰਾਂ ਉੱਪਰ ਪਾਬੰਦੀ ਅਤੇ ਰਿਪੋਰਟਜ਼ ਦੇ ਵਿਰੁੱਧ ਹਿੰਸਾ ਬਾਰੇ ਗੱਲ ਕੀਤੀ ਹੈ। ਨੌਂ ਏਸ਼ੀਆਈ ਲੋਕਤੰਤਰੀ ਦੇਸ਼ਾਂ ਦਾ ਅਧਿਐਨ ਵੀ ਇਸੇ ਤਰਾਂ ਦੇ ਰੁਝਾਨਾਂ ਨੂੰ ਦਿਖਾਉਂਦਾ ਹੈ ਜਿਸ ਵਿਚ ਗੈਰ-ਸਰਕਾਰੀ ਸੰਸਥਾਵਾਂ ਲਈ ਨਵੇਂ ਕਾਨੂੰਨ, ਸਥਾਨਕ ਕਾਰਕੁੰਨਾਂ ਦੀ ਗ੍ਰਿਫਤਾਰੀ ਅਤੇ ਬੋਲਣ ਦੀ ਅਜ਼ਾਦੀ ਉੱਪਰ ਪਾਬੰਦੀਆਂ ਸ਼ਾਮਿਲ ਹਨ। ਪਰ ਇਹ ਸਾਰੇ ਰੁਝਾਨ ਹੁਣ ਇੰਨੇ ਵੀ ਨਵੇਂ ਨਹੀਂ ਰਹੇ ਹਨ ਅਤੇ ਸਰਕਾਰਾਂ ਪਹਿਲਾਂ ਦੀ ਤਰਾਂ ਹੀ ਆਪਣੀ ਪੁਜ਼ੀਸ਼ਨ ਬਣਾਈ ਰੱਖਣ ਲਈ ਸੌੜੀਆਂ ਨੀਤੀਆਂ ਅਪਣਾ ਰਹੀਆਂ ਹਨ।

ਕੋਵਿਡ-19 ਤੋਂ ਬਾਅਦ ਇੰਡੋ ਪੈਸੀਫਿਕ ਦੇਸ਼ਾਂ ਵਿਚ ਸੌੜੇ ਰੁਝਾਨਾਂ ਵਿਚ ਹੋਰ ਵੀ ਜਿਆਦਾ ਵਾਧਾ ਹੋਇਆ ਹੈ। ਲੌਕਡਾਉਨ, ਬੋਲਣ ਦੀ ਅਜ਼ਾਦੀ ਉੱਪਰ ਪਾਬੰਦੀ ਅਤੇ ਮਹਾਂਮਾਰੀ ਦੇ ਫੈਲਾਅ ਨੂੰ ਰੋਕਣ ਲਈ ਸਰਕਾਰ ਨੇ ਥਾਂ-ਥਾਂ ਤੇ ਆਪਣੇ ਅਮਲੇ ਤੈਨਾਤ ਕੀਤੇ ਜਿਸ ਨੇ ਲੋਕਾਂ ਦੀਆਂ ਜ਼ਿੰਦਗੀਆਂ ਉੱਪਰ ਨਿਯੰਤ੍ਰਣ ਨੂੰ ਵਧਾਇਆ। ਨਿਕੋਲ ਕਿਉਰੇਟੋ ਨੇ ‘ਸਾਮਾਜਿਕ ਮੁੱਦਿਆਂ ਦਾ ਸੁਰੱਖਿਆਕਰਨ’ ਨਾਂ ਦਾ ਸ਼ਬਦ ਘੜਿਆ। ਪ੍ਰਸ਼ਾਸਨ ਮਾਡਲ ਨੂੰ ਆਮ ਕਰਨ ਅਤੇ ਲੋਕਤੰਤਰੀ ਸੰਸਥਾਵਾਂ ਦੇ ਪ੍ਰਭਾਵ ਨੂੰ ਘਟਾਉਣ ਲਈ ਚੀਨ ਇਕ ਵਾਰ ਫਿਰ ਅਣਉਦਾਰਵਾਦ ਨੂੰ ਬੜਾਵਾ ਦੇ ਰਿਹਾ ਹੈ। ਹਾਲੀਆ ਵਰਿਆਂ ਵਿਚ ਅਮਰੀਕਾ ਅਤੇ ਭਾਰਤ ਵਿਚ ਅਜਿਹੇ ਰਣਨੀਤਿਕ ਸੰਬੰਧਾਂ ਵਿਚ ਵਾਧਾ ਹੋਇਆ ਹੈ ਜਿਸ ਨੇ ਅਣਉਦਾਰਵਾਦੀ ਨੀਤੀਆਂ ਨੂੰ ਅੱਗੇ ਲੈ ਕੇ ਆਉਣਾ ਹੈ। ਅਮਰੀਕਾ ਦੁਆਰਾ ਭਾਰਤ ਦੇ ਅੰਦਰੂਨੀ ਪ੍ਰਸ਼ਾਸਨ ਪ੍ਰਬੰਧ ਦੀ ਆਲੋਚਨਾ ਹੀ ਭਾਰਤ ਦੇ ਅਮਰੀਕੀ ਨੀਤੀਆਂ ਪ੍ਰਤੀ ਉਤਸ਼ਾਹ ਨੂੰ ਘੱਟ ਕਰ ਸਕਦੀ ਹੈ।ਵਧੀਆ ਪ੍ਰਸ਼ਾਸਨ ਅਤੇ ਤਰੱਕੀ ਕਰ ਰਹੇ ਦੱਖਣੀ ਸੂਬਿਆਂ ਨੇ ਮੋਦੀ ਦੀ ਸ਼ਖਸੀਅਤ ਪੂਜਾ ਨੂੰ ਨਕਾਰਿਆ ਹੈ, ਪਰ ਉਨਾਂ ਦੀ ਗਿਣਤੀ ਥੋੜੀ ਹੈ। ਜਦੋਂ ਕਿ ਭਾਰਤ ਦੇ ਉੱਤਰੀ ਸੂਬੇ ਭਾਰਤ ਦੀ ਰਾਜਨੀਤੀ ਵਿਚ ਜਿਆਦਾ ਮਹੱਤਤਾ ਰੱਖਦੇ ਹਨ ਅਤੇ ਉੱਥੇ ਹੀ ਮੋਦੀ ਆਪਣੀ ਜਗਾ ਬਣਾਉਣ ਵਿਚ ਕਾਮਯਾਬ ਰਿਹਾ ਹੈ ਅਤੇ ਉਸ ਨੇ ਵਿਕਾਸ ਦੇ ਅਜਿਹੇ ਮਾਡਲ ਨੂੰ ਪ੍ਰਚਾਰਿਆ ਜਿਸ ਦੀ ਉਦਾਹਰਣ ਹੋਰ ਪਾਰਟੀਆਂ ਨੇ ਪੇਸ਼ ਨਹੀਂ ਕੀਤੀ। ਉਸ ਨੇ ਰਾਸ਼ਟਰਵਾਦ ਅਤੇ ਇਸਲਾਮਿਕ ਇਤਿਹਾਸ ਤੋਂ ਪਹਿਲਾਂ ਦੇ ਸਮੇਂ ਨੂੰ ਵਡਿਆਇਆ। ਨਾਗਰਿਕ ਸਮਾਜ ਤੋਂ ਹੁੰਗਾਰਾ ਮਿਲੇ ਬਿਨਾਂ ਭਾਰਤੀ ਲੋਕਤੰਤਰੀ ਸੰਸਥਾਵਾਂ ਕੋਈ ਸੁਧਾਰ ਨਹੀਂ ਕਰ ਸਕਦੀਆਂ।ਇਸ ਲਈ ਸੰਕਟ ਦੀ ਸਥਿਤੀ ਵਿਚ ਉਨਾਂ ਕੋਲ ਸਰਕਾਰਾਂ ਨੂੰ ਜਵਾਬਦੇਹ ਬਣਾਉਣ ਦਾ ਕੋਈ ਰਾਹ ਨਹੀਂ ਸੀ ਜਿਸ ਕਰਕੇ ਵੱਡੇ ਪੱਧਰ ’ਤੇ ਅਸਫਲਤਾ ਮਿਲੀ।

ਨਿਆਂ ਪ੍ਰਬੰਧ ਵਿਚ ਵੀ ਇਕ ਲਾਚਾਰੀ ਦੇਖੀ ਜਾ ਸਕਦੀ ਹੈ ਜਦੋਂ ਜੱਜਾਂ ਨੂੰ ਸਰਕਾਰ ਤੋਂ ਕੋਈ ਜੁਆਬ ਨਹੀਂ ਮਿਲਦਾ। ਇੱਥੋਂ ਤੱਕ ਕਿ ਸੰਸਦ ਵੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾ ਨਹੀਂ ਸਕੀ। ਸਿਵਲ ਸਮਾਜ ਦੀਆਂ ਸੰਸਥਾਵਾਂ ਨੂੰ ਵੀ ਆਪਣੇ ਕੰਮ ਦਾ ਘੇਰਾ ਵਿਸ਼ਾਲ ਕਰਨ ਦੀ ਜ਼ਰੂਰਤ ਹੈ ਜਿਸ ਵਿਚ ਭਾਰਤ ਦੀਆਂ ਹੋਰ ਸੰਸਥਾਵਾਂ ਨੂੰ ਮਜਬੂਤੀ ਪ੍ਰਦਾਨ ਕਰਨ ਅਤੇ ਨੀਤੀਆਂ ਨੂੰ ਬਣਾਉਣ ਵਿਚ ਹੋਰ ਪਾਰਦਰਸ਼ਤਾ ਲੈ ਕੇ ਆਉਣ। ਇਸ ਵਿਚ ਅਦਾਲਤਾਂ ਵਿਚ ਜਾਣ, ਜਨਤਕ ਵਿਚਾਰ ਬਣਾਉਣ ਅਤੇ ਨਾਗਰਿਕਾਂ ਦੀ ਨੀਤੀਆਂ ਬਣਾਉਣ ਵਿਚ ਭਾਗੀਦਾਰੀ ਵੀ ਸ਼ਾਮਿਲ ਹੈ।

ਬਾਕੀ ਸਫ਼ਾ 31 ’ਤੇ

# ਐੱਸਵਾਈਐੱਲ ਨਹਿਰ ਅਤੇ ਪਾਣੀਆਂ ਦੀ ਵੰਡ ਬਾਰੇ ਕੇਂਦਰ ਸਰਕਾਰ ਵਿਚ ਸੁਹਿਰਦਤਾ ਜ਼ਰੂਰੀ



ਸੁੱਚਾ ਸਿੰਘ ਗਿੱਲ

ਸਤਲੁਜ-ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਦੀ ਉਸਾਰੀ ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਅਤੇ ਹਰਿਆਣੇ ਵਿਚਾਲੇ ਰੇੜਕਾ ਬਣੀ ਹੋਈ ਹੈ। ਹੁਣ ਸੁਪਰੀਮ ਕੋਰਟ ਨੇ ਇਹ ਫੈਸਲਾ ਸੁਣਾ ਦਿੱਤਾ ਹੈ ਕਿ ਦੋਵੇਂ ਸੂਬਿਆਂ ਦੀਆਂ ਸਰਕਾਰਾਂ ਬੈਠ ਕੇ ਇਸ ਮੁੱਦੇ ਉਪਰ ਸਮਝੌਤਾ ਕਰ ਲੈਣ, ਨਹੀਂ ਤਾਂ ਸੁਪਰੀਮ ਕੋਰਟ ਇਸ ਤੇ ਡਿਕਰੀ/ਫੈਸਲਾ ਸੁਣਾ ਕੇ ਲਾਗੂ ਕਰਨ ਦੇ ਆਦੇਸ਼ ਦੇ ਦੇਵੇਗੀ। ਕਈ ਸਿਆਸੀ ਲੀਡਰਾਂ ਨੇ ਭੜਕਾਊ ਬਿਆਨ ਦੇਣੇ ਵੀ ਸ਼ੁਰੂ ਕਰ ਦਿੱਤੇ ਹਨ। ਇਹ ਉਹੋ ਪਾਰਟੀਆਂ ਹਨ ਜਿਹੜੀਆਂ ਇਸ ਮੁੱਦੇ ਉਪਰ ਲੋਕਾਂ ਨੂੰ ਭੜਕਾ ਕੇ ਸੂਬਿਆਂ ਦੀਆਂ ਸਰਕਾਰਾਂ ਉਪਰ ਰਾਜਸੱਤਾ ਹਾਸਲ ਕਰ ਚੁੱਕੀਆਂ ਹਨ ਪਰ ਸੱਤਾ ਹਾਸਲ ਕਰਨ ਤੋਂ ਬਾਅਦ ਇਹ ਪਾਰਟੀਆਂ ਇਸ ਮੁੱਦੇ ਨੂੰ ਭੁਲਾ ਦਿੰਦੀਆਂ ਰਹੀਆਂ ਹਨ। ਇਸ ਦੀ ਮਿਸਾਲ ਅਕਾਲੀ ਦਲ, ਜਨਤਾ ਦਲ, ਕਾਂਗਰਸ ਅਤੇ ਬੀਜੇਪੀ ਦੇ ਪੰਜਾਬ ਅਤੇ ਹਰਿਆਣੇ ਵਿਚ ਰਾਜਸੱਤਾ ਦੇ ਨਾਲ ਨਾਲ ਕੇਂਦਰ ਸਰਕਾਰ ਵਿਚ ਵੀ ਇਨਾਂ ਪਾਰਟੀਆਂ ਦੀਆਂ ਇਕੱਲਿਆਂ ਜਾਂ ਭਾਈਵਾਲੀ ਵਾਲੀਆਂ ਸਰਕਾਰਾਂ ਦੇ ਬਾਵਜੂਦ ਇਨਾਂ ਵਲੋਂ ਇਸ ਮਸਲੇ ਨੂੰ ਸੁਲਝਾਉਣ ਦੀ ਕੋਸ਼ਿਸ਼ ਵੀ ਨਹੀਂ ਕੀਤੀ ਗਈ ਸੀ। ਉਂਝ, ਸੱਤਾ ਤੋਂ ਉਤਰਨ ਬਾਅਦ ਇਹ ਪਾਰਟੀਆਂ ਇਨਾਂ ਦੋਵੇਂ ਸੂਬਿਆਂ ਦੇ ਲੋਕਾਂ ਨੂੰ ਭਰਮਾਉਣ ਲਗ ਪੈਂਦੀਆਂ ਹਨ। ਕਿਸਾਨ ਅੰਦੋਲਨ 2020-21 ਦੌਰਾਨ ਬੀਜੇਪੀ ਨੇ ਇਸ ਮਸਲੇ ਨੂੰ ਕਿਸਾਨ ਅੰਦੋਲਨ ਵਿਚ ਫੁੱਟ ਪਾਉਣ ਲਈ ਵਰਤਣ ਦੀ ਕੋਸ਼ਿਸ਼ ਕੀਤੀ ਜਿਸ ਨੂੰ ਕਿਸਾਨਾਂ ਨੇ ਕਾਮਯਾਬ ਨਹੀਂ ਹੋਣ ਦਿੱਤਾ।

ਹੁਣ ਫਿਰ ਪੰਜਾਬ ਵਿਚ ਅਕਾਲੀ ਦਲ ਅਤੇ ਹਰਿਆਣੇ ਵਿਚ ਕਾਂਗਰਸ ਇਸ ਮੁੱਦੇ 'ਤੇ ਸਿਆਸਤ ਕਰਨ ਲੱਗ ਪਏ ਹਨ। ਇਸ ਤੋਂ ਇਲਾਵਾ ਦੋਵੇਂ ਸੂਬਿਆਂ ਵਿਚ ਕੁਝ ਇਨਾਂ ਪਾਰਟੀਆਂ ਤੋਂ ਬਾਹਰ ਵੀ ਕਈ ਵਿਅਕਤੀ ਇਸ ਮੁੱਦੇ 'ਤੇ ਭੜਕਾਊ ਬਿਆਨ ਜਾਰੀ ਕਰਨ ਲੱਗ ਪੈਂਦੇ ਹਨ। ਇਹ ਬਿਆਨ ਕਿ ਪੰਜਾਬ ਤੋਂ ਇਕ ਤੁਪਕਾ ਪਾਣੀ ਵੀ ਹਰਿਆਣਾ ਨੂੰ ਨਹੀਂ ਜਾਣ ਦਿੱਤਾ ਜਾਵੇਗਾ, ਜਾਂ ਹਰਿਆਣਾ ਵਾਸਤੇ ਇੰਦਰਾ ਗਾਂਧੀ ਪਾਣੀ ਵੰਡ ਐਲਾਨ/ਐਵਾਰਡ ਲਾਗੂ ਕਰਕੇ ਸਤਲੁਜ-ਯਮੁਨਾ ਨਹਿਰ ਬਣਾ ਕੇ ਹੀ ਰਹਾਂਗੇ, ਇਹ ਭੜਕਾਊ ਬਿਆਨ ਇਸ ਮਸਲੇ ਨੂੰ ਗੰਧਲਾ ਕਰਨ ਅਤੇ ਵਿਗਾੜਨ ਲਈ ਦਿੱਤੇ ਜਾਂਦੇ ਹਨ। ਇਵੇਂ ਹੀ ਕੁਝ ਵਿਦਵਾਨ ਇਸ ਮਸਲੇ ਦੀ ਗੱਲ ਕਰਦੇ ਸਮੇਂ ਰਾਜਸਥਾਨ ਨੂੰ ਜਾਣ ਵਾਲੇ ਪਾਣੀ ਦੀ ਗੱਲ ਕਰਨ ਲਗ ਪੈਂਦੇ ਹਨ। ਇਹ ਵਿਅਕਤੀ ਰਾਇਪੇਰੀਅਨ ਸਿਧਾਂਤ ਨੂੰ ਰਾਇਪੇਰੀਅਨ ਕਾਨੂੰਨ ਦੱਸਣ ਲੱਗ ਪੈਂਦੇ ਹਨ। ਕਾਨੂੰਨ ਕਿਸੇ ਪਾਰਲੀਮੈਂਟ/ਅਸੈਂਬਲੀ ਵੱਲੋਂ ਪਾਸ ਕੀਤੇ ਜਾਂਦੇ ਹਨ ਜਦੋਂ ਕਿ ਸਿਧਾਂਤ ਕਿਸੇ ਵਿਸ਼ੇ ਦੀ ਵਿਆਖਿਆ ਲਈ ਅਕਾਦਮਿਕ ਮਾਹਿਰਾਂ ਵੱਲੋਂ ਘੜੇ ਜਾਂਦੇ ਹਨ। ਰਾਇਪੇਰੀਅਨ ਸਿਧਾਂਤ ਪਾਣੀਆਂ ਦੀ ਵੰਡ ਦਾ ਕੌਮਾਂਤਰੀ ਕਿਤਾਬੀ ਸਿਧਾਂਤ ਹੈ। ਇਸ ਨੂੰ ਕਈ ਜਲ ਸੰਧੀਆਂ ਵਿਚ ਆਧਾਰ ਦੇ ਤੌਰ 'ਤੇ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ ਕੌਮਾਂਤਰੀ ਪਾਣੀਆਂ ਦੀਆਂ ਸੰਧੀਆਂ ਕਈ ਦੇਸ਼ਾਂ ਵਿਚ ਇਸ ਸਿਧਾਂਤ ਤੋਂ ਬਗੈਰ ਵੀ ਕੀਤੀਆਂ ਜਾਂਦੀਆਂ ਹਨ। ਭਾਰਤ ਨੇ ਪਾਕਿਸਤਾਨ ਨਾਲ ਸਿੰਧ ਜਲ ਸੰਧੀ 1960 ਵਿਚ ਕੀਤੀ ਸੀ। ਬਾਅਦ ਵਿਚ ਬੰਗਲਾਦੇਸ਼ ਨਾਲ 1992 ਵਿਚ ਗੰਗਾ ਜਲ ਸੰਧੀ ਕੀਤੀ। ਇਨਾਂ ਸੰਧੀਆਂ ਵਿਚ ਰਾਇਪੇਰੀਅਨ ਸਿਧਾਂਤ ਦੀ ਭੂਮਿਕਾ ਹੋ ਸਕਦੀ ਹੈ ਪਰ ਕੌਮਾਂਤਰੀ ਕਾਨੂੰਨ ਦੀ ਪ੍ਰਮਾਣਿਕਤਾ ਨਹੀਂ ਹੈ। ਦੇਸ਼ਾਂ ਦੇ ਵਿਚ ਐਸੇ ਕਾਨੂੰਨ ਬਣ ਸਕਦੇ ਹਨ ਪਰ ਮੌਜੂਦਾ ਭਾਰਤ ਵਿਚ ਇਸ ਵਕਤ ਕੋਈ ਰਾਇਪੇਰੀਅਨ ਪਾਣੀ ਵੰਡ ਕਾਨੂੰਨ ਨਹੀਂ ਹੈ। ਇਸ ਕਰਕੇ ਪੰਜਾਬ ਹਰਿਆਣੇ ਵਿਚ ਪਾਣੀ ਦੀ ਵੰਡ ਦਾ ਮਸਲਾ ਦੇਸ਼ ਦੇ ਕਾਨੂੰਨਾਂ ਅਤੇ ਰਵਾਇਤਾਂ ਅਨੁਸਾਰ ਹੀ ਹੱਲ ਕੀਤਾ ਜਾ ਸਕਦਾ ਹੈ। 50 ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ ਚਲ ਰਹੇ ਝਗੜੇ ਅਤੇ ਕਾਨੂੰਨੀ ਲੜਾਈ ਵਿਚ ਪੰਜਾਬ ਸਰਕਾਰ ਵੱਲੋਂ ਰਾਇਪੇਰੀਅਨ ਕਾਨੂੰਨ ਦਾ ਜ਼ਿ.ਕਰ ਨਹੀਂ ਹੋਇਆ। ਇਹ ਮਸਲਾ ਪੰਜਾਬ ਪੁਨਰਗਠਨ ਐਕਟ-1966 ਦੀਆਂ ਧਾਰਾਵਾਂ ਤਹਿਤ ਹੀ ਵਿਚਾਰ ਅਧੀਨ ਰਿਹਾ ਹੈ।

### ਮਸਲੇ ਦਾ ਮੁੱਢ ਅਤੇ ਪੇਚੀਦਗੀ

ਇਸ ਮਸਲੇ ਦੀ ਸ਼ੁਰੂਆਤ 1966 ਵਿਚ ਪੰਜਾਬੀ ਸੂਬਾ ਬਣਨ ਤੋਂ ਸ਼ੁਰੂ ਹੁੰਦੀ ਹੈ। ਇਸ ਐਕਟ ਦੇ ਸੈਕਸ਼ਨ 78, 79 ਅਤੇ 80 ਉਤਰ-ਅਧਿਕਾਰੀ ਸੂਬਿਆਂ ਵਿਚ ਜਾਇਦਾਦ ਅਤੇ ਦੇਣਦਾਰੀਆਂ ਦੀ ਵੰਡ ਨਾਲ ਸਬੰਧਿਤ ਹਨ। ਵਿੱਤੀ ਅਤੇ ਅਚੱਲ ਦੇਣਦਾਰੀਆਂ ਦੀ ਵੰਡ ਵਿਚ ਕੋਈ ਵੀ ਰੇੜਕਾ 1966 ਤੋਂ ਬਾਅਦ ਉਤਰ-ਅਧਿਕਾਰੀ ਸੂਬਿਆਂ ਵਿਚ ਨਹੀਂ ਪਿਆ ਪਰ ਦਰਿਆਈ ਪਾਣੀਆਂ ਦੀ ਵੰਡ ਵਿਚ ਇਹ ਰੇੜਕਾ 1969 ਵਿਚ ਹੀ ਸ਼ੁਰੂ ਹੋ ਗਿਆ ਸੀ। ਅਕਤੂਬਰ 1960 ਨੂੰ ਹਰਿਆਣਾ ਸਰਕਾਰ ਵਲੋਂ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਮੰਗ ਕੀਤੀ ਕਿ ਉਸ ਨੂੰ ਪੰਜਾਬ ਪੁਨਰਗਠਨ ਐਕਟ-1966 ਦੇ ਸੈਕਸ਼ਨ 78 ਅਨੁਸਾਰ ਅਣਵੰਡੇ ਪੰਜਾਬ ਦੇ ਪਾਣੀਆਂ ਦਾ ਬਣਦਾ ਹਿੱਸਾ ਦਿੱਤਾ ਜਾਵੇ। ਇਸ 'ਤੇ ਉਸ ਵੇਲੇ ਦੀ ਪੰਜਾਬ ਸਰਕਾਰ ਨੇ ਇਤਰਾਜ਼ ਕੀਤਾ ਸੀ। ਇਸ ਇਤਰਾਜ਼ ਨੂੰ ਪਾਸੇ ਰੱਖ ਕੇ ਕੇਂਦਰ ਸਰਕਾਰ ਨੇ ਕੇਂਦਰੀ ਸਿੰਜਾਈ ਅਤੇ ਬਿਜਲੀ ਸਕੱਤਰ ਬੀਪੀ ਪਟੇਲ ਦੀ ਅਗਵਾਈ ਵਿਚ ਤੱਥ ਖੋਜ ਕਮੇਟੀ ਅਪ੍ਰੈਲ 1970 ਵਿਚ ਕਾਇਮ ਕਰ ਦਿੱਤੀ ਸੀ। ਇਸ ਕਮੇਟੀ ਨੇ ਉਸੇ ਸਾਲ ਵਿਚ ਹੀ ਆਪਣੀ ਰਿਪੋਰਟ ਦੇ ਦਿੱਤੀ। ਇਸ ਰਿਪੋਰਟ ਅਨੁਸਾਰ ਹਰਿਆਣਾ ਨੂੰ ਰਾਵੀ ਅਤੇ ਬਿਆਸ ਦਰਿਆਵਾਂ ਦੇ 7.2 ਮਿਲੀਅਨ ਏਕੜ ਫੁੱਟ ਵਾਧੂ ਪਾਣੀ ਵਿਚੋਂ 3.04 ਮਿਲੀਅਨ ਏਕੜ ਫੁੱਟ ਪਾਣੀ ਹਰਿਆਣਾ ਨੂੰ ਦੇਣ ਦੀ ਸਿਫਾਰਸ਼ ਕਰ ਦਿੱਤੀ। ਇਸ ਕਮੇਟੀ ਨੇ ਪੰਜਾਬ ਪੁਨਰਗਠਨ ਐਕਟ-1966 ਦੇ ਸੈਕਸ਼ਨ 78 ਦੀ ਘੋਰ ਉਲੰਘਣਾ ਕਰਕੇ ਦਰਿਆਈ ਪਾਣੀਆਂ ਦੇ ਮੁੱਦੇ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ। ਸੈਕਸ਼ਨ 78 (1) ਵਿਚ ਦਰਜ ਕੀਤਾ ਗਿਆ ਹੈ ਕਿ 'ਇਸ ਐਕਟ ਦੇ ਬਾਵਜੂਦ ਸੈਕਸ਼ਨ 79 ਅਤੇ 80 ਦੇ ਤਹਿਤ ਸਾਰੇ ਹੱਕ ਅਤੇ ਦੇਣਦਾਰੀਆਂ ਮੌਜੂਦਾ ਪੰਜਾਬ ਸੂਬੇ ਦੀਆਂ ਭਾਖੜਾ-ਨੰਗਲ ਪ੍ਰਾਜੈਕਟ ਅਤੇ ਬਿਆਸ ਪ੍ਰਾਜੈਕਟ ਨਾਲ ਨਿਸ਼ਚਿਤ ਦਿਨ ਤੋਂ ਸਬੰਧਤ ਉਤਰ-ਅਧਿਕਾਰੀ ਸੂਬਿਆਂ ਵਿਚ ਸਮਝੌਤੇ ਨਾਲ ਕੇਂਦਰ ਸਰਕਾਰ ਦੇ ਨਾਲ ਸਲਾਹ ਮਸ਼ਵਰੇ ਨਾਲ ਵੰਡੀਆਂ ਜਾਣਗੀਆਂ। ਜੇ ਦੋ ਸਾਲਾਂ ਵਿਚ ਕੋਈ ਸਮਝੌਤਾ ਨਹੀਂ ਹੁੰਦਾ ਤਾਂ ਕੇਂਦਰ ਸਰਕਾਰ ਇਨਾਂ ਪ੍ਰਾਜੈਕਟਾਂ (ਭਾਖੜਾ-ਬਿਆਸ) ਦੇ ਮਕਸਦਾਂ ਨੂੰ ਧਿਆਨ ਵਿਚ ਰੱਖ ਕੇ ਵੰਡ ਕਰ ਸਕਦੀ ਹੈ ਅਤੇ ਬਾਅਦ ਵਿਚ ਉਤਰ-ਅਧਿਕਾਰੀ ਸੂਬੇ ਕੇਂਦਰ ਸਰਕਾਰ ਨਾਲ ਸਲਾਹ ਮਸ਼ਵਰਾ ਕਰਕੇ ਬਦਲ ਸਕਦੇ ਹਨ।' ਇਹ ਨੋਟ ਕਰਨ ਵਾਲੀ ਗੱਲ ਹੈ ਕਿ ਸੈਕਸ਼ਨ 78, 79 ਅਤੇ 80 ਵਿਚ ਰਾਵੀ ਦਰਿਆ ਦੇ ਪਾਣੀਆਂ ਦਾ ਕੋਈ ਜ਼ਿਕਰ ਨਹੀਂ ਹੈ।

### ਪੰਜਾਬ ਪੁਨਰਗਠਨ ਐਕਟ ਦੀ ਖੁੱਲੀ ਉਲੰਘਣਾ

ਪੰਜਾਬ ਪੁਨਰਗਠਨ ਐਕਟ-1966 ਵਿਚ ਨਾ ਤਾਂ ਰਾਵੀ ਦਰਿਆ ਅਤੇ ਨਾ ਹੀ ਯਮੁਨਾ ਦਰਿਆ ਦੇ ਪਾਣੀਆਂ ਦੀ ਪੰਜਾਬ ਅਤੇ ਹਰਿਆਣਾ ਵਿਚ ਵੰਡ ਦਾ ਜ਼ਿਕਰ ਹੈ ਪਰ ਯਮੁਨਾ ਦਰਿਆ ਦੇ ਪਾਣੀਆਂ ਦੀ ਵੰਡ ਨੂੰ ਛੱਡ ਕੇ ਰਾਵੀ ਦਰਿਆ ਦੇ ਪਾਣੀਆਂ ਦੀ ਵੰਡ ਬਾਰੇ ਲਗਾਤਾਰ ਗਲ ਕਰਦੇ ਜਾਣਾ ਸਰਾਸਰ ਗ਼ਲਤ ਅਤੇ ਗੁੰਮਰਾਹ ਕਰਨ ਵਾਲੀ ਗੱਲ ਨਜ਼ਰ ਆਉਂਦੀ ਹੈ। ਇਸ ਤਰਾਂ ਰਾਵੀ ਦਰਿਆ ਦੇ ਪਾਣੀਆਂ ਨੂੰ ਹਰਿਆਣਾ ਨਾਲ ਵੰਡਣ ਦੀ ਗੱਲ ਕਰੀ ਜਾਣਾ ਜਿਥੇ ਪੰਜਾਬ ਨਾਲ ਘੋਰ ਬੇਇਨਸਾਫੀ ਹੈ, ਉਥੇ ਪੰਜਾਬ ਪੁਨਰਗਠਨ ਐਕਟ-1966 ਦੀ ਸ਼ਰੇਆਮ ਉਲੰਘਣਾ ਹੈ। ਦੁੱਖ ਦੀ ਗੱਲ ਹੈ ਕਿ ਪਟੇਲ ਕਮੇਟੀ 1970 ਨੇ ਆਪਣੀ ਸਿਫਾਰਸ਼ ਵਿਚ ਸੈਕਸ਼ਨ 78 ਉਲੰਘਣਾ ਕਰਕੇ ਇਸ ਨੂੰ ਸ਼ਾਮਲ ਕੀਤਾ ਸੀ।

ਇਹ ਗਲਤੀ ਕਈ ਵਾਰ ਹੋਈ ਹੈ : ਪਟੇਲ ਕਮੇਟੀ 1970, ਯੋਜਨਾ ਕਮਿਸ਼ਨ 1973, ਮੂਰਤੀ ਕਮਿਸ਼ਨ 1975, ਪ੍ਰਧਾਨ ਮੰਤਰੀ ਜਲ ਐਵਾਰਡ 1976, ਕੇਂਦਰ ਸਰਕਾਰ ਦਾ 1982 ਦਾ ਸਤਲੁਜ-ਯਮੁਨਾ ਲਿੰਕ ਨਹਿਰ ਬਣਾਉਣ ਦਾ ਫੈਸਲਾ ਅਤੇ ਇਹੋ ਗਲਤੀ ਰਾਜੀਵ-ਲੌਂਗੋਵਾਲ ਸਮਝੌਤਾ 1985 ਵਿਚ ਕੀਤੀ ਗਈ। ਲਗਦਾ ਹੈ, ਇਹ ਗਲਤੀ ਕੇਂਦਰ ਸਰਕਾਰ ਜਾਣ-ਬੁੱਝ ਕੇ ਲਗਾਤਾਰ ਕਰ ਰਹੀ ਹੈ। ਇਸ ਨਾਲ ਕੇਂਦਰ ਸਰਕਾਰ ਦੀ ਨੀਅਤ ਨਿਰਪੱਖ ਨਜ਼ਰ ਨਹੀਂ ਆਉਂਦੀ। ਪੰਜਾਬ ਦੀ ਮੌਜੂਦਾ ਲੀਡਰਸ਼ਿਪ ਨੂੰ ਇਸ ਗੱਲ ਨੂੰ ਲਗਾਤਾਰ ਉਭਾਰਨਾ ਚਾਹੀਦਾ ਹੈ ਤਾਂ ਕਿ ਸੱਚ ਨੂੰ ਸਾਹਮਣੇ ਲਿਆਂਦਾ ਜਾ ਸਕੇ। ਇਸ ਖੋਟ ਨੂੰ ਉਜਾਗਰ ਕਰਨ ਤੋਂ ਬਗੈਰ ਪੰਜਾਬ ਦੇ ਦਰਿਆਈ ਪਾਣੀਆ ਦੀ ਵੰਡ ਵਿਚ ਪੰਜਾਬ ਨੂੰ ਇਨਸਾਫ ਨਹੀਂ ਮਿਲ ਸਕਦਾ।

ਕੇਂਦਰ ਸਰਕਾਰ ਦੀ ਨੀਅਤ ਅਤੇ ਭਾਵਨਾ ਪੰਜਾਬ ਸੂਬੇ ਦੇ ਖਿਲਾਫ ਲਗਾਤਾਰ ਭੁਗਤਦੀ ਰਹੀ ਹੈ। ਹਰਿਆਣਾ ਦੇ ਬਣਦੇ ਹਿੱਸੇ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ। ਕੇਂਦਰ ਸਰਕਾਰ ਪੰਜਾਬ ਸਰਕਾਰ ਤੇ ਸਤਲੁਜ-ਯਮੁਨਾ ਲਿੰਕ ਨਹਿਰ ਬਣਾਉਣ ਵਾਸਤੇ ਦਬਾਅ ਪਾਉਂਦੀ ਰਹੀ ਹੈ ਅਤੇ ਹੁਣ ਵੀ ਦਬਾਅ ਪਾ ਰਹੀ ਹੈ ਤੇ ਹਰਿਆਣਾ ਵਿਚ ਵੱਧ ਪਾਣੀ ਲਿਜਾਣ ਵਿਚ ਕਾਹਲੀ ਦਿਖਾਉਂਦੀ ਰਹੀ ਹੈ। 1982 ਵਿਚ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਸ਼ੁਰੂ ਕਰਵਾ ਦਿੱਤੀ ਗਈ ਸੀ। ਇਸ ਤੋਂ ਬਾਅਦ ਰਾਜੀਵ ਲੌਂਗੋਵਾਲ ਸਮਝੌਤੇ ਤਹਿਤ ਮੁਢਲੀ ਸਮੱਸਿਆ ਨੂੰ ਨਜ਼ਰਅੰਦਾਜ਼ ਕਰਕੇ ਦੁਬਾਰਾ ਬਣਾਉਣ ਨੂੰ ਦੁਹਰਾਇਆ ਗਿਆ ਸੀ ਪਰ ਇਹ ਨਹਿਰ ਅੱਜ ਤੱਕ ਨਹੀਂ ਬਣ ਸਕੀ। ਪੰਜਾਬ ਵਿਧਾਨ ਸਭਾ ਵਿਚ ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟ ਐਕਟ-2004 ਪਾਸ ਕਰ ਦਿੱਤਾ ਗਿਆ ਸੀ ਜਿਸ ਨੂੰ ਸੁਪਰੀਮ ਕੋਰਟ ਨੇ 2017 ਵਿਚ ਖਾਰਜ ਕਰ ਦਿੱਤਾ ਸੀ। ਇਸ ਤੋਂ ਪਹਿਲਾਂ 2016 ਵਿਚ ਪੰਜਾਬ ਸਰਕਾਰ ਵੱਲੋਂ ਇਸ ਨਹਿਰ ਹੇਠ ਆਈ ਭੂਮੀ ਨੂੰ ਕਿਸਾਨਾਂ ਵਿਚ ਵੰਡ ਦਿੱਤਾ ਗਿਆ ਸੀ ਜਿਸ 'ਤੇ ਸੁਪਰੀਮ ਕੋਰਟ ਨੇ ਰੋਕ ਲਗਾ ਦਿੱਤੀ ਸੀ। ਸਤਲੁਜ-ਯਮੁਨਾ ਲਿੰਕ ਨਹਿਰ ਦੇ ਵਿਰੋਧ ਕਾਰਨ ਪੰਜਾਬ ਦਾ ਕਾਫੀ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ ਅਤੇ 1982-92 ਦੌਰਾਨ ਪੰਜਾਬ ਦੀ ਆਰਥਿਕਤਾ ਬੁਰੀ ਤਰਾਂ ਲੀਹਾਂ ਤੋਂ ਉਤਰ ਗਈ ਸੀ। ਸੂਬੇ ਦੀ ਆਰਥਿਕਤਾ ਅਜੇ ਵੀ ਇਸ ਝਟਕੇ ਦੇ ਭਾਰ ਤੋਂ ਸੁਰਖੁਰੂ ਨਹੀਂ ਹੋ ਸਕੀ।

### ਸਤਲੁਜ-ਯਮੁਨਾ ਲਿੰਕ ਨਹਿਰ ਬਣਾਉਣਾ ਕਿਉਂ ਜ਼ਰੂਰੀ ਨਹੀਂ ?

ਪਿਛਲੇ 50 ਸਾਲਾਂ ਤੋਂ ਵੱਧ ਸਮੇਂ ਤੋਂ ਚਲਦੀ ਪੰਜਾਬ ਅਤੇ ਹਰਿਆਣਾ ਵਿਚ ਖਿੱਚੋਤਾਣ ਪੰਜਾਬ ਦੇ ਦਰਿਆਵਾਂ ਵਿਚ ਪਾਣੀ ਦੇ ਵਹਾਉ ਦੇ 1921-45 ਦੀ ਲੜੀ 'ਤੇ ਆਧਾਰਿਤ ਹਨ। ਹਿਮਾਲਿਆ ਦੇ ਪਹਾੜਾਂ ਵਿਚ ਬਰਫ਼ ਦੇ ਗਲੇਸ਼ੀਅਰ ਕਾਫੀ ਮਿਕਦਾਰ ਵਿਚ ਪਿਘਲ ਗਏ ਹਨ ਅਤੇ ਦਰਿਆਵਾਂ ਵਿਚ ਪਾਣੀ ਦਾ ਵਹਾਉ ਕਾਫੀ ਘੱਟ ਗਿਆ ਹੈ। ਇਸ ਲਈ ਪਾਣੀਆਂ ਦੀ ਵੰਡ ਨੂੰ ਨਵੀਂ/ਤਾਜ਼ਾ ਲੜੀ ਅਨੁਸਾਰ ਮਾਪ ਕੇ ਹੀ ਵੰਡ ਦੀ ਗੱਲ ਤੋਰਨੀ ਚਾਹਿਦੀ ਹੈ। ਇਹ ਲੜੀ 1971-95 ਜਾਂ 1995-20 19 ਵੀ ਹੋ ਸਕਦੀ ਹੈ। ਜਿਹੜੀ ਵੀ ਲੜੀ ਮੌਜੂਦਾ ਸਮੇਂ ਦੇ ਨੇੜੇ ਪਾਣੀਆਂ ਦੇ ਅੰਕੜੇ ਪੇਸ਼ ਕਰਦੀ ਹੈ ਉਸ ਨੂੰ ਵਰਤਣਾ ਵਾਜਿਬ ਹੋਵੇਗਾ। ਇਸ ਦੇ ਨਾਲ ਨਾਲ ਘੱਟੋ-ਘੱਟ ਅਤੇ ਵੱਧ ਤੋਂ ਵੱਧ ਪਾਣੀ ਦੇ ਵਹਾਉ ਦੀ ਨਿਸ਼ਾਨਦੇਹੀ ਕਰਨੀ ਜ਼ਰੂਰੀ ਹੈ ਤਾਂ ਕਿ ਦਰਿਆਵਾਂ ਵਿਚ ਪਾਣੀ ਘਟਣ ਅਤੇ ਵਧਣ ਸਮੇਂ ਵੰਡ ਕਰਨ ਦੀ ਵਿਵਸਥਾ ਕੀਤੀ ਜਾ ਸਕੇ। ਭਾਰਤ ਅਤੇ ਬੰਗਲਾਦੇਸ਼ ਦਰਮਿਆਨ ਗੰਗਾ ਜਲ ਸੰਧੀ ਤਹਿਤ ਦਰਿਆ ਵਿਚ ਪਾਣੀ ਘਟਣ ਅਤੇ ਵਧਣ ਦੀ ਸਮੱਸਿਆ ਦਾ ਹੱਲ ਕੀਤਾ ਗਿਆ ਹੈ। ਜੇ 1921-45 ਦੀ ਪੰਜਾਬ ਦੇ ਦਰਿਆਵਾਂ ਵਿਚ ਪਾਣੀ ਦੀ ਲੜੀ ਨੂੰ ਮੰਨ ਲਿਆ ਜਾਵੇ ਅਤੇ ਪੰਜਾਬ-ਹਰਿਆਣਾ ਵਿਚ ਪਾਣੀ ਦੀ ਵੰਡ ਪੰਜਾਬ ਪੁਨਰਗਠਨ ਐਕਟ ਦੇ ਸੈਕਸ਼ਨ 78 ਅਨੁਸਾਰ ਕੀਤੀ ਜਾਵੇ ਤਾਂ ਹਰਿਆਣੇ ਦਾ ਹਿੱਸਾ ਕਮੇਟੀਆਂ/ਕਮਿਸ਼ਨਾਂ ਵੱਲੋਂ ਸੁਝਾਏ ਮਿਕਦਾਰ ਤੋਂ ਕਾਫੀ ਘੱਟ ਬਣਦਾ ਹੈ। ਮਰਹੂਮ ਸਾਬਕਾ ਚੀਫ ਇੰਜਨੀਅਰ ਆਰਐੱਸ ਗਿੱਲ ਅਨੁਸਾਰ ਹਰਿਆਣੇ ਦਾ ਪੰਜਾਬ ਦੇ ਪਾਣੀਆਂ ਵਿਚ ਹਿੱਸਾ 3.5 ਮਿਲੀਅਨ ਏਕੜ ਫੁੱਟ ਦੀ ਬਜਾਇ 1.93 ਮਿਲੀਅਨ ਏਕੜ ਫੁੱਟ ਬਣਦਾ ਹੈ (ਪਾਲ ਸਿੰਘ ਢਿੱਲੋਂ, ਟੇਲ ਆਫ ਟੂ ਰਿਵਰਜ, 1983, ਪੰਨਾ 3)। ਇਹ ਬਣਦਾ ਹਿੱਸਾ ਹਰਿਆਣੇ ਨੂੰ ਦਿੱਤਾ ਜਾਣਾ ਚਾਹੀਦਾ ਹੈ। ਕਿਸਾਨ ਅੰਦੋਲਨ ਵਿਚ ਬਣੀ ਪੰਜਾਬ-ਹਰਿਆਣਾ ਦੇ ਕਿਸਾਨਾਂ ਵਿਚ ਸਾਂਝ/ਭਾਈਚਾਰੇ ਨੂੰ ਕਾਇਮ ਰੱਖਣ ਅਤੇ ਭਵਿੱਖ ਵਿਚ ਕਿਸਾਨੀ ਅੰਦੋਲਨ ਦੀਆਂ ਸੰਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਪਾਣੀਆਂ ਦੀ ਵੰਡ ਦੇ ਰੇੜਕੇ ਨੂੰ ਸਮਝੌਤੇ ਤਹਿਤ ਮੰਨਿਆ ਜਾ ਸਕਦਾ ਹੈ। ਇਹ ਬਣਦਾ ਹਿੱਸਾ ਮੌਜੂਦਾ ਨਹਿਰਾਂ ਰਾਹੀਂ ਹਰਿਆਣਾ ਨੂੰ ਭੇਜਿਆ ਜਾ ਸਕਦਾ ਹੈ। ਇਸ ਵਾਸਤੇ ਭਾਖੜਾ ਨਹਿਰ ਅਤੇ ਸਰਹਿੰਦ ਫੀਡਰ ਨਹਿਰ ਵਿਚ ਲੋੜੀਂਦੀ ਮਾਤਰਾ ਵਿਚ ਹਰਿਆਣਾ ਨੂੰ ਪਾਣੀ ਲਿਜਾਣ ਦੀ ਸਮਰੱਥਾ ਹੈ। ਇਸ ਕਰਕੇ ਹਰਿਆਣਾ ਨੂੰ ਸਤਲੁਜ-ਯਮੁਨਾ ਲਿੰਕ ਨਹਿਰ ਬਣਾਉਣ ਦੀ ਗੱਲ ਛੱਡ ਦੇਣੀ ਚਾਹੀਦੀ ਹੈ।

ਇਸ ਮਸਲੇ ਦੇ ਸਥਾਈ ਹੱਲ ਵਾਸਤੇ ਲਾਜ਼ਮੀ ਹੈ ਕਿ ਪੰਜਾਬ ਅਤੇ ਹਰਿਆਣਾ ਸਰਕਾਰਾਂ ਪੰਜਾਬ ਪੁਨਰਗਠਨ ਐਕਟ-1966 ਨੂੰ ਆਧਾਰ ਬਣਾ ਕੇ ਗੱਲਬਾਤ ਕਰਨ। ਇਹ ਗੱਲਬਾਤ ਤਾਂ ਹੀ ਸਾਰਥਕ ਹੋਵੇਗੀ ਜੇ ਦਰਿਆਵਾਂ ਵਿਚ ਪਾਣੀ ਦੇ ਮੌਜੂਦਾ ਵਹਾਉ ਦੇ ਅੰਕੜਿਆਂ ਦੇ ਮੁਤਾਬਕ ਗੱਲਬਾਤ ਕੀਤੀ ਜਾਵੇ। ਗੱਲਬਾਤ ਕਰਦੇ ਸਮੇਂ ਦੋਵਾਂ ਸੂਬਿਆਂ ਵਿਚ ਭੜਕਾਊ ਬਿਆਨ ਜਾਰੀ ਕਰਨ ਵਾਲਿਆਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਦੋਵਾਂ ਸੂਬਿਆਂ ਵਿਚ ਮੌਜੂਦਾ ਸਮੇਂ ਪਾਣੀ ਦੀ ਗੰਭੀਰ ਘਾਟ ਹੈ ਜਿਹੜੀ ਮੌਜੂਦਾ ਫ਼ਸਲੀ ਚੱਕਰ, ਝੋਨੇ ਕਣਕ 'ਤੇ ਨਿਰਭਰ ਹੋਣ ਕਰਕੇ ਹੈ। ਇਸ ਉਪਰ ਦੋਵਾਂ ਸੂਬਿਆਂ ਨੂੰ ਚਿੰਤਨ ਕਰਨ ਦੀ ਜ਼ਰੂਰਤ ਹੈ। ਇਹ ਕੰਮ ਕੇਂਦਰ ਸਰਕਾਰ ਦੀ ਮਦਦ ਤੋਂ ਬਗ਼ੈਰ ਸੰਭਵ ਨਹੀਂ। ਕੇਂਦਰ ਸਰਕਾਰ ਨੂੰ ਬਦਲਵੀਆਂ ਫ਼ਸਲਾਂ ਦੇ ਠੀਕ ਭਾਅ ਅਤੇ ਉਨਾਂ ਦੀ ਖਰੀਦ ਯਕੀਨੀ ਬਣਾਉਣੀ ਪਵੇਗੀ। ਇਸ ਕਰਕੇ ਦਰਿਆਈ ਪਾਣੀਆਂ ਦੀ ਗੱਲਬਾਤ ਨੂੰ ਕਾਮਯਾਬੀ ਤੱਕ ਲਿਜਾਣ ਲਈ ਇਸ ਦੌਰ ਵਿਚ ਸੂਬਿਆਂ ਦੀਆਂ ਸਰਕਾਰਾਂ ਅਤੇ ਕੇਂਦਰ ਸਰਕਾਰ ਵਿਚ ਸੁਹਿਰਦਤਾ ਲਾਜ਼ਮੀ ਸ਼ਰਤ ਹੈ।

## ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਦਾ ਐਲਾਨ ਜਲਦੀ ਨਾ ਕੀਤਾ ਤਾਂ ੨੪ ਤੋਂ ਕੀਤਾ ਜਾਵੇਗਾ ਸੰਘਰਸ਼-ਭਾਈ ਰਣਜੀਤ ਸਿੰਘ

ਚੰਡੀਗੜ੍ਹ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਪੰਥਕ ਅਕਾਲੀ ਲਹਿਰ ਦੇ ਪ੍ਰਧਾਨ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਉਣ ਦਾ ਤੁਰੰਤ ਐਲਾਨ ਕੀਤਾ ਜਾਵੇ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋਈਆਂ ਨੂੰ ਬਾਰਾਂ ਸਾਲ ਹੋ ਗਏ ਹਨ। ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਪ੍ਰਤੀ ਨਾ ਤਾਂ ਕੇਂਦਰ ਸਰਕਾਰ ਗੰਭੀਰ ਹੈ ਅਤੇ ਨਾ ਹੀ ਕਿਸੇ ਤਰਾਂ ਉਪਰਾਲੇ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਹਨ। ਕਿਉਂਕਿ ਗੁਰਦੁਆਰਾ ਚੋਣ ਕਮਿਸ਼ਨ ਨੂੰ ਅਜੇ ਤਕ ਪੰਜਾਬ ਸਰਕਾਰ ਨੇ ਸਟਾਫ਼ ਨਹੀਂ ਦਿੱਤਾ, ਜਦਕਿ ਡੇਢ ਸਾਲ ਪਹਿਲਾਂ ਚੋਣ ਕਮਿਸ਼ਨਰ ਦੀ ਨਿਯੁਕਤੀ ਕਰ ਦਿੱਤੀ ਗਈ ਸੀ। ਜਿਸ ਕਾਰਨ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਦੀਆਂ ਚੋਣਾਂ ਨਾ ਕਰਵਾ ਕੇ ਜਮਹੂਰੀਅਤ ਦਾ ਗਲਾ ਘੁੱਟਿਆ ਜਾ ਰਿਹਾ ਹੈ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨਾ ਹੋਣ ਕਾਰਨ ਸਿੱਖ ਕੌਮ ਦਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਉਨਾਂ ਕਿਹਾ ਕਿ ਜੇਕਰ ਚੋਣਾਂ ਕਰਵਾਉਣ ਦਾ ਐਲਾਨ ਨਾ ਕੀਤਾ ਤਾਂ ਪੰਥਕ ਅਕਾਲੀ ਲਹਿਰ ਵੱਲੋਂ ਸੰਘਰਸ਼ ਕੀਤਾ ਜਾਵੇਗਾ ਜਿਸ ਤਹਿਤ ੨੪ ਸਤੰਬਰ ਨੂੰ ਪੰਜਾਬ ਰਾਜਪਾਲ ਭਵਨ ਦੇ ਸਾਹਮਣੇ ਰੋਸ ਵਿਖਾਵਾ ਕੀਤਾ ਜਾਵੇਗਾ।

# ਐੱਸਵਾਈਐੱਲ ਵਿਵਾਦ ਦਾ ਸੰਵਿਧਾਨਕ ਹੱਲ ਲੱਭੇ ਕੇਂਦਰ ਸਰਕਾਰ

**ਹਮੀਰ ਸਿੰਘ**

ਸੁਪਰੀਮ ਕੋਰਟ ਵੱਲੋਂ ਕੇਂਦਰ, ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਸਤਲੁਜ-ਯਮੁਨਾ ਲਿੰਕ ਨਹਿਰ ਦਾ ਮੁੱਦਾ ਆਪਸਦਾਰੀ ਨਾਲ ਸੁਲਝਾਉਣ ਲਈ ਚਾਰ ਮਹੀਨੇ ਦਾ ਹੋਰ ਸਮਾਂ ਦੇਣ ਨਾਲ ਪਾਣੀਆਂ ਦੀ ਵੰਡ ਦਾ ਮਸਲਾ ਮੁੜ ਚਰਚਾ ਦੇ ਕੇਂਦਰ ਵਿਚ ਆ ਗਿਆ ਹੈ। 15 ਜਨਵਰੀ 2002 ਨੂੰ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ 12 ਮਹੀਨਿਆਂ ਅੰਦਰ ਐੱਸਵਾਈਐੱਲ ਨਹਿਰ ਬਣਾਉਣ ਦਾ ਹੁਕਮ ਦਿੱਤਾ ਸੀ। ਸਮਾਂਬੱਧ ਢੰਗ ਨਾਲ ਨਹਿਰ ਦੀ ਖੁਦਾਈ ਲਈ ਹਰਿਆਣਾ ਸਰਕਾਰ ਮੁੜ ਸੁਪਰੀਮ ਕੋਰਟ ਚਲੀ ਗਈ। 15 ਜਨਵਰੀ 2003 ਨੂੰ ਡੈੱਡਲਾਈਨ ਸੱਤਵੀਂ ਬਾਰ ਖ਼ਤਮ ਹੋ ਗਈ (ਦਸੰਬਰ 1983, ਅਗਸਤ 1986, ਦਸੰਬਰ 1987, ਮਾਰਚ 1988, ਜੂਨ 1988, ਨਵੰਬਰ 1989, ਜਨਵਰੀ 1991 ਅਤੇ ਜਨਵਰੀ 2003)।

ਅਦਾਲਤ ਆਪਣੇ ਦਾਇਰੇ ਤੱਕ ਸੀਮਤ ਹੈ ਕਿਉਂਕਿ ਪਾਣੀ ਦੀ ਵੰਡ ਬਾਰੇ ਫ਼ੈਸਲਾ ਕਰਨ ਦਾ ਹੱਕ ਸੰਵਿਧਾਨਕ ਤੌਰ ਉੱਤੇ ਉਸ ਦੇ ਕਾਰਜ ਖੇਤਰ ਨਾਲ ਸਬੰਧਿਤ ਨਹੀਂ ਹੈ। ਇਸ ਲਈ ਸੁਪਰੀਮ ਕੋਰਟ ਐੱਸਵਾਈਐੱਲ ਨਹਿਰ ਦੀ ਉਸਾਰੀ ਉੱਤੇ ਹੀ ਜ਼ੋਰ ਦੇ ਰਹੀ ਹੈ। ਇਸ ਖੇਡ ਵਿਚ ਕੇਂਦਰ ਸਰਕਾਰ ਹਮੇਸ਼ਾ ਦੀ ਤਰਾਂ ਪੰਜਾਬ ਦੇ ਖ਼ਿਲਾਫ਼ ਖੜੀ ਦਿਖਾਈ ਦੇ ਰਹੀ ਹੈ। ਪੰਜਾਬ ਨੇ ਦੇਸ਼ ਦੀ ਵੰਡ ਦਾ ਸੰਤਾਪ ਦਸ ਲੱਖ ਪੰਜਾਬੀਆਂ ਦੀ ਕਤਲੋਗ਼ਾਰਦ ਦੇ ਰੂਪ ਵਿਚ ਝੱਲਿਆ। ਇਤਿਹਾਸਕ ਵਿਰਾਸਤ, ਸੱਭਿਆਚਾਰਕ ਅਤੇ ਧਾਰਮਿਕ ਸਥਾਨਾਂ ਦੇ ਵਿਛੋੜੇ ਕਾਰਨ ਰੂਹਾਂ ਦੀ ਤੜਫ਼ ਲਗਾਤਾਰ ਪੰਜਾਬੀਆਂ ਨੂੰ ਝੰਜੋੜਦੀ ਰਹੀ। ਪੰਜ ਆਬ ਦੀ ਧਰਤੀ ਢਾਈ ਦਰਿਆਵਾਂ ਤੱਕ ਸੁੰਗੜ ਗਈ।

ਅੰਗਰੇਜ਼ ਹਕੂਮਤ ਨੇ ਅੰਤਰਰਾਸ਼ਟਰੀ ਰਾਇਪੇਰੀਅਨ ਸਿਧਾਂਤ ਨੂੰ ਆਧਾਰ ਬਣਾਉਂਦਿਆਂ ਬ੍ਰਿਟਿਸ਼ ਪੰਜਾਬ ਦੇ ਪਾਣੀ ਉੱਤੇ ਪੰਜਾਬ ਦੇ ਹੱਕ ਨੂੰ ਕਾਇਮ ਰੱਖਿਆ ਸੀ। 1873 ਵਿਚ ਪਟਿਆਲਾ ਰਿਆਸਤ ਨੂੰ ਦਿੱਤੇ ਪਾਣੀ ਤੇ 1920ਵਿਆਂ ਵਿਚ ਬੀਕਾਨੇਰ ਰਿਆਸਤ ਨੂੰ ਪਾਣੀ ਦੇਣ ਸਮੇਂ ਪੰਜਾਬ ਦੀ ਮਾਲਕੀ ਕਾਇਮ ਰੱਖਦਿਆਂ ਰਾਇਲਟੀ ਲੈ ਕੇ ਪਾਣੀ ਦੇਣ ਦੇ ਸਮਝੌਤੇ ਕੀਤੇ। ਆਜ਼ਾਦੀ ਤੋਂ ਪਿੱਛੋਂ ਪਹਿਲੀ ਵਾਰ 1955 ਵਿਚ ਹੋਈ ਇਕ ਮੀਟਿੰਗ ਦੌਰਾਨ ਰਾਜਸਥਾਨ ਨੂੰ 8.60 ਮਿਲੀਅਨ ਏਕੜ ਫੁੱਟ (ਐੱਮਏਐੱਫ) ਪਾਣੀ ਦੇਣ ਦੇ ਫ਼ੈਸਲੇ ਨਾਲ ਰਾਇਲਟੀ ਦੀ ਗੱਲ ਮਿੱਟੀ-ਘੱਟੇ 'ਚ ਰੋਲ ਦਿੱਤੀ ਗਈ। ਇਸ ਫ਼ੈਸਲੇ ਨੂੰ ਬਹੁਤ ਸਾਰੇ ਮਾਹਿਰਾਂ ਨੇ ਉਸ ਵਕਤ ਵੀ ਕਾਨੂੰਨੀ, ਵਾਤਾਵਰਨ ਅਤੇ ਇਨਸਾਨੀ ਪੱਖਾਂ ਤੋਂ ਗ਼ੈਰ ਵਾਜਿਬ ਕਰਾਰ ਦਿੱਤਾ ਸੀ।

ਪੰਜਾਬੀ ਭਾਸ਼ਾ ਦੇ ਆਧਾਰ ਉੱਤੇ ਪੰਜਾਬ ਪੁਨਰਗਠਨ ਕਾਨੂੰਨ 1966 ਤਹਿਤ ਹਰਿਆਣਾ ਨਵਾਂ ਰਾਜ ਹੋਂਦ ਵਿਚ ਆ ਗਿਆ। ਦੋਵੇਂ ਰਾਜਾਂ ਵਿਚ ਅਸਾਸਿਆਂ ਦੀ ਵੰਡ 60:40 ਦੇ ਹਿਸਾਬ ਨਾਲ ਕਰ ਦਿੱਤੀ ਗਈ। ਦੇਸ਼ ਦੇ ਦਰਿਆਈ ਪਾਣੀਆਂ ਦੀ ਵੰਡ ਵਿਚ ਕੇਂਦਰ ਸਰਕਾਰ ਅਤੇ ਅਦਾਲਤਾਂ ਦੀ ਤਾਕਤ ਨਹੀਂ ਹੈ। ਇਸੇ ਕਰਕੇ ਅੰਤਰਰਾਜੀ ਪਾਣੀਆਂ ਦੀ ਵੰਡ ਲਈ ਟ੍ਰਿਬਿਊਨਲ ਬਣਦੇ ਹਨ। ਪੰਜਾਬ ਦੇ ਪਾਣੀਆਂ ਦਾ ਮਾਮਲਾ ਅੰਤਰਰਾਜੀ ਨਾ ਹੋਣ ਕਰ ਕੇ ਲੰਮੇ ਸਮੇਂ ਤੱਕ ਇੱਥੇ ਟ੍ਰਿਬਿਊਨਲ ਬਣਾਉਣ ਦੀ ਕੋਈ ਮੰਗ ਨਹੀਂ ਉੱਠੀ ਅਤੇ ਨਾ ਹੀ ਕੀਤੀ ਗਈ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਮਰਜੈਂਸੀ ਦੌਰਾਨ 24 ਮਾਰਚ 1976 ਨੂੰ ਇਕਪਾਸੜ ਤੌਰ ਉੱਤੇ ਪਾਣੀ ਦੀ ਵੰਡ ਦਾ ਫ਼ੈਸਲਾ ਸੁਣਾ ਦਿੱਤਾ। ਇਹ ਫ਼ੈਸਲਾ ਪੰਜਾਬ ਪੁਨਰਗਠਨ ਕਾਨੂੰਨ 1966 ਦੀ ਧਾਰਾ 78 ਨੂੰ ਆਧਾਰ ਬਣਾ ਕੇ ਸੁਣਾਇਆ ਗਿਆ। ਇਸ ਫ਼ੈਸਲੇ ਵਿਚ ਵੀ ਕਿਸੇ ਕਾਨੂੰਨੀ ਜਾਂ ਸਿਧਾਂਤਕ ਪਹਿਲੂ ਦਾ ਜ਼ਿਕਰ ਨਹੀਂ ਹੈ ਬਲਕਿ ਇਹ ਦਲੀਲ ਦਿੱਤੀ ਗਈ ਕਿ ਹਰਿਆਣਾ ਦਾ ਜ਼ਿਆਦਾਤਰ ਖੇਤਰ ਗ਼ੈਰ ਸਿੰਜਾਈ ਵਾਲਾ ਹੈ, ਬਹੁਤ ਸਾਰੇ ਖੇਤਰ ਸੋਕੇ ਦੀ ਸੰਭਾਵਨਾ ਵਾਲੇ ਹਨ ਅਤੇ ਸਿੰਜਾਈ ਦਾ ਵਿਕਾਸ ਪੰਜਾਬ ਦੇ ਮੁਕਾਬਲੇ ਘੱਟ ਹੈ। ਇਸ ਤੱਥ ਨੂੰ ਧਿਆਨ ਵਿਚ ਰੱਖਿਆ ਜਾ ਰਿਹਾ ਹੈ ਕਿ ਹਰਿਆਣਾ ਨੂੰ ਸਿੰਜਾਈ ਲਈ ਜ਼ਿਆਦਾ ਪਾਣੀ ਦੀ ਲੋੜ ਹੈ ਅਤੇ ਸੂਬੇ ਕੋਲ ਪਾਣੀ ਦੇ ਹੋਰ ਸਰੋਤ ਵੀ ਸੀਮਤ ਹਨ। ਇਸ ਵਾਸਤੇ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਮੌਜੂਦ ਪਾਣੀਆਂ ਵਿਚੋਂ ਬਿਆਸ ਪ੍ਰਾਜੈਕਟ ਮੁਕੰਮਲ ਹੋਣ ਪਿੱਛੋਂ ਪੀਣ ਵਾਲੇ ਪਾਣੀ ਦੀ ਵਰਤੋਂ ਵਾਸਤੇ 0.12 ਮਿਲੀਅਨ ਏਕੜ ਫੁੱਟ ਪਾਣੀ ਦਿੱਲੀ ਨੂੰ, ਹਰਿਆਣਾ ਨੂੰ 3.5 ਮਿਲੀਅਨ ਏਕੜ ਫੁੱਟ ਅਤੇ ਬਾਕੀ 3.5 ਮਿਲੀਅਨ ਏਕੜ ਫੁੱਟ ਪਾਣੀ ਪੰਜਾਬ ਨੂੰ ਅਲਾਟ ਕੀਤਾ ਗਿਆ।

ਪਾਣੀ ਦੀ ਇਸ ਗ਼ੈਰਕਾਨੂੰਨੀ ਵੰਡ ਨੂੰ ਮਾਨਤਾ ਦਿਵਾਉਣ ਲਈ 31 ਦਸੰਬਰ 1981 ਨੂੰ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਨੂੰ ਬਿਠਾ ਕੇ ਕੇਂਦਰ ਸਰਕਾਰ ਨੇ ਸਮਝੌਤਾ ਕਰਵਾਇਆ ਅਤੇ ਪੰਜਾਬ ਪੁਨਰਗਠਨ ਕਾਨੂੰਨ 1966 ਦੀਆਂ ਧਾਰਾਵਾਂ 78 ਤੋਂ 80 ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਵੀ ਵਾਪਸ ਕਰਵਾ ਦਿੱਤੀਆਂ। ਇਸ ਸਮਝੌਤੇ ਤੋਂ ਪਿੱਛੋਂ 8 ਅਪ੍ਰੈਲ 1982 ਨੂੰ ਘਨੌਰ ਨੇੜਲੇ ਕਪੂਰੀ ਪਿੰਡ ਵਿਖੇ ਤਤਕਾਲੀ ਪ੍ਰਧਾਨ ਮੰਤਰੀ ਨੇ ਐੱਸਵਾਈਐੱਲ ਦਾ ਟੱਕ ਲਗਾ ਕੇ ਉਸਾਰੀ ਦਾ ਨੀਂਹ ਪੱਥਰ ਰੱਖਿਆ ਸੀ। ਉਸੇ ਦਿਨ ਤੋਂ ਪੰਜਾਬ ਵਿਚ ਅਕਾਲੀ ਦਲ ਅਤੇ ਸੀਪੀਐੱਮ ਨੇ ਮੋਰਚਾ ਲਗਾ ਦਿੱਤਾ ਸੀ। ਬਾਅਦ ਵਿਚ ਇਹ ਮੋਰਚਾ ਧਰਮ ਯੁੱਧ ਵਿਚ ਤਬਦੀਲ ਹੋਇਆ। ਇਸ ਮੋਰਚੇ ਦਾ ਮੁੱਖ ਉਦੇਸ਼ ਆਨੰਦਪੁਰ ਸਾਹਿਬ ਦੇ ਮਤੇ ਨੂੰ ਮਨਵਾਉਣ ਦਾ ਹੋ ਗਿਆ। ਇਸ ਪਿੱਛੋਂ ਸਰਕਾਰੀਆ ਕਮਿਸ਼ਨ ਬਣਿਆ ਅਤੇ ਕੇਂਦਰ ਰਾਜ ਸਬੰਧਾਂ ਦੀ ਮੁੜ ਸਮੀਖਿਆ ਦੀ ਗੱਲ ਸਵੀਕਾਰ ਕੀਤੀ ਗਈ। ਇਸ ਘਟਨਾਕ੍ਰਮ ਵਿਚ ਦਰਬਾਰ ਸਾਹਿਬ ਉੱਤੇ ਹਮਲਾ, ਪੰਜਾਬ ਦੀ ਧਰਤੀ ਉੱਤੇ ਸਰਕਾਰੀ ਅਤੇ ਅਤਿਵਾਦੀ ਤਸ਼ੱਦਦ, ਇੰਦਰਾ ਗਾਂਧੀ ਦਾ ਕਤਲ, ਦਿੱਲੀ ਅਤੇ ਹੋਰ ਸ਼ਹਿਰਾਂ ਅੰਦਰ ਸਿੱਖ ਕਤਲੇਆਮ ਸਮੇਤ ਅਜਿਹਾ ਇਤਿਹਾਸ ਹੈ ਜਿਸ ਦੇ ਜ਼ਖ਼ਮ ਅਜੇ ਵੀ ਅੱਲੇ ਹਨ।

ਪੰਜਾਬ ਦੀ ਦਲੀਲ ਹੈ ਕਿ ਜੇਕਰ ਸਾਂਝੇ ਪੰਜਾਬ ਦੇ ਪਾਣੀਆਂ ਦੀ ਵੰਡ 60:40 ਦੇ ਅਨੁਪਾਤ ਵੰਡਣ ਦੀ ਦਲੀਲ ਵੀ ਮੰਨ ਲਈ ਜਾਵੇ ਤਾਂ ਯਮੁਨਾ ਦੇ 4.56 ਐੱਮਏਐੱਫ ਪਾਣੀ ਨੂੰ ਸਮੁੱਚੇ ਪਾਣੀ ਵਿਚ ਜੋੜ ਕੇ ਕਿਉਂ ਨਹੀਂ ਵੰਡਿਆ ਗਿਆ? ਜੇਕਰ ਪਾਣੀ ਦੀ ਕਮੀ ਦੀ ਦਲੀਲ ਦੇਣੀ ਹੈ ਤਾਂ ਰਾਜਸਥਾਨ ਵੱਲੋਂ ਨਰਬਦਾ ਨਦੀ ਵਿਚੋਂ ਪਾਣੀ ਮੰਗਣ ਦੀ ਅਰਜ਼ੀ ਸੁਪਰੀਮ ਕੋਰਟ ਨੇ ਕਿਉਂ ਰੱਦ ਕਰ ਦਿੱਤੀ ਸੀ? ਦੇਸ਼ਾਂ ਅੰਦਰ ਫ਼ੈਸਲੇ ਸੰਵਿਧਾਨ, ਕਾਨੂੰਨ, ਮਾਨਤਾ ਪ੍ਰਾਪਤ ਰਵਾਇਤਾਂ, ਕੁਦਰਤੀ ਅਤੇ ਮਨੁੱਖੀ ਭਲਾਈ ਨੂੰ ਧਿਆਨ ਵਿਚ ਰੱਖ ਕੇ ਹੋਣ ਤਾਂ ਇਨਸਾਫ਼ ਹੋਣ ਦਾ ਭਰੋਸਾ ਬੱਝਦਾ ਹੈ। ਪਾਣੀਆਂ ਦੇ ਮੁੱਦੇ ਉੱਤੇ ਚਰਚਾ ਦੌਰਾਨ ਸਭ ਤੋਂ ਬੁਨਿਆਦੀ ਮੁੱਦਾ ਕੀ ਐੱਸਵਾਈਐੱਲ ਕੱਢਣ ਦਾ ਹੈ ਜਾਂ ਪਾਣੀਆਂ ਉੱਤੇ ਮਾਲਕੀ ਦਾ ਹੱਕ ਤੈਅ ਕਰਨ ਦਾ ਹੈ? ਇਸ ਸੱਚਾਈ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਦੇਸ਼ ਅੰਦਰ ਸੰਵਿਧਾਨਕ ਸੰਸਥਾਵਾਂ ਵੀ ਬਹੁਗਿਣਤੀਵਾਦੀ ਮਾਨਸਿਕਤਾ ਵਾਲੀ ਵਿਚਾਰਧਾਰਕ ਸੋਚ ਦੇ ਦਬਾਅ ਹੇਠ ਹਨ।

ਪਾਣੀ ਦਾ ਮੁੱਦਾ ਸੰਵਿਧਾਨਕ ਅਤੇ ਸਿਧਾਂਤਕ ਹੋਣ ਦੇ ਨਾਲ ਨਾਲ ਪੰਜਾਬ ਦੀ ਹੋਂਦ ਨਾਲ ਜੁੜਿਆ ਗੰਭੀਰ ਮੁੱਦਾ ਹੈ। ਪੰਜਾਬ ਦੀਆਂ ਸਿਆਸੀ ਧਿਰਾਂ ਸੱਤਾ ਦੀ ਕੁਰਸੀ ਬਚਾਉਣ ਲਈ ਕਈ ਵਾਰ ਸਿਧਾਂਤਹੀਣ ਸਮਝੌਤੇ ਕਰਦੀਆਂ ਰਹੀਆਂ ਹਨ। ਰਾਜਸਥਾਨ ਨੂੰ ਬਿਨਾਂ ਰਾਇਲਟੀ ਦੇ ਪਾਣੀ ਦੇਣ ਸਮੇਂ ਕੋਈ ਵੱਡਾ ਵਿਰੋਧ ਨਾ ਕਰਨਾ ਪੰਜਾਬ ਦੀ ਤਤਕਾਲੀ ਲੀਡਰਸ਼ਿਪ ਦੀ ਸੂਝ-ਬੂਝ ਅਤੇ ਦ੍ਰਿੜਤਾ ਉੱਤੇ ਸਵਾਲ ਉਠਾਉਂਦਾ ਹੈ। ਪੰਜਾਬ ਪੁਨਰਗਠਨ ਕਾਨੂੰਨ ਦੀ ਧਾਰਾ 78 ਤੋਂ 80 ਨੂੰ ਸੂਬੇ ਦੀਆਂ ਸਰਕਾਰਾਂ ਨੇ 1979 ਤੋਂ ਪਹਿਲਾਂ ਚੁਣੌਤੀ ਕਿਉਂ ਨਹੀਂ ਦਿੱਤੀ? ਦਰਬਾਰਾ ਸਿੰਘ ਦੇ ਸਮਝੌਤੇ ਨੇ ਇੰਦਰਾ ਗਾਂਧੀ ਦੇ 1976 ਦੇ ਐਵਾਰਡ ਉੱਤੇ ਮੋਹਰ ਲਗਾ ਦਿੱਤੀ ਸੀ। ਰਾਜੀਵ-ਲੌਂਗੋਵਾਲ ਸਮਝੌਤੇ ਤਹਿਤ ਪਾਣੀ ਦੇ ਮੁੱਦੇ ਉੱਤੇ ਸਿਧਾਂਤਕ ਸਟੈਂਡ ਨੂੰ ਕਮਜ਼ੋਰ ਕਰ ਦਿੱਤਾ ਗਿਆ। ਟ੍ਰਿਬਿਊਨਲ ਨੂੰ ਮੰਨ ਲੈਣ ਅਤੇ ਜਿੰਨਾ ਪਾਣੀ ਜਾਂਦਾ ਹੈ, ਜਾਂਦਾ ਰਹਿਣ ਦੀ ਮਨਜ਼ੂਰੀ ਸਿਆਸੀ ਕਮਜ਼ੋਰੀ ਹੀ ਕਹੀ ਜਾਵੇਗੀ। ਕੈਪਟਨ ਅਮਰਿੰਦਰ ਸਿੰਘ ਵੱਲੋਂ 2004 ਵਿਚ ਬਣਾਏ ਸਮਝੌਤੇ ਲਾਗੂ ਕਰਨ ਦੇ ਕਾਨੂੰਨ ਨੂੰ ਵਿਧਾਨ ਸਭਾ ਅੰਦਰ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਪਰ ਇਸ ਵਿਚਲੀ ਧਾਰਾ-5 ਨੇ ਵੀ ਰਾਜੀਵ-ਲੌਂਗੋਵਾਲ ਸਮਝੌਤੇ ਵਾਲਾ ਸਟੈਂਡ ਨੂੰ ਇਕ ਤਰਾਂ ਨਾਲ ਵਾਜਿਬ ਠਹਿਰਾ ਦਿੱਤਾ ਸੀ।

ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 7 ਸਤੰਬਰ ਨੂੰ ਹਰਿਆਣਾ ਦੇ ਹਿਸਾਰ ਵਿਖੇ ਇਕ ਸਾਂਝੀ ਪ੍ਰੈਸ ਕਾਨਫਰੰਸ ਵਿਚ ਕਿਹਾ ਹੈ ਕਿ ਇਹ ਕੇਂਦਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪੰਜਾਬ ਅਤੇ ਹਰਿਆਣਾ ਦੋਵਾਂ ਦਾ ਪਾਣੀ ਪੂਰਾ ਕਰ ਕੇ ਦੇਵੇ। ਇਥੇ ਸਭ ਤੋਂ ਵੱਡੀ ਸਮੱਸਿਆ ਅਸਲੀ ਮਸਲੇ ਨੂੰ ਪਛਾਨਣ ਦੀ ਹੈ। ਪੰਜਾਬ ਅੰਦਰ ਕੇਵਲ ਦਰਿਆਈ ਪਾਣੀ ਹੀ ਨਹੀਂ ਧਰਤੀ ਹੇਠਲੇ ਪਾਣੀ ਦਾ ਸੰਕਟ ਵੀ ਵਿਕਰਾਲ ਰੂਪ ਧਾਰਨ ਕਰ ਰਿਹਾ ਹੈ। ਹਰਿਆਣਾ ਅਤੇ ਹੋਰ ਰਾਜਾਂ ਦੀ ਹਾਲਤ ਵੀ ਅਜਿਹੀ ਹੋ ਸਕਦੀ ਹੈ। ਪੰਜਾਬ ਦੀਆਂ ਸਾਰੀਆਂ ਪਾਰਟੀਆਂ ਨੂੰ ਸਾਂਝੀ ਰਾਏ ਬਣਾਉਣੀ ਚਾਹੀਦੀ ਹੈ। ਇਸ ਲਈ ਸਰਬ ਪਾਰਟੀ ਮੀਟਿੰਗ ਬੁਲਾਉਣ ਦੀ ਲੋੜ ਹੈ। ਇਸ ਦੇ ਨਾਲ ਹੀ ਕਿਸਾਨ ਜਥੇਬੰਦੀਆਂ ਨਾਲ ਵੀ ਅਤੇ ਵਿਧਾਨ ਸਭਾ ਦਾ ਸੈਸ਼ਨ ਬੁਲਾ ਕੇ ਵੀ ਚਰਚਾ ਕੀਤੀ ਜਾਣੀ ਚਾਹੀਦੀ ਹੈ। ਇਹ ਮਸਲਾ ਸਿਆਸੀ ਧਿਰਾਂ ਦੇ ਆਪੋ-ਆਪਣੇ ਵੋਟ ਬੈਂਕ ਦਾ ਨਹੀਂ ਬਲਕਿ ਇਹ ਪੰਜਾਬ ਦੀ ਹੋਂਦ ਨਾਲ ਜੁੜਿਆ ਹੋਇਆ ਹੈ। ਪੰਜਾਬ ਦੇ ਆਗੂ ਕਹਿ ਰਹੇ ਹਨ ਕਿ ਪੰਜਾਬ ਕੋਲ ਪਾਣੀ ਨਹੀਂ ਹੈ ਅਤੇ ਇਕ ਬੂੰਦ ਵੀ ਨਹੀਂ ਦਿੱਤੀ ਜਾਵੇਗੀ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਕੇਂਦਰ ਸਰਕਾਰ ਸਮੇਤ ਪੰਜਾਬ ਦੇ ਸਿਆਸੀ ਆਗੂ ਪੁਰਾਣੀਆਂ ਗ਼ਲਤੀਆਂ ਤੋਂ ਸਬਕ ਜ਼ਰੂਰ ਸਿੱਖਣਗੇ ਅਤੇ ਪਾਣੀ ਦੇ ਮੁੱਦੇ ਦਾ ਸੰਵਿਧਾਨਕ ਅਤੇ ਸਿਧਾਂਤਕ ਹੱਲ ਕਰਨ ਵੱਲ ਅੱਗੇ ਵਧਣਗੇ।

# ਢੁਕਵੀਂ ਖੇਤੀ ਅਤੇ ਉਦਯੋਗਿਕ ਨੀਤੀ ਤੋਂ ਬਗ਼ੈਰ ਪੰਜਾਬ ਵਿਚ ਫੈਲੀ ਬੇਰੁਜ਼ਗਾਰੀ ਦਾ ਹੱਲ ਨਹੀਂ



**ਡਾਕਟਰ ਐਸ ਐਸ ਛੀਨਾ**

ਦੁਨੀਆ ਭਰ ਦੇ ਖੁਸ਼ਹਾਲ ਦੇਸ਼ਾਂ ਦੀ ਸੂਚੀ ਵਿਚ ਉਹੋ ਦੇਸ਼ ਹਨ, ਜਿਹੜੇ ਉਦਯੋਗਿਕ ਵਿਕਾਸ ਵਿਚ ਅੱਗੇ ਹਨ ਅਤੇ ਜਿਨਾਂ ਦੀ ਜ਼ਿਆਦਾ ਵਸੋਂ ਉਦਯੋਗਾਂ ਵਿਚ ਲੱਗੀ ਹੋਈ ਹੈ। ਉਨਾਂ ਦੇਸ਼ਾਂ ਵਿਚ ਜਿਵੇਂ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਅਤੇ ਜਾਪਾਨ ਆਦਿ ਵਿਚ ਬੇਰੁਜ਼ਗਾਰੀ ਨਹੀਂ ਹੈ ਜੇ ਹੈ ਤਾਂ ਆਰਜ਼ੀ ਹੈ ਅਤੇ ਸਮਾਜਿਕ ਸੁਰੱਖਿਆ ਦਾ ਬਹੁਤ ਉੱਚਾ ਪੱਧਰ ਹੈ। ਦੂਜੇ ਪਾਸੇ ਖੇਤੀ ਪ੍ਰਧਾਨ ਜਾਂ ਜਿਨਾਂ ਦੇਸ਼ਾਂ ਦੀ ਜ਼ਿਆਦਾ ਵਸੋਂ ਖੇਤੀ ਵਿਚ ਲੱਗੀ ਹੋਈ ਹੈ ਉਹ ਦੇਸ਼ ਗ਼ਰੀਬੀ, ਥੁੜ, ਪਛੜੇਪਨ ਅਤੇ ਬੇਰੁਜ਼ਗਾਰੀ ਨਾਲ ਜੂਝ ਰਹੇ ਹਨ। ਜੇ ਦੁਨੀਆ ਦੇ ਆਰਥਿਕ ਵਿਕਾਸ ਦਾ ਅਧਿਐਨ ਕਰੀਏ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਹ ਸਾਰੇ ਹੀ ਉਦਯੋਗਿਕ ਦੇਸ਼ ਪਹਿਲਾਂ ਖੇਤੀ ਪ੍ਰਧਾਨ ਦੇਸ਼ ਸਨ। ਦੇਸ਼ ਦੀ ਬਹੁਤੀ ਵਸੋਂ ਖੇਤੀ ਵਿਚ ਕੰਮ ਕਰਦੀ ਸੀ ਪਰ ਜਿਉਂ-ਜਿਉਂ ਉਦਯੋਗਿਕ ਵਿਕਾਸ ਹੋਇਆ ਤਾਂ ਖੇਤੀ ਵਿਚ ਕੰਮ ਕਰਨ ਵਾਲੀ ਵਸੋਂ ਬਦਲ ਕੇ ਉਦਯੋਗਾਂ ਵਿਚ ਲੱਗਣੀ ਸ਼ੁਰੂ ਹੋ ਗਈ। ਦੇਸ਼ ਦੀ ਕੁੱਲ ਆਮਦਨ ਵਿਚੋਂ ਉਦਯੋਗਾਂ ਦੀ ਆਮਦਨ ਦਾ ਹਿੱਸਾ ਵੱਧਦਾ ਗਿਆ ਅਤੇ ਖੇਤੀ ਖੇਤਰ ਦਾ ਹਿੱਸਾ ਘਟਦਾ ਗਿਆ। ਜਿਸ ਤਰਾਂ ਅੱਜ ਕੱਲ ਪੰਜਾਬ ਵਿਚ ਉਦਯੋਗਾਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਤਾਂ 28 ਫੀਸਦੀ ਹੈ ਜਦੋਂ ਕਿ ਖੇਤੀ ਖੇਤਰ ਦੀ ਆਮਦਨ ਜਿਹੜੀ 1980 ਤੱਕ ਵੀ 40 ਫੀਸਦੀ ਦੇ ਬਰਾਬਰ ਸੀ, ਘਟ ਕੇ ਸਿਰਫ਼ 19 ਫੀਸਦੀ ਰਹਿ ਗਈ ਹੈ। ਕਿਸੇ ਵੀ ਵਿਕਸਿਤ ਦੇਸ਼ ਵਿਚ ਖੇਤੀ ਵਿਚ 5 ਫੀਸਦੀ ਤੋਂ ਜ਼ਿਆਦਾ ਵਸੋਂ ਨਹੀਂ ਅਤੇ ਦੂਜੇ ਪਾਸੇ ਕਿਸੇ ਵੀ ਵਿਕਸਿਤ ਦੇਸ਼ ਦੀ ਕੁੱਲ ਆਮਦਨ ਵਿਚ ਖੇਤੀ ਦਾ ਹਿੱਸਾ 5 ਫੀਸਦੀ ਤੋਂ ਵੱਧ ਨਹੀਂ। ਪੰਜਾਬ ਵਿਚ ਖੇਤੀ ਵਿਕਾਸ ਤਾਂ ਬਹੁਤ ਹੋਇਆ, ਖ਼ਾਸ ਕਰਕੇ ਪੰਜਾਬ ਵਿਚ ਖੇਤੀ ਉਪਜ ਦੁਨੀਆ ਦੇ ਵਿਕਸਿਤ ਦੇਸ਼ਾਂ ਦੇ ਮੁਕਾਬਲੇ 'ਤੇ ਹੈ ਪਰ ਖੇਤੀ ਦੇ ਖੇਤਰ ਵਿਚ ਲੱਗੀ ਵਸੋਂ ਵਿਚ ਕਮੀ ਨਾ ਹੋਈ। ਜੇ ਖੇਤੀ ਵਿਚ ਵੀ ਸਿਰਫ਼ 14 ਫੀਸਦੀ ਵਸੋਂ ਹੋਵੇ ਫਿਰ ਤਾਂ 19 ਫੀਸਦੀ ਯੋਗਦਾਨ ਇਹ ਸਾਬਿਤ ਕਰ ਸਕਦਾ ਹੈ ਕਿ ਖੇਤੀ ਵਿਚ ਕੋਈ ਅਰਧ ਬੇਰੁਜ਼ਗਾਰੀ ਦਾ ਲੁਕੀ ਛੁਪੀ ਬੇਰੁਜ਼ਗਾਰੀ ਨਹੀਂ, ਪਰ ਭਾਰਤ ਜਾਂ ਪੰਜਾਬ ਵਿਚ ਅਜੇ ਵੀ 60 ਫੀਸਦੀ ਵਸੋਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਖੇਤੀ ਵਿਚ ਲੱਗੀ ਹੋਈ ਹੈ, ਜਿਹੜੀ ਇਹ ਸਪੱਸ਼ਟ ਕਰਦੀ ਹੈ ਕਿ ਖੇਤੀ ਵਿਚ ਲਗੀ ਹੋਈ ਵਸੋਂ ਕੋਲ ਰੁਜ਼ਗਾਰ ਦੀ ਕਮੀ ਹੈ ਅਤੇ ਉਹ ਅਰਧ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੀ ਹੈ।

ਇਸ ਵਕਤ ਪੰਜਾਬ ਸਭ ਤੋਂ ਵੱਧ ਬੇਰੁਜ਼ਗਾਰੀ ਦੀ ਸਮੱਸਿਆ ਨਾਲ ਜੂਝ ਰਿਹਾ ਹੈ। 2017 ਦੀਆਂ ਚੋਣਾਂ ਵਿਚ ਬੇਰੁਜ਼ਗਾਰੀ ਦੂਰ ਕਰ ਕੇ ਘਰ-ਘਰ ਰੁਜ਼ਗਾਰ ਦੇਣ ਦੇ ਵਾਅਦੇ ਕੀਤੇ ਗਏ ਸਨ, 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਹਰ ਰਾਜਨੀਤਕ ਪਾਰਟੀ ਨੇ ਰੁਜ਼ਗਾਰ ਵਧਾਉਣ ਦੇ ਵਾਅਦੇ ਕੀਤੇ ਹਨ। ਬੇਰੁਜ਼ਗਾਰੀ ਖ਼ਤਮ ਕਰਨ ਅਤੇ ਰੁਜ਼ਗਾਰ ਵਧਾਉਣ ਵਿਚ ਸਿਰਫ਼ ਉਦਯੋਗਿਕ ਖੇਤਰ ਹੀ ਸਹਾਈ ਹੋ ਸਕਦਾ ਹੈ। ਕਿਸੇ ਵਕਤ ਪੰਜਾਬ ਖੇਤੀ ਅਤੇ ਉਦਯੋਗ ਦੋਵਾਂ ਵਿਚ ਹੀ ਅੱਗੇ ਸੀ। ਪੰਜਾਬ ਤੋਂ ਗਰਮ ਕੱਪੜਾ, ਆਰਟ ਸਿਲਕ, ਮਸ਼ੀਨਾਂ ਅਤੇ ਹੌਜ਼ਰੀ ਵਸਤੂਆਂ ਦੁਨੀਆ ਭਰ ਦੇ ਦੇਸ਼ਾਂ ਵਿਚ ਨਿਰਯਾਤ ਕੀਤੀਆਂ ਜਾਂਦੀਆਂ ਸਨ। ਭਾਵੇਂ ਕਿ 1947 ਤੋਂ ਬਾਅਦ ਪੰਜਾਬ ਦੀ ਸਥਿਤੀ ਇਸ ਤਰਾਂ ਬਣ ਗਈ ਕਿ ਉਸ ਦੀ ਬੰਦਰਗਾਹਾਂ ਤੋਂ 1500 ਕਿਲੋਮੀਟਰ ਤੋਂ ਵੱਧ ਦੀ ਦੂਰੀ ਹੋ ਗਈ ਜਿਹੜਾ 1947 ਤੋਂ ਪਹਿਲਾਂ ਪੰਜਾਬ ਦੇ ਨੇੜੇ ਦੀ ਬੰਦਰਗਾਹ ਕਰਾਚੀ (ਜਿਹੜੀ ਕੋਈ 1000 ਕਿਲੋਮੀਟਰ ਦੂਰ ਸੀ) ਪਰ ਫਿਰ ਵੀ 1980 ਤੱਕ ਪੰਜਾਬ ਵਿਚ ਉਦਯੋਗਿਕ ਇਕਾਈਆਂ ਸਫ਼ਲਤਾ ਨਾਲ ਚੱਲਦੀਆਂ ਰਹੀਆਂ ਪਰ 1980 ਤੋਂ ਬਾਅਦ ਪੰਜਾਬ ਵਿਚ ਉਦਯੋਗਿਕ ਨਿਘਾਰ ਆ ਗਿਆ। ਅੰਮ੍ਰਿਤਸਰ ਸ਼ਹਿਰ ਜਿੱਥੇ 1970 ਤੱਕ ਕੋਈ 1200 ਛੋਟੇ-ਵੱਡੇ, ਆਰਟ ਸਿਲਕ ਕੱਪੜੇ ਦੇ ਯੂਨਿਟ ਸਨ, ਜਿਨਾਂ ਵਿਚ 60 ਹਜ਼ਾਰ ਕਿਰਤੀ ਕੰਮ ਕਰਦੇ ਸਨ। ਉਹ ਬਿਲਕੁਲ ਖ਼ਤਮ ਹੋ ਗਏ ਅਤੇ ਇਸ ਵਕਤ ਸ਼ਾਇਦ ਹੀ ਕੋਈ ਯੂਨਿਟ ਇਸ ਉਦਯੋਗ ਨਾਲ ਸੰਬੰਧਿਤ ਪੂਰੇ ਪੰਜਾਬ ਵਿਚ ਹੋਵੇਗਾ। ਇਸ ਤਰਾਂ ਹੀ ਗਰਮ ਕੱਪੜੇ ਦੇ ਉਦਯੋਗ ਨਾਲ ਹੋਇਆ। ਮਸ਼ੀਨਾਂ ਅਤੇ ਲੋਹੇ ਨਾਲ ਸੰਬੰਧਿਤ ਉਦਯੋਗ ਜਿਹੜਾ ਬਟਾਲਾ, ਗੋਬਿੰਦਗੜ ਅਤੇ ਗੁਰਾਇਆ ਵਿਚ ਵੱਡੀ ਗਿਣਤੀ ਵਿਚ ਸਥਾਪਿਤ ਸੀ ਉਹ ਖ਼ਤਮ ਹੋ ਗਿਆ। ਭਾਵੇਂ ਕਿ ਹੌਜ਼ਰੀ ਦੀਆਂ ਵਸਤੂਆਂ ਅਜੇ ਵੀ ਲੁਧਿਆਣੇ ਤੋਂ ਨਿਰਯਾਤ ਹੋ ਰਹੀਆਂ ਹਨ, ਪਰ ਅੰਤਰਰਾਸ਼ਟਰੀ ਮੰਡੀ ਵਿਚ ਮੁਕਾਬਲਾ ਕਰਨ ਵਿਚ ਕਠਿਨਾਈ ਮਹਿਸੂਸ ਕਰ ਰਹੀਆਂ ਹਨ।

ਪਿਛਲੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਦੇਸ਼ ਦੇ ਉਦਯੋਗਪਤੀਆਂ ਨੂੰ ਪੰਜਾਬ ਵਿਚ ਆਪਣੀਆਂ ਇਕਾਈਆਂ ਲਾਉਣ ਦਾ ਜਿਹੜਾ ਸੱਦਾ ਦਿੱਤਾ ਗਿਆ ਹੈ, ਉਸ ਨਾਲ ਹੀ ਨਵੇਂ ਨਿਵੇਸ਼ਕਾਂ ਲਈ ਸਹੂਲਤਾਂ, ਆਸਾਨੀ ਅਤੇ ਉਨਾਂ ਦੀਆਂ ਲੋੜਾਂ ਲਈ ਕੱਚੇ ਮਾਲ ਲਈ ਰੇਲਵੇ ਦੀਆਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦਾ ਵੀ ਐਲਾਨ ਕੀਤਾ ਗਿਆ ਹੈ, ਉਸ ਨਾਲ ਉਮੀਦ ਪੈਦਾ ਹੋਈ ਹੈ ਕਿ ਪੰਜਾਬ ਵਿਚ ਪਹਿਲਾਂ ਹਰਾ ਇਨਕਲਾਬ, ਫਿਰ ਚਿੱਟਾ ਇਨਕਲਾਬ (ਡੇਅਰੀ, ਪੋਲਟਰੀ) ਜਿਸ ਵਿਚ ਪੰਜਾਬ ਨੇ ਦੇਸ਼ ਦੀ ਅਗਵਾਈ ਕੀਤੀ ਸੀ, ਹੁਣ ਉਦਯੋਗਿਕ ਵਿਕਾਸ ਵਿਚ ਵੀ ਉਨਾਂ ਵਰਗੀਆਂ ਪ੍ਰਾਪਤੀਆਂ ਹੋਣਗੀਆਂ। ਭਾਰਤੀ ਦੀ ਮੋਹਰੀ ਕੰਪਨੀ ਟਾਟਾ ਸੰਨਜ਼ ਜਿਸਦਾ ਭਾਰਤ ਦਾ ਉਦਯੋਗਿਕ ਵਿਕਾਸ ਵਿਚ ਅਹਿਮ ਰੋਲ ਹੈ ਨੇ ਪੰਜਾਬ ਵਿਚ 2600 ਕਰੋੜ ਰੁਪਏ ਦੇ ਨਿਵੇਸ਼ ਨਾਲ ਲੁਧਿਆਣੇ ਦੇ ਨਜ਼ਦੀਕ ਜਿਹੜੀ ਇਕਾਈ ਲਾਉਣ ਦੀ ਘੋਸ਼ਣਾ ਕੀਤੀ ਹੈ, ਯਕੀਨਨ ਹੀ ਉਸ ਨਾਲ ਉਦਯੋਗਿਕ ਵਿਕਾਸ ਨੂੰ ਇਕ ਨਵਾਂ ਹੁੰਗਾਰਾ ਮਿਲੇਗਾ। ਇਹ ਸਾਲ ਡੋਰਾਬ ਜੀ ਟਾਟਾ ਜਿਹੜੇ ਇਸ ਕੰਪਨੀ ਦੇ ਸੰਸਥਾਪਕ ਸਨ, ਦਾ 163ਵਾਂ ਜਨਮ ਦਿਨ ਹੈ, ਜਿਨਾ ਨੇ ਜਮਸ਼ੇਦਪੁਰ ਵਿਚ ਟਾਟਾ ਸਟੀਲ ਪਲਾਂਟ ਲਾ ਕੇ, ਉਸ ਨੂੰ ਦੁਨੀਆ ਦੀ ਮੋਹਰੀ ਕੰਪਨੀ ਵਜੋਂ ਸਥਾਪਿਤ ਕੀਤਾ ਸੀ ਅਤੇ ਬਾਅਦ ਵਿਚ ਉਸ ਕੰਪਨੀ ਦੀਆਂ ਸ਼ਾਖਾਵਾਂ ਦੇਸ਼ਾਂ ਅਤੇ ਵਿਦੇਸ਼ਾਂ ਵਿਚ ਨਾ ਸਿਰਫ ਸਟੀਲ ਬਲਕਿ ਕਈ ਖੇਤਰਾਂ ਵਿਚ ਫੈਲੀਆਂ ਸਨ। ਇਸ ਪਲਾਂਟ ਨੂੰ ਸਥਾਪਤ ਕਰਨ ਲਈ ਵਰਤੇ ਜਾਣ ਵਾਲੇ ਕੱਚੇ ਮਾਲ ਵਿਚ ਪਹਿਲਾਂ ਤੋਂ ਨਕਾਰਾ ਹੋ ਚੁੱਕੇ ਲੋਹੇ ਅਤੇ ਸਟੀਲ (ਸਕਰੈਪ) ਨੂੰ ਵਰਤਣ ਨਾਲ ਜਿੱਥੇ ਸਸਤੀਆਂ ਵਸਤੂਆਂ ਦਾ ਉਤਪਾਦਨ ਅਤੇ ਵੱਡੀ ਪੱਧਰ 'ਤੇ ਰੁਜ਼ਗਾਰ ਵਧਣ ਦੀ ਉਮੀਦ ਹੈ, ਉਥੇ ਉਸ ਉਦਯੋਗ ਦੇ ਨਾਲ ਅਨੇਕਾਂ ਸਹਾਇਕ ਇਕਾਈਆਂ ਦੇ ਸਥਾਪਿਤ ਹੋਣ ਦੀ ਵੀ ਉਮੀਦ ਹੈ।

ਪੰਜਾਬ ਸਰਕਾਰ ਵਲੋਂ 'ਵਿਜ਼ਨ ਪੰਜਾਬ ਇਨਵੈਸਮੈਂਟ ਪੰਜਾਬ' ਦੇ ਅਪਣਾਏ ਪ੍ਰੋਗਰਾਮ ਵਿਚ ਉਦਯੋਗਿਕ ਵਿਕਾਸ ਨੂੰ ਪੰਜਾਬ ਦੇ ਵਿਕਾਸ ਦਾ ਆਧਾਰ ਬਣਾਉਣ ਦੀ ਜਿਹੜੀ ਦੂਰਅੰਦੇਸ਼ੀ ਸੋਚ ਵਿਖਾਈ ਗਈ ਹੈ, ਉਸ ਨਾਲ ਇਸ ਗੱਲ ਦੀ ਉਮੀਦ ਕੀਤੀ ਜਾ ਸਕਦੀ ਹੈ ਕਿ ਪੰਜਾਬ ਵੀ ਪੱਛਮ ਦੇ ਉਨਾਂ ਦੇਸ਼ਾਂ ਦੇ ਬਰਾਬਰ ਦਾ ਖੇਤਰ ਬਣ ਜਾਵੇ, ਜਿਨਾਂ ਦੇਸ਼ਾਂ ਵਿਚ ਪੰਜਾਬ ਦੇ ਨੌਜਵਾਨ ਆਪਣੀਆਂ ਜ਼ਮੀਨਾਂ ਅਤੇ ਜਾਇਦਾਦਾਂ ਵੇਚ-ਵੇਚ ਕੇ ਜਾਣ ਲਈ ਉਤਾਵਲੇ ਹਨ। ਇਨਾਂ ਪ੍ਰੋਗਰਾਮਾਂ ਦੇ ਅਧੀਨ ਭਾਵੇਂ ਕਿ ਵਿਦੇਸ਼ੀ ਪ੍ਰਵਾਸੀਆਂ ਨੂੰ ਵੀ ਪੰਜਾਬ ਵਿਚ ਨਿਵੇਸ਼ ਕਰਨ ਲਈ ਆਕਰਸ਼ਿਤ ਕੀਤਾ ਜਾਵੇਗਾ

ਬਾਕੀ ਸਫ਼ਾ 31 'ਤੇ

# ਗੁਰਦਾਸ ਮਾਨ ਦੇ ਵਿਵਾਦਿਤ ਗੀਤ 'ਗੱਲ ਸੁਣੋ ਪੰਜਾਬੀ ਦੋਸਤੋ' ਦੇ ਜਵਾਬ ਵਿੱਚ



**ਡਾ. ਗੁਰਵਿੰਦਰ ਸਿੰਘ**

ਗਾਇਕ ਗੁਰਦਾਸ ਮਾਨ ਇੱਕ ਵਾਰ ਫਿਰ ਵਿਵਾਦਾਂ ਵਿੱਚ ਹੈ। ਤਾਜ਼ਾ ਵਿਵਾਦ ਉਸ ਦੇ ਨਵੇਂ ਗੀਤ 'ਗੱਲ ਸੁਣੋ ਪੰਜਾਬੀ ਦੋਸਤੋ' ਕਰਕੇ ਪੈਦਾ ਹੋਇਆ ਹੈ, ਜੋ ਤਿੰਨ ਸਾਲ ਪਹਿਲਾਂ ਐਬਟਸਫੋਰਡ ਕੈਨੇਡਾ 'ਚ ਵਾਪਰੀ ਘਟਨਾ ਨੂੰ ਆਧਾਰ ਬਣਾ ਕੇ ਗੁਰਦਾਸ ਮਾਨ ਨੇ ਲਿਖਿਆ ਹੈ। ਸੱਚ ਤਾਂ ਇਹ ਹੈ ਕਿ ਇਸ ਗੀਤ ਰਾਹੀਂ ਗੁਰਦਾਸ ਮਾਨ ਨੇ ਆਪਣੀ ਖੁੱਸੀ ਸ਼ੋਹਰਤ ਮੁੜ ਬਹਾਲ ਕਰਨ ਦੀ ਅਸਫ਼ਲ ਕੋਸ਼ਿਸ਼ ਕੀਤੀ ਹੈ। ਗੀਤ ਬਦਲਾਖੋਰੀ ਅਤੇ ਬੇਈਮਾਨੀ ਰਾਹੀਂ ਵਿਰੋਧੀਆਂ ਨੂੰ ਮਾੜਾ ਕਹਿਣ ਅਤੇ ਆਪਣੇ ਲਈ ਹਮਦਰਦੀ ਬਟੋਰਨ ਲਈ ਲਿਖਿਆ ਹੈ। ਗੀਤ ਦੇ ਫ਼ਿਲਮਾਂਕਣ ਵਿੱਚ ਗੁਰਦਾਸ ਮਾਨ ਵੱਲੋਂ ਵਿਰੋਧੀਆਂ ਨੂੰ ਕੱਢੀ ਗਾਲ਼ ਨੂੰ ਜਾਇਜ਼ ਠਹਿਰਾਉਣ ਲਈ ਇਕ ਬਿਰਤਾਂਤ ਸਿਰਜਿਆ ਗਿਆ ਹੈ। ਇਸ ਤੋਂ ਇਲਾਵਾ ਵਿਵਾਦ ਦੇ ਮੂਲ ਕਾਰਨ ਗੁਰਦਾਸ ਮਾਨ ਦੇ 'ਇਕ ਰਾਸ਼ਟਰ ਇਕ ਭਾਸ਼ਾ' ਦੇ ਏਜੰਡੇ ਨੂੰ ਵੀ ਜਾਇਜ਼ ਠਹਿਰਾਉਣ ਦੀ ਸ਼ਰਾਰਤੀ ਅਤੇ ਸਾਜ਼ਸ਼ੀ ਢੰਗ ਨਾਲ ਅਸਫ਼ਲ ਕੋਸ਼ਿਸ਼ ਕੀਤੀ ਗਈ ਹੈ। ਗੁਰਦਾਸ ਮਾਨ ਦੀ ਗਾਲ਼ ਦਾ ਵਿਰੋਧ ਕਰਨ ਵਾਲਿਆਂ ਨੂੰ ਧਾਰਮਿਕ ਕੱਟੜਤਾ ਨਾਲ ਜੋੜਨ ਲਈ ਜਿੱਥੇ ਗੀਤ ਵਿੱਚ ਖ਼ਤਰਨਾਕ ਨੈਰੇਟਿਵ ਸਿਰਜਿਆ ਗਿਆ ਹੈ, ਉੱਥੇ ਗੁਰਦਾਸ ਮਾਨ ਦੇ ਹਮਾਇਤੀ ਲੇਖਕ ਵੀ ਅਜਿਹਾ ਲਿਖ ਕੇ ਬੌਧਿਕ ਦੀਵਾਲੀਆਪਣ ਦਾ ਸਬੂਤ ਦੇ ਰਹੇ ਹਨ।

ਗੁਰਦਾਸ ਮਾਨ ਦੇ ਤਾਜ਼ਾ ਵਿਵਾਦਤ ਗੀਤ ਬਾਰੇ ਕਿਹਾ ਜਾ ਰਿਹਾ ਹੈ ਕਿ ਗੀਤ ਰਾਹੀਂ ਉਸ ਦੇ ਅੰਦਰਲਾ ਦਰਦ ਛਲਕਿਆ ਹੈ। ਇਸ ਨੂੰ ਸਮਝਣ ਲਈ ਪਿਛੋਕੜ ਦਾ ਘਟਨਾਕ੍ਰਮ ਜਾਣਨਾ ਜ਼ਰੂਰੀ ਹੈ। ਗੱਲ 21 ਸਤੰਬਰ 2019 ਦੀ ਹੈ। ਭਾਰਤ ਅੰਦਰ ਰਾਸ਼ਟਰਵਾਦੀ- ਫਾਸ਼ੀਵਾਦੀ ਏਜੰਡੇ ਤਹਿਤ ਅਪਣਾਏ ਜਾ ਰਹੇ ਰਾਹ 'ਇੱਕ ਦੇਸ਼ ਇੱਕ ਬੋਲੀ' ਦੀ ਤਰਜ਼ 'ਤੇ ਪੰਜਾਬੀ ਗਾਇਕ ਗੁਰਦਾਸ ਮਾਨ ਦੇ ਸ਼ਬਦਾਂ ਨੂੰ ਲੈ ਕੇ ਕੈਨੇਡਾ ਵਸਦੇ ਪੰਜਾਬੀਆਂ ਵੱਲੋਂ ਉਸ ਦਾ ਤਿੱਖਾ ਵਿਰੋਧ ਹੋਇਆ ਸੀ। ਆਪਣੀ ਗਲਤ ਗੱਲ ਨੂੰ ਸਹੀ ਸਾਬਤ ਕਰਨ ਲਈ ਗੁਰਦਾਸ ਮਾਨ ਦਾ ਇਹ ਕਹਿਣਾ ਕਿ ਉੱਤਰ ਤੋਂ ਲੈ ਕੇ ਦੱਖਣ ਤੱਕ ਸਾਰੇ ਹਿੰਦੁਸਤਾਨ-ਰਾਸ਼ਟਰ ਵਿੱਚ ਇੱਕ ਭਾਸ਼ਾ ਹੋਣੀ ਚਾਹੀਦੀ ਹੈ, ਜਿਵੇਂ ਕਿ ਫਰਾਂਸ ਦੇ ਵਿੱਚ ਤੇ ਜਰਮਨੀ ਦੇ ਵਿੱਚ ਇੱਕ ਭਾਸ਼ਾ ਹੈ, ਬਿਲਕੁਲ ਬੇਤੁਕਾ ਸੀ। ਭਾਰਤ ਵਿੱਚ ਅੱਜ ਵੀ ਸੰਘੀ ਤਾਕਤਾਂ ਅਜਿਹਾ ਕਰਨ ਦੀ ਕੋਸ਼ਿਸ਼ 'ਚ ਹਨ ਅਤੇ ਉਨਾਂ ਫਾਸ਼ੀਵਾਦੀ ਨੀਤੀਆਂ ਨਾਲ ਦੱਖਣੀ ਭਾਰਤ ਵਿੱਚ ਵੀ ਹਿੰਦੀ ਨੂੰ ਲਾਗੂ ਕਰਨ ਦਾ ਤਹੱਈਆ ਕੀਤਾ ਹੋਇਆ ਹੈ, ਪਰ ਇਸ ਦੇ ਤਿੱਖੇ ਵਿਰੋਧ ਵਿੱਚ ਉੱਥੋਂ ਦੇ ਸਾਹਿਤਕਾਰ, ਕਲਾਕਾਰ, ਗਾਇਕ-ਗੀਤਕਾਰ ਸਭ ਇੱਕ-ਮੁੱਠ ਹਨ। ਭਾਰਤ ਵਿੱਚ ਭਾਸ਼ਾਵਾਂ ਦੀ ਵੰਨ- ਸੁਵੰਨਤਾ ਹੈ। ਜਬਰੀ ਹਿੰਦੀ ਭਾਸ਼ਾ ਲਾਗੂ ਕਰਨ ਦੀ ਨੀਤੀ ਹਿੰਦੂਤਵੀ ਕੱਟੜਤਾ ਅਤੇ ਘੱਟਗਿਣਤੀਆਂ ਦੇ ਵਿਰੋਧ ਵਿੱਚ ਘੜੀ ਗਈ ਚਾਲ ਹੈ, ਜਿਸ ਦੀ 'ਹਾਂ ਵਿੱਚ ਹਾਂ' ਮਿਲਾਉਂਦੇ ਹੋਏ ਗੁਰਦਾਸ ਮਾਨ ਵੱਲੋਂ 'ਹੁੰਗਾਰਾ' ਭਰਿਆ ਜਾਣਾ, ਨਿਖੇਧੀਜਨਕ ਸੀ। ਗੁਰਦਾਸ ਮਾਨ ਕੈਨੇਡਾ ਦੀ ਸਥਿਤੀ ਦੇਖ ਸਕਦਾ ਸੀ ਕਿ ਇੱਥੋਂ ਦੇ ਹੀ ਇੱਕ ਸੂਬੇ ਕਿਊਬੈਕ ਵਿੱਚ ਫਰੈਂਚ ਭਾਸ਼ਾ ਦਾ ਬੋਲਬਾਲਾ ਹੈ ਤੇ ਉੱਥੇ ਧੱਕੇ ਨਾਲ ਕਿਸੇ ਹੋਰ ਭਾਸ਼ਾ ਨੂੰ ਲਾਗੂ ਕੀਤੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਦੁੱਖ ਇਸ ਗੱਲ ਦਾ ਹੈ ਕਿ ਮਾਨ ਨੇ ਕੈਨੇਡਾ ਦੀ ਉਦਾਹਰਨ ਛੱਡ ਕੇ ਉਹ ਉਦਾਹਰਨਾਂ ਦਿੱਤੀਆਂ, ਜਿੱਥੇ ਭਾਸ਼ਾਈ ਵੰਨ-ਸੁਵੰਨਤਾ ਨਹੀਂ ਹੈ। ਅਜਿਹੀ ਬਿਆਨਬਾਜ਼ੀ ਤੇ ਟਿੱਪਣੀਆਂ ਨੇ ਪੰਜਾਬੀ ਪ੍ਰੇਮੀਆਂ ਦੇ ਦਿਲਾਂ ਨੂੰ ਭਾਰੀ ਸੱਟ ਮਾਰੀ। ਇੱਥੇ ਹੀ ਬੱਸ ਨਹੀਂ, ਮਾਨ ਨੇ ਪੰਜਾਬੀ ਬੋਲੀ ਨੂੰ ਪ੍ਰਫੁੱਲਤ ਕਰਨ ਲਈ, ਸੋਸ਼ਲ ਮੀਡੀਆ ਦੇ ਵੱਖ-ਵੱਖ ਰੂਪਾਂ ਵਿਚ ਕੰਮ ਕਰ ਰਹੇ ਜਾਗਰੂਕ ਪੰਜਾਬੀਆਂ ਨੂੰ 'ਵਿਹਲੜ' ਕਹਿ ਕੇ ਨਕਾਰਿਆ। ਵੱਡਾ ਸਵਾਲ ਇਹ ਹੈ ਕਿ ਗੁਰਦਾਸ ਮਾਨ ਕਿਹੋ ਜਿਹਾ ਸੇਵਾਦਾਰ ਹੈ ਮਾਂ ਪੰਜਾਬੀ ਦਾ? ਜਿਸ ਪੰਜਾਬੀ ਨੇ ਉਸ ਨੂੰ ਧਨ-ਦੌਲਤ ਤੇ ਸ਼ੋਹਰਤ ਦਿੱਤੀ, ਉਸੇ ਦੀ ਹੀ ਬਦਨਾਮੀ ਕਰ ਰਿਹਾ ਹੈ। ਅਜਿਹੀ ਹਾਲਤ ਵਿੱਚ ਪੰਜਾਬੀ ਦੀ ਨੁਹਾਰ ਫਿੱਕੀ ਪਾਉਣ ਅਤੇ ਇਸ ਦਾ ਸ਼ਿੰਗਾਰ ਖੋਹਣ ਦਾ ਦੋਸ਼ੀ ਉਹ ਖੁਦ ਹੀ, ਹੋਰ ਕੋਈ ਨਹੀਂ। 'ਮਾਂ ਨੂੰ ਨਕਾਰ ਕੇ ਮਾਸੀ ਨੂੰ ਪ੍ਰਚਾਰਨ' ਦੀ ਸਾਜ਼ਿਸ਼ ਕਾਰਨ ਗੁਰਦਾਸ ਮਾਨ ਦੇ ਸ਼ੋਅ ਦੇ ਵਿਰੋਧ ਵਿੱਚ ਐਬਟਸਫੋਰਡ ਕਨਵੈਨਸ਼ਨ ਹਾਲ ਦੇ ਬਾਹਰ ਸੈਂਕੜੇ ਪ੍ਰਦਰਸ਼ਨਕਾਰੀ ਇਕੱਠੇ ਹੋਏ। ਉਨਾਂ ਸ਼ਾਂਤਮਈ ਢੰਗ ਨਾਲ ਗੁਰਦਾਸ ਮਾਨ ਦਾ ਵਿਰੋਧ ਕੀਤਾ, ਨਾ ਕਿ ਕੋਈ ਧਮਕੀ ਜਾਂ ਡਰਾਵਾ ਦਿੱਤਾ। ਕਿਸੇ ਨੇ ਗੁਰਦਾਸ ਮਾਨ ਨੂੰ ਮਾਂ-ਭੈਣ ਦੀ ਗਾਲ਼ ਨਹੀਂ ਕੱਢੀ। ਪ੍ਰਦਰਸ਼ਨਕਾਰੀਆਂ ਵਿੱਚੋਂ ਇੱਕ ਸ਼ਖ਼ਸੀਅਤ, ਪੰਜਾਬੀ ਲੇਖਕ ਚਰਨਜੀਤ ਸਿੰਘ ਸੁੱਜੋਂ, ਜਿਨਾਂ ਨੇ ਪੰਜਾਬੀ ਵਿੱਚ ਨਾਵਲ 'ਮੌਤ ਦਾ ਰੇਗਿਸਤਾਨ' ਲਿਖਿਆ ਸੀ, ਵੱਲੋਂ ਹਾਲ ਅੰਦਰ ਜਾ ਕੇ ਅਤੇ ਪੋਸਟਰ ਲੈ ਕੇ ਮਾਨ ਦੇ ਸਾਹਮਣੇ ਰੋਸ ਪ੍ਰਦਰਸ਼ਨ ਕੀਤਾ ਗਿਆ।

ਬੁਖ਼ਲਾਏ ਹੋਏ ਗੁਰਦਾਸ ਮਾਨ ਨੇ ਇਹ ਨਾ ਦੇਖਿਆ ਕਿ ਹਾਲ ਵਿੱਚ ਮੌਜੂਦ ਧੀਆਂ ਭੈਣਾਂ ਮਾਵਾਂ ਕੀ ਸੋਚਦੀਆਂ ਹੋਣਗੀਆਂ, ਉਸ ਨੇ ਕ੍ਰੋਧ ਵਿੱਚ ਪ੍ਰਦਰਸ਼ਨਕਾਰੀ ਚਰਨਜੀਤ ਸਿੰਘ ਸੁਜੋਂ ਸੰਬੋਧਨ ਕਰਦਿਆਂ ਅਤੇ ਉਨਾਂ ਦੇ ਹੱਥ ਵਿੱਚ ਫੜੇ ਪੋਸਟਰ 'ਮਾਂ ਬੋਲੀ ਦਾ ਗੱਦਾਰ' ਵੱਲ ਦੇਖਦਿਆਂ, ਨੀਚਤਾ ਵਾਲੀ ਭਾਸ਼ਾ 'ਚ ਸਾਰੀਆਂ ਸੰਗਾਂ-ਸ਼ਰਮਾਂ ਲਾਹ ਕੇ, ਉਹ ਸ਼ਬਦ ਬੋਲੇ, ਜੋ ਕਦੇ ਕੋਈ ਬੰਦਾ ਦੋਸਤਾਂ ਦੀ ਮਹਿਫ਼ਲ ਵਿੱਚ ਵੀ ਨਹੀਂ ਬੋਲਦਾ। ਗੁਰਦਾਸ ਮਾਨ ਨੇ ਸਟੇਜ ਤੋਂ ਗੁੱਸੇ ਵਿੱਚ ਬੋਲਦਿਆਂ ਕਿਹਾ, 'ਇਹਨੂੰ ਮਰੋੜ ਕੇ..ਬਤੀ ਬਣਾ ਕੇ..ਲੈ ਲਾ...' ਏਨੀ ਸ਼ਰਮਨਾਕ, ਅਪਮਾਨਜਨਕ ਤੇ ਗੈਰ -ਇਖਲਾਕੀ ਸ਼ਬਦਾਵਲੀ ਕਿਸੇ ਮਾੜੇ ਤੋਂ ਮਾੜੇ ਗਾਇਕ ਵੱਲੋਂ ਵੀ ਸਟੇਜ ਤੇ ਅੱਜ ਤੱਕ ਕਿਸੇ ਨੇ ਨਹੀਂ ਸੁਣੀ ਹੋਣੀ।ਮਾਂ ਬੋਲੀ ਪੰਜਾਬੀ ਦਾ ਤਾਂ ਜੋ ਅਪਮਾਨ ਉਸ ਨੇ ਕੀਤਾ, ਸੋ ਕੀਤਾ, ਪਰ ਪੰਜਾਬੀ ਮਾਵਾਂ ਧੀਆਂ ਬੱਚੀਆਂ ਦੇ ਸਾਹਮਣੇ ਜੋ ਘਟੀਆ ਭਾਸ਼ਾ ਵਰਤੀ, ਇਸ ਦਾ ਕਲੰਕ ਉਸ ਦੇ ਮੱਥੇ ਤੋਂ ਕਦੇ ਵੀ ਨਹੀਂ ਮਿੱਟੇਗਾ। ਸਭ ਤੋਂ ਵੱਡੀ ਦੁੱਖ ਦੀ ਇੱਕ ਗੱਲ ਇਹ ਹੈ ਕਿ ਜਦੋਂ ਗੁਰਦਾਸ ਮਾਨ ਮਾੜੀ ਤੇ ਗਾਲ੍ਹੀ-ਗਲੋਚ ਵਾਲੀ ਸ਼ਬਦਾਵਲੀ ਵਰਤ ਰਿਹਾ ਸੀ, ਉਸ ਵੇਲੇ ਜਿਹੜੇ ਸਰੋਤੇ ਚੀਕਾਂ ਮਾਰ-ਮਾਰ ਕੇ ਉਸ ਨੂੰ ਹੱਲਾਸ਼ੇਰੀ ਦੇ ਰਹੇ ਸਨ, ਕੀ ਅਜਿਹੇ ਸਰੋਤੇ ਆਪਣੇ ਬੱਚਿਆਂ ਨੂੰ ਦੱਸਣਗੇ ਕਿ 'ਮਰੋੜ ਕੇ ਬੱਤੀ ਦੇਣਾ' ਕੀ ਹੁੰਦਾ ਹੈ ਤੇ ਕੀ ਅਜਿਹਾ ਕਰਨ ਦੀ ਖੁਸ਼ੀ ਮਨਾਈਦੀ ਹੈ? ਜਾਂ ਬੱਚੇ ਜਦੋਂ ਇਸ ਦੇ ਅਰਥ ਪੁੱਛਣਗੇ, ਤਾਂ ਫਿਰ ਕਿਸ ਮੂੰਹ ਨਾਲ, ਕੀ ਉੱਤਰ ਦੇਣਗੇ?

ਗੁਰਦਾਸ ਮਾਨ ਦਾ 'ਇੱਕ ਬੋਲੀ-ਇੱਕ ਦੇਸ਼' ਫਾਸ਼ੀਵਾਦੀ ਏਜੰਡਾ ਜਿਥੇ ਪੰਜਾਬੀ ਮਾਂ ਬੋਲੀ ਦੀਆਂ ਮੁੱਢ ਬਹਿ ਕੇ 'ਜੜ੍ਹਾਂ ਟੁੱਕਣ' ਦੇ ਬਰਾਬਰ ਸੀ, ਉਥੇ ਮਾਂ ਬੋਲੀ ਪੰਜਾਬੀ ਰਾਹੀਂ ਘਟੀਆ ਸ਼ਬਦਾਵਲੀ ਵਰਤਣਾ ਹੰਕਾਰੀ ਅਤੇ ਕਰੋਧੀ ਸੁਭਾਅ ਦੀ ਜਿਉਂਦੀ ਜਾਗਦੀ ਮਿਸਾਲ ਸੀ।

ਇਹ ਘਟਨਾ 21 ਸਤੰਬਰ 2019 ਨੂੰ ਵਾਪਰਦੀ ਹੈ ਅਤੇ ਕੈਨੇਡਾ ਦੇ ਪੰਜਾਬੀ ਆਪਣੀ ਮਾਂ ਬੋਲੀ ਪ੍ਰਤੀ ਬੇਮਿਸਾਲ ਉਤਸ਼ਾਹ ਅਤੇ ਪਿਆਰ ਦਿਖਾਉਂਦੇ ਹੋਏ ਪੰਜਾਬੀ ਦੀ ਪਿੱਠ 'ਚ ਛੁਰਾ ਮਾਰਨ ਵਾਲਿਆਂ ਨੂੰ ਖਿਲਾਫ਼ ਰੋਸ ਪ੍ਰਦਰਸ਼ਨ ਅਤੇ ਸਾਹਿਤਕ ਇਕੱਠ ਕਰਦੇ ਹਨ। ਦਿਲਚਸਪ ਗੱਲ ਇਹ ਹੈ ਕਿ 6 ਦਹਾਕੇ ਪਹਿਲਾਂ ਇਹੀ ਦਿਨ, ਪੰਜਾਬੀ ਬੋਲੀ ਦੇ ਆਧਾਰ 'ਤੇ ਕਾਇਮ ਹੋਏ ਸੂਬੇ ਦੀ ਸ਼ਹਾਦਤ ਦੀ ਦਾਸਤਾਨ ਵੀ ਬਿਆਨ ਕਰਦਾ ਹੈ। ਪੰਜਾਬੀ ਬੋਲੀ ਦੀ ਹੋਂਦ ਨੂੰ ਬਚਾਉਣ ਖਾਤਰ ਪੰਜਾਬੀ ਸੂਬੇ ਦਾ ਮੋਰਚਾ ਲਗਾਉਣ ਵਾਲੇ ਮਹਾਨ ਸ਼ਹੀਦਾਂ ਦੀ ਸੂਚੀ ਵਿੱਚ ਇੱਕ ਨਾਂ 10 ਸਾਲਾਂ ਦੇ ਬੱਚੇ ਦਾ ਵੀ ਆਉਂਦਾ ਹੈ, ਜੋ ਇਸ ਸੰਘਰਸ਼ ਦਾ ਸਭ ਤੋਂ ਛੋਟੀ ਉਮਰ ਦਾ ਸ਼ਹੀਦ ਹੈ। ਇਹ ਬਹਾਦਰ, ਮਾਂ ਬੋਲੀ ਪੰਜਾਬੀ ਦਾ ਸਪੂਤ ਸ਼ਹੀਦ ਕਾਕਾ ਇੰਦਰਜੀਤ ਸਿੰਘ ਕਰਨਾਲ ਸੀ, ਜਿਸ ਨੇ 'ਪੰਜਾਬੀ ਬੋਲੀ ਜ਼ਿੰਦਾਬਾਦ' ਦੇ ਨਾਅਰੇ ਬੁਲੰਦ ਕਰਦਿਆਂ ਸ਼ਹੀਦੀ ਪਾਈ।

ਇਹ ਇਤਿਹਾਸਕ ਘਟਨਾ ਵੀ 21 ਸਤੰਬਰ 1960 ਦੀ ਹੈ। ਉਨੀਂ ਦਿਨੀਂ ਜਦੋਂ ਪੰਜਾਬੀ ਸੂਬੇ ਦਾ ਮੋਰਚਾ ਜ਼ੋਰਾਂ 'ਤੇ ਸੀ ਅਤੇ ਉਸ ਸਮੇਂ ਪੰਜਾਬੀ ਬੋਲੀ ਦੀ ਜੈ-ਜੈ ਕਾਰ ਦੇ ਬਣੇ ਨਾਅਰਿਆਂ ਅਤੇ ਖਾਲਸਾਈ ਚੜ੍ਹਦੀ ਕਲਾ ਦੇ ਜੈਕਾਰਿਆਂ 'ਤੇ ਪਾਬੰਦੀ ਲਾ ਦਿੱਤੀ ਗਈ ਸੀ। ਪੰਜਾਬ ਸਰਕਾਰ ਨੇ ਪੰਜਾਬ ਪੁਲਿਸ ਨੂੰ ਇਹ ਹੁਕਮ ਦਿੱਤੇ ਸਨ ਕਿ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਅਰੇ ਲਾਉਣ ਵਾਲਿਆਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਏ ਜਾਂ ਮੌਕੇ 'ਤੇ ਤਸ਼ੱਦਦ ਦਾ ਸ਼ਿਕਾਰ ਬਣਾਇਆ ਜਾਏ। ਉਸ ਸਮੇਂ ਜਦੋਂ ਕਰਨਾਲ (ਮੌਜੂਦਾ ਹਰਿਆਣਾ) ਵੀ ਪੰਜਾਬ ਦਾ ਹਿੱਸਾ ਸੀ, ਉਦੋਂ ਮੋਗਾ ਸਥਿਤ ਸਿੱਖ ਪਰਿਵਾਰ ਦਾ ਬੱਚਾ ਆਪਣੀ ਰਿਸ਼ਤੇਦਾਰੀ ਵਿੱਚ ਕਰਨਾਲ ਗਿਆ ਹੋਇਆ ਸੀ। ਕਾਕਾ ਇੰਦਰਜੀਤ ਸਿੰਘ, ਮੋਗਾ ਦੇ ਭੁਪਿੰਦਰਾ ਹਾਈ ਸਕੂਲ ਵਿੱਚ ਪੰਜਵੀਂ ਜਮਾਤ ਵਿੱਚ ਪੜ੍ਹਦਾ ਸੀ ਤੇ ਉਮਰ ਕਰੀਬ ਦਸ ਕੁ ਸਾਲ ਸੀ। ਇਤਿਹਾਸਕਾਰ ਦੱਸਦੇ ਹਨ ਕਿ ਕਰਨਾਲ 'ਚ ਆਪਣੀ ਉਮਰ ਦੇ ਬੱਚਿਆਂ ਨਾਲ ਇੰਦਰਜੀਤ ਸਿੰਘ ਖੇਡਦੇ ਹੋਏ, 'ਪੰਜਾਬੀ ਬੋਲੀ ਜ਼ਿੰਦਾਬਾਦ' ਤੇ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰੇ ਛੱਡਣ ਲੱਗ ਪਿਆ। ਉਸ ਇਲਾਕੇ ਵਿੱਚ ਤਾਇਨਾਤ ਪੁਲਿਸ ਨੇ ਇਨਾਂ ਬੱਚਿਆਂ ਨੂੰ ਜ਼ਿੰਦਾਬਾਦ ਦੇ ਨਾਅਰੇ ਤੇ ਜੈਕਾਰੇ ਲਗਾਉਣ ਤੋਂ ਜਬਰੀ ਰੋਕਣਾ ਚਾਹਿਆ, ਪਰ ਬੱਚੇ ਨਿਡਰਤਾ ਨਾਲ ਹੋਰ ਜ਼ੋਰ-ਜ਼ੋਰ ਦੀ ਨਾਅਰੇ ਲਗਾਉਣ ਲੱਗੇ। ਇਨਾਂ ਬੱਚਿਆਂ ਵਿੱਚੋਂ ਕਾਕਾ ਇੰਦਰਜੀਤ ਸਿੰਘ ਹੱਦੋਂ ਵੱਧ ਜੋਸ਼ੀਲੇ ਰੂਪ ਵਿੱਚ ਪੁਲਿਸ ਵਾਲਿਆਂ ਨੂੰ ਕਹਿਣ ਲੱਗਿਆ, ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਬੱਚੇ ਹਾਂ, ਡਰਨ ਵਾਲੇ ਨਹੀਂ। ਦਸ ਕੁ ਸਾਲ ਦੇ ਬੱਚੇ ਤੋਂ ਲਲਕਾਰ ਸੁਣਦਿਆਂ ਹੀ ਜ਼ਾਲਮ ਪੰਜਾਬ ਪੁਲਿਸ ਵਾਲੇ




ਸ਼ੈਤਾਨ ਤੇ ਹੈਵਾਨ ਬਣ ਗਏ ਅਤੇ ਬੱਚੇ ਨੂੰ ਭਿਆਨਕ ਦਰਿੰਦਗੀ ਨਾਲ ਬੇਹਤਾਸ਼ਾ ਕੁੱਟਣ ਲੱਗੇ। ਇਹ ਕੋਈ ਦਸ਼ਮੇਸ਼ ਪਿਤਾ ਦੇ ਸਾਹਿਬਜ਼ਾਦਿਆਂ ਦੀ ਰੂਹਾਨੀ ਬਖ਼ਸ਼ਿਸ਼ ਜਾਂ ਅੰਦਰੋਂ ਸਿੱਖੀ ਦੇ ਬੁਲੰਦ ਜਜ਼ਬੇ ਦਾ ਅਸਰ ਹੀ ਸੀ ਕਿ ਕਾਕਾ ਇੰਦਰਜੀਤ ਸਿੰਘ ਕੁੱਟਮਾਰ ਮਗਰੋਂ, ਹੋਰ ਵੀ ਬੇਖ਼ੌਫ ਹੋ ਗਿਆ ਅਤੇ ਦਰਿੰਦੇ ਪੁਲਸੀਆਂ ਅੱਗੇ 'ਪੰਜਾਬੀ ਬੋਲੀ ਜ਼ਿੰਦਾਬਾਦ', 'ਪੰਜਾਬੀ ਸੂਬਾ ਜ਼ਿੰਦਾਬਾਦ', 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰੇ ਹੋਰ ਗਜ -ਵਜ ਕੇ ਲਾਉਣ ਲੱਗਾ।

ਇਉਂ ਜਾਪਦਾ ਸੀ ਜਿਵੇਂ ਸਦੀਆਂ ਪਹਿਲਾਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਦ੍ਰਿਸ਼ ਮੁੜ ਇਤਿਹਾਸ ਦੇ ਪੰਨਿਆਂ 'ਤੇ ਰੂਪਮਾਨ ਹੋ ਰਿਹਾ ਹੋਵੇ। ਕਾਕਾ ਇੰਦਰਜੀਤ ਸਿੰਘ ਨੇ ਗਰਜ ਕੇ ਕਿਹਾ ਕਿ ਜੇ ਸੱਤ ਅਤੇ ਨੌਂ ਸਾਲ ਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਸ਼ਹੀਦ ਹੋ ਸਕਦੇ ਹਨ, ਉਹ ਵੀ ਤਾਂ ਗੁਰੂ ਦੇ ਲਾਲ ਹੀ ਹੈ, ਫਿਰ ਸ਼ਹੀਦ ਕਿਉਂ ਨਹੀਂ ਹੋ ਸਕਦਾ। ਇਤਿਹਾਸ ਨੂੰ ਦੁਹਰਾਉਂਦੀ ਇਸ ਘਟਨਾ ਨੂੰ ਲਿਖਦੇ ਹੋਏ ਕਲਮ ਕੁਰਲਾ ਉੱਠਦੀ ਹੈ। ਇੱਕ ਪਾਸੇ ਦਸ ਸਾਲ ਦਾ ਬੱਚਾ ਤੇ ਦੂਜੇ ਪਾਸੇ ਜ਼ਾਲਮ ਪੰਜਾਬ ਪੁਲਸੀਆਂ ਦੀ ਧਾੜ। ਪਹਿਲਾਂ ਡਾਂਗਾਂ-ਸੋਟੀਆਂ ਦੀ ਕੁੱਟਮਾਰ, ਫਿਰ ਲੱਤਾਂ 'ਤੇ ਗੋਲੀਆਂ ਵਰ੍ਹਾਈਆਂ ਗਈਆਂ, ਪਰ ਜ਼ਖਮੀ ਜਿਸਮ ਵਿੱਚੋਂ ਵੀ ਪੰਜਾਬੀ ਬੋਲੀ ਜ਼ਿੰਦਾਬਾਦ ਦੇ ਨਾਅਰੇ ਅਤੇ ਗੁਰੂ ਦੇ ਜੈਕਾਰੇ ਗੂੰਜ ਰਹੇ ਸਨ। ਬੁੱਚੜ ਪੁਲਿਸ ਅਧਿਕਾਰੀਆਂ ਨੇ ਕਾਕਾ ਇੰਦਰਜੀਤ ਸਿੰਘ ਦੀਆਂ ਅੱਖਾਂ ਕੱਢ ਦਿੱਤੀਆਂ, ਬਾਂਹ ਵੱਢ ਦਿੱਤੀ ਗਈ, ਡਾਂਗਾਂ ਨਾਲ ਭੰਨਿਆ ਤੇ ਗੋਲੀਆਂ ਨਾਲ ਭੁੰਨਿਆ। ਪੰਜਾਬੀ ਬੋਲੀ ਤੇ ਪੰਜਾਬੀ ਸੂਬੇ ਦੇ ਦੁਸ਼ਮਣਾਂ ਨੇ ਉਸ ਨੂੰ ਅਧਮੋਇਆ ਕਰ ਦਿੱਤਾ। ਬਾਲ ਇੰਦਰਜੀਤ ਸਿੰਘ ਅਜੇ ਜਿਊਂਦਾ ਸੀ, ਉਸ ਦੇ ਅੰਦਰ ਮਾਂ ਬੋਲੀ ਦੀ ਮੁਹੱਬਤ ਠਾਠਾਂ ਮਾਰ ਰਹੀ ਸੀ। ਸਾਹਾਂ ਦੀ ਡੋਰ ਅਜੇ ਟੁੱਟੀ ਨਹੀਂ ਸੀ, ਪਰ ਚੱਲਦੇ ਸਾਹਾਂ ਵਾਲੇ ਮਾਸੂਮ ਬਾਲ ਨੂੰ ਖੂਹ ਵਿੱਚ ਸੁੱਟ ਦਿੱਤਾ ਗਿਆ। ਜਿਵੇਂ ਇੰਦਰਜੀਤ ਸਿੰਘ ਨੂੰ ਜਿਸ ਤਰੀਕੇ ਨਾਲ ਤਸ਼ੱਦਦ ਕਰਦਿਆਂ ਸ਼ਹੀਦ ਕੀਤਾ ਗਿਆ, ਇਹ ਦਾਸਤਾਨ ਕਥਨ ਤੋਂ ਬਾਹਰ ਹੈ।

ਪੰਜਾਬੀ ਪਿਆਰ ਵਿੱਚ ਭਿੱਜੇ ਇਸ ਬੱਚੇ ਦੀ ਸ਼ਹੀਦੀ ਮੌਕੇ ਮਾਂ-ਬੋਲੀ ਨੇ ਕਿੰਨੇ ਵੈਣ ਪਾਏ ਹੋਣਗੇ, ਕਿੰਨਾ ਤੜਫੀ ਹੋਵੇਗੀ ਅਤੇ ਉਸ ਨੂੰ ਆਪਣੀ ਗੋਦ 'ਚ ਲੈ ਕੇ ਆਖ਼ਰੀ ਸਮੇਂ ਵਿਦਾ ਕਰਨ ਵੇਲੇ ਕਿਹੜੇ ਦਰਦ ਭਰੇ ਸ਼ਬਦ ਉਚਾਰੇ ਹੋਣਗੇ, ਇਹ ਬਿਆਨ ਕਰਨਾ ਕਿਸੇ ਲੇਖਕ, ਸ਼ਾਇਰ ਜਾਂ ਗਵੱਈਏ ਦੇ ਵੱਸ ਦੀ ਗੱਲ ਨਹੀਂ। ਜਦੋਂ ਇੰਦਰਜੀਤ ਸਿੰਘ ਦੀ ਸ਼ਹੀਦੀ ਹੋਣ ਮਗਰੋਂ ਉਸ ਦੀ ਮ੍ਰਿਤਕ ਦੇਹ ਦਰਸ਼ਨਾਂ ਲਈ ਰੱਖੀ ਗਈ, ਤਾਂ ਪੰਜਾਬ ਦੀ ਅਜਿਹੀ ਕੋਈ ਅੱਖ ਨਹੀ ਸੀ, ਜਿਸ 'ਚੋਂ ਹੰਝੂ ਨਾ ਕਿਰੇ ਹੋਣ। ਪੰਜਾਬੀ ਸੂਬੇ ਦਾ ਮੋਰਚਾ ਲੰਬਾ ਸਮਾਂ ਚੱਲਿਆ ਅਤੇ ਇਸ ਵਿੱਚ ਹਜ਼ਾਰਾਂ ਯੋਧਿਆਂ ਨੇ ਕੁਰਬਾਨੀਆਂ ਦਿੱਤੀਆਂ ਤੇ ਜੇਲ- ਯਾਤਰਾਵਾਂ ਕੀਤੀਆਂ, ਤਸ਼ੱਦਦ ਝੱਲੇ। 1 ਨਵੰਬਰ 1966 ਨੂੰ ਪੰਜਾਬੀ ਬੋਲੀ 'ਤੇ ਆਧਾਰ 'ਤੇ ਕੱਟਿਆ-ਵੱਢਿਆ ਤੇ ਸੂਬਾ ਹੋਂਦ ਵਿੱਚ ਆਇਆ, ਜਿਸ ਦੇ ਟੋਟੇ ਕਰਕੇ ਹਿੰਦੂਤਵੀ ਅਤੇ ਫਾਸ਼ੀਵਾਦੀ ਤਾਕਤਾਂ ਨੇ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਨਾਲ ਵਿਸਾਹਘਾਤ ਕੀਤਾ।

21 ਸਤੰਬਰ 1960 ਨੂੰ ਭਾਈ ਇੰਦਰਜੀਤ ਸਿੰਘ ਕਰਨਾਲ ਦੀ ਹੋਈ ਸ਼ਹਾਦਤ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਅਤੇ ਉਸ ਨੂੰ ਪੰਜਾਬੀ ਸੂਬੇ ਦੇ ਮੋਰਚੇ ਦਾ ਪਹਿਲਾ ਸ਼ਹੀਦ ਮੰਨਿਆ ਜਾਂਦਾ ਹੈ। ਹੁਣ ਇਸ ਸੰਦਰਭ ਵਿੱਚ ਹੀ 'ਇੱਕ ਦੇਸ਼ ਇੱਕ ਬੋਲੀ' ਦੇ ਫਾਰਮੂਲੇ ਨੂੰ ਰੱਖ ਕੇ ਦੇਖਿਆ ਜਾਏ, ਤਾਂ ਸਵਾਲ ਉੱਠਦਾ ਹੈ ਕਿ ਜੇ ਇਹ ਏਜੰਡਾ ਹੀ ਲਾਗੂ ਕਰਨਾ ਸੀ, ਤਾਂ ਪੰਜਾਬੀ ਸੂਬੇ ਲਈ ਸ਼ਹਾਦਤਾਂ ਕਿਉਂ ਦਿੱਤੀਆਂ ਗਈਆਂ? ਕਾਕਾ ਇੰਦਰਜੀਤ ਸਿੰਘ ਜੀ ਦੀ ਸ਼ਹਾਦਤ ਅੱਜ ਗੁਰਦਾਸ ਮਾਨ ਵਰਗੇ ਲੋਕਾਂ ਨੂੰ ਲਾਹਨਤਾਂ ਪਾ ਰਹੀ ਹੈ ਕਿ ਜਿਸ ਪੰਜਾਬੀ ਬੋਲੀ ਲਈ ਅਨੇਕਾਂ ਸ਼ਹਾਦਤਾਂ ਹੋਈਆਂ, ਉਸ ਦੇ ਸਤਿਕਾਰ ਨੂੰ ਘੱਟੇ ਰੋਲਣ ਵਾਲੇ ਅਕਿਰਤਘਣ ਅਤੇ ਪੰਜਾਬੀ ਬੋਲੀ ਦੇ ਗੱਦਾਰ ਹਨ ਤੇ ਇਤਿਹਾਸ ਵਿੱਚ ਹਮੇਸ਼ਾ 'ਅਪਮਾਨ' ਦੇ ਪਾਤਰ ਬਣਦੇ ਹਨ। ਗੁਰਦਾਸ ਮਾਨ ਦੇ ਵਿਸ਼ੇ ਅਤੇ ਕਲਾ ਪੱਖੋਂ ਹਲਕੇ ਪੱਧਰ ਦੇ ਗੀਤ ਦਾ ਜਵਾਬ ਇਸ ਤਰਾਂ ਦੇਣਾ ਹੀ ਮੁਨਾਸਿਬ ਹੋਵੇਗਾ;

**'ਸੱਚ ਸੁਣੀਂ ! ਮਰ ਜਾਣਿਆਂ,**
**ਕੁਝ ਲੈਂਦਾ ਸੋਚ ਵਿਚਾਰ।**
**ਮਾਂ ਬੋਲੀ ਤਾਈਂ ਵਿਸਾਰ ਕੇ,**
**ਕਿਉਂ ਕੀਤਾ ਪਿੱਠ 'ਤੇ ਵਾਰ।**
**ਖੁਦਗਰਜ਼ ਕਰਦਾ ਕਦੇ ਨਾ,**
**ਚਿੱਤ ਸੱਚੇ ਨਾਲ ਪਿਆਰ।**
**ਕਿਉਂ ਪੰਜਾਬੀ ਨੂੰ ਅਪਮਾਨ ਕੇ,**
**ਦਿਤਾ ਮਾਸੀ ਨੂੰ ਸਤਿਕਾਰ।**
**ਮਾਂ ਬੋਲੀ ਦੇ ਗੱਦਾਰ ਨੂੰ,**
**ਪੈਂਦੀ ਰਹਿਣੀ ਸਦਾ ਫਿਟਕਾਰ।**
**ਚੰਗਾ ਹੋਇਆ ਪਰਖ ਲਿਆ ,**
**ਆਪੇ ਬਣਿਆ ਲੰਬਰਦਾਰ।**
**ਹੁਣ ਫ਼ਾਇਦਾ ਨੀਂ ਪਛਤਾਉਣ ਦਾ,**
**ਸੱਚ ਹੋ ਗਿਆ ਜਦ ਜਗ- ਜ਼ਾਹਰ।**
**ਸਦਾ ਚੜ੍ਹਦੀ ਕਲਾ ਵਿੱਚ ਜੀਂਵਦੇ,**
**ਮਾਂ ਬੋਲੀ ਦੇ ਪਹਿਰੇਦਾਰ।**
**ਚਰਨਜੀਤ ਸੁੱਜੋਂ ਹੁੰਦੇ ਅਮਰ ਉਹ,**
**ਮਾਂ ਬੋਲੀ ਦੇ ਸੇਵਾਦਾਰ।**
**ਬੱਤੀ ਮਾਨ ਗੱਦਾਰ ਦਾ,**
**ਜਿਹੜੇ ਬੁਰਕਾ ਦੇਣ ਉਤਾਰ।'**
**ਤੇਰਾ ਇਕ ਗੁਨਾਹ ਨਹੀਂ ਸੱਜਣਾ,**
**ਹੈ ਲੰਮੀ ਬੜੀ ਕਤਾਰ।**
**ਰਿਹਾ ਨਕਲੀਆਂ ਨੂੰ ਪ੍ਰਚਾਰਦਾ,**
**ਛੱਡ ਕੇ ਸੱਚਾ ਨਿਰੰਕਾਰ।**
**ਸੀ ਬੁੱਚੜ ਜੋ ਪੰਜਾਬ ਦਾ,**
**ਗਿੱਲ ਕੇ ਪੀ ਤੇਰਾ ਯਾਰ।**
**ਕਦੇ ਚਿਲਮਾਂ ਪੀਣੇ ਸਾਧ ਨੂੰ**
**ਦੱਸੇਂ ਗੁਰੂਆਂ ਦਾ ਪਰਿਵਾਰ।**
**ਇਉਂ ਨਸ਼ਿਆਂ ਦੇ ਪ੍ਰਕੋਪ ਲਈ,**
**ਹੈਂ ਤੂੰ ਵੀ ਜ਼ਿੰਮੇਵਾਰ।**
**ਬੋਲੀ 'ਇੱਕੋ ਸਾਰੇ ਦੇਸ਼' ਦੀ,**
**ਦਿੰਦੀ ਨਾਅਰਾ ਜੋ ਸਰਕਾਰ।**
**ਤੂੰ ਜਾ ਕੇ ਦੇਸ਼ -ਵਿਦੇਸ਼ ਵਿੱਚ,**
**ਕਰੇਂ ਉਸੇ ਦਾ ਪ੍ਰਚਾਰ।**
**ਜਦ ਵਿੱਚ ਚੁਰਾਹੇ ਭੱਜਿਆ,**
**ਇਹ ਦੋਹਰਾ ਕਿਰਦਾਰ।**
**ਤਦ ਗੀਤਾਂ ਦੇ ਵਿੱਚ ਆ ਗਿਆ,**
**ਸੱਚ ਅੰਦਰਲਾ ਬਾਹਰ।'**




# ਦੂਰਅੰਦੇਸ਼ੀ ਵਾਲੀ ਸ਼ਖ਼ਸੀਅਤ : ਮਹਾਰਾਣੀ ਐਲਿਜ਼ਾਬੈਥ-੨ (੧੯੨੬-੨੦੨੨)



**ਸਰਬਜੀਤ ਕੌਰ ਸਰਬ**

ਗ੍ਰੇਟ ਬ੍ਰਿਟੇਨ ਦੀ ਮਹਾਰਾਣੀ ਐਲਿਜ਼ਾਬੈਥ-99 ਬ੍ਰਿਟਿਸ਼ ਇਤਿਹਾਸ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਰਾਜ ਕਰਨ ਵਾਲੀ ਬਾਦਸ਼ਾਹ ਸੀ। ਉਸਨੇ ਆਪਣੀ ਪਲੈਟੀਨਮ ਜੁਬਲੀ ਦੇ ਨਾਲ ਜੂਨ 2022 ਵਿੱਚ ਗੱਦੀ ’ਤੇ 70 ਸਾਲ ਪੂਰੇ ਕੀਤੇ ਸੀ।

## ਮਹਾਰਾਣੀ ਐਲਿਜ਼ਾਬੈਥ-99 ਕੌਣ ਸੀ ?

ਮਹਾਰਾਣੀ ਐਲਿਜ਼ਾਬੈਥ-99 6 ਫਰਵਰੀ, 1952 ਨੂੰ ਰਾਣੀ ਬਣੀ ਅਤੇ 2 ਜੂਨ, 1953 ਨੂੰ ਉਸ ਨੂੰ ਤਾਜ ਪਹਿਨਾਇਆ ਗਿਆ। ਉਹ ਰਾਜਕੁਮਾਰ ਚਾਰਲਸ ਦੀ ਮਾਂ, ਗੱਦੀ ਦੀ ਵਾਰਸ ਅਤੇ ਨਾਲ ਹੀ ਪ੍ਰਿੰਸ ਵਿਲੀਅਮ ਅਤੇ



ਹੈਰੀ ਦੀ ਦਾਦੀ ਸੀ। ਬ੍ਰਿਟਿਸ਼ ਇਤਿਹਾਸ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਕਰਨ ਵਾਲੇ ਬਾਦਸ਼ਾਹ ਦੇ ਰੂਪ ਵਿੱਚ, ਉਸਨੇ ਤਾਜ ਨਾਲ ਜੁੜੀਆਂ ਪ੍ਰੰਪਰਾਵਾਂ ਨੂੰ ਕਾਇਮ ਰੱਖਦੇ ਹੋਏ ਆਪਣੇ ਸ਼ਾਸਨ ਨੂੰ ਵਧੇਰੇ ਆਧੁਨਿਕ ਅਤੇ ਬਦਲਦੀ ਜਨਤਾ ਪ੍ਰਤੀ ਸੰਵੇਦਨਸ਼ੀਲ ਬਣਾਉਣ ਦੀ ਕੋਸ਼ਿਸ਼ ਕੀਤੀ।

ਮਹਾਰਾਣੀ ਐਲਿਜ਼ਾਬੈਥ 99 ਦਾ ਜਨਮ

੨੧ ਅਪ੍ਰੈਲ ੧੯੨੬ ਨੂੰ ਲੰਡਨ ਵਿੱਚ ਪ੍ਰਿੰਸ ਐਲਬਰਟ, ਡਿਊਕ ਆਫ ਯਾਰਕ (ਬਾਅਦ ਵਿੱਚ ਕਿੰਗ ਜਾਰਜ ↄ9 ਵਜੋਂ ਜਾਣਿਆ ਜਾਂਦਾ ਹੈ ), ਅਤੇ ਐਲਿਜ਼ਾਬੈਥ ਬੋਵੇਸ-ਲਿਓਨ ਦੇ ਘਰ ਰਾਜਕੁਮਾਰੀ ਐਲਿਜ਼ਾਬੈਥ ਅਲੈਗਜ਼ੈਂਡਰਾ ਮੈਰੀ ਦਾ ਜਨਮ ਹੋਇਆ ਸੀ।

ਆਪਣੇ ਜਨਮ ਦੇ ਸਮੇਂ, ਜ਼ਿਆਦਾਤਰ ਲੋਕਾਂ ਨੂੰ ਇਹ ਅਹਿਸਾਸ ਨਹੀਂ ਸੀ ਕਿ ਐਲਿਜ਼ਾਬੈਥ ਕਿਸੇ ਦਿਨ ਗ੍ਰੇਟ ਬ੍ਰਿਟੇਨ ਦੀ ਰਾਣੀ ਬਣ ਜਾਵੇਗੀ। ਐਲਿਜ਼ਾਬੈਥ, ਜਿਸਦਾ ਉਪਨਾਮ ਲਿਲੀਬੇਟ ਹੈ, ਨੇ ਆਪਣੀ ਜ਼ਿੰਦਗੀ ਦੇ ਪਹਿਲੇ ਦਹਾਕੇ ਨੂੰ ਸ਼ਾਹੀ ਹੋਣ ਦੇ ਸਾਰੇ ਵਿਸ਼ੇਸ਼ ਅਧਿਕਾਰਾਂ ਦੇ ਨਾਲ ਜ਼ਾਹਰ ਵਾਰਸ ਹੋਣ ਦੇ ਦਬਾਅ ਤੋਂ ਬਿਨਾਂ ਆਨੰਦ ਮਾਣਿਆ।

ਐਲਿਜ਼ਾਬੈਥ ਦੇ ਪਿਤਾ ਅਤੇ ਮਾਤਾ ਨੇ ਆਪਣਾ ਸਮਾਂ ਲੰਡਨ ਵਿੱਚ ਬਤੀਤ ਕੀਤਾ। ਐਲਿਜ਼ਾਬੈਥ ਅਤੇ ਉਸਦੀ ਛੋਟੀ ਭੈਣ ਮਾਰਗਰੇਟ ਨੂੰ ਘਰ ਵਿੱਚ ਟਿਊਟਰਾਂ ਦੁਆਰਾ ਸਿੱਖਿਆ ਦਿੱਤੀ ਗਈ ਸੀ। ਅਕਾਦਮਿਕ ਕੋਰਸਾਂ ਵਿੱਚ ਫ੍ਰੈਂਚ, ਗਣਿਤ ਅਤੇ ਇਤਿਹਾਸ ਦੇ ਨਾਲ-ਨਾਲ ਨਾਚ, ਗਾਉਣ ਅਤੇ ਕਲਾ ਦੇ ਪਾਠ ਸ਼ਾਮਲ ਸਨ।

1939 ਵਿੱਚ ਦੂਜੇ ਵਿਸ਼ਵ ਯੁੱਧ ਦੇ ਸ਼ੁਰੂ ਹੋਣ ਦੇ ਨਾਲ, ਐਲਿਜ਼ਾਬੈਥ ਅਤੇ ਉਸਦੀ ਭੈਣ ਜਿਆਦਾਤਰ ਲੰਡਨ ਤੋਂ ਬਾਹਰ ਹੀ ਰਹੇ, ਵਿੰਡਸਰ ਕੈਸਲ ਵਿੱਚ ਤਬਦੀਲ ਹੋ ਗਏ। ਉੱਥੋਂ ਉਸਨੇ 1940 ਵਿੱਚ ਆਪਣਾ ਪਹਿਲਾ ਮਸ਼ਹੂਰ ਰੇਡੀਓ ਪ੍ਰਸਾਰਣ ਕੀਤਾ, ਇਸ ਵਿਸ਼ੇਸ਼ ਭਾਸ਼ਣ ਨਾਲ ਬ੍ਰਿਟੇਨ ਦੇ ਉਨਾਂ ਬੱਚਿਆਂ ਨੂੰ ਭਰੋਸਾ ਦਿਵਾਇਆ ਜੋ ਉਨਾਂ ਦੇ ਘਰਾਂ ਅਤੇ ਪਰਿਵਾਰਾਂ ਤੋਂ ਬਾਹਰ ਕੱਢੇ ਗਏ ਸਨ। 14 ਸਾਲਾਂ ਦੀ ਰਾਜਕੁਮਾਰੀ ਨੇ ਆਪਣੀ ਸ਼ਾਂਤ ਅਤੇ ਦ੍ਰਿੜ ਸ਼ਖਸੀਅਤ ਦਿਖਾਉਂਦੇ ਹੋਏ, ਉਨਾਂ ਨੂੰ ਕਿਹਾ ਕਿ ‘ਅੰਤ ਵਿੱਚ, ਸਭ ਠੀਕ ਹੋ ਜਾਵੇਗਾ; ਕਿਉਂਕਿ ਰੱਬ ਸਾਡੀ ਦੇਖਭਾਲ ਕਰੇਗਾ ਅਤੇ ਸਾਨੂੰ ਜਿੱਤ ਅਤੇ ਸ਼ਾਂਤੀ ਦੇਵੇਗਾ।’

ਐਲਿਜ਼ਾਬੈਥ ਨੇ ਜਲਦੀ ਹੀ ਹੋਰ ਜਨਤਕ ਫਰਜ਼ ਨਿਭਾਉਣੇ ਸ਼ੁਰੂ ਕਰ ਦਿੱਤੇ। ਜਿਸ ਵਿਚ ਸਭ ਤੋਂ ਪਹਿਲਾ ਉਸਨੂੰ ਆਪਣੇ ਪਿਤਾ ਦੁਆਰਾ ਗ੍ਰੇਨੇਡੀਅਰ ਗਾਰਡਜ਼ ਦਾ ਕਰਨਲ-ਇਨ-ਚੀਫ਼ ਨਿਯੁਕਤ ਕੀਤਾ ਗਿਆ, ਐਲਿਜ਼ਾਬੈਥ ਨੇ 1942 ਵਿੱਚ ਸੈਨਿਕਾਂ ਦਾ ਨਿਰੀਖਣ ਕਰਦੇ ਹੋਏ ਆਪਣੀ ਪਹਿਲੀ ਜਨਤਕ ਪੇਸ਼ਕਾਰੀ ਕੀਤੀ। ਉਸਨੇ ਬ੍ਰਿਟੇਨ ਵਿੱਚ



ਅਧਿਕਾਰਤ ਦੌਰਿਆਂ ‘ਤੇ ਆਪਣੇ ਮਾਪਿਆਂ ਨਾਲ ਵੀ ਜਾਣਾ ਸ਼ੁਰੂ ਕੀਤਾ।

1945 ਵਿੱਚ, ਐਲਿਜ਼ਾਬੈਥ ਯੁੱਧ ਦੇ ਯਤਨਾਂ ਵਿੱਚ ਮਦਦ ਕਰਨ ਲਈ ਸਹਾਇਕ ਖੇਤਰੀ ਸੇਵਾ ਵਿੱਚ ਸ਼ਾਮਲ ਹੋ



ਗਈ। ਉਸਨੇ ਹੋਰ ਬ੍ਰਿਟਿਸ਼ ਔਰਤਾਂ ਦੇ ਨਾਲ-ਨਾਲ ਇੱਕ ਮਾਹਰ ਡਰਾਈਵਰ ਅਤੇ ਮਕੈਨਿਕ ਬਣਨ ਲਈ ਸਿਖਲਾਈ ਦਿੱਤੀ। ਜਦੋਂ ਕਿ ਉਸਦਾ ਵਲੰਟੀਅਰ ਕੰਮ ਸਿਰਫ ਕੁਝ ਮਹੀਨਿਆਂ ਤੱਕ ਚੱਲਿਆ, ਇਸਨੇ ਐਲਿਜ਼ਾਬੈਥ ਨੂੰ ਇੱਕ ਵੱਖਰੇ, ਗੈਰ-ਸ਼ਾਹੀ ਸੰਸਾਰ ਵਿੱਚ ਇੱਕ ਝਲਕ ਦੀ ਪੇਸ਼ਕਸ਼ ਕੀਤੀ। ਉਸ ਨੂੰ ਰਾਜਸ਼ਾਹੀ ਤੋਂ ਬਾਹਰ ਇੱਕ ਹੋਰ ਸ਼ਾਨਦਾਰ ਅਨੁਭਵ ਸੀ ਜਦੋਂ ਉਸਨੂੰ ਅਤੇ ਮਾਰਗਰੇਟ ਨੂੰ ਯੂਰਪ ਵਿੱਚ ਜਿੱਤ ਦੇ ਦਿਨ ਨਾਗਰਿਕਾਂ ਵਿੱਚ ਗੁਮਨਾਮ ਰੂਪ ਵਿੱਚ ਰਲਣ ਦੀ ਇਜਾਜ਼ਤ ਦਿੱਤੀ ਗਈ ਸੀ ।

## ਤਾਜ ਨੂੰ ਅਸੈਂਸ਼ਨ

ਜਦੋਂ 1936 ਵਿੱਚ ਐਲਿਜ਼ਾਬੈਥ ਦੇ ਦਾਦਾ ਜਾਰਜ ਪੰਜਵੇਂ ਦੀ ਮੌਤ ਹੋ ਗਈ, ਤਾਂ ਉਸਦਾ ਸਭ ਤੋਂ ਵੱਡਾ ਪੁੱਤਰ (ਐਲਿਜ਼ਾਬੈਥ ਦਾ ਚਾਚਾ) ਰਾਜਾ ਐਡਵਰਡ ਅੱਠਵਾਂ ਬਣਿਆ। ਐਡਵਰਡ, ਹਾਲਾਂਕਿ, ਅਮਰੀਕੀ ਤਲਾਕਸ਼ੁਦਾ ਵਾਲਿਸ ਸਿੰਪਸਨ ਨਾਲ ਪਿਆਰ ਵਿੱਚ ਸੀ ਅਤੇ ਉਸਨੂੰ ਤਾਜ ਅਤੇ ਉਸਦੇ ਦਿਲ ਵਿੱਚੋਂ ਇੱਕ ਦੀ ਚੋਣ ਕਰਨੀ ਪਈ। ਅੰਤ ਵਿੱਚ, ਐਡਵਰਡ ਨੇ ਸਿਮਪਸਨ ਨੂੰ ਚੁਣਿਆ ਅਤੇ ਤਾਜ ਨੂੰ ਤਿਆਗ ਦਿੱਤਾ।

ਇਸ ਘਟਨਾ ਨੇ ਉਸ ਦੇ ਜੀਵਨ ਦਾ ਰੁਖ ਬਦਲ ਦਿੱਤਾ, ਜਿਸ ਨਾਲ ਉਹ ਬ੍ਰਿਟਿਸ਼ ਤਾਜ ਦੀ ਵਾਰਸ ਬਣ ਗਈ। ਉਸਦੇ ਪਿਤਾ ਨੂੰ 1937 ਵਿੱਚ ਕਿੰਗ ਜਾਰਜ-ↄ9 ਦਾ ਤਾਜ ਪਹਿਨਾਇਆ ਗਿਆ ਸੀ, ਉਸਨੇ ਆਪਣੇ ਪਿਤਾ ਨਾਲ ਨਿਰੰਤਰਤਾ ’ਤੇ ਜ਼ੋਰ ਦੇਣ ਲਈ ਜਾਰਜ ਦਾ ਨਾਮ ਲਿਆ ਸੀ। ਉਸਦੀ ਮਾਂ ਰਾਣੀ ਐਲਿਜ਼ਾਬੈਥ ਬਣ ਗਈ, 1952 ਵਿੱਚ ਕਿੰਗ ਜਾਰਜ ਦੀ ਮੌਤ ’ਤੇ, ਉਹ ਰਾਣੀ ਮਾਂ ਬਣ ਗਈ ਅਤੇ ਉਸਦੀ ਧੀ ਰਾਣੀ ਐਲਿਜ਼ਾਬੈਥ-99 ਬਣੀ।

ਐਲਿਜ਼ਾਬੈਥ ਦਾ ਵਿਆਹ ਫਿਲਿਪ ਨਾਲ ਹੋਇਆ, ਐਲਿਜ਼ਾਬੈਥ ਸ਼ਾਂਤ ਸੁਭਾਅ ਸੀ ਜਦੋਂ ਕਿ ਫਿਲਿਪ ਹੁਸ਼ਿਆਰ ਅਤੇ ਸਪੱਸ਼ਟ ਬੋਲਦਾ ਸੀ। ਉਸਦੇ ਪਿਤਾ, ਕਿੰਗ ਜਾਰਜ ↄ9, ਇਸ ਵਿਆਹ ਨੂੰ ਲੈ ਕੇ ਝਿਜਕਦੇ ਸਨ ਕਿਉਂਕਿ ਉਸ ਕੋਲ ਬਹੁਤ ਜਿਆਦਾ ਦੌਲਤ ਨਹੀਂ ਸੀ, ਜਦੋਂ ਕਿ ਮਾਊਂਟਬੈਟਨ ਦੇ ਡੈਨਿਸ਼ ਅਤੇ ਯੂਨਾਨੀ ਸ਼ਾਹੀ ਪਰਿਵਾਰਾਂ ਨਾਲ ਸਬੰਧ ਸਨ।

ਆਪਣੇ ਵਿਆਹ ਦੇ ਸਮੇਂ, ਗ੍ਰੇਟ ਬ੍ਰਿਟੇਨ ਅਜੇ ਵੀ ਦੂਜੇ ਵਿਸ਼ਵ ਯੁੱਧ ਦੇ ਤਬਾਹੀ ਤੋਂ ਠੀਕ ਹੋ ਰਿਹਾ ਸੀ, ਅਤੇ ਐਲਿਜ਼ਾਬੈਥ ਨੇ ਆਪਣੇ ਗਾਊਨ ਲਈ ਫੈਬਰਿਕ ਪ੍ਰਾਪਤ ਕਰਨ ਲਈ ਕੱਪੜੇ ਦੇ ਕੂਪਨ ਇਕੱਠੇ ਕੀਤੇ। ਇਨਾਂ ਦਾ ਆਪਸੀ ਜਿੰਦਗ਼ੀ ਵਿਵਾਦ ਪੂਰਨ ਰਹੀ। ਅੰਤ ਫਿਲਿਪ ਦੀ ਮੌਤ 9 ਅਪ੍ਰੈਲ, 2021 ਨੂੰ 99 ਸਾਲ ਦੀ ਉਮਰ ਵਿੱਚ ਹੋਈ।

## ਬੱਚੇ...

ਐਲਿਜ਼ਾਬੈਥ ਅਤੇ ਫਿਲਿਪ ਦੇ ਘਰ ਬੇਟੇ ਚਾਰਲਸ ਦਾ ਜਨਮ 1948 ਵਿੱਚ ਹੋਇਆ ਸੀ, ਉਨਾਂ ਦੇ ਵਿਆਹ ਤੋਂ ਅਗਲੇ ਸਾਲ ਅਤੇ ਧੀ ਐਨੀ 1950 ਵਿੱਚ ਆਈ ਸੀ।



ਐਲਿਜ਼ਾਬੈਥ ਦੇ ਦੋ ਹੋਰ ਬੱਚੇ ਸਨ - ਬੇਟੇ ਐਂਡਰਿਊ ਅਤੇ ਐਡਵਰਡ-ਕ੍ਰਮਵਾਰ 1960 ਅਤੇ 1964 ਵਿੱਚ।

1969 ਵਿੱਚ, ਉਸਨੇ ਅਧਿਕਾਰਤ ਤੌਰ ’ਤੇ ਚਾਰਲਸ ਨੂੰ ਪ੍ਰਿੰਸ ਆਫ ਵੇਲਜ਼ ਦਾ ਖਿਤਾਬ ਦੇ ਕੇ ਆਪਣਾ ਉੱਤਰਾਧਿਕਾਰੀ ਬਣਾਇਆ। ਟੈਲੀਵਿਜ਼ਨ ’ਤੇ ਇਸ ਸਮਾਰੋਹ ਨੂੰ ਦੇਖਣ ਲਈ ਲੱਖਾਂ ਲੋਕ ਇਕੱਠੇ ਹੋਏ।

1981 ਵਿੱਚ 32 ਸਾਲਾ ਚਾਰਲਸ ਨੇ 19 ਸਾਲਾ ਡਾਇਨਾ ਸਪੈਂਸਰ (ਸਭ ਤੋਂ ਵੱਧ ਰਾਜਕੁਮਾਰੀ ਡਾਇਨਾ ਵਜੋਂ ਜਾਣੀ ਜਾਂਦੀ ਹੈ) ਨਾਲ ਵਿਆਹ ਕਰਵਾ ਲਿਆ, ਬਾਅਦ ਵਿੱਚ ਇਹ ਅਫਵਾਹਾਂ ਸਾਹਮਣੇ ਆਈਆਂ ਕਿ ਉਸ ਦੇ ਪਰਿਵਾਰ ਦੁਆਰਾ ਉਸ ਉੱਤੇ ਵਿਆਹ ਲਈ ਦਬਾਅ ਪਾਇਆ ਗਿਆ ਸੀ। ਵਿਆਹ ਨੇ ਲੰਡਨ ਦੀਆਂ ਗਲੀਆਂ ਵਿੱਚ ਭਾਰੀ ਭੀੜ ਖਿੱਚੀ ਅਤੇ ਲੱਖਾਂ ਲੋਕਾਂ ਨੇ ਟੈਲੀਵਿਜਨ ’ਤੇ ਕਾਰਵਾਈ ਵੇਖੀ। ਉਸ ਸਮੇਂ ਰਾਜਸ਼ਾਹੀ ਬਾਰੇ ਜਨਤਕ ਰਾਏ ਖਾਸ ਤੌਰ ’ਤੇ ਮਜਬੂਤ ਸੀ।

## ਪੋਤੇ-ਪੋਤੀਆਂ ਅਤੇ ਪੜਪੋਤੇ-ਪੋਤੀਆਂ

ਚਾਰਲਸ ਅਤੇ ਡਾਇਨਾ ਨੇ ਐਲਿਜ਼ਾਬੈਥ ਦੇ ਪੋਤੇ ਪ੍ਰਿੰਸ ਵਿਲੀਅਮ ਨੂੰ ਜਨਮ ਦਿੱਤਾ, ਜਿਸ ਨੂੰ 2011 ਵਿੱਚ ਉਸਦੇ ਆਪਣੇ ਵਿਆਹ ਤੋਂ ਬਾਅਦ ਡਿਊਕ ਆਫ਼ ਕੈਮਬ੍ਰਿਜ ਬਣਾਇਆ ਗਿਆ ਸੀ, 1982 ਵਿੱਚ ਗੱਦੀ ਦੇ ਦੂਜੇ ਨੰਬਰ ਤੇ ਅਤੇ ਪ੍ਰਿੰਸ ਹੈਰੀ 1984 ਵਿੱਚ। ਐਲਿਜ਼ਾਬੈਥ ਇੱਕ ਸਮਰਪਿਤ ਦਾਦੀ ਵਜੋਂ ਉਭਰੀ ਹੈ। ਵਿਲੀਅਮ ਅਤੇ ਹੈਰੀ ਪ੍ਰਿੰਸ ਵਿਲੀਅਮ ਨੇ ਕਿਹਾ ਹੈ ਕਿ ਉਸਨੇ ਅਨਮੋਲ ਸਹਾਇਤਾ ਅਤੇ ਮਾਰਗਦਰਸ਼ਨ ਦੀ ਪੇਸ਼ਕਸ਼ ਕੀਤੀ ਕਿਉਂਕਿ ਉਸਨੇ ਅਤੇ ਕੇਟ ਮਿਡਲਟਨ ਨੇ ਆਪਣੇ 2011 ਦੇ ਵਿਆਹ ਦੀ ਯੋਜਨਾ ਬਣਾਈ ਸੀ।

22 ਜੁਲਾਈ, 2013 ਨੂੰ, ਐਲਿਜਾਬੈਥ ਦੇ ਪੋਤੇ ਵਿਲੀਅਮ ਅਤੇ ਉਸਦੀ ਪਤਨੀ ਕੈਥਰੀਨ, ਡਚੇਸ ਆਫ ਕੈਮਬ੍ਰਿਜ, ਨੇ ਆਪਣੇ ਪਹਿਲੇ ਬੱਚੇ, ਜਾਰਜ ਅਲੈਗਜੈਂਡਰ ਲੁਈਸ ਦਾ ਸਵਾਗਤ ਕੀਤਾ - ਜੋ ਕਿ ਅਧਿਕਾਰਤ ਤੌਰ ’ਤੇ ‘ਹਿਜ ਰਾਇਲ ਹਾਈਨੈਸ ਪ੍ਰਿੰਸ ਜਾਰਜ ਆਫ ਕੈਮਬ੍ਰਿਜ’ ਵਜੋਂ ਜਾਣੇ ਜਾਂਦੇ ਸਿੰਘਾਸਣ ਦੇ ਉੱਤਰਾਧਿਕਾਰੀ ਸਨ।

2 ਮਈ, 2015 ਨੂੰ, ਵਿਲੀਅਮ ਅਤੇ ਕੇਟ ਨੇ ਆਪਣੇ ਦੂਜੇ ਬੱਚੇ, ਰਾਜਕੁਮਾਰੀ ਸਾਰਲੋਟ ਐਲਿਜਾਬੈਥ ਡਾਇਨਾ, ਰਾਣੀ ਦੀ ਪੰਜਵੀਂ ਪੜਪੋਤੀ ਦਾ ਸਵਾਗਤ ਕੀਤਾ। 23 ਅਪ੍ਰੈਲ, 2018 ਨੂੰ, ਉਹ ਆਪਣੇ ਤੀਜੇ ਬੱਚੇ, ਪ੍ਰਿੰਸ ਲੁਈਸ ਆਰਥਰ ਚਾਰਲਸ ਦੇ ਨਾਲ ਚੱਲੇ।

## ਰਾਜ ਕਰੋ

ਐਲਿਜ਼ਾਬੈਥ ਦੇ ਲੰਬੇ ਅਤੇ ਮੁੱਖ ਤੌਰ ’ਤੇ ਸ਼ਾਂਤਮਈ ਸ਼ਾਸਨ ਨੂੰ ਉਸਦੇ ਲੋਕਾਂ ਦੇ ਜੀਵਨ ਵਿੱਚ, ਦੇਸ਼ ਦੀ ਸੱਤਾ ਵਿੱਚ, ਬ੍ਰਿਟੇਨ ਨੂੰ ਵਿਦੇਸ਼ਾਂ ਵਿੱਚ ਕਿਵੇਂ ਦੇਖਿਆ ਜਾਂਦਾ ਹੈ ਅਤੇ ਰਾਜਸ਼ਾਹੀ ਨੂੰ ਕਿਵੇਂ ਸਮਝਿਆ ਜਾਂਦਾ ਹੈ ਅਤੇ ਕਿਵੇਂ ਦਰਸਾਇਆ ਜਾਂਦਾ ਹੈ, ਵਿੱਚ ਵੱਡੀਆਂ ਤਬਦੀਲੀਆਂ ਦੁਆਰਾ ਚਿੰਨਤ ਕੀਤਾ ਗਿਆ ਸੀ। ਇੱਕ ਸੰਵਿਧਾਨਕ ਬਾਦਸ਼ਾਹ ਵਜੋਂ, ਐਲਿਜ਼ਾਬੈਥ ਨੇ ਰਾਜਨੀਤਿਕ ਮਾਮਲਿਆਂ ’ਤੇ ਭਾਰ ਨਹੀਂ ਪਾਇਆ, ਨਾ ਹੀ ਉਸਨੇ ਆਪਣੇ ਰਾਜਨੀਤਿਕ ਵਿਚਾਰਾਂ ਨੂੰ ਪ੍ਰਗਟ ਕੀਤਾ। ਹਾਲਾਂਕਿ, ਉਹ ਆਪਣੇ ਪ੍ਰਧਾਨ ਮੰਤਰੀਆਂ ਨਾਲ ਨਿਯਮਿਤ ਤੌਰ ’ਤੇ ਗੱਲਬਾਤ ਕਰਦੀ ਹੈ।

ਜਦੋਂ ਐਲਿਜ਼ਾਬੈਥ ਰਾਣੀ ਬਣ ਗਈ, ਯੁੱਧ ਤੋਂ ਬਾਅਦ ਦੇ ਬ੍ਰਿਟੇਨ ਕੋਲ ਅਜੇ ਵੀ ਇੱਕ ਮਹੱਤਵਪੂਰਨ ਸਾਮਰਾਜ, ਸ਼ਾਸਨ ਅਤੇ ਨਿਰਭਰਤਾ ਸੀ। ਹਾਲਾਂਕਿ, 1950 ਅਤੇ 1960 ਦੇ ਦਹਾਕੇ ਦੌਰਾਨ, ਇਨਾਂ ਵਿੱਚੋਂ ਬਹੁਤ ਸਾਰੀਆਂ ਸੰਪਤੀਆਂ ਨੇ ਅਜ਼ਾਦੀ ਪ੍ਰਾਪਤ ਕੀਤੀ ਅਤੇ ਬ੍ਰਿਟਿਸ਼ ਸਾਮਰਾਜ ਰਾਸ਼ਟਰਮੰਡਲ ਦੇ ਰੂਪ ਵਿੱਚ ਵਿਕਸਤ ਹੋਇਆ। ਇਸ ਤਰਾਂ ਐਲਿਜ਼ਾਬੈਥ-99 ਨੇ ਰਾਸ਼ਟਰਮੰਡਲ ਦੇ ਮੁਖੀ ਅਤੇ ਬ੍ਰਿਟੇਨ ਦੇ ਪ੍ਰਤੀਨਿਧੀ ਦੇ ਤੌਰ ’ਤੇ ਦੂਜੇ ਦੇਸ਼ਾਂ ਦੇ ਦੌਰੇ ਕੀਤੇ, ਜਿਸ ਵਿੱਚ 1965 ਵਿੱਚ ਜਰਮਨੀ ਦੀ ਇੱਕ ਸ਼ਾਨਦਾਰ ਯਾਤਰਾ ਵੀ ਸ਼ਾਮਲ ਹੈ। ਉਹ ਪੰਜ ਦਹਾਕਿਆਂ ਤੋਂ ਵੱਧ ਸਮੇਂ ਵਿੱਚ ਉੱਥੇ ਰਾਜ ਦਾ ਦੌਰਾ ਕਰਨ ਵਾਲੀ ਪਹਿਲੀ ਬ੍ਰਿਟਿਸ਼ ਬਾਦਸ਼ਾਹ ਬਣ ਗਈ।

1970 ਅਤੇ 1980 ਦੇ ਦਹਾਕੇ ਦੌਰਾਨ, ਐਲਿਜਾਬੈਥ ਨੇ ਵਿਆਪਕ ਤੌਰ ’ਤੇ ਯਾਤਰਾ ਕਰਨਾ ਜਾਰੀ ਰੱਖਿਆ। 1973 ਵਿੱਚ ਉਸਨੇ ਓਟਾਵਾ, ਕੈਨੇਡਾ ਵਿੱਚ ਕਾਮਨਵੈਲਥ ਕਾਨਫਰੰਸ ਵਿੱਚ ਭਾਗ ਲਿਆ ਅਤੇ 1976 ਵਿੱਚ ਬਰਤਾਨੀਆ ਤੋਂ ਅਮਰੀਕਾ ਦੀ ਅਜ਼ਾਦੀ ਦੀ 200 ਵੀਂ ਵਰੇਗੰਢ ਦੇ ਜਸਨ ਲਈ ਸੰਯੁਕਤ ਰਾਜ ਅਮਰੀਕਾ ਦੀ ਯਾਤਰਾ ਕੀਤੀ। ਇੱਕ ਹਫਤੇ ਤੋਂ ਵੱਧ ਬਾਅਦ ਉਹ ਗਰਮੀਆਂ ਦੀਆਂ ਓਲੰਪਿਕ ਖੇਡਾਂ ਦੀ ਸ਼ੁਰੂਆਤ ਕਰਨ ਲਈ ਮਾਂਟਰੀਅਲ, ਕੈਨੇਡਾ ਵਿੱਚ ਸੀ। 1979 ਵਿੱਚ, ਉਸਨੇ ਕੁਵੈਤ, ਬਹਿਰੀਨ, ਸਾਊਦੀ ਅਰਬ, ਕਤਰ, ਸੰਯੁਕਤ ਅਰਬ ਅਮੀਰਾਤ ਅਤੇ ਓਮਾਨ ਦੀ ਯਾਤਰਾ ਕੀਤੀ, ਜਿਸਨੇ ਅੰਤਰਰਾਸ਼ਟਰੀ ਧਿਆਨ ਅਤੇ ਵਿਆਪਕ ਸਨਮਾਨ ਪ੍ਰਾਪਤ ਕੀਤਾ।

1982 ਵਿੱਚ, ਐਲਿਜ਼ਾਬੈਥ ਆਪਣੇ ਦੂਜੇ ਪੁੱਤਰ, ਪ੍ਰਿੰਸ ਐਂਡਰਿਊ ਬਾਰੇ ਚਿੰਤਤ ਸੀ, ਜਿਸ ਨੇ ਫਾਕਲੈਂਡਜ਼ ਯੁੱਧ ਦੌਰਾਨ ਬ੍ਰਿਟਿਸ਼ ਰਾਇਲ ਨੇਵੀ ਵਿੱਚ ਹੈਲੀਕਾਪਟਰ ਪਾਇਲਟ ਵਜੋਂ ਸੇਵਾ ਕੀਤੀ ਸੀ।

ਬਾਕੀ ਸਫ਼ਾ 30 ’ਤੇ

# ਬਰਤਾਨੀਆ 'ਮਹਾਰਾਣੀ ਐਲਿਜ਼ਾਬੈੱਥ-੨ ਦੀ ਸਿੱਖਾਂ ਨਾਲ ਨੇੜਤਾ ਰਹੀ

**ਮਨਪ੍ਰੀਤ ਸਿੰਘ ਬਧਨੀ ਕਲਾਂ**

ਬਰਤਾਨੀਆ 'ਤੇ ਸਭ ਤੋਂ ਲੰਮਾ ਸਮਾਂ ਰਾਜ ਕਰਨ ਵਾਲੀ ਮਹਾਰਾਣੀ ਐਲਿਜ਼ਾਬੈੱਥ ਦੂਜੀ 8 ਸਤੰਬਰ 2022 ਦਿਨ ਵੀਰਵਾਰ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਈ। 96 ਸਾਲਾ ਮਹਾਰਾਣੀ ਐਲਿਜ਼ਾਬੈੱਥ ਨੇ ਆਪਣਾ ਸਾਰਾ ਜੀਵਨ ਦੇਸ਼ ਦੀ ਸੇਵਾ ਨੂੰ ਸਮਰਪਿਤ ਕੀਤਾ। ਮਹਾਰਾਣੀ ਐਲਿਜ਼ਾਬੈੱਥ ਦਾ ਜਨਮ 21 ਅਪ੍ਰੈਲ, 1926 ਨੂੰ ਲੰਡਨ ਦੇ ਬਰਕਲੇ ਸਕੁਏਰ ਮੇਅਫੇਅਰ ਵਿਖੇ ਹੋਇਆ। ਉਹ ਜੌਰਜ ਪੰਜਵੇਂ ਦੇ ਦੂਜੇ ਬੇਟੇ ਡਿਊਕ ਆਫ਼ ਯੌਰਕ (ਜੋ ਬਾਅਦ ਵਿਚ 1936 ਵਿਚ ਮਹਾਰਾਜਾ ਬਣਨ ਤੋਂ ਬਾਅਦ ਜੌਰਜ ਛੇਵੇਂ ਦੇ ਨਾਂ ਨਾਲ ਜਾਣੇ ਗਏ) ਅਤੇ ਲੇਡੀ ਐਲਿਜ਼ਾਬੈੱਥ ਬੌਵਿਸ ਲਿਓਨ ਦੀ ਪਹਿਲੀ ਸੰਤਾਨ ਸਨ। ਮਹਾਰਾਣੀ ਦਾ ਪੂਰਾ ਨਾਂ ਐਲਿਜ਼ਾਬੈੱਥ ਅਲੈਗਜ਼ੈਂਡਰਾ ਮੇਰੀ ਵਿੰਡਸਰ ਸੀ।

ਮਹਾਰਾਣੀ ਦੀ ਛੋਟੀ ਭੈਣ ਮਾਰਗਰੇਟ ਰੋਜ਼ ਸੀ ਜਿਸ ਦਾ ਜਨਮ 1930 ਵਿਚ ਹੋਇਆ ਸੀ। ਮਹਾਰਾਣੀ ਨੂੰ ਬਚਪਨ ਤੋਂ ਹੀ ਘੋੜਿਆਂ ਅਤੇ ਪਾਲਤੂ ਕੁੱਤਿਆਂ ਦਾ ਸ਼ੌਕ ਸੀ। ਇਸੇ ਕਰਕੇ ਮਹਾਰਾਣੀ ਐਸਕੌਟ ਵਿਚ ਹੋਣ ਵਾਲੀਆਂ ਘੋੜ ਦੌੜਾਂ ਵਿਚ ਖਾਸ ਰੁਚੀ ਰੱਖਦੀ ਸੀ।

ਸ਼ਾਹੀ ਤਖ਼ਤ ਪਰਿਵਾਰਕ ਪ੍ਰੇਮ

ਮਹਾਰਾਣੀ ਦੇ ਰਾਜ ਸਿੰਘਾਸਨ ਤੱਕ ਜਾਣ ਦੀ ਵੀ ਇਕ ਰੌਚਕ ਕਥਾ ਹੈ। 1936 ਵਿਚ ਜੌਰਜ ਪੰਜਵੇਂ ਦੀ ਮੌਤ ਤੋਂ ਬਾਅਦ ਉਨਾਂ ਦੇ ਵੱਡੇ ਪੁੱਤਰ ਡੇਵਿਡ ਨੇ ਐਡਵਰਡ ਅੱਠਵੇਂ ਵਜੋਂ ਗੱਦੀ ਸੰਭਾਲੀ। ਪਰ ਉਨਾਂ ਦੀ ਪ੍ਰੇਮ ਕਹਾਣੀ ਕਾਰਨ ਐਡਵਰਡ ਅੱਠਵੇਂ ਨੂੰ ਕੁਝ ਮਹੀਨਿਆਂ ਬਾਅਦ ਹੀ ਰਾਜ ਗੱਦੀ ਤੋਂ ਲਾਂਭੇ ਹੋਣਾ ਪਿਆ। ਡੇਵਿਡ ਨੇ ਅਮਰੀਕਾ ਦੀ ਦੋ ਵਾਰ ਤਲਾਕਸ਼ੁਦਾ ਵਾਲਿਸ ਸਿੰਪਸਨ ਨਾਲ ਵਿਆਹ ਕਰਵਾਇਆ ਸੀ, ਜਿਸ ਨੂੰ ਉਸ ਸਮੇਂ ਦੇ ਸੰਵਿਧਾਨ ਅਨੁਸਾਰ ਅਤੇ ਧਾਰਮਿਕ ਰਹੁ-ਰੀਤਾਂ ਕਾਰਨ ਪ੍ਰਵਾਨ ਨਹੀਂ ਸੀ ਕੀਤਾ ਗਿਆ, ਜਿਸ ਕਾਰਨ ਡਿਊਕ ਆਫ਼ ਯੌਰਕ ਨੂੰ ਸੱਤਾ ਸੰਭਾਲੀ ਗਈ ਜੋ ਜੌਰਜ ਛੇਵੇਂ ਦੇ ਨਾਂਅ ਨਾਲ ਜਾਣੇ ਜਾਂਦੇ ਹਨ, ਜਿਨਾਂ ਦੀ ਮਹਾਰਾਣੀ ਐਲਿਜ਼ਾਬੈੱਥ ਪਹਿਲੀ ਸੰਤਾਨ ਸੀ। ਪਿਤਾ ਦੇ ਰਾਜ ਸੱਤਾ ਸੰਭਾਲਦਿਆਂ ਹੀ ਐਲਿਜ਼ਾਬੈੱਥ ਬਚਪਨ ਸਮੇਂ ਤੋਂ ਹੀ ਆਪਣੇ ਪਿਤਾ ਨਾਲ ਸ਼ਾਹੀ ਸਰਗਰਮੀਆਂ ਦਾ ਹਿੱਸਾ ਬਣਨ ਲੱਗੀ।

ਮਹਾਰਾਣੀ ਐਲਿਜ਼ਾਬੈੱਥ ਜ਼ਿਆਦਾ ਪੜੀ-ਲਿਖੀ ਨਹੀਂ ਸੀ, ਪਰ ਇਸ ਦੇ ਬਾਵਜੂਦ ਉਹ ਕਈ ਭਾਸ਼ਾਵਾਂ ਦਾ ਗਿਆਨ ਰੱਖਦੀ ਸੀ। ਉਨਾਂ ਸੰਵਿਧਾਨ ਦੇ ਇਤਿਹਾਸ ਦਾ ਵਿਸਥਾਰ ਵਿਚ ਅਧਿਐਨ ਕੀਤਾ। ਵਿੰਸਟਨ ਚਰਚਿਲ ਨੇ ਵੀ ਇਕ ਵਾਰ ਮਹਾਰਾਣੀ ਦੀ ਤਾਰੀਫ਼ ਕਰਦਿਆਂ ਕਿਹਾ ਸੀ ਕਿ ਉਨਾਂ ਵਿਚ ਰਾਜ ਕਰਨ ਦੀ ਸਮਰੱਥਾ ਹੈ।

ਦੂਸਰੇ ਵਿਸ਼ਵ ਯੁੱਧ ਦੌਰਾਨ ਰਾਜਕੁਮਾਰੀ ਨੇ ਡਰਾਈਵਰੀ ਸਿੱਖੀ ਅਤੇ ਮੋਟਰ ਮਕੈਨਿਕ ਦੇ ਤੌਰ 'ਤੇ ਸੇਵਾਵਾਂ ਦਿੱਤੀਆਂ। ਭਾਵੇਂ ਕਿ ਵਿਸ਼ਵ ਯੁੱਧ ਦੌਰਾਨ ਜਦੋਂ ਲੰਡਨ ਬੁਰੀ ਤਰਾਂ ਤਬਾਹ ਹੋ ਗਿਆ ਸੀ ਤਾਂ ਉਸ ਸਮੇਂ ਉਨਾਂ ਨੂੰ ਵਿੰਡਸਰ ਕਾਸਲ ਵਿਖੇ ਵਿਸ਼ੇਸ਼ ਸੁਰੱਖਿਅਤ ਥਾਂ 'ਤੇ ਵੀ ਰੱਖਿਆ ਗਿਆ ਸੀ। ਦੂਜੇ ਵਿਸ਼ਵ ਯੁੱਧ ਵਿਚ ਮਹਾਰਾਣੀ ਐਲਿਜ਼ਾਬੈੱਥ ਅਤੇ ਉਨਾਂ ਦੀ ਛੋਟੀ ਭੈਣ ਮਾਰਗਰੇਟ ਨੇ ਰੇਡੀਓ ਪ੍ਰਸਾਰਨ ਵੀ ਕੀਤਾ ਸੀ। 20 ਨਵੰਬਰ, 1947 ਵਿਚ ਮਹਾਰਾਣੀ ਐਲਿਜ਼ਾਬੈੱਥ ਦਾ ਵਿਆਹ ਉਸ ਸਮੇਂ ਦੇ ਫ਼ੌਜੀ ਅਧਿਕਾਰੀ ਫਿਲਿਪ ਨਾਲ ਹੋਇਆ। ਉਹ ਦੋਵੇਂ 1944 ਵਿਚ ਇਕ ਦੂਜੇ ਦੇ ਕਰੀਬ ਆਏ। ਉਸ ਸਮੇਂ ਮਹਾਰਾਣੀ ਦੀ ਉਮਰ ਮਹਿਜ਼ 18 ਸਾਲ ਸੀ। 1948 ਵਿਚ ਉਨਾਂ ਦੇ ਘਰ ਪ੍ਰਿੰਸ ਚਾਰਲਸ ਅਤੇ 1950 ਵਿਚ ਧੀ ਐਨੀ ਪੈਦਾ ਹੋਏ। ਦੋ ਬੇਟੇ ਮਹਾਰਾਣੀ ਦੀ ਤਾਜਪੋਸ਼ੀ ਤੋਂ ਬਾਅਦ ਪ੍ਰਿੰਸ ਐਂਡਰਿਊ ਅਤੇ ਪ੍ਰਿੰਸ ਐਡਵਰਡ ਪੈਦਾ ਹੋਏ। ਮਹਾਰਾਣੀ ਜਨਵਰੀ 1952 ਵਿਚ ਆਪਣੇ ਪਤੀ ਨਾਲ ਵਿਦੇਸ਼ ਯਾਤਰਾ 'ਤੇ ਸੀ ਜਦੋਂ ਉਨਾਂ ਦੇ ਪਿਤਾ ਜੌਰਜ ੬ਵੇਂ ਦੀ ਮੌਤ ਹੋ ਗਈ, ਜਿਸ ਤੋਂ ਬਾਅਦ ਉਹ ਬਰਤਾਨੀਆ ਦੀ ਮਹਾਰਾਣੀ ਬਣੀ ਅਤੇ ਉਨਾਂ ਦੀ ਤਾਜਪੋਸ਼ੀ 1953 ਨੂੰ ਲੰਡਨ ਦੀ ਵੈਸਟਮਿੰਸਟਰ ਐਬੇ ਵਿਖੇ ਹੋਈ, ਜਿਸ ਵਿਚ 200 ਦੇ ਕਰੀਬ ਮਹਿਮਾਨ ਸ਼ਾਮਿਲ ਹੋਏ ਸਨ। ਉਸ ਸਮੇਂ ਪਹਿਲੀ ਵਾਰ ਤਾਜਪੋਸ਼ੀ ਸਮਾਗਮ ਦਾ ਟੀ. ਵੀ. 'ਤੇ ਸਿੱਧਾ ਪ੍ਰਸਾਰਨ ਕੀਤਾ ਗਿਆ ਸੀ।



ਮਹਾਰਾਣੀ ਨੇ ਆਪਣੇ ਰਾਜਕਾਲ ਦੌਰਾਨ ਕਈ ਤਰਾਂ ਦੇ ਸਿਆਸੀ ਸੰਕਟਾਂ ਦਾ ਸਾਹਮਣਾ ਕੀਤਾ ਹੈ। ਜ਼ਿਆਦਾਤਰ ਇਹ ਸੰਕਟ ਕੰਜ਼ਰਵੇਟਿਵ ਪਾਰਟੀ ਦੀ ਸਰਕਾਰ ਮੌਕੇ ਹੀ ਆਏ। ਮਿਸਰ ਵਲੋਂ ਸੁਏਜ਼ ਨਹਿਰ ਦੇ ਰਾਸ਼ਟਰੀਕਰਨ ਦੇ ਵਿਰੋਧ ਵਿਚ ਬਰਤਾਨਵੀ ਫ਼ੌਜ ਭੇਜਣ ਅਤੇ ਵਾਪਸ ਸੱਦਣ ਕਰਕੇ ਜਦੋਂ ਪ੍ਰਧਾਨ ਮੰਤਰੀ ਐਂਥਨੀ ਈਡਨ ਨੇ ਅਸਤੀਫ਼ਾ ਦਿੱਤਾ ਤਾਂ ਮਹਾਰਾਣੀ ਨੂੰ ਸਿਆਸੀ ਸੰਕਟ ਦਾ ਸਾਹਮਣਾ ਕਰਨਾ ਪਿਆ। ਉਸ ਸਮੇਂ ਟੋਰੀ ਪਾਰਟੀ ਕੋਲ ਨੇਤਾ ਚੁਣਨ ਦੀ ਕੋਈ ਵਿਧੀ ਨਹੀਂ ਸੀ ਅਤੇ ਮਹਾਰਾਣੀ ਨੇ ਅਜਿਹੇ ਹਾਲਾਤ ਵਿਚ ਹੈਰਲਡ ਮੈਕਮਿਲਨ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ। ਲਾਰਡ ਅਲਟ੍ਰਿੰਚਮ ਦੇ ਨਿੱਜੀ ਹਮਲਿਆਂ ਤੋਂ ਬਾਅਦ ਮਹਾਰਾਣੀ 'ਤੇ ਕਈ ਤਰਾਂ ਦੇ ਸਵਾਲ ਹੋਣ ਲੱਗੇ। ਇਸ ਤੋਂ ਬਾਅਦ ਲੋਕਾਂ ਦੇ ਰਾਜਾਸ਼ਾਹੀ ਪ੍ਰਤੀ ਬਦਲਦੇ ਰਵਈਏ ਕਾਰਨ ਕਈ ਤਬਦੀਲੀਆਂ ਕੀਤੀਆਂ ਗਈਆਂ। 1963 ਵਿਚ ਹੈਰਲਡ ਦੇ ਅਸਤੀਫ਼ੇ ਤੋਂ ਬਾਅਦ ਮਹਾਰਾਣੀ ਨੇ ਅਰਲ ਆਫ਼ ਹੋਮ ਨੂੰ ਉਨਾਂ ਦੀ ਥਾਂ ਨਿਯੁਕਤ ਕੀਤਾ। ਇਸ ਮੌਕੇ ਆਪਣੇ ਅਹੁਦੇ ਨੂੰ ਸੰਵਿਧਾਨਕ ਮਾਨਤਾ ਦਿਵਾਉਂਦਿਆਂ, ਰਾਜਸ਼ਾਹੀ ਨੂੰ ਸਰਕਾਰ ਤੋਂ ਵੱਖ ਰੱਖਿਆ ਗਿਆ। ਖ਼ਾਸ ਤੌਰ 'ਤੇ ਸੂਚਿਤ ਕਰਨ, ਸਲਾਹ ਦੇਣ ਅਤੇ ਚਿਤਾਵਨੀ ਦੇਣ ਵਾਲੇ ਅਧਿਕਾਰਾਂ ਨੂੰ ਸਖ਼ਤੀ ਨਾਲ ਲਾਗੂ ਕਰਵਾਇਆ ਗਿਆ।

ਮਹਾਰਾਣੀ ਐਲਿਜ਼ਾਬੈੱਥ ਦੇ ਜੀਵਨ ਦੀ ਸਭ ਤੋਂ ਵੱਡੀ ਸੰਕਟ ਦੀ ਘੜੀ 1991-92 ਵਿਚ ਉਸ ਸਮੇਂ ਆਈ ਜਦੋਂ ਉਨਾਂ ਦਾ ਬੇਟਾ ਡਿਊਕ ਆਫ਼ ਯੌਰਕ ਅਤੇ ਉਸ ਦੀ ਪਤਨੀ ਸਾਰਾ ਵੱਖ ਹੋਏ। ਦੂਜੇ ਪਾਸੇ ਧੀ ਰਾਜਕੁਮਾਰੀ ਐਨੀ ਦਾ ਮਾਰਕ ਫਿਪਿਸ ਨਾਲ ਤਲਾਕ ਹੋ ਗਿਆ। ਕੁਝ ਸਮੇਂ ਬਾਅਦ ਪ੍ਰਿੰਸ ਆਫ਼ ਵੇਲਜ਼ (ਮੌਜੂਦਾ ਮਹਾਰਾਜਾ) ਚਾਰਲਸ ਅਤੇ ਰਾਜਕੁਮਾਰੀ ਡਾਇਨਾ ਦਾ ਵਿਵਾਦ ਸ਼ੁਰੂ ਹੋ ਗਿਆ ਅਤੇ ਉਨਾਂ ਦੀ ਨੌਬਤ ਤਲਾਕ ਤੱਕ ਪਹੁੰਚ ਗਈ। ਮਹਾਰਾਣੀ ਦੇ ਕਰੀਬੀ ਦੱਸਦੇ ਹਨ ਕਿ ਅਜਿਹੇ ਹਾਲਾਤ ਵਿਚ ਮਹਾਰਾਣੀ ਬੁਰੀ ਤਰਾਂ ਟੁੱਟ ਗਈ ਸੀ। ਵਿੰਡਸਰ ਕਾਸਲ ਨੂੰ ਲੱਗੀ ਅੱਗ ਕਾਰਨ ਹੋਏ ਨੁਕਸਾਨ ਦੀ ਭਰਪਾਈ ਕਰਨ ਲਈ ਬਕਿੰਘਮ ਪੈਲੇਸ ਲੋਕਾਂ ਲਈ ਖੋਲਿਆ ਗਿਆ। ਇਸ ਤੋਂ ਹੋਈ ਆਮਦਨ ਨਾਲ ਵਿੰਡਸਰ ਕਾਸਲ ਦੀ ਮੁਰੰਮਤ ਹੋਈ ਅਤੇ ਮਹਾਰਾਣੀ ਅਤੇ ਪ੍ਰਿੰਸ ਆਫ਼ ਵੇਲਜ਼ ਦੇ ਆਮਦਨ ਟੈਕਸ ਦੇਣ ਦੀ ਸ਼ੁਰੂਆਤ ਹੋਈ। ਅਗਸਤ 1997 ਵਿਚ ਰਾਜਕੁਮਾਰੀ ਡਾਇਨਾ ਦੀ ਸੜਕ ਹਾਦਸੇ ਵਿਚ ਹੋਈ ਮੌਤ ਤੋਂ ਬਾਅਦ ਮਹਾਰਾਣੀ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪਿਆ। ਇਥੇ ਹੀ ਬੱਸ ਨਹੀਂ, ਮਹਾਰਾਣੀ ਦੇ ਬੇਟੇ ਐਂਡਰਿਊ ਦੇ ਸਰੀਰਕ ਸ਼ੋਸ਼ਣ ਵਾਲੇ ਵਿਵਾਦ ਨੇ ਵੀ ਮਹਾਰਾਣੀ ਨੂੰ ਸਵਾਲਾਂ ਦੇ ਘੇਰੇ ਵਿਚ ਖੜਾ ਕੀਤਾ, ਪਰ ਉਨਾਂ ਸਖ਼ਤੀ ਦਾ ਰੁੱਖ ਅਪਣਾਉਂਦਿਆਂ ਪ੍ਰਿੰਸ ਐਂਡਰਿਊ ਨੂੰ ਸ਼ਾਹੀ ਸਰਗਰਮੀਆਂ ਤੋਂ ਲਾਂਭੇ ਕਰ ਦਿੱਤਾ। ਪ੍ਰਿੰਸ ਹੈਰੀ ਅਤੇ ਮੇਗਨ ਦੇ ਵਿਆਹ ਤੋਂ ਬਾਅਦ ਉੱਠੇ ਵਿਵਾਦ ਨੂੰ ਠੱਲਣ ਲਈ ਮਹਾਰਾਣੀ ਆਪਣੇ ਪੋਤੇ ਨੂੰ ਘਰ ਵਾਪਸੀ ਲਈ ਮਨਾਉਣ ਦੇ ਯਤਨ ਕਰਦੀ ਰਹੀ ਪਰ ਅਜਿਹਾ ਸੰਭਵ ਨਹੀਂ ਹੋ ਸਕਿਆ। ਮਹਾਰਾਣੀ ਦੀ ਤਾਜਪੋਸ਼ੀ ਦੀ ਸਿਲਵਰ ਜੁਲਬਲੀ, ਗੋਲਡਨ ਜੁਬਲੀ ਅਤੇ ਪਲੈਟੀਨਮ ਜੁਬਲੀ ਦੇਸ਼ ਭਰ ਵਿਚ ਲੋਕਾਂ ਨੇ ਬੜੇ ਉਤਸ਼ਾਹ ਨਾਲ ਮਨਾਈ। ਮਹਾਰਾਣੀ ਵਿਕਟੋਰੀਆ ਦੇ ਰਾਜਕਾਲ ਨੂੰ ਪਿੱਛੇ ਛੱਡਦਿਆਂ, ਉਹ 9 ਸਤੰਬਰ, 2015 ਨੂੰ ਬਰਤਾਨਵੀ ਇਤਿਹਾਸ ਵਿਚ ਸਭ ਤੋਂ ਜ਼ਿਆਦਾ ਸਮਾਂ ਰਾਜ ਕਰਨ ਵਾਲੀ ਸ਼ਾਸ਼ਕ ਬਣੀ।

ਮਹਾਰਾਣੀ ਐਲਿਜ਼ਾਬੈੱਥ ਨੇ ਆਪਣੇ ਰਾਜਕਾਲ ਦੌਰਾਨ ਬਰਤਾਨੀਆਂ ਦੇ 15 ਪ੍ਰਧਾਨ ਮੰਤਰੀਆਂ ਵਿਚੋਂ 14 ਪ੍ਰਧਾਨ ਮੰਤਰੀਆਂ ਦੀ ਨਿਯੁਕਤੀ ਨੂੰ ਪ੍ਰਵਾਨਗੀ ਖੁਦ ਦਿੱਤੀ ਹੈ, ਜਿਸ ਸਮੇਂ ਮਹਾਰਾਣੀ ਨੇ ਰਾਜ ਪ੍ਰਬੰਧ ਸੰਭਾਲਿਆ ਸੀ, ਉਸ ਸਮੇਂ ਵਿੰਸਟਨ ਚਰਚਿਲ ਪ੍ਰਧਾਨ ਮੰਤਰੀ ਸਨ ਅਤੇ ਦੇਹਾਂਤ ਤੋਂ ਕੁਝ ਦਿਨ ਪਹਿਲਾਂ ਮਹਾਰਾਣੀ ਨੇ ਮੌਜੂਦਾ ਪ੍ਰਧਾਨ ਮੰਤਰੀ ਲਿਜ਼ ਟਰੱਸ ਦੀ ਨਿਯੁਕਤੀ ਨੂੰ ਪ੍ਰਵਾਨਗੀ ਦਿੱਤੀ ਹੈ। ਮਹਾਰਾਣੀ ਐਲਿਜ਼ਾਬੈੱਥ ਦੇ ਅਧਿਕਾਰਾਂ ਦੀ ਗੱਲ ਕਰੀਏ ਤਾਂ ਮਹਾਰਾਣੀ ਕੋਲ ਕੋਈ ਪਾਸਪੋਰਟ ਨਹੀਂ ਸੀ, ਪਰ ਉਹ ਦੁਨੀਆ ਦੀ ਇਕੱਲੀ ਔਰਤ ਸੀ ਜਿਸ ਨੂੰ ਵਿਦੇਸ਼ ਜਾਣ ਲਈ ਵੀਜ਼ੇ ਦੀ ਲੋੜ ਨਹੀਂ ਸੀ ਹੁੰਦੀ। ਮਹਾਰਾਣੀ ਨੂੰ ਵਾਹਨ ਚਲਾਉਣ ਦਾ ਵੀ ਸ਼ੌਕ ਸੀ, ਪਰ ਉਨਾਂ ਕੋਲ ਡਰਾਈਵਿੰਗ ਲਾਇਸੰਸ ਨਹੀਂ ਸੀ। ਮਹਾਰਾਣੀ ਦੀ ਕੁੱਲ ਆਮਦਨ 365 ਮਿਲੀਅਨ ਪੌਂਡ ਭਾਵ 33.36 ਅਰਬ ਰੁਪਏ ਤੋਂ ਵੱਧ ਦੀ ਦੱਸੀ ਜਾਂਦੀ ਹੈ।

ਮਹਾਰਾਣੀ ਦੇ ਤਾਜ ਅਤੇ ਕੋਹੇਨੂਰ ਹੀਰੇ ਨੂੰ ਲੈ ਕੇ ਅਕਸਰ ਕਈ ਤਰਾਂ ਦੇ ਭੁਲੇਖੇ ਪਾਏ ਜਾਂਦੇ ਹਨ। ਦੱਸਣਯੋਗ ਹੈ ਕਿ ਖ਼ਾਲਸਾ ਰਾਜ ਦੇ ਆਖਰੀ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਤੋਂ ਧੋਖੇ ਨਾਲ ਖੋਹਿਆ ਕੋਹੇਨੂਰ ਹੀਰਾ ਮਹਾਰਾਣੀ ਐਲਿਜ਼ਾਬੈੱਥ ਦੀ ਮਾਂ ਮੇਰੀ ਦੇ ਤਾਜ ਵਿਚ ਜੜਿਆ ਹੋਇਆ ਹੈ, ਜੋ ਅਧਿਕਾਰਤ ਤੌਰ 'ਤੇ ਹੁਣ ਮਹਾਰਾਜਾ ਚਾਰਲਸ ਤੀਜੇ ਦੀ ਪਤਨੀ ਮਹਾਰਾਣੀ ਕੈਮਿਲਾ ਦੇ ਅਧਿਕਾਰ ਹੇਠ ਹੋਵੇਗਾ। ਇਹ ਤਾਜ ਇਸ ਸਮੇਂ ਟਾਵਰ ਆਫ ਲੰਡਨ ਵਿੱਚ ਸੁਸ਼ੋਭਿਤ ਹੈ, ਉਕਤ ਤਾਜ ਵਿੱਚ 2800 ਹੋਰ ਕੀਮਤੀ ਪੱਥਰ ਜੜੇ ਹੋਏ ਹਨ। 105 ਕੈਰਿਟ ਦਾ ਇਹ ਹੀਰਾ ਤਾਜ ਦੇ ਬਿਲਕੁਲ ਵਿਚਕਾਰ ਅੰਡੇ ਦੇ ਅਕਾਰ ਦਾ ਹੈ। ਕੋਹੇਨੂਰ ਨੂੰ ਪ੍ਰਿੰਸ ਐਲਬਰਟ ਅਤੇ ਉਨਾਂ ਦੀ ਪਤਨੀ ਦੇ ਆਦੇਸ਼ਾਂ ਤੇ ਦੁਬਾਰਾ ਕੱਟਿਆ ਗਿਆ ਸੀ ਜੋ 1937 ਵਿਚ ਮਹਾਰਾਣੀ ਮੈਰੀ ਦੇ ਤਾਜ ਵਿਚ ਜੜਿਆ ਗਿਆ। ਮਹਾਰਾਣੀ ਮੈਰੀ ਨੇ ਉਕਤ ਤਾਜ ਨੂੰ 1953 ਵਿਚ ਮਹਾਰਾਣੀ ਐਲਿਜ਼ਾਬੈੱਥ ਦੀ ਤਾਜਪੋਸ਼ੀ ਮੌਕੇ ਕੁਝ ਸਮੇਂ ਲਈ ਪਹਿਨਿਆ ਸੀ।

ਮਹਾਰਾਣੀ ਐਲਿਜ਼ਾਬੈੱਥ ਨੇ ਆਪਣੀ ਜ਼ਿੰਦਗੀ ਵਿਚ ਤਿੰਨ ਵਾਰ 1961, 1983 ਅਤੇ 1997 ਵਿਚ ਭਾਰਤ ਦਾ ਦੌਰਾ ਕੀਤਾ। 1961 ਵਿਚ ਉਨਾਂ ਭਾਰਤ ਦੇ ਗਣਤੰਤਰ ਦਿਵਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ। ਇਸ ਮੌਕੇ ਉਨਾਂ ਰਾਜਘਾਟ, ਕਲਕੱਤਾ, ਬੰਬੇ, ਮਦਰਾਸ ਅਤੇ ਤਾਜ ਮਹਿਲ ਵੇਖਣ ਲਈ ਆਗਰਾ ਦੀ ਯਾਤਰਾ ਕੀਤੀ। 1983 ਵਿਚ 7ਵੀਆਂ ਰਾਸ਼ਟਰਮੰਡਲ ਦੇਸ਼ਾਂ ਦੇ ਮੁਖੀਆਂ ਦੀ ਇਕੱਤਰਤਾ ਵਿਚ ਮਹਾਰਾਣੀ ਆਪਣੇ ਪਤੀ ਫਿਲਪ ਨਾਲ ਭਾਰਤ ਦੇ 9 ਦਿਨਾਂ ਸਰਕਾਰੀ ਦੌਰੇ 'ਤੇ ਆਈ, ਜਿਸ ਮੌਕੇ ਉਨਾਂ ਮਦਰ ਟਰੇਸਾ ਨੂੰ ਵਿਸ਼ੇਸ਼ ਖਿਤਾਬ ਨਾਲ ਸਨਮਾਨਿਤ ਕੀਤਾ। ਇਸ ਤੋਂ ਬਾਅਦ ਭਾਰਤ ਦੇ 50ਵੇਂ ਆਜ਼ਾਦੀ ਦਿਵਸ ਮੌਕੇ 1997 ਵਿਚ ਭਾਰਤ ਦਾ ਦੌਰਾ ਕਰਦਿਆਂ ਉਹ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਈ ਅਤੇ ਇਸ ਮੌਕੇ ਉਨਾਂ ਜਲਿਆਂਵਾਲਾ ਬਾਗ਼ ਜਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਪਰ ਅਜੇ ਤੱਕ ਬਰਤਾਨੀਆ ਨੇ ਇਸ ਗੋਲੀ ਕਾਂਡ ਦੀ ਜਨਤਕ ਤੌਰ 'ਤੇ ਜ਼ਿੰਮੇਵਾਰੀ ਲੈਂਦਿਆਂ ਮੁਆਫ਼ੀ ਨਹੀਂ ਮੰਗੀ।

ਇੰਗਲੈਂਡ ਵਿਚ ਵੀ ਮਹਾਰਾਣੀ ਦੀ ਸਿੱਖਾਂ ਨਾਲ ਕਾਫ਼ੀ ਨੇੜਤਾ ਰਹੀ ਹੈ। ਮਹਾਰਾਣੀ ਐਲਿਜ਼ਾਬੈੱਥ 2002 ਵਿਚ ਪਹਿਲੀ ਵਾਰ ਲੈਸਟਰ ਦੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਵਾਲੀ ਪਹਿਲੀ ਬਰਤਾਨਵੀ ਸ਼ਾਸਕ ਸੀ। ਇਸ ਤੋਂ ਬਾਅਦ ਉਹ 2004 ਵਿਚ ਗੁਰਦੁਆਰਾ ਸਿੰਘ ਸਭਾ ਹੰਸਲੋ ਵਿਖੇ ਨਤਮਸਤਕ ਹੋਣ ਲਈ ਗਈ। 6 ਜੂਨ, 2002 ਨੂੰ ਮਹਾਰਾਣੀ ਪਹਿਲੀ ਵਾਰ ਆਰਚਵੇਅ ਦੇ ਹਾਈਗੇਟਹਿੱਲ ਮੁਰੂਗਨ ਮੰਦਰ ਦੇ ਦਰਸ਼ਨ ਕਰਨ ਪਹੁੰਚ ਸੀ। ਇਕ ਭੰਗੜਾ ਟੀਮ ਨਾਲ ਮਹਾਰਾਣੀ ਨੇ ਕੁਝ ਸਮਾਂ ਗੱਲਬਾਤ ਕੀਤੀ ਸੀ। ਮਹਾਰਾਣੀ ਦਾ ਵੱਖ-ਵੱਖ ਦੇਸ਼ਾਂ ਦੇ ਲੋਕਾਂ ਪ੍ਰਤੀ ਸਨੇਹ ਹਮੇਸ਼ਾ ਅਪਣੱਤ ਭਰਿਆ ਰਿਹਾ। ਲੰਡਨ ਦੇ ਇਲਾਕੇ ਹੇਜ਼ ਦੇ ਇਕ ਦੌਰੇ ਦੌਰਾਨ ਮਹਾਰਾਣੀ ਨੇ ਪੰਜਾਬੀਆਂ ਦੇ ਭੰਗੜੇ ਵਿਚ ਖ਼ਾਸ ਰੁਚੀ ਵਿਖਾਈ ਸੀ। ਮਹਾਰਾਣੀ ਵਲੋਂ ਅਣਗਿਣਤ ਸਿੱਖ ਸ਼ਖ਼ਸੀਅਤਾਂ ਨੂੰ ਸਮੇਂ-ਸਮੇਂ ਸ਼ਾਹੀ ਖਿਤਾਬਾਂ ਨਾਲ ਨਿਵਾਜਿਆ ਗਿਆ ਹੈ, ਜਿਨਾਂ ਵਿਚ ਸਿੱਖ ਭਾਈਚਾਰੇ ਲਈ ਸੇਵਾਵਾਂ ਦੇਣ ਵਾਲੇ ਸ: ਸੁਰਿੰਦਰ ਸਿੰਘ ਪੁਰੇਵਾਲ, ਪੰਜਾਬੀ ਗਾਇਕ ਮਲਕੀਤ ਸਿੰਘ ਸਮੇਤ ਬਹੁਤ ਸਾਰੀਆਂ ਸ਼ਖ਼ਸੀਅਤਾਂ ਨੂੰ ਮਹਾਰਾਣੀ ਨੇ ਖ਼ੁਦ ਸ਼ਾਹੀ ਖ਼ਿਤਾਬਾਂ ਨਾਲ ਸਨਮਾਨਿਤ ਕੀਤਾ ਸੀ। ਹਰ ਸਮੇਂ ਮੁਸਕਰਾਉਣ ਵਾਲੀ ਮਹਾਰਾਣੀ ਐਲਿਜ਼ਾਬੈੱਥ ਆਖ਼ਰ 96 ਸਾਲ ਤੋਂ ਵੱਧ ਦੀ ਉਮਰ ਭੋਗ ਕੇ ਬਰਤਾਨੀਆ 'ਤੇ 70 ਸਾਲ 214 ਦਿਨ ਰਾਜ ਕਰਕੇ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਈ।

ਮਹਾਰਾਣੀ ਦੀ ਮੌਤ ਤੋਂ ਬਾਅਦ ਪ੍ਰਿੰਸ ਚਾਰਲਸ ਮਹਾਰਾਜਾ ਬਣ ਗਏ ਹਨ। ਭਾਵੇਂ ਉਨਾਂ ਦੀ ਅਜੇ ਤਾਜਪੋਸ਼ੀ ਨਹੀਂ ਹੋਈ ਪਰ ਉਨਾਂ ਰਾਸ਼ਟਰ ਦੇ ਨਾਂ ਆਪਣੇ ਪਹਿਲੇ ਸੰਦੇਸ਼ ਵਿਚ ਮਹਾਰਾਣੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਖ਼ੁਦ ਨੂੰ ਦੇਸ਼ ਲਈ ਸਮਰਪਿਤ ਕਰਨ ਦਾ ਵਾਅਦਾ ਕੀਤਾ ਹੈ। ਉਹ ਹੁਣ ਮਹਾਰਾਜਾ ਚਾਰਲਸ ਤੀਜੇ ਦੇ ਨਾਂ ਨਾਲ ਜਾਣੇ ਜਾਇਆ ਕਰਨਗੇ।

# ਗੁਰਮੁਖੀ ਲਿੱਪੀ

## ਗੁਰਮੁਖੀ ਦੇ ਸੰਚਾਲਕ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਗੁਰਗੱਦੀ ਦਿਵਸ 18 ਸਤੰਬਰ 'ਤੇ ਵਿਸ਼ੇਸ਼



**ਪ੍ਰਮਿੰਦਰ ਸਿੰਘ ਪ੍ਰਵਾਨਾ**
510-415-9377

ਭਾਸ਼ਾ ਅਤੇ ਲਿੱਪੀ ਦੇ ਰੂਪ ਸੰਸਾਰ ਵਿਚ ਵਸੇ ਸਮੂਹਾਂ ਵਿਚ ਬਦਲਦੇ ਰਹਿੰਦੇ ਹਨ। ਆਧੁਨਿਕ ਯੁੱਗ ਵਿਚ ਭਾਵੇਂ ਇਨਾਂ ਨੂੰ ਸੀਮਤ ਕਰਨ ਦੇ ਯਤਨ ਹੁੰਦੇ ਰਹਿੰਦੇ ਹਨ। ਭਾਰਤ ਦੀ ਰਾਸ਼ਟਰੀ ਭਾਸ਼ਾ ਹਿੰਦੀ ਵਿਚ ਸੰਸਕ੍ਰਿਤ ਦੇ ਸ਼ਬਦਾਂ ਦਾ ਰਲੇਵਾਂ ਹੈ। ਗੁਰਮੁਖੀ ਤੋਂ ਇਕ ਹਜ਼ਾਰ ਸਾਲ ਪਹਿਲਾਂ ਸੰਸਕ੍ਰਿਤ ਪ੍ਰਚਲਤ ਸੀ। ਸੰਸਕ੍ਰਿਤ ਸਿੱਧ ਪੁਰਸ਼ਾਂ ਦੀ ਬੋਲੀ ਸੀ। ਜੋ ਸਿੱਧ ਮਾਤ੍ਰਿਕਾਂ ਵਜੋਂ ਪ੍ਰਸਿੱਧ ਸੀ। ਗੁਰੂ ਦੀ ਸਿੱਖਿਆ ਤੇ ਚੱਲਣ ਵਾਲੇ ਨੂੰ ਗੁਰਮੁਖ ਕਹਿੰਦੇ ਹਨ। ਗੁਰਮੁਖਾਂ ਵਲੋਂ ਵਰਤੀ ਜਾਂਦੀ ਬੋਲੀ ਦਾ ਨਾਂ ਗੁਰਮੁਖੀ ਪ੍ਰਸਿੱਧ ਹੋਇਆ। ਲਿੱਪੀ ਤੋਂ ਬੋਲੀ ਨੂੰ ਜੀਵਨ ਮਿਲਦਾ ਹੈ। ਅਵਾਜ ਨਾਲ ਦੂਰ ਦੂਰ ਤੱਕ ਪਹੁੰਚਦੀ ਹੈ। ਦੂਰੀਆਂ ਮਿਟਾ ਦਿੰਦੀ ਹੇ। ਲਿੱਪੀ ਅਤੇ ਬੋਲੀ ਇਕ ਦੂਸਰੇ ਦੀਆਂ ਪੂਰਕ ਹਨ। ਲਿੱਪੀ ਗਿਆਨ ਦੀ ਦੌਲਤ ਹੈ ਜੋ ਖਿਆਲਾਂ ਨੂੰ ਚਿਰੰਜੀਵ ਬਣਾਉਂਦੀ ਹੈ। ਲਿੱਪੀ ਮਨੁੱਖ ਦੀ ਕਾਢ ਹੈ। ਜਿਸ ਦਾ ਰੂਪ ਵਿਕਸਤ ਹੁੰਦਾ ਗਿਆ। ਲਿੱਪੀ ਤੋਂ ਪਹਿਲਾਂ ਕੰਨੀਂ ਸੁਣ ਕੇ ਕੰਠ ਕਰ ਲਿਆ ਜਾਂਦਾ ਸੀ ਭਾਵ ਜੁਬਾਨੀ ਯਾਦ ਕਰ ਲਿਆ ਜਾਂਦਾ ਸੀ।

ਲਿੱਪੀ ਤੋਂ ਪਹਿਲਾਂ ਹਾਵ ਭਾਵ ਦਰਸਾਉਣ ਲਈ ਰੰਗ ਬਿਰੰਗੇ ਧਾਗਿਆਂ ਦੀਆਂ ਗੰਡਾਂ ਦੇ ਸੰਕੇਤ ਸਨ। ਪਰ ਇਹ ਪ੍ਰਕਿਰਿਆ ਸੀਮਤ ਸੀ। ਲਿੱਪੀ ਵਿਕਾਸ ਵਿਚ ਚਿੱਤਰ ਲਿੱਪੀ ਹੋਂਦ ਵਿਚ ਆਈ। ਜਿਸ ਦਾ ਸੰਕੇਤ ਸ਼ਿਲਾਲੇਖਾਂ ਵਿਚ ਮਿਲਦਾ ਹੈ। ਖੁਸ਼ੀ ਗਮੀ ਦੇ ਪ੍ਰਭਾਵ ਪ੍ਰਗਟ ਕਰਨ ਲਈ ਸੁਨੇਹੇ ਭੇਜਣ ਲਈ ਚਿੱਤਰ ਨੀਯਤ ਕੀਤੇ ਗਏ। ਜਿਸ ਤੋਂ ਸੁਨੇਹਾ ਬਣਦਾ ਸੀ। ਜੋ ਆਵਾਜ ਪ੍ਰਤੀਨਿਧ ਦੀ ਥਾਂ ਭਾਵ ਲਿੱਪੀ ਪ੍ਰਤੀਨਿਧ ਸੀ। ਇਸ ਵਿਚ ਕਈ ਘਾਟਾਂ ਸਨ ਕਿ ਇਕ ਚਿੱਤਰ ਦੇ ਮਰਜ਼ੀ ਅਨੁਸਾਰ ਕਈ ਭਾਵ ਕੱਢੇ ਜਾਂਦੇ। ਚਿੱਤਰ ਨੂੰ ਸੰਖੇਪ ਕਰਕੇ ਅੱਖਰ ਬਣਾ ਲਏ। ਇਸ ਨਾਲ ਧੁੰਨੀ ਲਿੱਪੀਆਂ ਆਈਆਂ। ਹਜ਼ਾਰਾਂ ਸਾਲਾਂ ਤੋਂ ਲਿੱਪੀਆਂ ਜਾਂ ਵਰਣਮਾਲਾ ਦਾ ਵਿਕਾਸ ਹੋਇਆ। ਜਿਸ ਤੋਂ ਲਿੱਪੀਆਂ ਵਿਕਸਿਤ ਹੋਈਆਂ। ਸਥਾਨਕ ਲੋੜ ਨੇ ਬੋਲੀਆਂ ਲਿਖਣ ਦਾ ਢੰਗ ਲਿਆਂਦਾ। ਵਪਾਰ ਦਾ ਹਿਸਾਬ ਚਲਾਉਣ ਲਈ ਗਿਣਤੀ ਦੇ ਹਿੰਦਸੇ ਜਾਂ ਅੰਕ ਦੀ ਜਾਣਕਾਰੀ ਅਤੇ ਲਿੱਪੀ ਦੇ ਹੁਨਰ ਤੋਂ ਭਾਰਤ ਲੋਕ ਜਾਣੂ ਹੋਏ।

ਭਾਰਤ ਵਿਚ ਵਰਤੀਆਂ ਜਾਣ ਵਾਲੀਆਂ ਬੋਲੀਆਂ ਹਨ-ਬੰਗਲਾ, ਉੜੀਸਾ, ਕੈਥੀ (ਬਿਹਾਰੀ), ਦੇਵਨਗਰੀ, ਗੁਰਮੁਖੀ, ਮੋੜੀ, ਗੁਜਰਾਤੀ, ਤੇਲਗੂ, ਮਲਿਆਲਮ, ਤੁਲੂ, ਕਨੜੀ, ਗ੍ਰੰਥ ਲਿੱਪੀ, ਉਰਦੂ ਆਦਿ।

ਪੰਜਾਬ ਦੀਆਂ ਪ੍ਰਸਿੱਧ ਲਿੱਪੀਆਂ 1. ਸ਼ਾਰਦਾ, ਦਸਵੀਂ ਸਦੀ ਵਿਚ ਕੁਟਿਲ ਲਿੱਪੀ ਦਾ ਪਸਾਰਾ ਕਸ਼ਮੀਰ ਅਤੇ ਪੰਜਾਬ ਵਿਚ ਰਿਹਾ। ਜਿਸ ਤੋਂ ਸ਼ਾਰਦਾ ਲਿੱਪੀ ਆਈ। ਕਸ਼ਮੀਰ ਦੇ ਵਿਦਵਾਨ ਸਰਸਵਤੀ ਨਦੀ ਦੇ ਕੰਢੇ ਵਸਣ ਵਾਲੇ ਸਨ, ਵਲੋਂ ਵਰਤੀ ਜਾਣ ਵਾਲੀ ਲਿੱਪੀ ਦਾ ਨਾਂ 'ਸ਼ਾਰਦਾ' ਪੈ ਗਿਆ। ਸਰਸਵਤੀ ਨਦੀ ਤੋਂ ਪਰਯਾਗ ਤੱਕ ਗੰਗਾ ਯਮਨਾ ਵਾਦੀ 'ਬ੍ਰਹਿਮਾਵਰਤ' ਕਹਾਉਂਦੀ ਸੀ। ਇਥੋਂ ਦੀ ਬੋਲੀ ਬ੍ਰਹਮੀ ਸੀ। ਪੰਜਾਬ ਦੀਆਂ ਲਿੱਪੀਆਂ ਵੀ ਮੂਲ ਸੋਮੇ ਬ੍ਰਹਮੀ ਨਾਲ ਨੇੜਤਾ ਰੱਖਦੀ ਹਨ। ਦਸਵੀਂ ਸਦੀ ਵਿਚ ਪੰਜਾਬ ਦੇ ਲੋਕ ਕਸ਼ਮੀਰ ਜਾ ਵਸੇ ਤਾਂ ਉਨਾਂ ਦੇ ਨਾਲ ਉਨਾਂ ਦੀ ਬੋਲੀ ਸ਼ਾਰਦਾ ਹੀ ਸੀ। ਜਿਸ ਦਾ ਨਵਾਂ ਰੂਪ ਦੇਵਨਗਰੀ ਹੋ ਗਿਆ।

2. ਟਾਕਰੀ : ਪੰਜਾਬ ਦੇ ਉੱਤਰ ਵੱਲ ਦੇ ਪਹਾੜੀ ਇਲਾਕੇ ਵਿਚ ਪ੍ਰਚਲਤ ਹੈ। ਜਿਵੇਂ ਜੰਮੂ ਵਿਚ ਡੋਗਰੀ, ਚੰਬੇ ਵਿਚ ਚੰਬਿਆਲੀ। ਪੰਜਾਬ ਦੇ ਟੱਕ ਜਾਤੀ ਦੇ ਹਿੱਸੇ ਨੂੰ ਟੱਕ ਕਿਹਾ ਜਾਂਦਾ ਸੀ। ਇਹ ਟੱਕ ਦੇਸ਼ ਵਿਚ ਵਰਤੀ ਜਾਂਦੀ ਲਿੱਪੀ ਟਾਕਰੀ ਹੈ।

3. ਲੰਡੇ : ਲੰਡੇ ਜਾਂ ਮਹਾਜਨੀ ਪੰਜਾਬ ਦੇ ਵਪਾਰੀਆਂ ਨੇ ਲੰਡੇ ਅੱਖਰ ਅਪਣਾਏ। ਵਪਾਰਕ ਵਹੀ ਖਾਤਿਆਂ ਵਿਚ ਮਹਾਜਨਾਂ ਜਾਂ ਸਰਾਫਾਂ ਵਲੋਂ ਲੰਡੇ ਬੋਲੀ ਵਰਤੀ ਜਾਂਦੀ ਸੀ। ਅੱਗੇ ਇਸ ਦੀਆਂ ਕਈ ਲਿੱਪੀਆਂ ਬਣੀਆਂ।

4. ਗੁਰਮੁਖੀ : ਵਿਦਵਾਨ ਐਲਬਡਨੀ ਅਨੁਸਾਰ ਭਾਰਤੀ ਲਿੱਪੀਆਂ ਵਿਚ ਇਕ ਅਰਧਨਾਗਰੀ ਲਿੱਪੀ ਹੈ। ਇਹ ਸਿਧ-ਮਾਤ੍ਰਿਕਾ ਅਤੇ ਮਾਲਵਾ (ਉਜੈਨ) ਦੀ ਨਾਗਰ ਲਿੱਪੀ ਦੇ ਮੇਲ ਤੋਂ ਬਣੀ ਹੈ। ਇਹ ਭਾਟੀ ਦੇਸ਼ ਅਤੇ ਸਿੰਧ ਵਿਚ ਵਰਤੀ ਜਾਂਦੀ ਹੈ। ਭੱਟੀ ਰਾਜਪੂਤਾਂ ਦੀ ਵਸੋਂ ਦਾ ਬਠਿੰਡੇ ਵੱਲ ਦਾ ਇਲਾਕਾ ਭਾਟੀ ਦੇਸ਼ ਜਾਂ ਭਟਿਆਣਾ ਕਿਹਾ ਜਾਂਦਾ ਸੀ। ਪੁਰਾਣੀ ਲਿੱਪੀ ਭਟਿਆਣੀ ਜੋ ਪੰਜਾਬੀ ਦੀ ਉਪਭਾਸ਼ਾ ਸੀ, ਇਸ ਇਲਾਕੇ ਵਿਚ ਅਰਧਨਾਗਰੀ ਵੀ ਵਰਤੀ ਜਾਂਦੀ ਸੀ। ਜਿਸ ਨੂੰ ਭੱਟਾਖਰੀ ਵੀ ਕਿਹਾ ਜਾਂਦਾ ਸੀ। ਦਸਵੀਂ ਸਦੀ ਵਿਚ ਬਠਿੰਡਾ ਇਕ ਵੱਡਾ ਰਾਜ ਸੀ। ਪੰਡਿਤ ਗੌਰੀ ਸ਼ੰਕਰ ਓਝਾ ਅਨੁਸਾਰ ਪੰਜਾਬ ਵਿਚ ਮਿਲਦੀ ਇਕ ਹੋਰ ਪੁਰਾਣੀ ਬੋਲੀ ਜੋ ਨਾਗਰੀ ਨਾਲ ਮਿਲਦੀ ਹੈ ਅਤੇ ਸੰਸਕ੍ਰਿਤ ਦੀਆਂ ਪੁਸਤਕਾਂ ਵਿਚ ਮਿਲਦੀ ਹੈ, ਤੋਂ 'ਗੁਰਮੁਖੀ ਲਿੱਪੀ' ਦਾ ਵਿਕਾਸ ਹੋਇਆ। ਏ.ਪੀ. ਨਿਉਟੇਨ ਅਨੁਸਾਰ ਪੰਜਾਬ ਦੇ ਕਈ ਅੱਖਰ ਸਿਲਾਲੇਖਾਂ ਵਿਚ ਹਨ। ਤੀਸਰੀ, ਪੰਜਵੀਂ ਅਤੇ ਦਸਵੀਂ ਸਦੀ ਵਿਚ ਉਪਲਬਧ ਲਿੱਪੀ ਤੋਂ ਵਿਕਸਤ ਹੁੰਦੀ ਮੌਜੂਦਾ ਅੱਖਰ ਰੂਪ ਦਾ ਪ੍ਰਕਾਸ਼ ਅਤੇ ਵਿਕਾਸ ਹੋਇਆ।

ਹਰ ਬੋਲੀ ਬੋਲਣ ਵਾਲੇ ਇਲਾਕਿਆਂ ਨਾਲ ਸਬੰਧ ਰੱਖਦੇ ਬੋਲਦਿਆਂ ਦੇ ਨਾਂ ਰੱਖੇ ਗਏ। ਮੁਗਲਾਂ ਦੇ ਵਧਦੇ ਜੁਲਮਾਂ ਹੇਠ ਪੰਜਾਬੀ ਲਿੱਪੀ ਵੀ ਦਬੀ ਗਈ। ਮਨੁੱਖਤਾ ਵਿਚ ਸਵੈਮਾਣ ਜਗਾਉਣ ਲਈ ਸਿੱਖ ਗੁਰੂਆਂ ਨੇ ਲਿੱਪੀ ਵਿਚ ਆਈ ਖੜੋਤ ਨੂੰ ਮੁੜ ਸੁਰਜੀਤ ਕੀਤਾ। ਗੁਰੂ ਦੀ ਆਗਿਆ ਮੰਨਣ ਵਾਲੇ ਨੂੰ ਗੁਰਸਿੱਖ ਕਿਹਾ ਜਾਂਦਾ ਹੈ। ਭਾਵ ਭਲਾ ਪੁਰਸ਼! ਗੁਰਮੁੱਖਾਂ ਵਲੋਂ ਪ੍ਰਚਾਰ ਵਾਸਤੇ ਵਰਤੀ ਜਾਂਦੀ ਬੋਲੀ ਦਾ ਨਾਉਂ 'ਗੁਰਮੁਖੀ' ਮਸ਼ਹੂਰ ਹੋਇਆ। ਸਿੱਧੀ ਸਾਦੀ ਸਰਲ ਸੁਚੱਜੀ ਮਿੱਠੀ ਬੋਲੀ ਭਗਤ, ਗੁਰੂਆਂ ਅਤੇ ਸਿੱਖਾਂ ਵਲੋਂ ਵੀ ਇਹ ਲਿੱਪੀ ਵਰਤੀ ਗਈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੋ ਕੇ ਅਮੀਰ ਬਣੀ।

ਗੁਰਮੁਖੀ ਲਿੱਪੀ ਵਿਚ ਗੁਰਬਾਣੀ ਉਪਦੇਸ਼ਾਂ ਦਾ ਹਵਾਲਾ ਹੈ ਕਿ ਅਕਾਲ ਪੁਰਖ ਸੱਚਾ ਥਿਰ ਰਹਿਣ ਵਾਲਾ ਹੈ। ਉਸ ਦਾ ਨਿਯਮ ਭੀ ਸਦਾ ਅਟੱਲ ਹੈ। ਉਸ ਦੀ ਬੋਲੀ ਪ੍ਰੇਮ ਹੈ। ਉਹ ਆਪ ਅਕਾਲ ਪੁਰਖ ਬੇਅੰਤ ਹੈ। ਅਸੀਂ ਜੀਵ ਉਸ ਪਾਸੋਂ ਦਾਤਾਂ ਮੰਗਦੇ ਹਾਂ। ਆਖਦੇ ਹਾਂ ਹੇ ਹਰੀ, ਸਾਨੂੰ ਦਾਤਾਂ ਦੇ। ਉਹ ਦਾਤਾਰ ਬਖਸ਼ਿਸ਼ ਕਰਦਾ ਹੈ। ਉਸ ਦੀ ਬੋਲੀ ਪ੍ਰੇਮ ਹੈ। ਪ੍ਰੇਮ ਹੀ ਵਸੀਲਾ ਹੈ, ਜਿਸ ਰਾਹੀਂ ਉਹ ਸਾਡੇ ਨਾਲ ਗੱਲਾਂ ਕਰਦਾ ਹੈ। ਅਸੀਂ ਉਸ ਨਾਲ ਗੱਲ ਕਰ ਸਕਦੇ ਹਾਂ। ਅੰਗ-2

ਉਸ ਮਨੁੱਖ ਦੀ ਉੱਚੀ ਆਤਮਿਕ ਅਵਸਥਾ ਦੱਸੀ ਨਹੀਂ ਜਾ ਸਕਦੀ। ਜਿਸ ਨੇ ਅਕਾਲ ਪੁਰਖ ਦੇ ਨਾਮ ਨੂੰ ਮੰਨ ਲਿਆ ਹੈ। ਭਾਵ ਜਿਸ ਦੀ ਲਗਨ ਨਾਮ ਨਾਲ ਲੱਗ ਗਈ ਹੈ। ਜੇਕਰ ਕੋਈ ਮਨੁੱਖ ਬਿਆਨ ਕਰੇ ਵੀ ਉਹ ਪਿਛੋਂ ਪਛਤਾਉਂਦਾ ਹੈ ਕਿ ਮੈਂ ਹੋਛਾ ਯਤਨ ਕੀਤਾ ਹੈ। ਮਨੁੱਖ ਰਲ ਕੇ ਨਾਮ ਨਾਲ ਪਤੀਜੇ ਹੋਏ ਦੀ ਆਤਮਿਕ ਅਵਸਥਾ ਦਾ ਅੰਦਾਜ਼ਾ ਲਾਉਂਦੇ ਹਨ। ਪਰ ਕਾਗਜ਼ 'ਤੇ ਕਲਮ ਨਾਲ ਕੋਈ ਮਨੁੱਖ ਲਿਖਣ ਦੇ ਸਮਰੱਥ ਨਹੀਂ। ਅਕਾਲ ਪੁਰਖ ਦਾ ਨਾਉਂ ਬਹੁਤ ਉੱਚਾ ਹੈ ਤੇ ਮਾਇਆ ਦੇ ਪ੍ਰਭਾਵ ਤੋਂ ਪਰੇ ਹੈ। ਇਸ ਵਿਚ ਜੁੜਨ ਵਾਲਾ ਭੀ ਉੱਚੀ ਆਤਮਿਕ ਅਵਸਥਾ ਵਾਲਾ ਹੋ ਜਾਂਦਾ ਹੈ। ਪਰ ਇਹ ਗੱਲ ਤਾਂ ਸਮਝ ਵਿਚ ਆਉਂਦੀ ਹੈ ਜੇ ਕੋਈ ਮਨੁੱਖ ਆਪਣੇ ਅੰਦਰ ਲਗਨ ਲਾ ਕੇ ਵੇਖੇ।

ਭਾਵ ਪ੍ਰਭੂ ਮਾਇਆ ਦੇ ਪ੍ਰਭਾਵ ਤੋਂ ਬੇਅੰਤ ਉੱਚਾ ਹੈ। ਉਸ ਦੇ ਨਾਮ ਵਿਚ ਸੂਰਤ ਜੋੜ ਕੇ ਜਿਸ ਮਨੁੱਖ ਦੇ ਮਨ ਵਿਚ ਉਸ ਦੀ ਲਗਨ ਲੱਗ ਜਾਂਦੀ ਹੈ, ਉਸ ਦੀ ਭੀ ਆਤਮਾ ਮਾਇਆ ਦੀ ਮਾਰ ਤੋਂ ਉਤਾਂਹ ਹੋ ਜਾਂਦੀ ਹੈ। ਜਿਸ ਮਨੁੱਖ ਦੀ ਪ੍ਰਭੂ ਨਾਲ ਲਗਨ ਲੱਗ ਜਾਵੇ, ਉਸ ਦੀ ਆਤਮਿਕ ਉੱਚਤਾ ਨਾ ਕੋਈ ਬਿਆਨ ਕਰ ਸਕਦਾ ਹੈ ਅਤੇ ਨਾ ਹੀ ਕੋਈ ਲਿਖ ਸਕਦਾ ਹੈ। ਅੰਗ-3

ਸ੍ਰਿਸ਼ਟੀ ਵਿਚ ਕਈ ਜਾਤਾਂ ਦੇ ਕਈ ਕਿਸਮ ਦੇ ਅਤੇ ਕਈ ਨਾਵਾਂ ਦੇ ਜੀਵ ਹਨ। ਇਨਾਂ ਸਭਨਾਂ ਨੇ ਇਕ ਤਾਰ ਚਲਦੀ ਕਲਮ ਨਾਲ ਅਕਾਲ ਪੁਰਖ ਦੀ ਕੁਦਰਤ ਦਾ ਲੇਖਾ ਲਿਖਿਆ ਹੈ। ਪਰ ਕੋਈ ਵਿਰਲਾ ਮਨੁੱਖ ਇਹ ਲੇਖਾ ਲਿਖਣਾ ਜਾਣਦਾ ਹੈ। ਭਾਵ ਪ੍ਰਮਾਤਮਾ ਦੀ ਕੁਦਰਤ ਦਾ ਕੋਈ ਅੰਤ ਕੋਈ ਭੀ ਜੀਵ ਪਾ ਨਹੀਂ ਸਕਦਾ। ਜੇ ਲੇਖਾ ਲਿਖਿਆ ਭੀ ਜਾਏ ਤਾਂ ਇਹ ਅੰਦਾਜ਼ਾ ਨਹੀਂ ਲੱਗ ਸਕਦਾ ਕਿ ਲੇਖਾ ਕੇਡਾ ਵੱਡਾ ਹੋ ਜਾਵੇ। ਅਕਾਲ ਪੁਰਖ ਦਾ ਬੇਅੰਤ ਬਲ ਹੈ। ਬੇਅੰਤ ਸੁੰਦਰ ਰੂਪ ਹੈ। ਬੇਅੰਤ ਉਸ ਦੀ ਦਾਤ ਹੈ। ਇਸ ਦਾ ਕੌਣ ਅੰਦਾਜਾ ਲਾ ਸਕਦਾ ਹੈ? ਅਕਾਲ ਪੁਰਖ ਨੇ ਆਪਣੇ ਹੁਕਮ ਨਾਲ ਸੰਸਾਰ ਬਣਾ ਦਿੱਤਾ ਹੈ। ਉਸ ਹੁਕਮ ਨਾਲ ਹੀ ਜਿੰਦਗੀ ਦੇ ਲੱਖਾਂ ਦਰਿਆ ਬਣ ਗਏ। ਅੰਗ-3

ਭਾਵੇਂ ਅਕਾਲ ਪੁਰਖ ਦੀ ਕੁਦਰਤ ਦਾ ਲੇਖਾ ਲਫ਼ਜ ਅਸੰਖ ਤਾਂ ਕਿਸੇ ਰਿਹਾ ਹੈ। ਕੋਈ ਭੀ ਸ਼ਬਦ ਕਾਫ਼ੀ ਨਹੀਂ ਹੈ। ਪਰ ਅਕਾਲ ਪੁਰਖ ਦਾ ਨਾਮ ਭੀ ਅੱਖਰਾਂ ਦੇ ਰਾਹੀਂ ਹੀ ਲਿਆ ਜਾ ਸਕਦਾ ਹੈ। ਉਸ ਦੀ ਸਿਫ਼ਤ ਸਾਲਾਹ ਭੀ ਅੱਖਰਾਂ ਦੇ ਰਾਹੀਂ ਹੀ ਕੀਤੀ ਜਾ ਸਕਦੀ ਹੈ। ਅਕਾਲ ਪੁਰਖ ਦਾ ਗਿਆਨ ਭੀ ਅੱਖਰਾਂ ਦੇ ਰਾਹੀਂ ਹੀ ਵਿਚਾਰਿਆ ਜਾ ਸਕਦਾ ਹੈ। ਅੱਖਰਾਂ ਦੇ ਰਾਹੀਂ ਹੀ ਉਸ ਦੇ ਗੀਤ ਅਤੇ ਗੁਣਾਂ ਤੋਂ ਵਾਕਫ਼ ਹੋ ਸਕਦੇ ਹਾਂ। ਬੋਲੀ ਦਾ ਲਿਖਣਾ ਅਤੇ ਬੋਲਣਾ ਵੀ ਅੱਖਰਾਂ ਦੇ ਰਾਹੀਂ ਹੀ ਦੱਸਿਆ ਜਾ ਸਕਦਾ ਹੈ। ਇਸ ਕਰਕੇ ਸ਼ਬਦ ਅਸੰਖ ਵਰਤਿਆ ਗਿਆ ਹੈ। ਉਂਝ ਜਿਸ ਅਕਾਲ ਪੁਰਖ ਨੇ ਜੀਵਾਂ ਦੇ ਸੰਯੋਗ ਦੇ ਇਹ ਅੱਖਰ ਲਿਖੇ ਹਨ, ਉਸ ਦੇ ਸਿਰ 'ਤੇ ਕੋਈ ਲੇਖ ਨਹੀਂ ਹੈ। ਭਾਵ ਕੋਈ ਮਨੁੱਖ ਉਸ ਅਕਾਲ ਪੁਰਖ ਦਾ ਲੇਖਾ ਨਹੀਂ ਕਰ ਸਕਦਾ। ਜਿਸ ਜਿਸ ਤਰਾਂ ਤਰਾਂ ਉਹ ਅਕਾਲ ਪੁਰਖ ਹੁਕਮ ਕਰਦਾ ਹੈ, ਉਸੇ ਤਰਾਂ ਜੀਵ ਆਪਣੇ ਸੰਯੋਗ ਭੋਗਦੇ ਹਨ। ਅੰਗ-4

ਇਸ ਤਰਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਗਿਆਨ, ਮਨੁੱਖ ਨੂੰ ਆਪਣੀ ਲਿੱਪੀ ਆਪਣੀ ਮਾਂ ਬੋਲੀ ਤੋਂ ਹੀ ਪ੍ਰਾਪਤ ਹੁੰਦਾ ਹੈ। ਸਮਾਜ ਵਿਚ ਲਿੱਪੀ ਅਤੇ ਮਾਂ ਬੋਲੀ ਦਾ ਨਿਵੇਕਲਾ ਮਹੱਤਵ ਹੈ ਜੋ ਮੁਢਲੇ ਸੰਚਾਰ ਦਾ ਸਾਧਨ ਹੈ। ਮਾਂ ਬੋਲੀ ਵਿਚ ਕਈ ਗੱਲ ਵਧੇਰੇ ਅਸਰ ਕਰਦੀ ਹੈ। ਮਾਂ ਬੋਲੀ ਦਾ ਤਾਣਾ ਪ੍ਰੰਪਰਾ, ਇਤਿਹਾਸ ਅਤੇ ਵਿਰਾਸਤ ਨਾਲ ਬੁਣਿਆ ਹੁੰਦਾ ਹੈ। ਮਾਂ ਬੋਲੀ ਤੋਂ ਟੁੱਟਿਆ ਇਨਸਾਨ ਵਿਰਾਸਤ ਦੇ ਤਾਣੇ ਤੋਂ ਟੁੱਟ ਜਾਂਦਾ ਹੈ। ਆਪਣੀ ਹੋਂਦ ਗੁਆ ਬੈਠਦਾ ਹੈ। ਆਪਣੀ ਅਮੀਰ ਮਾਣਮੱਤੀ ਵਿਰਾਸਤ ਤੋਂ ਵਾਂਝਾ ਰਹਿ ਜਾਂਦਾ ਹੈ। ਮਾਂ ਬੋਲੀ ਦੇ ਮਾਧਿਅਮ ਵਿਚ ਪ੍ਰਾਪਤ ਸਿੱਖਿਆ ਬੇਹਤਰ ਹੁੰਦੀ ਹੈ ਅਤੇ ਦੂਸਰੀਆਂ ਭਾਸ਼ਾਵਾਂ ਸਿੱਖਣ ਵਿਚ ਵੀ ਅਸਾਨੀ ਹੁੰਦੀ ਹੈ।

ਹਰ ਸਾਲ 21 ਫਰਵਰੀ ਨੂੰ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਅੰਤਰਰਾਸ਼ਟਰੀ ਪੱਧਰ ਤੇ ਮਨਾਇਆ ਜਾਂਦਾ ਹੈ। ਜਿਸ ਦਾ ਮਨੋਰਥ ਹੈ ਕਿ ਲੋਕਾਂ ਵਿਚ ਆਪਣੀ ਮਾਂ ਬੋਲੀ ਸਿੱਖਣ ਦਾ ਉਤਸ਼ਾਹ ਪੈਦਾ ਕਰਕੇ, ਆਪਣੀ ਲਿੱਪੀ ਪ੍ਰਤੀ ਜਾਗ੍ਰਿਤਾ ਲਿਆ ਕੇ ਲਿੱਪੀ ਦਾ ਪ੍ਰਚਾਰ, ਪਾਸਾਰ ਕਰਨਾ। ਸੰਯੁਕਤ ਰਾਸ਼ਟਰ ਦੀ ਸੰਸਥਾ ਯੂਨੈਸਕੋ ਵਲੋਂ 17 ਨਵੰਬਰ, 1999 ਨੂੰ ਇਹ ਦਿਹਾੜਾ ਮਨਾਉਣ ਦਾ ਫੈਸਲਾ ਕੀਤਾ ਗਿਆ। ਯੂ.ਐਨ. ਦੀ ਜਨਰਲ ਅਸੈਂਬਲੀ ਨੇ ਸਾਲ 2000 ਨੂੰ ਭਾਸ਼ਾਵਾਂ ਦਾ ਅੰਤਰਰਾਸ਼ਟਰੀ ਸਾਲ ਕਰਾਰ ਦਿੱਤਾ ਹੈ। ਇਸ ਦੀ ਅਹਿਮੀਅਤ ਇਹ ਹੈ ਕਿ ਭਾਸ਼ਾਈ ਅਤੇ ਸੱਭਿਆਚਾਰਕ ਵੰਨ-ਸੁਵੰਨਤਾ ਨੂੰ ਬਰਕਰਾਰ ਰੱਖਣਾ ਹੈ।

ਇਹ ਦਿਹਾੜਾ ਫਰਵਰੀ 2000 ਤੋਂ ਬਾਅਦ ਹਰ ਸਾਲ ਮਨਾਇਆ ਜਾਂਦਾ ਹੈ। ਇਹ ਦਿਨ 21 ਫਰਵਰੀ 1952 ਦੀ ਪ੍ਰਤੀਨਿਧਤਾ ਕਰਦਾ ਹੈ ਜਦੋਂ ਢਾਕਾ ਯੂਨੀਵਰਸਿਟੀ, ਜਗਨਨਾਥ ਯੂਨੀਵਰਸਿਟੀ, ਢਾਕਾ ਮੈਡੀਕਲ ਕਾਲਜ ਆਦਿ ਦੇ ਵਿਦਿਆਰਥੀ ਉਸ ਸਮੇਂ ਦੇ ਪਾਕਿਸਤਾਨ ਵਿਚ ਉਰਦੂ ਤੋਂ ਬਿਨਾਂ ਬੰਗਾਲੀ ਨੂੰ ਵੀ ਇਕ ਰਾਸ਼ਟਰੀ ਭਾਸ਼ਾ ਵਜੋਂ ਮਾਨਤਾ ਦਿਵਾਉਣ ਲਈ ਮੁਜ਼ਾਹਰਾ ਕਰ ਰਹੇ ਸਨ ਅਤੇ ਪੁਲਿਸ ਦੁਆਰਾ ਗੋਲੀਆਂ ਚਲਾ ਕੇ ਢਾਕਾ (ਬੰਗਲਾਦੇਸ਼) ਵਿਖੇ ਮਾਰ ਦਿੱਤਾ ਗਿਆ ਸੀ। ਵੱਖ ਵੱਖ ਭਾਸ਼ਾਵਾਂ ਤੇ ਸੰਨ 2000 ਤੋਂ ਪ੍ਰਚਾ-ਪਾਠ ਵੱਖ ਵੱਖ ਵਿਸ਼ਿਆਂ ਤੇ ਪੜੇ ਜਾਂਦੇ ਹਨ। ਸੰਨ 2022 ਦਾ ਵਿਸ਼ਾ ਰਿਹਾ-'ਬਹੁ-ਭਾਸ਼ਾਈ ਸਿੱਖਿਆ ਲਈ ਤਕਨਾਲੋਜੀ ਦੀ ਵਰਤੋਂ-ਚੁਣੌਤੀਆਂ ਅਤੇ ਮੌਕੇ।'

ਮਾਂ ਬੋਲੀ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਵਿਦਵਾਨਾਂ ਦੇ ਵਿਚਾਰ ਹਨ ਕਿ ਅਫ਼ਰੀਕੀ ਲੋਕ ਨਾਇਕ ਨੈਲਸਨ ਮੰਡੇਲਾ ਨੇ ਕਿਹਾ ਕਿ ਜੇਕਰ ਤੁਸੀਂ ਕਿਸੇ ਇਨਸਾਨ ਨਾਲ ਉਸ ਭਾਸ਼ਾ ਵਿਚ ਗੱਲ ਕਰੋ ਜਿਹੜੀ ਉਸ ਨੇ ਸਿੱਖੀ ਹੋਵੇ ਤਾਂ ਗੱਲ ਉਸ ਦੇ ਦਿਮਾਗ ਤੱਕ ਪਹੁੰਚ ਜਾਂਦੀ ਹੈ। ਜੇਕਰ ਤੁਸੀਂ ਉਸ ਦੀ ਆਪਣੀ ਭਾਸ਼ਾ ਵਿਚ ਗੱਲ ਕਰੋ ਤਾਂ ਗੱਲ ਉਸ ਦੇ ਦਿਲ ਵਿਚ ਉਤਰ ਜਾਂਦੀ ਹੈ। ਆਪਣੀ ਮਾਂ ਬੋਲੀ ਵਿਚ ਅਸੀਂ ਭਾਵਨਾਵਾਂ ਨੂੰ ਸਮਝਦੇ ਅਤੇ ਮਾਣਦੇ ਹਾਂ। ਇਕ ਹੋਰ ਅਫ਼ਰੀਕੀ ਵਿਦਵਾਨ ਨਿਗੂਗੀ ਥਿਓਗ ਦਾ ਕਹਿਣਾ ਹੈ ਕਿ ਜੇਕਰ ਤੁਸੀਂ ਲੋਕਾਂ ਦੀ ਜੁਬਾਨ ਖਤਮ ਕਰ ਦੇਵੋ ਤਾਂ ਉਨਾਂ ਦੀ ਯਾਦਦਾਸ਼ਤ ਖਤਮ ਹੋ ਜਾਂਦੀ ਹੈ। ਇਸ ਤਰਾਂ ਦੇ ਬਿਨਾਂ ਯਾਦਦਾਸ਼ਤ ਦੇ ਲੋਕ ਪਤਵਾਰ-ਹੀਣ ਹੁੰਦੇ ਹਨ, ਬੇਲਗਾਮ ਹੁੰਦੇ ਹਨ। ਆਪਣੇ ਇਤਿਹਾਸ ਅਤੇ ਸੱਭਿਆਚਾਰ ਤੋਂ ਟੁੱਟ ਜਾਂਦੇ ਹਨ। ਰਾਬਿੰਦਰ ਨਾਥ ਟੈਗੋਰ ਬੰਗਾਲੀ ਕਵੀ ਅਤੇ ਲੇਖਕ ਨੇ ਬਲਰਾਜ ਸਾਹਨੀ ਨੂੰ ਮਾਂ ਬੋਲੀ ਵਿਚ ਲਿਖਣ ਦੀ ਦਲੀਲ ਦੇ ਕੇ ਕਿਹਾ ਕਿ ਤੁਸੀਂ ਪਰਾਈ ਭਾਸ਼ਾ ਵਿਚ ਭਾਵੇਂ ਜ਼ਿੰਦਗੀ ਭਰ ਲਿਖਦੇ ਰਹੋ ਪਰ ਨਾ ਤਾਂ ਤੁਹਾਡੇ ਆਪਣੇ ਲੋਕ ਤੁਹਾਨੂੰ ਆਪਣਾ ਸਮਝ ਸਕਣਗੇ, ਨਾ ਹੀ ਉਹ ਲੋਕ ਜਿਨਾਂ ਦੀ ਭਾਸ਼ਾ ਵਿਚ ਤੁਸੀਂ ਲਿਖ ਰਹੇ ਹੋ। ਦੂਜਿਆਂ ਦਾ ਬਣਨ ਤੋਂ ਪਹਿਲਾਂ ਆਪਣੇ ਲੋਕਾਂ ਦਾ ਬਣਨਾ ਚਾਹੀਦਾ ਹੈ।

ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਮੇਂ ਲੋਕਾਂ ਦਾ ਕਿਰਦਾਰ ਬਦਲ ਗਿਆ। ਮੁਸਲਮਾਨੀ ਰਾਜ ਦਾ ਸਮਾਂ ਹੈ, ਜਿਸ ਨੂੰ ਪਹਿਲਾਂ ਹੇਂਦਕੀ ਬੋਲੀ ਵਿਚ 'ਆਦਿ ਪੁਰਖ' ਆਖਿਆ ਜਾਂਦਾ ਸੀ। ਹੁਣ ਉਸ ਨੂੰ ਆਖਿਆ ਜਾ ਰਿਹਾ ਹੈ। ਹੁਣ ਇਹ ਰਿਵਾਜ ਚੱਲ ਪਿਆ ਹੈ ਕਿ ਹਿੰਦੂ ਜਿਨਾਂ ਮੰਦਰਾਂ ਵਿਚ ਦੇਵਤਿਆਂ ਦੀ ਪੂਜਾ ਕਰਦੇ ਹਨ ਉਨਾਂ ਦੇ ਮੰਦਰਾਂ 'ਤੇ ਟੈਕਸ ਲਗਾਇਆ ਜਾ ਰਿਹਾ ਹੈ। ਹੁਣ ਲੋਟਾ, ਬਾਗ ਨਿਮਾਜ਼, ਮੁੱਲਾ ਪ੍ਰਧਾਨ ਹਨ। ਪ੍ਰਮਾਤਮਾ ਦੀ ਬੰਦਗੀ ਕਰਨ ਵਾਲਿਆਂ ਨੇ ਨੀਲਾ ਬਾਣਾ ਪਹਿਨਿਆ ਹੋਇਆ ਹੈ। ਹੁਣ ਤੇਰੀ ਭਾਵ ਤੇਰੇ ਬੰਦਿਆਂ ਦੀ ਬੋਲੀ ਹੀ ਹੋਰ ਹੋ ਗਈ ਹੈ। ਹਰੇਕ ਘਰ ਵਿਚ ਸਭ ਜੀਵਾਂ ਦੇ ਮੂੰਹ ਵਿਚ ਲਫ਼ਜ ਪਿਤਾ ਦੀ ਥਾਂ ਲਫ਼ਜ ਮੀਆਂ ਪ੍ਰਧਾਨ ਹੈ। ਹੇ, ਪਾਤਿਸ਼ਾਹ ਜੇਕਰ ਤੂੰ ਮੀਰ ਬਾਬਰ ਨੂੰ ਧਰਤੀ ਦਾ ਰਾਜ ਬਣਾਉਣਾ ਚਾਹੁੰਦਾ ਹੈਂ ਤਾਂ ਸਾਡੀ ਜੀਵਾਂ ਦੀ ਕੀ ਤਾਕਤ ਹੈ। ਅੰਗ-90-91

ਆਪਣੇ ਆਪਣੇ ਹਿੰਦੂ ਧਰਮ ਦੇ ਰਾਖੇ ਸਮਝਣ ਵਾਲੇ ਖੱਤਰੀਆਂ ਨੇ ਆਪਣਾ ਧਰਮ ਛੱਡ ਦਿੱਤਾ ਹੈ। ਜਿਨਾਂ ਨੂੰ ਇਹ ਮੂੰਹੋਂ ਮਲੇਛ ਕਹਿ ਰਹੇ ਹਨ ਰੋਜ਼ੀ ਦੀ ਖਾਤਰ ਉਨਾਂ ਦੀ ਬੋਲੀ ਗ੍ਰਹਿਣ ਕਰ ਚੁੱਕੇ ਹਨ। ਇਨਾਂ ਦੇ ਧਰਮ ਦੀ ਮਰਯਾਦਾ ਮਰ ਚੁੱਕੀ ਹੈ। ਸਾਰੀ ਸ੍ਰਿਸਟੀ ਇਕੋ ਵਰਨ ਦੀ ਹੋ ਗਈ ਹੈ। ਇਕੋ ਅਧਰਮ ਹੀ ਪ੍ਰਧਾਨ ਹੋ ਗਿਆ ਹੈ। ਅੰਗ-662-663

ਇਥੋਂ ਤੱਕ ਕਿ ਵਿਦੇਸ਼ੀ ਹਾਕਮਾਂ ਨੂੰ ਖੁਸ਼ ਕਰਨ ਲਈ ਆਪਣੀ ਭਾਸ਼ਾ ਅਤੇ ਸੱਭਿਆਚਾਰ ਨੂੰ ਵਿਸਾਰ ਦਿੱਤਾ ਹੈ। ਪਹਿਰਾਵੇ, ਆਚਰਣ ਅਤੇ ਆਪਣੀ ਸਥਾਨਕ ਬੋਲੀ ਨਾਲ ਧ੍ਰੋਹ ਕੀਤਾ।

ਗੁਰੂ ਨਾਨਕ ਦੇਵ ਸਾਹਿਬ ਜੀ ਨੇ ਆਮ ਬੋਲੀ ਲੋਕ ਭਾਸ਼ਾ ਅਤੇ ਪੰਜਾਬੀ ਵਿਚ ਵਿਚਾਰ ਪ੍ਰਗਟ ਕੀਤੇ। ਬਾਣੀ ਦੀ ਰਚਨਾ ਗੁਰਮੁਖੀ ਲਿੱਪੀ ਵਿਚ ਕੀਤੀ। ਰਵਾਇਤੀ ਸ਼ਾਸਤਰੀ ਸੰਗੀਤ ਅਤੇ ਪ੍ਰਚੱਲਤ ਸੰਗੀਤ ਦੀ ਵਰਤੋਂ ਕੀਤੀ। ਭਾਈ ਮਰਦਾਨਾ ਜੀ ਦੀ ਰਬਾਬ ਬਾਣੀ ਗਾਇਨ ਵਿਚ ਮਹੱਤਵਪੂਰਨ ਹੈ। ਭਗਤੀ ਲਹਿਰ ਦੇ ਸਮਾਜ ਸੁਧਾਰਕਾਂ ਨੇ ਵੀ ਸੰਤ ਭਾਸ਼ਾ ਲੋਕ ਭਾਸ਼ਾ ਅਤੇ ਪੰਜਾਬੀ ਗੁਰਮੁਮਖੀ ਦੀ ਵਰਤੋਂ ਕੀਤੀ। ਉਪਰੰਤ ਸੂਫ਼ੀਆਂ ਨੇ ਵੀ ਪੰਜਾਬੀ ਗੁਰਮੁਖੀ ਨੂੰ ਤਰਜੀਹ ਦਿੱਤੀ। ਭਾਵੇਂ ਉਹ ਅਰਬੀ ਫਾਰਸੀ ਭਾਸ਼ਾ ਦੇ ਮਾਹਰ ਸਨ।

ਮਾਂ ਬੋਲੀ ਦਾ ਵਿਕਾਸ ਵੀ ਰਾਜਨੀਤਕ ਅਤੇ ਅਪਰਾਧਿਕ ਵਿਕਾਸ ਦੇ ਨਾਲ ਨਾਲ ਹੋਣਾ ਚਾਹੀਦਾ ਹੈ। ਅੱਜ ਲੋੜ ਹੈ ਕਿ ਆਪਣੀਆਂ ਸਮਾਜਿਕ ਰਵਾਇਤਾਂ, ਪੰਜਾਬ ਦੀ ਵਿਰਾਸਤ ਵਿਚ ਪਏ ਅਨਮੋਲ ਖਜਾਨੇ ਨੂੰ ਸਾਂਭਣ ਦੀ ਪ੍ਰੰਪਰਾ ਵਿਚ ਵਿਚ ਲੋਕ ਗੀਤ, ਲੋਕ ਸੰਗੀਤ, ਲੋਕ ਨਾਚ, ਖੇਡਾਂ, ਲੋਕ ਤਿਓਹਾਰ, ਮੇਲੇ, ਸੂਫ਼ੀ ਸਹਿਤ ਆਦਿ ਵਿਚ ਪੰਜਾਬੀਆਂ ਦੀ ਵੱਖਰੀ ਪਛਾਣ ਹੈ। ਯੂਨੈਸਕੋ ਨੇ ਆਪਣੀ ਇਕ ਰਿਪੋਰਟ ਦਿੱਤੀ ਹੈ ਕਿ ਆਉਣ ਵਾਲੇ ਸਮੇਂ ਵਿਚ ਕਈ ਭਾਸ਼ਾਵਾਂ ਦੀ ਹੋਂਦ ਲਈ ਖਤਰਾ ਪੈਦਾ ਹੋ ਸਕਦਾ ਹੈ। ਯੂਨੇਸਕੋ ਨੇ ਭਾਸ਼ਾ ਦੀ ਬੜੀ ਖੋਜ ਤੋਂ ਬਾਅਦ ਕਮੇਟੀਆਂ ਬਣਾਈਆਂ ਜੋ ਕਿਸੇ ਵੀ ਭਾਸ਼ਾ ਦੀਆ ਦਰਪੇਸ਼ ਚੁਣੌਤੀਆਂ, ਖਤਰਿਆਂ ਤੋਂ ਜਾਣੂ ਕਰਵਾਉਂਦੀਆਂ ਹਨ। ਅੱਜ ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰ ਨੂੰ ਬਚਾਉਣ ਲਈ ਸੰਜੀਦਾ ਯਤਨਾਂ ਦੀ ਲੋੜ ਹੈ। ਸਰਕਾਰੀ ਅਤੇ ਸੰਸਥਾਗਤ ਉਪਰਾਲਿਆਂ ਦੀ ਲੋੜ ਹੈ। ਕੁਝ ਅਜਿਹੇ ਯਤਨ ਹਨ ਜੋ ਮਾਂ ਬੋਲੀ ਵਿਚ ਉਤਸ਼ਾਹ ਵਧਾਉਂਦੇ ਹਨ। ਪਾਕਿਸਤਾਨ ਵਿਚ ਵੀ ਪੰਜਾਬੀ ਬੋਲੀ ਦਾ ਬੋਲਬਾਲਾ ਹੈ। ਸੰਸਾਰ ਦੇ ਬਹੁਤ ਸਾਰੇ ਮੁਲਕਾਂ ਵਿਚ ਪੰਜਾਬੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਪੰਜਾਬੀ ਜਿੱਥੇ ਵੀ ਜਾ ਵਸੇ ਆਪਣੇ ਸੱਭਿਆਚਾਰ ਨੂੰ ਵੀ ਨਾਲ ਲੈ ਗਏ ਹਨ। ਪੰਜਾਬੀ ਜਿੱਥੇ ਆਪਣਾ ਘਰ ਬਣਾਉਂਦਾ ਹੈ, ਉੱਥੇ ਹੀ ਗੁਰੂ ਦਾ ਘਰ ਵੀ ਜਰੂਰ ਬਣਾਉਂਦਾ ਹੈ। ਥਾਂ ਥਾਂ ਨਿਸ਼ਾਨ ਸਾਹਿਬ ਝੂਲਦੇ ਹਨ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਵੇਲੇ ਪੰਜਾਬੀ ਬੋਲੀ ਅਤੇ ਗੁਰਧਾਮਾਂ ਦਾ ਬਹੁਤ ਵਿਕਾਸ ਹੋਇਆ ਜੋ ਪੰਜਾਬੀ ਦੇ ਅਮੀਰ ਵਿਰਸੇ ਦਾ ਦਸਤਾਵੇਜ ਹੈ।

ਪੰਜਾਬੀ ਮਾਂ ਬੋਲੀ ਦਾ ਬੇਸ਼ਕੀਮਤੀ ਸਾਹਿਤ ਖਜਾਨਾ ਹੈ। ਜਿਸ ਵਿਚ ਵੱਖ ਵੱਖ ਵਿਸ਼ਿਆਂ ਦਾ ਸਾਹਿਤ ਸਾਂਭਿਆ ਪਿਆ ਹੈ।

ਬਾਕੀ ਸਫ਼ਾ 30 'ਤੇ

# ਅਮਰੀਕਨ ਇਤਿਹਾਸ ਦਾ ਕਾਲਾ ਪੰਨਾ ਸੀ 9/11 ਦਾ ਜਿਹਾਦੀ ਹਮਲਾ

**ਭੁਪਿੰਦਰ ਬੀਰ ਸਿੰਘ**

ਅੱਜ ਤੋਂ 21 ਸਾਲ ਪਹਿਲਾਂ ਅਮਰੀਕਾ ਵਿਚ ਅਗਵਾ ਹੋਏ ਚਾਰ ਹਵਾਈ ਜਹਾਜ਼ਾਂ ਨੇ ਵਿਸ਼ਵ ਵਪਾਰ ਕੇਂਦਰ ਅਤੇ ਪੈਂਟਾਗਨ ਨੂੰ ਨਿਸ਼ਾਨਾ ਬਣਾ ਕੇ ਇਕ ਵਾਰ ਦੁਨੀਆ ਨੂੰ ਦਹਿਲਾ ਦਿੱਤਾ ਸੀ। ਇਸ ਹਮਲੇ ਵਿਚ ਵਿਸ਼ਵ ਵਪਾਰ ਕੇਂਦਰ ਦੇ ਦੋਵੇਂ ਟਾਵਰ ਤਹਿਸ-ਨਹਿਸ ਹੋ ਗਏ ਸਨ। ਬਾਅਦ ਵਿਚ ਅਮਰੀਕਾ ਨੇ ਇਸ ਸਾਜ਼ਿਸ਼ ਦੇ ਰਚਣਹਾਰੇ ਓਸਾਮਾ-ਬਿਨ-ਲਾਦੇਨ ਨੂੰ ਪਾਕਿਸਤਾਨ 'ਚ ਮਾਰ ਮੁਕਾਇਆ ਸੀ। ਇਸ ਲੇਖ ਵਿਚ ਇਹ ਸਾਜ਼ਿਸ਼ ਘੜਨ, ਨੇਪਰੇ ਚਾੜ੍ਹਨ ਤੇ ਇਸ ਦੇ ਨਿਕਲੇ ਸਿੱਟਿਆਂ ਬਾਰੇ ਰੌਸ਼ਨੀ ਪਾਈ ਗਈ ਹੈ।

ਅੱਜ ਅਸੀਂ ਦੋ ਦਹਾਕੇ ਪਹਿਲਾਂ ਹੋਏ ਉਸ ਹਮਲੇ ਦੇ ਦੁਖਦਾਈ ਪਲਾਂ ਨੂੰ ਯਾਦ ਕਰਾਂਗੇ, ਜਿਨਾਂ ਨੂੰ ਯਾਦ ਕਰਕੇ ਸਾਡੇ ਦਿਲ ਦਹਿਸ਼ਤ ਨਾਲ ਭਰ ਜਾਣਗੇ ਕਿ ਕਿਵੇਂ ਦੁਨੀਆ ਦੀਆਂ ਮਹਾਂਸ਼ਕਤੀਆਂ ਦੀ ਸੂਚੀ ਵਿਚ ਉਪਰਲੇ ਸਥਾਨ 'ਤੇ ਮੰਨੇ ਜਾਣ ਵਾਲੇ ਅਮਰੀਕਾ ਜਿਹੇ ਦੇਸ਼ ਨੂੰ ਅੱਤਵਾਦ ਦੀ ਮਾਰ ਸਹਿਣੀ ਪਈ ਅਤੇ ਪਲਾਂ ਵਿਚ ਹੀ ਚਾਰ ਅਗਵਾ ਕੀਤੇ ਹਵਾਈ ਜਹਾਜ਼ਾਂ ਨੇ ਤਿੰਨ ਹਜ਼ਾਰ ਬੇਕਸੂਰ ਜ਼ਿੰਦਗੀਆਂ ਨੂੰ ਰਾਖ਼ ਬਣਾ ਦਿੱਤਾ ਸੀ। ਮੇਰੇ ਖਿਆਲ ਵਿਚ ਕਾਫ਼ੀ ਲੋਕ ਇਸ ਗੱਲ ਤੋਂ ਅਣਜਾਣ ਹੋਣਗੇ ਕਿ ਉਸ ਦਿਨ ਅਮਰੀਕਾ ਵਿਚ ਸਿਰਫ਼ ਇਕੋ ਸ਼ਹਿਰ ਨਿਊਯਾਰਕ 'ਤੇ ਹਮਲਾ ਹੋਇਆ ਸੀ, ਪਰ ਅਸਲ ਵਿਚ ਚਾਰ ਜਹਾਜ਼ਾਂ ਨੂੰ ਅਗਵਾ ਕੀਤਾ ਗਿਆ ਸੀ ਜਿਨਾਂ ਨੂੰ ਆਤਮਘਾਤੀ ਹਮਲਿਆਂ ਲਈ ਵਰਤਿਆ ਗਿਆ ਸੀ। ਅਮਰੀਕਾ 'ਤੇ ਹੋਏ ਇਨਾਂ ਹਵਾਈ ਹਮਲਿਆਂ ਨੇ ਅਮਰੀਕਾ ਦੇ ਅੱਤ ਉਚਤਮ ਸੁਰੱਖਿਆ ਪ੍ਰਬੰਧ, ਫ਼ੌਜ, ਪੁਲਿਸ, ਇੰਟੈਲੀਜੈਂਸ ਏਜੰਸੀਆਂ ਨੂੰ ਮੂਕ ਦਰਸ਼ਕ ਬਣਾ ਕੇ ਰੱਖ ਦਿੱਤਾ ਸੀ, ਜੋ ਕਿ ਇਕ ਹਮਲੇ ਤੋਂ ਬਾਅਦ ਦੇ ਤਿੰਨ ਸੰਭਾਵੀ ਹਮਲਿਆਂ ਨੂੰ ਰੋਕ ਨਾ ਸਕੇ। ਪਹਿਲ ਦੇ ਆਧਾਰ 'ਤੇ ਯੁੱਧ ਮਨਾਂ ਵਿਚ ਲੜੇ ਜਾਂਦੇ ਹਨ ਫਿਰ ਇਸ ਨੂੰ ਸਮੇਂ ਅਤੇ ਸਥਿਤੀਆਂ ਦੇ ਅਨੁਸਾਰ ਅਮਲੀ ਰੂਪ ਦਿੱਤਾ ਜਾਂਦਾ ਹੈ। ਇਸ ਅੱਤਵਾਦੀ ਹਮਲੇ ਵਿਚ ਵੀ ਯੋਜਨਾ ਕਿਸੇ ਇਕ ਜਣੇ ਜਾਂ ਕੋਈ ਇਕ ਦਿਨ ਪੁਰਾਣੀ ਨਹੀਂ ਸੀ। ਇਹ ਤਾਂ ਕਈ ਸਾਲ ਪੁਰਾਣੀ ਬੁਣੀ ਯੋਜਨਾ ਨੂੰ 19 ਵਿਅਕਤੀਆਂ ਨੇ ਅੰਜਾਮ ਦਿੱਤਾ ਸੀ। ਉਹ ਵੀ ਆਪਣੇ ਅਨੁਸਾਰ ਜਿਸ ਨੂੰ ਅਮਰੀਕਾ ਰੱਤੀ ਭਰ ਵੀ ਸ਼ੱਕ ਦੇ ਘੇਰੇ ਵਿਚ ਨਾ ਲਿਆ ਸਕਿਆ। ਅਮਰੀਕੀ ਸੂਤਰਾਂ ਅਤੇ ਘੋਖਾਂ ਦਾ ਕਹਿਣਾ ਸੀ ਕਿ ਅਮਰੀਕਾ ਦੇ ਮਹਿੰਗੇ ਅਤੇ ਉੱਚ ਤਕਨੀਕੀ ਸਿਸਟਮ ਇਨਾਂ 19 ਅਲਕਾਇਦਾ ਦੇ ਅੱਤਵਾਦੀਆਂ ਵਿਚੋਂ ਕੁਝ ਕੁ ਨੂੰ ਦੋ ਸਾਲ ਤੱਕ ਅਮਰੀਕਾ ਵਿਚ ਰਹਿੰਦੇ ਹੋਏ ਵੀ ਫੜ ਨਾ ਸਕੇ। ਇਸ ਵਿਚ ਏਜੰਸੀਆਂ ਜਾਂ ਸਰਕਾਰਾਂ ਦੇ ਤਾਲਮੇਲ ਦੀ ਕਮੀ ਜਾਂ ਹੋਰ ਬਰੀਕੀ ਕਾਰਨ ਕਹੇ ਜਾ ਸਕਦੇ ਹਨ। ਇਨਾਂ ਅੱਤਵਾਦੀਆਂ ਨੇ ਚਾਰ ਹਵਾਈ ਜਹਾਜ਼ਾਂ ਨੂੰ ਵੱਖੋ-ਵੱਖਰੇ ਹਵਾਈ ਅੱਡਿਆਂ ਤੋਂ ਦਾਖਲ ਹੋ ਕੇ ਮਿੱਥੇ ਸਮੇਂ 'ਤੇ ਬਿਨਾਂ ਕਿਸੇ ਮੁਸ਼ੱਕਤ ਦੇ ਅਗਵਾ ਭਾਵ ਹਾਈਜੈਕ ਕਰਕੇ ਆਪਣੇ ਕਬਜ਼ੇ ਵਿਚ ਲੈ ਲਿਆ ਸੀ ਅਤੇ ਇਨਾਂ ਨੂੰ ਆਪਣੀ ਤੈਅਸ਼ੁਦਾ ਮੰਜ਼ਿਲ ਤੋਂ ਪਰੇ ਕਰਕੇ ਆਪਣੇ ਹਮਲੇ ਵਾਲੇ ਸਥਾਨਾਂ 'ਤੇ ਲਿਆ ਕੇ ਹਮਲੇ ਨੂੰ ਅਮਲੀ ਰੂਪ ਦਿੱਤਾ ਸੀ। ਇਨਾਂ ਜਹਾਜ਼ਾਂ ਵਿਚ ਸ਼ਾਮਿਲ ਸੀ ਪਹਿਲਾ ਜਹਾਜ਼ ਫਲਾਈਟ 11, ਦੂਜਾ ਸੀ ਯੂਨਾਈਟਿਡ ਏਅਰਲਾਈਨਜ਼ ਦੀ ਫਲਾਈਟ 175 ਅਤੇ ਤੀਜਾ ਸੀ ਫਲਾਈਟ 77, ਚੌਥਾ ਸੀ ਫਲਾਈਟ 93, ਇਨਾਂ ਚਾਰ ਜਹਾਜ਼ਾਂ ਨੇ ਅਮਰੀਕਾ ਦਾ ਇਤਿਹਾਸ ਬਦਲ ਕੇ ਰੱਖ ਦਿੱਤਾ ਸੀ। ਗੱਲ ਹੈ ਦੋ ਦਹਾਕੇ ਪਹਿਲਾਂ ਦੀ 11 ਸਤੰਬਰ 2001 ਨੂੰ ਅਮਰੀਕਾ ਵਿਚ ਆਮ ਵਾਂਗ ਦਿਨ ਚੜ੍ਹਿਆ ਸੀ, ਪਰ ਕਿਸੇ ਨੂੰ ਵੀ ਇਹ ਖ਼ਬਰ ਨਹੀਂ ਸੀ ਕਿ ਕੁਝ ਘੰਟੇ ਬਾਅਦ ਹੀ ਦੁਨੀਆ ਦੀ ਸਭ ਤੋਂ ਵੱਡੀ ਤਾਕਤ ਬਣ ਬੈਠੇ ਅਮਰੀਕਾ 'ਤੇ ਪਲਾਂ ਵਿਚ ਹੀ ਵੱਖ-ਵੱਖ ਥਾਂਵਾਂ ਜਿਹਾਦੀ ਹਵਾਈ ਹਮਲੇ ਹੋ ਜਾਣਗੇ, ਜਿਸ ਨੂੰ ਰੋਕਣ ਵਿਚ ਅਮਰੀਕਾ ਦੀ ਇੰਟੈਲੀਜੈਂਸ ਜਾਂ ਪੁਲਿਸ ਤੇ ਹਵਾਈ ਫ਼ੌਜ ਨਾਕਾਮ ਰਹਿਣਗੇ। ਮਾਰੂ ਹਥਿਆਰਾਂ ਨਾਲ ਲੈਸ 19 ਅਲਕਾਇਦਾ ਦੇ ਅੱਤਵਾਦੀਆਂ ਨੇ ਅਮਰੀਕਾ ਦੇ ਇਤਿਹਾਸ ਵਿਚ ਇਕ ਪੰਨਾ ਕਾਲਾ ਕਰ ਦਿੱਤਾ ਸੀ। ਇਹ ਸਾਰੇ ਹੀ ਵਿਅਕਤੀ ਵਧੀਆ ਤਕਨੀਕਾਂ ਦੇ ਮਾਹਿਰ ਸਨ। ਹਵਾਈ ਜਹਾਜ਼ ਨੂੰ ਉਡਾਉਣ ਅਤੇ ਉਸਨੂੰ ਪੂਰਨ ਤੌਰ 'ਤੇ ਕੰਟਰੋਲ ਕਰਨ ਦਾ ਪੂਰਨ ਤਜਰਬਾ ਉਨਾਂ ਕੋਲ ਸੀ। ਇਨਾਂ ਦਾ ਨਿਸ਼ਾਨਾ ਅਮਰੀਕਾ ਦੀਆਂ ਕੁਝ ਉਹ ਖਾਸ ਇਮਾਰਤਾਂ ਸਨ ਜੋ ਅਮਰੀਕਾ ਦੇ ਸੁਪਰੀਮ ਹੋਣ ਦਾ ਲੋਹਾ ਮਨਵਾਉਂਦੀਆਂ ਸਨ। ਅਕਸਰ ਸਾਰੇ ਹੀ ਦੇਸ਼ਾਂ ਦੀਆਂ ਸੈਨਾਵਾਂ ਸਮੇਂ-ਸਮੇਂ 'ਤੇ ਕੁਝ ਅਭਿਆਸੀ ਹਮਲੇ ਅਤੇ ਟੈਸਟ ਕਰਦੀਆਂ ਰਹਿੰਦੀਆਂ ਹਨ। ਉਸ ਦਿਨ ਵੀ ਅਮਰੀਕਾ ਦੀ ਹਵਾਈ ਸੈਨਾ ਵਲੋਂ ਅਭਿਆਸੀ ਕਸਰਤਾਂ ਕੀਤੀਆਂ ਜਾਣੀਆਂ ਸਨ ਤਾਂ ਜੋ ਸੰਭਾਵਿਤ ਖ਼ਤਰਿਆਂ ਤੋਂ ਬਚਿਆ ਜਾ ਸਕੇ। 11 ਸਤੰਬਰ, 2001 ਨੂੰ 19 ਅੱਤਵਾਦੀ ਕਈ ਗਰੁੱਪਾਂ ਵਿਚ ਵੰਡੇ ਹੋਏ ਸਨ, ਜਿਸ ਗਰੁੱਪ ਨੇ ਅਮਰੀਕਾ ਦੇ ਵਰਲਡ ਟਰੇਡ ਸੈਂਟਰ 'ਤੇ ਹਮਲਾ ਕਰਨਾ ਸੀ, ਉਹ ਪੰਜ ਮੈਂਬਰਾਂ ਦੇ ਗਰੁੱਪ ਵਿਚ ਬੋਸਟਨ ਲੋਗਾਨ ਏਅਰਪੋਰਟ 'ਤੇ ਪੁੱਜੇ ਇਹ ਅੱਤਵਾਦੀ ਲਾਸ-ਏਂਜਲਸ ਜਾ ਰਹੇ ਜਹਾਜ਼ ਵਿਚ ਕਿਸੇ ਤਰੀਕੇ ਆਪਣੇ-ਆਪ ਨੂੰ ਬੁੱਕ ਕਰਵਾ ਚੁੱਕੇ ਸਨ। ਇਹ ਬਹੁਤ ਸਮਾਰਟ ਅਤੇ ਹਾਈਜੈਕਿੰਗ ਤਰੀਕੇ ਨਾਲ ਹਵਾਈ ਅੱਡੇ 'ਤੇ ਚੈਕ ਪੁਆਇੰਟ 'ਤੇ ਪੁੱਜੇ ਸਨ ਪਰ ਫਿਰ ਵੀ ਅਮਰੀਕੀ ਏਅਰਪੋਰਟ ਦਸਤੇ ਵਲੋਂ ਇਨਾਂ ਵਿਚੋਂ ਤਿੰਨ ਦੀ ਸ਼ੱਕ ਦੇ ਆਧਾਰ 'ਤੇ ਦੁਬਾਰਾ ਜਾਂਚ ਕੀਤੀ ਗਈ, ਪਰ ਸਾਰੇ ਹੀ ਇਸ ਜਾਂਚ ਵਿਚ ਪਾਸ ਹੋ ਗਏ ਅਤੇ ਇਹ ਅੱਤਵਾਦੀ ਅਗਲੇ ਹੀ ਪਲਾਂ ਵਿਚ ਫਲਾਈਟ 11 ਵਿਚ ਸਵਾਰ ਹੋ ਗਏ ਅਤੇ ਜਹਾਜ਼ ਨੇ ਲਾਸ-ਏਂਜਲਸ ਜਾਣ ਲਈ ਸਵੇਰੇ 7.59 ਮਿੰਟ 'ਤੇ ਉਡਾਣ ਭਰ ਲਈ ਸੀ। ਕੁਝ ਸਮੇਂ ਬਾਅਦ ਹੀ ਜਹਾਜ਼ ਵਿਚ ਇਨਾਂ ਅੱਤਵਾਦੀਆਂ ਨੇ ਪਾਇਲਟਾਂ 'ਤੇ ਹਮਲਾ ਕਰਕੇ ਜਹਾਜ਼ ਦੀ ਕਮਾਂਡ ਆਪਣੇ ਹੱਥਾਂ ਵਿਚ ਲੈ ਲਈ ਸੀ ਅਤੇ ਫਲਾਈਟ 11 ਨੂੰ ਪੂਰਨ ਤੌਰ 'ਤੇ ਹਾਈਜੈਕ ਭਾਵ ਅਗਵਾ ਕਰ ਲਿਆ ਸੀ। ਕਿਸੇ ਵੀ ਦੇਸ਼ ਦੇ ਅਸਮਾਨ ਵਿਚ ਕਮਰਸ਼ੀਅਲ ਅਤੇ ਹੋਰ ਕਿਸਮਾਂ ਦੇ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿਚ ਜਹਾਜ਼ ਹੁੰਦੇ ਹਨ ਜਿਨਾਂ ਨੂੰ ਉਸ ਦੇਸ਼ ਦਾ ਏਅਰ ਕੰਟਰੋਲ ਟ੍ਰੈਫਿਕ ਅਮਲਾ ਪਲ-ਪਲ ਕੰਟਰੋਲ ਕਰ ਰਿਹਾ ਹੁੰਦਾ ਹੈ। ਉਸ ਦਿਨ ਅਮਰੀਕਾ ਦੇ ਅਸਮਾਨ ਵਿਚ ਵੀ ਪੰਜ ਹਜ਼ਾਰ ਤੋਂ ਜ਼ਿਆਦਾ ਫਲਾਈਟਾਂ ਉੱਡ ਰਹੀਆਂ ਸਨ। 8.14 ਮਿੰਟ 'ਤੇ ਬੋਸਟਨ ਏਅਰ ਟ੍ਰੈਫਿਕ ਕੰਟਰੋਲ ਦਾ ਇਸ ਜਹਾਜ਼ ਨਾਲੋਂ ਸੰਪਰਕ ਟੁੱਟ ਗਿਆ। ਇਸ ਨਾਲ 10 ਮਿੰਟ ਤੱਕ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਕੋਈ ਸੰਪਰਕ ਨਾ ਹੋਇਆ। ਕੁਝ ਮਿੰਟ ਬਾਅਦ ਏਅਰ ਟ੍ਰੈਫਿਕ ਕੰਟਰੋਲ ਦਫ਼ਤਰ ਦੇ ਅਮਲੇ ਨੇ ਇਸ ਜਹਾਜ਼ ਵਿਚੋਂ ਇਕ ਸੰਦੇਸ਼ ਸੁਣਿਆ ਜਿਸ ਨੂੰ ਸ਼ੱਕ ਦੇ ਆਧਾਰ 'ਤੇ ਜਾਂਚਿਆ ਗਿਆ। ਅਮਲੇ ਨੂੰ ਜਹਾਜ਼ ਦੀਆਂ ਹਰਕਤਾਂ ਤੋਂ ਇਹ ਪਤਾ ਲੱਗ ਚੁੱਕਾ ਸੀ ਕਿ ਫਲਾਈਟ 11 ਅਗਵਾ ਹੋ ਚੁੱਕੀ ਹੈ। ਸਵੇਰੇ 8.24 ਵਜੇ ਇਸ ਦੀ ਖ਼ਬਰ ਸਾਰੀਆਂ ਉਡਾਣਾਂ ਨੂੰ ਕੰਟਰੋਲ ਕਰ ਰਹੇ ਅਫ਼ਸਰ ਬੈਨ ਸਲਾਈਨੀ ਨੂੰ ਦਿੱਤੀ ਗਈ ਅਤੇ ਦੱਸਿਆ ਕਿ ਇਹ ਉਡਾਣ ਅਗਵਾ ਹੋ ਗਈ ਹੈ। ਇਸ ਖ਼ਬਰ ਨਾਲ ਅਜੇ ਸਾਰਿਆਂ ਨੇ ਹਰਕਤ ਵਿਚ ਆਉਣਾ ਸ਼ੁਰੂ ਹੀ ਕੀਤਾ ਸੀ ਕਿ ਉਦੋਂ ਤੱਕ 8.46 ਮਿੰਟ 'ਤੇ ਉਡਾਣ 11 ਅਮਰੀਕਾ ਦੀ ਗਗਨ ਚੁੰਬੀ ਇਮਾਰਤ ਵਰਲਡ ਟਰੇਡ ਸੈਂਟਰ ਦੇ ਉੱਤਰੀ ਟਾਵਰ ਦੇ 93 ਤੋਂ 99 ਮੰਜ਼ਿਲ ਦੇ ਵਿਚਕਾਰ ਟਕਰਾ ਗਈ, ਜਿਸ ਨਾਲ ਪੂਰੇ ਅਮਰੀਕਾ ਵਿਚ ਹਾਹਾਕਾਰ ਮਚ ਗਈ ਸੀ, ਸਭ ਇਸ ਹਮਲੇ ਤੋਂ ਬਹੁਤ ਜ਼ਿਆਦਾ ਹੈਰਾਨ ਸਨ, ਕਿਸੇ ਨੂੰ ਵੀ ਇਹ ਸਮਝ ਨਾ ਆਇਆ ਕਿ ਇਕਦਮ ਇਹ ਕੀ ਹੋ ਗਿਆ ਹੈ। ਦੂਜੇ ਪਾਸੇ ਇਕ ਹੋਰ ਜਹਾਜ਼ ਯੂਨਾਈਟਿਡ ਏਅਰ ਲਾਈਨ 175 ਦੇ ਲਾਪਤਾ ਹੋਣ ਕਾਰਨ ਖ਼ਤਰਾ ਹੋਰ ਵਧ ਰਿਹਾ ਸੀ, ਜਿਸ ਦਾ ਸੰਪਰਕ ਏਅਰ ਕੰਟਰੋਲ ਟ੍ਰੈਫਿਕ ਅਮਲੇ ਨਾਲੋਂ ਟੁੱਟ ਗਿਆ ਸੀ ਅਤੇ ਉਸ ਵਲੋਂ ਕੋਈ ਵੀ ਜਵਾਬ ਨਹੀਂ ਆ ਰਿਹਾ ਸੀ। ਤੁਰੰਤ ਹੋਰ ਹਮਲਾ ਨਾ ਹੋ ਸਕੇ ਇਸ ਨੂੰ ਲੱਭਣ ਲਈ ਐਫ 15 ਫਾਈਟਰਾਂ ਨੂੰ ਵੀ ਰਵਾਨਾ ਕੀਤਾ ਗਿਆ ਸੀ। ਪਰ 5000 ਉੱਡ ਰਹੀਆਂ ਉਡਾਣਾਂ ਵਿਚ ਸੰਪਰਕ ਟੁੱਟੀ ਫਲਾਈਟ ਨੂੰ ਲੱਭਣ ਵਿਚ ਅਜੇ ਕੁਝ ਸਮਾਂ ਲੱਗਣਾ ਸੀ। ਇਹ ਉਡਾਣ ਲੱਭਦੀ, ਉਸ ਤੋਂ ਪਹਿਲਾਂ ਹੀ ਅੱਤਵਾਦੀ ਇਸ ਨੂੰ ਆਪਣੇ ਨਿਸ਼ਾਨੇ 'ਤੇ ਲੈ ਪੁੱਜੇ ਅਤੇ ਇਹ ਫਲਾਈਟ 175 ਵੀ 9.03 ਮਿੰਟ 'ਤੇ ਵਿਸ਼ਵ ਵਪਾਰ ਕੇਂਦਰ ਭਾਵ ਵਰਲਡ ਟਰੇਡ ਸੈਂਟਰ ਦੇ ਦੱਖਣੀ ਟਾਵਰ ਨਾਲ ਟਕਰਾ ਗਈ। ਲਗਾਤਾਰ ਹੋਏ ਇਸ ਦੂਜੇ ਹਮਲੇ ਨਾਲ ਦੁਨੀਆ ਵੀ ਪੂਰੀ ਤਰਾਂ ਕੰਬ ਗਈ ਸੀ। 9.59 ਮਿੰਟ ਤੱਕ ਦੋਵੇਂ ਇਮਾਰਤਾਂ ਢਹਿ ਕੇ ਤਬਾਹ ਹੋ ਚੁੱਕੀਆਂ ਸਨ। ਹਮਲੇ ਨੂੰ ਰੋਕਣ ਲਈ ਅਮਰੀਕਾ ਦੀ ਆਰਮੀ ਅਤੇ ਇੰਟੈਲੀਜੈਂਸ ਹਰ ਕਿਸਮ ਦਾ ਕਦਮ ਚੁੱਕ ਰਹੀਆਂ ਸਨ। ਦੋ ਹਮਲਿਆਂ ਤੋਂ ਬਾਅਦ ਮੁਸ਼ਕਿਲਾਂ ਉਦੋਂ ਵਧ ਗਈਆਂ ਜਦੋਂ ਇਸ ਸਭ ਦੇ ਚਲਦਿਆਂ ਏਅਰ ਕੰਟਰੋਲ ਅਮਲੇ ਨੂੰ ਤੀਜੇ ਜਹਾਜ਼ ਫਲਾਈਟ 77 ਦੀਆਂ ਹਰਕਤਾਂ 'ਤੇ ਸ਼ੱਕ ਹੋਇਆ ਜੋ ਕਿ ਆਪਣੇ ਰਸਤੇ ਤੋਂ ਭਟਕ ਗਿਆ ਸੀ ਤੇ ਆਪਣਾ ਟਰਾਂਸਪੌਂਡਰ ਕੋਡ ਵੀ ਬਦਲ ਚੁੱਕਾ ਸੀ। ਇਹ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ ਵੱਲ ਵਧ ਰਿਹਾ ਸੀ। ਇਸ ਤੋਂ ਪਹਿਲਾਂ ਕਿ ਇਸ ਹਮਲੇ ਨੂੰ ਅਮਰੀਕਨ ਫ਼ੌਜ ਰੋਕ ਸਕਦੀ ਅਮਰੀਕਨ ਏਅਰਲਾਈਨ ਫਲਾਈਟ 77 ਸਵੇਰੇ 9.37 ਮਿੰਟ 'ਤੇ ਵਾਸ਼ਿੰਗਟਨ ਵਿਚ ਡਿਫੈਂਸ਼ ਹੈਡਕੁਆਰਟਰ 'ਤੇ ਜਾ ਡਿੱਗੀ। ਇਸ ਤੀਜੇ ਹਮਲੇ ਨੇ ਪੂਰੇ ਅਮਰੀਕਾ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਤੁਰੰਤ ਹਰਕਤ ਵਿਚ ਆ ਕੇ ਇਸ ਤੋਂ ਬਾਅਦ ਬੈਨ ਸਲਾਈਨੀ ਨੇ ਸਾਰੀਆਂ ਉਡ ਰਹੀਆਂ ਉਡਾਣਾਂ ਨੂੰ ਥੱਲੇ ਉੱਤਰ ਜਾਣ ਲਈ ਸਟਾਪ ਆਰਡਰ ਜਾਰੀ ਕੀਤਾ ਜਿਸ ਵਿਚ ਸਭ ਤੋਂ ਨੇੜਲੇ ਹਵਾਈ ਅੱਡੇ 'ਤੇ ਉੱਤਰਨ ਲਈ ਕਿਹਾ ਗਿਆ। ਇਹ ਸਭ ਚੱਲ ਹੀ ਰਿਹਾ ਸੀ ਕਿ ਉਦੋਂ ਹੀ ਇਕ ਹੋਰ ਉਡਾਣ ਯੂਨਾਈਟਿਡ 93 ਦੇ ਅਗਵਾ ਹੋਣ ਦੀ ਖ਼ਬਰ ਮਿਲੀ ਜੋ ਕਿ ਸਾਨਫਰਾਂਸਿਸਕੋ ਜਾ ਰਹੀ ਸੀ। ਇਹ ਜਹਾਜ਼ ਵੀ ਆਪਣੀ ਮੰਜ਼ਿਲ ਤੋਂ ਵੱਖਰੇ ਰਸਤੇ 'ਤੇ ਵਾਸ਼ਿੰਗਟਨ ਡੀ.ਸੀ. ਵੱਲ ਜਾ ਰਿਹਾ ਸੀ। ਖ਼ੁਸ਼ਕਿਸਮਤੀ ਨਾਲ ਮੁਸਾਫਿਰਾਂ ਤੇ ਅਮਲੇ ਦੇ ਮੈਂਬਰਾਂ ਦੇ ਸਹਿਯੋਗ ਨਾਲ ਇਸ ਨੂੰ ਹਮਲਾ ਕਰਨ ਤੋਂ ਨਾਕਾਮ ਕਰ ਦਿੱਤਾ ਗਿਆ ਤੇ ਇਹ ਵਾਸ਼ਿੰਗਟਨ ਡੀ.ਸੀ. ਤੋਂ ਥੋੜ੍ਹੀ ਦੂਰ ਹੀ ਖੇਤਾਂ ਵਿਚ ਕਰੈਸ਼ ਹੋ ਗਿਆ ਜਿਸ ਵਿਚ ਸਵਾਰ ਸਾਰੇ 44 ਵਿਅਕਤੀ ਮਾਰੇ ਗਏ। ਇਨਾਂ ਚਾਰ ਹਮਲਿਆਂ ਨੇ ਪੂਰੇ ਅਮਰੀਕੀ ਸਿਸਟਮ ਦੀ ਪੋਲ ਖੋਲ ਕੇ ਰੱਖ ਦਿੱਤੀ ਸੀ। 2002 ਵਿਚ ਅਮਰੀਕਾ ਦੇ ਰਾਸ਼ਟਰਪਤੀ ਵਲੋਂ 9/11 ਦੇ ਹਮਲਿਆਂ ਦੀ ਜਾਂਚ ਲਈ ਕਮਿਸ਼ਨ ਦਾ ਗਠਨ ਕੀਤਾ ਗਿਆ ਅਤੇ ਜੌਨ ਫਾਰਮਰ ਨੂੰ ਇਨਾਂ ਹਮਲਿਆਂ ਦੀ ਪੂਰਨ ਤੌਰ 'ਤੇ ਜਾਂਚ ਕਰਕੇ ਸਿੱਟਾ ਕੱਢਣ ਦਾ ਕੰਮ ਸੌਂਪਿਆ ਗਿਆ। ਉਨਾਂ ਨੇ ਪਤਾ ਕੀਤਾ ਕਿ ਅਮਰੀਕਾ ਦੀ ਐਫ. ਬੀ. ਆਈ. ਨੇ 14 ਦਿਨ ਪਹਿਲਾਂ ਵੀ ਸੰਭਾਵਿਤ ਖ਼ਤਰਿਆਂ ਦੀ ਸ਼ੰਕਾ ਪ੍ਰਗਟ ਕੀਤੀ ਸੀ ਕਿ ਅਲਕਾਇਦਾ ਕਿਸੇ ਵੀ ਤਰਾਂ ਦਾ ਹਮਲਾ ਕਰਵਾ ਸਕਦਾ ਹੈ। ਇਕ ਸਾਲ ਪਹਿਲਾਂ ਵੀ ਕੁਝ ਸਬੂਤ ਮਿਲੇ ਸਨ, ਜਿਨਾਂ ਨੂੰ ਅਣਗੌਲਿਆਂ ਕੀਤਾ ਗਿਆ ਕਹਿ ਸਕਦੇ ਹਾਂ। 1 ਘੰਟਾ ਅਤੇ 42 ਮਿੰਟ ਵਿਚ ਇਨਾਂ ਹਮਲਿਆਂ ਨੇ ਪੂਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ ਸੀ। ਬਾਅਦ ਵਿਚ ਅਮਰੀਕਾ ਨੇ 72 ਘੰਟੇ ਵਿਚ ਹੀ ਪਤਾ ਲਗਾ ਲਿਆ ਸੀ ਕਿ ਇਨਾਂ ਹਮਲਿਆਂ ਵਿਚ 19 ਵਿਅਕਤੀ ਸ਼ਾਮਿਲ ਸਨ, ਕਿਉਂਕਿ ਮੁੱਖ ਅੱਤਵਾਦੀ ਮੁਹੰਮਦ ਅੱਟਾ ਆਪਣਾ ਬੈਗ ਹਵਾਈ ਅੱਡੇ 'ਤੇ ਭੁੱਲ ਗਿਆ ਸੀ ਜਿਸ ਤੋਂ ਬਹੁਤ ਹੀ ਅਹਿਮ ਜਾਣਕਾਰੀਆਂ ਪ੍ਰਾਪਤ ਹੋਈਆਂ ਸਨ। ਇਹ ਸਭ ਓਸਾਮਾ-ਬਿਨ-ਲਾਦੇਨ ਦੇ ਸੰਪਰਕ ਵਾਲੇ ਵਿਅਕਤੀ ਸਨ ਜੋ ਕਿ ਆਤਮਘਾਤੀ ਜਹਾਜ਼ਾਂ ਨਾਲ ਹਮਲਾ ਕਰਨ ਲਈ ਆਏ ਸਨ। ਦੇਖਿਆ ਜਾਵੇ ਤਾਂ ਅਜਿਹੇ ਵੱਡੇ ਦੁਖਾਂਤ ਤੋਂ ਬਾਅਦ ਵੀ ਦੁਨੀਆ ਦੇ ਦੇਸ਼ਾਂ ਵਲੋਂ ਇਕ-ਦੂਜੇ ਤੋਂ ਵਧ ਚੜ ਕੇ ਮਾਰੂ ਹਥਿਆਰ ਬਣਾ ਕੇ ਪ੍ਰਦਰਸ਼ਨੀ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਜਾ ਰਹੀ। ਅੱਜ ਪਾਕਿਸਤਾਨ ਅਤੇ ਭਾਰਤ ਸਮੇਤ 9 ਦੇਸ਼ਾਂ ਕੋਲ ਅਜਿਹੇ ਮਾਰੂ ਪ੍ਰਮਾਣੂ ਹਥਿਆਰ ਮੌਜੂਦ ਸਨ।



**ਇਤਿਹਾਸਕ ਦੁਖਾਂਤ**

ਹਰ ਦੇਸ਼ ਨੇ ਹਥਿਆਰਾਂ ਦੀ ਦੌੜ ਵਿਚ ਮੋਹਰੀ ਹੋਣ ਲਈ ਅੱਜ ਅਜਿਹੇ ਮਾਰੂ ਹਥਿਆਰ ਈਜਾਦ ਕਰ ਲਏ ਹਨ, ਜਿਨਾਂ ਦੇ ਇਕ ਹੀ ਹਮਲੇ ਨਾਲ ਪੂਰੀ ਦੁਨੀਆ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਉਮੀਦ ਹੈ ਕਿ ਅਮਰੀਕਾ ਅਤੇ ਪੂਰੀ ਦੁਨੀਆ ਨੇ ਇਸ ਤੋਂ ਸੇਧ ਲਈ ਹੋਣੀ ਹੈ ਤਾਂ ਜੋ ਅਜਿਹਾ ਕਹਿਰ ਦੁਬਾਰਾ ਨਾ ਵਾਪਰ ਜਾ ਸਕੇ।

# ਗਿਆਨੀ ਦਿਤ ਸਿੰਘ : ਜੀਵਨ ਅਤੇ ਸ਼ਖ਼ਸੀਅਤ

**ਡਾ. ਦਿਲਵਰ ਸਿੰਘ**

**ਮੋ. ੯੪੧੭੩੦੬੩੭੧**

ਗਿਆਨੀ ਦਿਤ ਸਿੰਘ ਜੀ ਸਿੱਖ ਕੌਮ ਦੇ ਮਹਾਨ ਵਿਦਵਾਨ, ਸਿੰਘ ਸਭਾ ਲਹਿਰ ਦੇ ਮੋਢੀ, ਪੰਜਾਬੀ ਪੱਤਰਕਾਰੀ ਦੇ ਪਿਤਾਮਾ, ਪੰਜਾਬੀ ਭਾਸ਼ਾ ਦੇ ਪਹਿਲੇ ਪ੍ਰੋਫੈਸਰ, ਸਿਰਕੱਢ ਸਾਹਿਤਕਾਰ, ਮਿਸ਼ਨਰੀ, ਪ੍ਰਚਾਰਕ, ਸ਼ਾਸ਼ਤ੍ਰਾਰਥੀ, ਮਹਾਨ ਕਵੀ, ਮਹਾਨ ਲੇਖਕ ਬਹੁਪੱਖੀ ਸ਼ਖ਼ਸੀਅਤ ਦੇ ਧਾਰਨੀ ਸਨ। ਉਨਾਂ ਦਾ ਜਨਮ ਸੰਨ 1850 ਵਿਚ ਕਲੌੜ ਪਿੰਡ ਵਿਚ ਬਾਬਾ ਦੀਵਾਨ ਸਿੰਘ ਦੇ ਘਰ ਮਾਤਾ ਰਾਮ ਕੌਰ ਦੀ ਕੁੱਖੋਂ ਹੋਇਆ। ਇਹ ਪਿੰਡ ਉਸ ਵੇਲੇ ਰਿਆਸਤ ਪਟਿਆਲਾ ਵਿਚ ਆਉਂਦਾ ਸੀ ਪਰ ਅਜੋਕੇ ਸਮੇਂ ਵਿਚ ਇਹ ਪਿੰਡ ਜ਼ਿਲਾ ਫਤਿਹਗੜ ਸਾਹਿਬ ਵਿਚ ਸਥਿਤ ਹੈ। ਉਨਾਂ ਦਾ ਪਹਿਲਾ ਨਾਂ ਰਾਮ ਦਿੱਤਾ ਸੀ। ਅੰਮ੍ਰਿਤ ਛਕ ਕੇ ਸਿੰਘ ਸਭਾ ਲਹਿਰ ਵਿਚ ਸ਼ਾਮਲ ਹੋਣ ਤੋਂ ਬਾਅਦ ਉਨਾਂ ਨੂੰ ਭਾਈ ਦਿਤ ਸਿੰਘ ਜੀ ਦੇ ਨਾਮ ਨਾਲ ਜਾਣਿਆ ਜਾਣ ਲੱਗਾ ਅਤੇ ਅਜੋਕੇ ਸਮੇਂ ਵਿਚ ਅਸੀਂ ਉਨਾਂ ਨੂੰ ਗਿਆਨੀ ਦਿਤ ਸਿੰਘ ਦੇ ਨਾਮ ਨਾਲ ਜਾਣਦੇ ਹਾਂ। ਗਿਆਨੀ ਜੀ ਨੇ ਬਚਪਨ ਵਿਚ ਗੁਲਾਬਦਾਸੀ ਸੰਪ੍ਰਦਾਇ ਦੇ ਮਹਾਤਮਾ ਦੀ ਸੰਗਤ ਵਿਚ ਰਹਿ ਕੇ ਵਿਦਿਆ ਪ੍ਰਾਪਤ ਕੀਤੀ। ਆਪ ਬਹੁਤ ਤੀਕਸ਼ਣ ਬੁੱਧੀ ਦੇ ਮਾਲਕ ਸਨ। ਆਪ ਸਮਾਜਿਕ ਏਕਤਾ ਦੇ ਹਾਮੀ, ਅੰਧਵਿਸਵਾਸ਼ਾਂ, ਊਚ-ਨੀਚ ਅਤੇ ਜਾਤ-ਪਾਤ ਦੇ ਵਿਰੋਧੀ ਸਨ। ਆਪ ਵਿਦਿਆ ਦੇ ਪ੍ਰਚਾਰ-ਪ੍ਰਸਾਰ ਨੂੰ ਵਧਾਵਾ ਦਿੰਦੇ ਸਨ। ਗਿਆਨੀ ਜੀ ਵਿਦਿਆ ਪ੍ਰਾਪਤੀ ਲਈ ਕਲੌੜ ਤੋਂ ਤਿਊੜ ਚਲੇ ਗਏ ਅਤੇ ਉਥੇ ਰਹਿ ਕੇ ਇਨਾਂ ਨੇ ਗੁਲਾਬਦਾਸੀ ਮਹਾਤਮਾ ਸੰਤ ਗੁਰਬਖਸ਼ ਸਿੰਘ ਜੀ ਦੀ ਸੰਗਤ ਕੀਤੀ ਅਤੇ ਸਾਧੂ ਕੌਲ ਦਾਸ ਜੀ ਕੋਲੋਂ ਵੀ ਗਿਆਨ ਪ੍ਰਾਪਤ ਕੀਤਾ ਅਤੇ ਪਿੰਗਲ, ਵਿਆਕਰਨ, ਵੇਦਾਂਤ, ਰਾਜਨੀਤੀ ਦੇ ਗ੍ਰੰਥ ਪੜੇ। ਪੰਜਾਬੀ, ਹਿੰਦੀ, ਉਰਦੂ, ਸੰਸਕ੍ਰਿਤ ਆਦਿ ਭਾਸ਼ਾਵਾਂ ਦਾ ਚੰਗਾ ਗਿਆਨ ਪ੍ਰਾਪਤ ਕੀਤਾ। 1972 ਵਿਚ ਗਿਆਨੀ ਜੀ ਦਾ ਆਨੰਦ ਕਾਰਜ ਬੀਬੀ ਬਿਸ਼ਨ ਦੇਈ ਨਾਲ ਹੋਇਆ ਅਤੇ ਫੇਰ ਇਹ ਲਾਹੌਰ ਦੇ ਨੇੜੇ ਚੱਠਿਆਂ ਨਗਰ ਵਿਚ ਜਾ ਕੇ ਵਸ ਗਏ। ਗਿਆਨੀ ਜੀ ਨੇ ਕੁਝ ਸਮਾਂ ਗੁਲਾਬਦਾਸੀ ਮਤ ਦਾ ਵੀ ਪ੍ਰਚਾਰ ਕੀਤਾ ਅਤੇ ਗੁਲਾਬਦਾਸੀ ਸੰਪ੍ਰਦਾਇ ਦੇ ਪ੍ਰਭਾਵ ਹੇਠ ਕੁਝ ਪੁਸਤਕਾਂ ਦੀ ਰਚਨਾ ਵੀ ਕੀਤੀ। ਪਰ ਉਸ ਤੋਂ ਬਾਅਦ ਇਨਾਂ ਨੇ ਗੁਲਾਬਦਾਸੀ ਮਤ ਦੇ ਪ੍ਰਭਾਵ ਨੂੰ ਤਿਆਗ ਦਿੱਤਾ ਅਤੇ ਗੁਰਮਤਿ ਦੇ ਪ੍ਰਭਾਵ ਵਿਚ ਆ ਗਏ ਅਤੇ ਅੰਮ੍ਰਿਤ ਛਕ ਕੇ ਗੁਰਸਿੱਖ ਸਜ ਗਏ। ਇਸੇ ਸਮੇਂ ਦੌਰਾਨ ਜਦੋਂ ਮਹੰਤਾਂ ਦਾ ਗੁਰਦੁਆਰਿਆਂ ਉੱਤੇ ਕਬਜ਼ਾ ਸੀ ਅਤੇ ਗੁਰੂਡੰਮ ਵਧ ਰਿਹਾ ਸੀ ਅਤੇ ਨੌਜਵਾਨ ਈਸਾਈਅਤ ਦੇ ਪ੍ਰਭਾਵ ਵਿਚ ਸਿੱਖ ਧਰਮ ਨੂੰ ਤਿਆਗਣ ਲਈ ਤਿਆਰ ਸਨ ਤਾਂ ਉਸ ਵੇਲੇ ਗਿਆਨੀ ਜੀ ਪ੍ਰੋ. ਗੁਰਮੁਖ ਸਿੰਘ ਜੀ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਸਿੱਖ ਪ੍ਰਚਾਰ ਪ੍ਰਸਾਰ



ਵਾਸਤੇ ਅੱਗੇ ਆਏ ਅਤੇ ਇਨਾਂ ਨੇ ਨਿਰੰਤਰ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਸਿੰਘ ਸਭਾ ਲਹਿਰ ਦਾ ਮੁੱਢ ਬੰਨਿਆ। ਸਿੰਘ ਸਭਾ ਲਹਿਰ ਅਤੇ ਸਿੱਖ ਸਿਧਾਂਤਾਂ ਦੀ ਸਥਾਪਤੀ ਲਈ ਇਨਾਂ ਨੇ 'ਖ਼ਾਲਸਾ ਅਖ਼ਬਾਰ' ਸ਼ੁਰੂ ਕੀਤਾ। ਇਸ ਅਖ਼ਬਾਰ ਰਾਹੀਂ ਗਿਆਨੀ ਜੀ ਜਿਥੇ ਆਮ ਖ਼ਬਰਾਂ ਤੋਂ ਜਨਤਾ ਨੂੰ ਜਾਣੂ ਕਰਵਾਉਂਦੇ ਸਨ ਉਥੇ ਬਾਕੀ ਸਫ਼ਿਆਂ ਉੱਤੇ ਆਪਣੀ ਸੰਪਾਦਕੀ ਅਤੇ ਗੁਰਬਾਣੀ ਦੇ ਸਿਧਾਂਤਾਂ ਦੀ ਵਿਆਖਿਆ ਨਾਲ ਵੀ ਸਿੰਘ ਸਭਾ ਦਾ ਪ੍ਰਚਾਰ-ਪ੍ਰਸਾਰ ਕਰਦੇ ਸਨ। ਗਿਆਨੀ ਜੀ ਹੀ ਇਕ ਅਜਿਹੀ ਸ਼ਖਸੀਅਤ ਸਨ ਜਿਨਾਂ ਨੇ ਆਰੀਆ ਸਮਾਜ ਦੇ ਮੋਢੀ ਸਵਾਮੀ ਦਯਾਨੰਦ ਨੂੰ ਤਿੰਨ ਵਾਰ ਸ਼ਾਸਤ੍ਰਾਰਥ ਕਰਕੇ ਹਰਾਇਆ ਸੀ ਕਿਉਂਕਿ ਸਵਾਮੀ ਦਯਾਨੰਦ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਬਾਣੀ ਤੇ ਕਿੰਤੂ ਪ੍ਰੰਤੂ ਕਰਨਾ ਸ਼ੁਰੂ ਕਰ ਦਿੱਤਾ ਸੀ ਜਿਸ ਨਾਲ ਸਿੱਖ ਸਿਧਾਂਤ ਅਤੇ ਸਿੱਖ ਇਤਿਹਾਸ ਨੂੰ ਢਾਹ ਲੱਗ ਰਹੀ ਸੀ। ਜਿਸ ਦੇ ਜਵਾਬ ਵਿਚ ਗਿਆਨੀ ਜੀ ਨੇ ਸਵਾਮੀ ਦਯਾਨੰਦ ਨੂੰ ਸ਼ਾਸਤ੍ਰਾਰਥ ਵਿਚ ਐਸਾ ਹਰਾਇਆ ਕਿ ਉਹ ਮੁੜਕੇ ਸਿੱਖ ਗੁਰੂ ਸਾਹਿਬਾਨ ਬਾਰੇ ਬੋਲ ਹੀ ਨਹੀਂ ਸਕਿਆ। ਖ਼ਾਲਸਾ ਕਾਲਜ ਦੀ ਸਥਾਪਨਾ ਵਿਚ ਗਿਆਨੀ ਜੀ ਦਾ ਬਹੁਤ ਵੱਡਾ ਰੋਲ ਰਿਹਾ। ਉਹ ਆਪਣੀ ਲਿਆਕਤ ਸਦਕਾ ਓਰੀਐਂਟਲ ਕਾਲਜ ਲਾਹੌਰ ਦੇ ਪ੍ਰੋਫੈਸਰ ਵੀ ਰਹੇ ਅਤੇ ਉਨਾਂ ਦੇ ਸਹਿਯੋਗ ਸਦਕਾ ਅਨੇਕਾਂ ਵਿਦਿਅਕ ਸੰਸਥਾਵਾਂ ਦੀ ਸਥਾਪਨਾ ਵੀ ਹੋਈ ਜਿਸ ਤੋਂ ਲੋਕਾਂ ਵਿਚ ਵਿਦਿਆ ਦਾ ਪ੍ਰਚਾਰ-ਪ੍ਰਸਾਰ ਹੋਇਆ ਅਤੇ ਲੋਕ ਅੰਧ ਵਿਸ਼ਵਾਸਾਂ, ਵਹਿਮਾਂ-ਭਰਮਾਂ, ਊਚ-ਨੀਚ,ਜਾਤ- ਪਾਤ ਨੂੰ ਛੱਡ ਕੇ ਸਮਾਜ ਦੀ ਏਕਤਾ ਅਤੇ ਅਖੰਡਤਾ ਲਈ ਅਗੇ ਆਏ। ਗਿਆਨੀ ਜੀ ਗੁਰੂਡੰਮ ਦਾ ਬਹੁਤ ਵਿਰੋਧ ਕਰਦੇ ਸਨ।ਇਸ ਲਈ ਉਨਾਂ ਨੇ ਆਪਣੀਆਂ ਰਚਨਾਵਾਂ ਵਿਚ ਗੁਰੂ ਡੰਮ ਪ੍ਰਤੀ ਵੀ ਲਿਖਿਆ ਅਤੇ ਲੋਕਾਂ ਨੂੰ ਸਮਝਾਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਸਾਡੇ ਜੁਗੋ-ਜੁਗ ਅਟਲ ਸਤਿਗੁਰੂ ਹਨ ਇਸ ਕਰਕੇ ਕਿਸੇ ਦੇਹਧਾਰੀ ਦੀ ਪੂਜਾ ਨਹੀਂ ਕਰਨੀ। ਗਿਆਨੀ ਜੀ ਜੋ ਵੀ ਲਿਖਦੇ ਸਨ ਉਸ ਨੂੰ ਖ਼ਾਲਸਾ ਅਖ਼ਬਾਰ ਵਿਚ ਪਾਠਕਾਂ ਵਾਸਤੇ ਪ੍ਰਕਾਸ਼ਿਤ ਕਰ ਦਿੰਦੇ ਸਨ ਅਤੇ ਬਾਅਦ ਵਿਚ ਉਸ ਨੂੰ ਪੁਸਤਕ ਰੂਪ ਵੀ ਦੇ ਦਿੰਦੇ ਸਨ। ਇਸ ਤਰਾਂ ਗਿਆਨੀ ਜੀ ਦੀਆਂ ਜੋ ਲਿਖਤਾਂ ਪ੍ਰਾਪਤ ਹੁੰਦੀਆਂ ਹਨ ਉਨਾਂ ਦੀ ਗਿਣਤੀ 46 ਹੈ। ਇਨਾਂ ਪੁਸਤਕਾਂ ਵਿਚ ਗਿਆਨੀ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਿੱਖ ਇਤਿਹਾਸ ਦੇ ਵੱਖ ਵੱਖ ਵਿਸ਼ਿਆਂ ਉਤੇ ਖੋਜ ਕਾਰਜ ਕੀਤੇ ਹਨ। ਗਿਆਨੀ ਜੀ ਨੇ ਵਧੇਰੇ ਕਾਵਿ ਰੂਪ ਵਿਚ ਲਿਖਿਆ ਹੈ ਪਰ ਉਨਾਂ ਦੀਆਂ ਪੁਸਤਕਾਂ ਵਾਰਤਕ ਵਿਚ ਵੀ ਪ੍ਰਾਪਤ ਹੁੰਦੀਆਂ ਹਨ। ਉਨਾਂ ਦੀਆਂ ਕੁਝ ਐਸੀਆਂ ਪੁਸਤਕਾਂ ਹਨ ਜਿਨਾਂ ਤੋਂ ਸਾਨੂੰ ਮਿਸ਼ਨਰੀ ਸੇਧਾਂ ਪ੍ਰਾਪਤ ਹੁੰਦੀਆਂ ਹਨ, ਜਿਵੇਂ ਨਕਲੀ ਸਿੱਖ ਪ੍ਰਬੋਧ, ਡਰਪੋਕ ਸਿੱਖ ਦਲੇਰ ਸਿੱਖ, ਪੰਥ ਪ੍ਰਬੋਧ, ਪੁਜਾਰੀ ਪ੍ਰਬੋਧ, ਪੰਮਾ ਪ੍ਰਬੋਧ, ਦੰਭ ਵਿਦਾਰਨ ,ਗੁਗਾ ਗਪੌੜਾ, ਸੁਲਤਾਨ ਪੁਆੜਾ, ਮੀਰਾਂ ਮਨੌਤ, ਦੁਰਗਾ ਪ੍ਰਬੋਧ, ਸਵਪਨ ਨਾਟਕ ਆਦਿ। ਜੇਕਰ ਗਹੁ ਨਾਲ ਵੇਖੀਏ ਤਾਂ ਉਸ ਸਮੇਂ ਸਾਧਨਾਂ ਦੀ ਅਣਹੋਂਦ ਨੂੰ ਅੱਖੋਂ ਪਰੋਖੇ ਕਰਦਿਆਂ ਹੋਇਆਂ ਵੀ ਗਿਆਨੀ ਜੀ ਨੇ ਬੇਅੰਤ ਵੱਡਾ ਸਿੱਖ ਸਾਹਿਤ ਲਿਖਿਆ ਅਤੇ ਉਸ ਦਾ ਪ੍ਰਚਾਰ-ਪ੍ਰਸਾਰ ਆਪਣੇ ਖ਼ਾਲਸਾ ਅਖ਼ਬਾਰ ਰਾਹੀਂ ਕੀਤਾ ਅਤੇ ਭਖਵੇਂ ਮੁੱਦਿਆਂ ਨੂੰ ਉਭਾਰਿਆ। ਸਿੱਖ ਰਹਿਤ ਮਰਿਆਦਾ ਦੀ ਸਥਾਪਤੀ ਦੀ ਗੱਲ ਕੀਤੀ। ਵਿਦਿਅਕ ਸੰਸਥਾਵਾਂ ਸਥਾਪਿਤ ਕੀਤੀਆਂ। ਇਸਤਰੀਆਂ ਦੀ ਵਿਦਿਆ ਪ੍ਰਤੀ ਲੋਕਾਂ ਨੂੰ ਜਾਗਰੂਕ ਕੀਤਾ। ਮਿਸ਼ਨਰੀ ਪ੍ਰਚਾਰ ਰਾਹੀਂ ਸਿੱਖ ਧਰਮ ਨੂੰ ਛਡ ਕੇ ਈਸਾਈਅਤ ਵਿਚ ਜਾਣ ਵਾਲੇ ਸਿੱਖਾਂ ਨੂੰ ਰੋਕਿਆ। ਭਾਵੇਂ ਗਿਆਨੀ ਜੀ ਆਪ ਅਖੌਤੀ ਨੀਵੀਂ ਜਾਤ ਦੇ ਸ਼ਿਕਾਰ ਰਹੇ ਪਰ ਉਨਾਂ ਨੇ ਸਮਾਜ ਵਿਚੋਂ ਜਾਤ-ਪਾਤ ਨੂੰ ਪੁੱਟ ਸੁੱਟਣ ਲਈ ਬਹੁਤ ਵੱਡੇ ਉਪਰਾਲੇ ਕੀਤੇ। 6 ਸਤੰਬਰ 1901 ਨੂੰ ਇਕਵੰਜਾ ਸਾਲ ਦੀ ਉਮਰ ਵਿਚ ਗਿਆਨੀ ਜੀ ਬਿਮਾਰੀ ਕਾਰਨ ਗੁਰਪੁਰੀ ਸਿਧਾਰ ਗਏ। ਇਸ ਵਰੇ ਉਨਾਂ ਦੀ 121ਵੀਂ ਯਾਦ ਨੂੰ ਸਮਰਪਿਤ ਜੋ ਸਮਾਗਮ ਹਨ ਉਹ ਗਿਆਨੀ ਦਿਤ ਸਿੰਘ ਫਾਉਂਡੇਸ਼ਨ ਐਸ.ਏ.ਐਸ. ਨਗਰ ਵਲੋਂ ਨਿਰੰਤਰ ਕਰਵਾਏ ਜਾ ਰਹੇ ਹਨ। ਅੱਜ ਵੀ ਲੋੜ ਹੈ ਕਿ ਗਿਆਨੀ ਜੀ ਵਰਗੇ ਸਿੱਖ ਪ੍ਰਚਾਰਕ ਪੈਦਾ ਹੋਣ ਅਤੇ ਸਮਾਜ ਵਿਚਲੀਆਂ ਜੋ ਕੁਰੀਤੀਆਂ ਹਨ ਉਨਾਂ ਨੂੰ ਨਸ਼ਟ ਕਰਕੇ ਸਿੱਖ ਰਹਿਤ ਮਰਿਆਦਾ ਦੀ ਸਥਾਪਤੀ ਹਿਤ ਵੱਧ ਤੋਂ ਵੱਧ ਯਤਨ ਕਰ ਸਕਣ। ਜੇਕਰ ਇਹ ਕਹਿ ਦੇਈਏ ਕਿ ਅਜੋਕੇ ਮਿਸ਼ਨਰੀ ਪ੍ਰਚਾਰਕਾਂ ਨੂੰ ਗਿਆਨੀ ਜੀ ਤੋਂ ਸੇਧ ਲੈਣੀ ਚਾਹੀਦੀ ਹੈ ਤਾਂ ਇਸ ਵਿਚ ਕੋਈ ਅਤਕਥਨੀ ਨਹੀਂ ਹੋਵੇਗੀ। ਜੇਕਰ ਦੇਖਿਆ ਜਾਵੇ ਤਾਂ ਜੋ ਹਾਲਾਤ ਗਿਆਨੀ ਜੀ ਵੇਲੇ ਪੰਜਾਬ ਦੇ ਸਨ ਉਹੀ ਹਾਲਾਤ ਅੱਜ ਫੇਰ ਹੂ-ਬ-ਹੂ ਬਣੇ ਹੋਏ ਹਨ ਜਿਸ ਵਿਚ ਗੁਰੂਡੰਮ ਨਿਰੰਤਰ ਵੱਧ ਰਿਹਾ ਹੈ ਅਤੇ ਇਸਾਈਅਤ ਦਾ ਪ੍ਰਚਾਰ ਜ਼ੋਰਾਂ 'ਤੇ ਹੈ ਅਤੇ ਲੋਕਾਂ ਵਿਚ ਊਚ-ਨੀਚ, ਜਾਤ- ਪਾਤ, ਭੇਦ-ਭਾਵ ਉਸੇ ਤਰਾਂ ਚਲ ਰਿਹਾ ਹੈ। ਅਖੌਤੀ ਛੋਟੀਆਂ ਜਾਤਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਪੰਜਾਬ ਵਿਚ ਜਾਤਾਂ ਦੇ ਆਧਾਰ 'ਤੇ ਗੁਰਦੁਆਰੇ ਸਥਾਪਿਤ ਕੀਤੇ ਜਾ ਰਹੇ ਹਨ ਅਤੇ ਪਿੰਡਾਂ ਵਿਚ ਅਖੌਤੀ ਨੀਵੀਂ ਜਾਤ ਦੇ ਲੋਕਾਂ ਦੇ ਸ਼ਮਸ਼ਾਨਘਾਟ ਵੀ ਵੱਖਰੇ ਬਣਾਏ ਗਏ ਹਨ। ਵਿਦਿਆ ਦੇ ਹੁੰਦਿਆਂ ਹੋਇਆਂ ਵੀ ਲੋਕ ਅਨਪੜ ਅਤੇ ਅਵਿਦਿਅਕ ਹਨ। ਸੋ ਅਜਿਹੇ ਸਮੇਂ ਵਿਚ ਗਿਆਨੀ ਜੀ ਵਲੋਂ ਕੀਤੇ ਗਏ ਪ੍ਰਚਾਰ ਨੂੰ ਆਧਾਰ ਬਣਾ ਕੇ ਹੀ ਸਿੱਖ ਸਿਧਾਂਤਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਚਾਹੀਦਾ ਹੈ ਤਾਂ ਜੋ ਗੁਰੂਡੰਮ ਤੋਂ ਬਚਿਆ ਜਾ ਸਕੇ। ਜੋ ਲੋਕ ਲਾਲਚ ਵਸ ਸਿੱਖ ਸਿਧਾਂਤਾਂ ਅਤੇ ਸਿੱਖ ਸਰੂਪ ਨੂੰ ਤਿਆਗ ਕੇ ਅਨਮਤਾਂ ਵਿਚ ਜਾ ਰਹੇ ਹਨ ਉਨਾਂ ਨੂੰ ਦੁਬਾਰਾ ਪੰਥ ਵਿਚ ਸ਼ਾਮਿਲ ਕੀਤਾ ਜਾ ਸਕੇ ਅਤੇ ਜੋ ਸਮਾਜ ਵਿਚ ਕੁਰੀਤੀਆਂ ਪ੍ਰਚਲਿਤ ਹਨ ਉਨਾਂ ਦਾ ਸਮੂਲ ਨਾਸ਼ ਕੀਤਾ ਜਾ ਸਕੇ ਅਤੇ ਵਿਦਿਆ ਦੇ ਅਸਲ ਉਦੇਸ਼ ਨੂੰ ਪਛਾਣਿਆ ਜਾ ਸਕੇ। ਜੇ ਕਰ ਅਸੀਂ ਗਿਆਨੀ ਜੀ ਵਲੋਂ ਸੁਝਾਏ ਸਾਧਨਾਂ ਨੂੰ ਵਰਤੋਂ ਵਿਚ ਲਿਆ ਕੇ ਪੰਜਾਬ ਦੇ ਹਾਲਾਤਾਂ ਨੂੰ ਠੀਕ ਕਰ ਸਕੀਏ ਤਾਂ ਗਿਆਨੀ ਜੀ ਨੂੰ ਇਹੀ ਸੱਚੀ-ਸੁੱਚੀ ਸ਼ਰਧਾਂਜਲੀ ਹੋਵੇਗੀ।



# ਧਰਮ ਪਰਿਵਰਤਨ ਕਰਵਾਉਣ ਆਏ ਦੋ ਈਸਾਈ ਪਾਸਟਰ ਕਾਬੂ

## ✪ ਸਿੱਖ ਜਥੇਬੰਦੀਆਂ ਨੇ ਪੁਲਿਸ ਹਵਾਲੇ ਕੀਤੇ ✪ ਗਰੀਬ ਸਿੱਖਾਂ ਦੀ ਧਰਮ ਬਦਲੀ ਪਿੱਛੇ ਜਾਅਲ੍ਹੀ ਈਸਾਈ ਡੇਰਿਆਂ ਦਾ ਰੋਲ ਹੈ







ਬੀਤੇ ਐਤਵਾਰ ਦੇਰ ਸ਼ਾਮ ਇਤਿਹਾਸਕ ਕਸਬਾ ਕਲਾਨੌਰ ਵਿਖੇ ਜੱਟ ਸਿੱਖ ਭਾਈਚਾਰੇ ਦੇ ਨੌਜਵਾਨ ਨੂੰ ਧਰਮ ਪਰਿਵਰਤਨ ਕਰਵਾਉਣ ਆਏ ਦੋ ਨੌਜਵਾਨਾਂ ਨੂੰ ਸਿੱਖ ਜਥੇਬੰਦੀਆਂ ਵੱਲੋਂ ਪੁਲਿਸ ਥਾਣਾ ਕਲਾਨੌਰ ਦੇ ਹਵਾਲੇ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਨੌਜਵਾਨ ਓਂਕਾਰ ਸਿੰਘ ਨੇ ਦੱਸਿਆ ਕਿ ਉਹ ਕਾਹਲੋਂ ਪੋਲਟਰੀ ਫਾਰਮ ਕਲਾਨੌਰ ਵਿੱਚ ਪਰਿਵਾਰ ਸਮੇਤ ਰਹਿ ਰਿਹਾ ਹੈ ਅਤੇ ਮਸੀਹ ਭਾਈਚਾਰੇ ਨਾਲ ਸਬੰਧਤ ਦੋ ਵਿਅਕਤੀ ਲਗਾਤਾਰ ਉਸ ਕੋਲ ਆ ਕੇ ਉਸ ਨੂੰ ਧਰਮ ਪਰਿਵਰਤਨ ਕਰਨ ਲਈ ਮਜਬੂਰ ਕਰ ਰਹੇ ਹਨ। ਜਦੋਂ ਦੋਵੇਂ ਉਸ ਨੂੰ ਧਰਮ ਪਰਿਵਰਤਨ ਕਰਨ ਲਈ ਮਜਬੂਰ ਕਰ ਰਹੇ ਸਨ ਤਾਂ ਉਸ ਨੇ ਪੋਲਟਰੀ ਫਾਰਮ ਦੇ ਮਾਲਕ ਸੰਦੀਪ ਸਿੰਘ ਕਾਹਲੋਂ ਨੂੰ ਇਸ ਘਟਨਾ ਸਬੰਧੀ ਜਾਣੂ ਕਰਵਾਇਆ। ਇਸ ਉਪਰੰਤ ਸੰਦੀਪ ਸਿੰਘ ਕਾਹਲੋਂ ਵੱਲੋਂ ਧਰਮ ਪਰਿਵਰਤਨ ਕਰਾਉਣ ਆਏ ਦੋਵਾਂ ਪਾਸਟਰਾਂ ਨੂੰ ਕਾਬੂ ਕਰ ਕੇ ਇਸ ਸਬੰਧੀ ਸਿੱਖ ਜਥੇਬੰਦੀਆਂ ਦੇ ਆਗੂਆਂ ਨੂੰ ਸੂਚਿਤ ਕੀਤਾ। ਇਸ ਮੌਕੇ ਪੋਲਟਰੀ ਫਾਰਮ ਦੇ ਮਾਲਕ ਸੰਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਧਰਮ ਪਰਿਵਰਤਨ ਸਬੰਧੀ ਓਂਕਾਰ ਸਿੰਘ ਨੇ ਉਸ ਨੂੰ ਪਹਿਲਾਂ ਵੀ ਇਸ ਸਬੰਧੀ ਦੱਸਿਆ ਸੀ। ਇਸ ਮੌਕੇ ਉਨਾਂ ਸਿੱਖ ਜਥੇਬੰਦੀਆਂ ਦੇ ਆਗੂਆਂ ਸਮੇਤ ਧਰਮ ਪਰਿਵਰਤਨ ਕਰਾਉਣ ਆਏ ਦੋਵੇਂ ਵਿਅਕਤੀ ਜੋ ਆਪਣੇ ਆਪ ਨੂੰ ਪਾਦਰੀ ਦੱਸਦੇ ਸਨ, ਨੂੰ ਪੁਲਿਸ ਥਾਣਾ ਕਲਾਨੌਰ ਦੇ ਹਵਾਲੇ ਕੀਤਾ ਗਿਆ ।

ਇਸ ਮੌਕੇ ਪੁਲਿਸ ਥਾਣਾ ਕਲਾਨੌਰ ਵਿਖੇ ਖ਼ਾਲਸਾ ਪੰਚਾਇਤ ਦੇ ਆਗੂ ਭਾਈ ਰਜਿੰਦਰ ਸਿੰਘ ਭੰਗੂ, ਭਾਈ ਮੁਖਤਾਰ ਸਿੰਘ ਸਰਜੇਚੱਕ ਆਗੂ ਦਮਦਮੀ ਟਕਸਾਲ ਭਾਈ ਅਮਰੀਕ ਸਿੰਘ ਅਜਨਾਲਾ, ਭਾਈ ਲਖਵਿੰਦਰ ਸਿੰਘ ਆਦੀਆ, ਭਾਈ ਬਿਕਰਮਜੀਤ ਸਿੰਘ ਭੱਟੀ ਅਕਾਲ ਕੌਂਸਲ, ਪ੍ਰਧਾਨ ਦੀਦਾਰ ਸਿੰਘ ਕਿਸਾਨ ਆਗੂ, ਪਰਮਿੰਦਰ ਸਿੰਘ ਕਲਾਨੌਰ, ਬਲਰਾਜ ਘੁੰਮਣ, ਹਰਿੰਦਰ ਸਿੰਘ, ਨਰਿੰਦਰ ਵਿਜ ਭਾਜਪਾ ਆਗੂ ਨੇ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਜੱਟ ਸਿੱਖ ਭਾਈਚਾਰੇ ਨਾਲ ਸੰਬੰਧਤ ਉਂਕਾਰ ਸਿੰਘ ਦਾ ਧਰਮ ਪਰਿਵਰਤਨ ਕਰਵਾਉਣ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਅਤੇ ਮੰਗ ਕੀਤੀ ਕਿ ਧਰਮ ਪਰਿਵਰਤਨ ਕਰਨ ਲਈ ਮਜਬੂਰ ਕਰਨ ਵਾਲੇ ਉਕਤ ਪਾਸਟਰਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਇਸ ਮੌਕੇ ਉਨਾਂ ਕਿਹਾ ਕਿ ਜੇਕਰ ਤੁਰੰਤ ਕਾਨੂੰਨੀ ਕਾਰਵਾਈ ਨਾ ਕੀਤੀ ਗਈ ਤਾਂ ਸਿੱਖ ਜਥੇਬੰਦੀਆਂ ਵੱਲੋਂ ਸਖ਼ਤ ਐਕਸ਼ਨ ਲਿਆ ਜਾਵੇਗਾ। ਇਸ ਸਬੰਧੀ ਪੁਲਸ ਥਾਣਾ ਕਲਾਨੌਰ ਦੇ ਐਸਐਚਓ ਮਨਜੀਤ ਸਿੰਘ ਨੇ ਕਿਹਾ ਕਿ ਇਹ ਮਾਮਲਾ ਉਨਾਂ ਦੇ ਧਿਆਨ ਹਿੱਤ ਹੈ । ਨੌਜਵਾਨ ਉਂਕਾਰ ਸਿੰਘ ਨੇ ਦੱਸਿਆ ਕਿ ਉਸ ਦੇ ਮਾਤਾ-ਪਿਤਾ ਵੱਲੋਂ ਪਹਿਲਾਂ ਹੀ ਧਰਮ ਪਰਿਵਰਤਨ ਕੀਤਾ ਗਿਆ ਹੈ ਅਤੇ ਉਸ ਨੂੰ ਵੀ ਧਰਮ ਪਰਿਵਰਤਨ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਸੀ। ਪੰਜਾਬ ਵਿੱਚ ਖ਼ਾਸ ਤੌਰ ਉੱਤੇ ਸਰਹੱਦੀ ਇਲਾਕਿਆਂ ਵਿੱਚ ਕੁਝ ਅਖੌਤੀ ਈਸਾਈ ਪਾਦਰੀਆਂ ਵੱਲੋਂ ਸਿੱਖਾਂ ਅਤੇ ਹਿੰਦੂਆਂ ਦਾ ਕਥਿਤ ਤੌਰ 'ਤੇ ਧਰਮ ਪਰਿਵਰਤਨ ਕਰਵਾਉਣ ਦਾ ਮਾਮਲਾ ਕਾਫੀ ਚਰਚਾ ਵਿੱਚ ਹੈ। ਇਨਾਂ ਚਮਤਕਾਰ ਦਿਖਾਉਣ ਵਾਲੇ ਈਸਾਈ ਪਾਸਟਰਾਂ ਨੂੰ ਅਸਲੀ ਈਸਾਈ ਪ੍ਰਚਾਰਕ ਤੇ ਸੰਸਥਾਵਾਂ ਮਾਨਤਾ ਨਹੀਂ ਦੇ ਰਹੀਆਂ। ਇਸੇ ਮੁੱਦੇ ਨੂੰ ਲੈ ਕੇ ਅਸਲੀ ਇਸਾਈ ਭਾਈਚਾਰੇ ਦੇ ਆਗੂਆਂ ਨੇ ਹਾਲ ਵਿੱਚ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਵੀ ਕੀਤੀ ਸੀ।

ਯਾਦ ਰਹੇ ਕਿ ਇਸਾਈ ਧਰਮ ਦੇ ਵਿੱਚ ਵੀ ਵੱਖ- ਵੱਖ ਵਰਗ ਹਨ ਪਰ ਪੰਜਾਬ ਵਿੱਚ ਦੋ ਮੁੱਖ ਧਾਰਾ ਦੇ ਚਰਚ ਹਨ। ਇਸ ਵਿੱਚ ਇੱਕ ਚਰਚ ਆਫ਼ ਨਾਰਥ ਇੰਡੀਆ (ਸੀਐਨਆਈ) ਜਿਸ ਅਧੀਨ ਉੱਤਰੀ ਭਾਰਤ ਵਿੱਚ ਜ਼ਿਆਦਾਤਰ ਪ੍ਰੋਟੈਸਟੈਂਟ ਚਰਚ ਹਨ ਅਤੇ ਦੂਜਾ ਹੈ ਜਲੰਧਰ ਡਾਇਓਸਿਸ, ਜਿਸ ਦੇ ਅਧਿਕਾਰ ਖੇਤਰ ਵਿੱਚ ਰੋਮਨ ਕੈਥੋਲਿਕ ਚਰਚ ਆਉਂਦੇ ਹਨ। ਇਸ ਦੇ ਚਰਚ ਪੰਜਾਬ ਦੇ ਕਈ ਜ਼ਿਲਿਆਂ ਵਿੱਚ ਮੌਜੂਦ ਹਨ। ਡਾਇਓਸੀਸ ਆਫ਼ ਅੰਮ੍ਰਿਤਸਰ ਅਤੇ ਡਾਇਓਸੀਸ ਆਫ਼ ਜਲੰਧਰ ਪੂਰੀ ਤਰਾਂ ਸੰਗਠਿਤ ਹਨ ਅਤੇ ਇਨਾਂ ਦੀ ਅਗਵਾਈ ਬਿਸ਼ਪ ਵੱਲੋਂ ਕੀਤੀ ਜਾਂਦੀ ਹੈ।

ਇਸ ਤੋਂ ਇਲਾਵਾ ਸਾਲਵੇਸ਼ਨ ਆਰਮੀ, ਮੈਥੋਡਿਸਟ ਚਰਚ (ਪ੍ਰਮੁੱਖ ਚਰਚ ਬਟਾਲਾ ਅਤੇ ਪਟਿਆਲਾ) ਅਤੇ ਸੈਵਨਥ ਡੇਅ ਐਡਵੈਂਟਿਸਟ ਚਰਚ ਵੀ ਪੰਜਾਬ ਵਿੱਚ ਮੌਜੂਦ ਹਨ। ਇਹ ਸਾਰੇ ਚਰਚ ਸੰਗਠਿਤ ਹਨ ਅਤੇ ਨਿਯਮ ਵਿੱਚ ਰਹਿ ਕੇ ਪ੍ਰਚਾਰ ਕਰਦੇ ਹਨ ਅਤੇ ਇਨਾਂ ਦੀ ਜਵਾਬਦੇਹੀ ਵੀ ਹੈ। ਡਾਇਓਸੀਸ ਆਫ਼ ਅੰਮ੍ਰਿਤਸਰ ਨਾਲ ਜੁੜੇ ਡੈਨੀਅਲ ਬੀ ਦਾਸ ਨੇ ਦੱਸਿਆ ਕਿ ਡਾਇਓਸੀਸ ਆਫ਼ ਅੰਮ੍ਰਿਤਸਰ ਦੇ ਅਧੀਨ ਪੰਜਾਬ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਦੇ ਕਰੀਬ 40 ਚਰਚ ਹਨ।

ਇਸ ਤੋਂ ਇਲਾਵਾ ਡਾਇਸਸ ਆਫ਼ ਚੰਡੀਗੜ ਦੇ ਅਧੀਨ ਵੀ ਬਹੁਤ ਸਾਰੇ ਚਰਚ ਆਉਂਦੇ ਹਨ।

ਇਨਾਂ ਤੋਂ ਇਲਾਵਾ ਕੁਝ ਪਾਦਰੀਆਂ ਵੱਲੋਂ ਨਿੱਜੀ ਤੌਰ ਉੱਤੇ ਪੰਜਾਬ ਵਿੱਚ ਇਸਾਈ ਧਰਮ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਪਰ ਇਹ ਸੰਗਠਿਤ ਨਹੀਂ ਹਨ ਅਤੇ ਨਾ ਹੀ ਕਿਸੇ ਪ੍ਰਤੀ ਜਵਾਬਦੇਹ ਹਨ। ਅਸਲ ਵਿਚ ਇਹ ਇਸਾਈ ਪ੍ਰਚਾਰਕਾਂ ਦੇ ਡੇਰੇ ਹਨ ਜਿਨਾਂ ਦਾ ਵਿਰੋਧ ਸਿੱਖ ਕਰ ਰਹੇ ਹਨ।

ਪੰਜਾਬ ਦੇ ਵੱਖ ਵੱਖ ਚਰਚਾਂ ਨੂੰ ਇਸ ਸੰਸਥਾ ਦੇ ਅੰਤਰਗਤ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਦੇ ਮੌਜੂਦਾ ਪ੍ਰਧਾਨ ਅੰਮ੍ਰਿਤਸਰ ਡਾਇਸਸ ਦੇ ਬਿਸ਼ਪ ਡਾਕਟਰ ਪ੍ਰਦੀਪ ਕੁਮਾਰ ਸਾਮੰਤਾ ਰੌਏ ਹਨ।ਉਨਾਂ ਦੱਸਿਆ ਕਿ ਮਸੀਹੀ ਮਹਾਂ ਸਭਾ ਦਾ ਕੰਮ ਇਸਾਈ ਧਰਮ ਦੇ ਵੱਖ-ਵੱਖ ਵਰਗਾਂ ਨੂੰ ਇਕੱਠ ਕਰ ਕੇ ਇੱਕ ਸੰਸਥਾ ਥੱਲੇ ਲਿਆਉਣਾ ਹੈ। ਇਸ ਤੋਂ ਇਲਾਵਾ ਇਸਾਈ ਧਰਮ ਦੀਆਂ ਦਿੱਕਤਾਂ ਨੂੰ ਸੰਸਥਾ ਦੀ ਮੀਟਿੰਗ ਵਿੱਚ ਰੱਖਣਾ ਅਤੇ ਹੱਲ ਕਰਨ ਦੀ ਕੋਸ਼ਿਸ ਕਰਨਾ ਇਸ ਦਾ ਮੁੱਖ ਕੰਮ ਹੈ।ਬਿਸ਼ਪ ਸਾਮੰਤਾ ਰੌਏ ਨੇ ਦੱਸਿਆ ਕਿ ਪੰਜਾਬ ਵਿੱਚ ਇਸਾਈ ਧਰਮ ਦੇ ਕਈ ਹੋਰ ਵੀ ਵਰਗ ਹਨ, ਜੋ ਨਿੱਜੀ ਤੌਰ ਉੱਤੇ ਪ੍ਰਚਾਰ ਕਰ ਰਹੇ ਹਨ ਅਤੇ ਉਨਾਂ ਦਾ ਇਸ ਸੰਸਥਾ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

### ਈਸਾਈ ਡੇਰਾਵਾਦ ਦਾ ਨੈਟਵਰਕ

ਮੁੱਖ ਧਾਰਾ ਦੇ ਚਰਚਾਂ ਤੋਂ ਇਲਾਵਾ ਪੰਜਾਬ ਵਿੱਚ ਬਹੁਤ ਸਾਰੇ ਅਜਿਹੇ ਪਾਸਟਰ ਹਨ ਜੋ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਚਰਚ ਬਣਾ ਕੇ ਨਿੱਜੀ ਤੌਰ ਉੱਤੇ ਆਪਣੇ ਕਥਿਤ ਚਮਤਕਾਰਾਂ ਰਾਹੀਂ ਧਰਮ ਦਾ ਪ੍ਰਚਾਰ ਕਰ ਰਹੇ ਹਨ। ਇਨਾਂ ਨੇ ਆਪਣੇ ਵੱਡੇ ਵੱਡੇ ਡੇਰੇ ਸਥਾਪਤ ਕਰ ਲਏ ਹਨ।ਇਨਾਂ ਡੇਰਿਆਂ ਨੂੰ ਮੰਨਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਵੀ ਕਾਫ਼ੀ ਜ਼ਿਆਦਾ ਹੈ। ਇਨਾਂ ਵਿੱਚੋਂ ਪ੍ਰਮੁੱਖ ਹਨ ਡੇਰੇ ਹਨ ਪਾਸਟਰ ਬਲਜਿੰਦਰ ਸਿੰਘ, ਅੰਕੁਰ ਯੂਸਫ਼ ਨਰੂਲਾ, ਪਾਸਟਰ ਹਰਪ੍ਰੀਤ ਦਿਓਲ ਖੋਜੇਵਾਲਾ, ਪਾਸਟਰ ਅੰਮ੍ਰਿਤ ਸੰਧੂ, ਪਾਸਟਰ ਹਰਜੀਤ, ਪਾਸਟਰ ਮਨੀਸ਼ ਗਿੱਲ, ਪਾਸਟਰ ਕੰਚਨ ਮਿੱਤਲ, ਪਾਸਟਰ ਦਵਿੰਦਰ ਸਿੰਘ, ਪਾਸਟਰ ਰਮਨ ਆਦਿ।ਜੇਕਰ ਪਾਸਟਰ ਹਰਪ੍ਰੀਤ ਦਿਓਲ ਦੀ ਗੱਲ ਕਰੀਏ ਤਾਂ ਇਨਾਂ ਦਾ ਡੇਰਾ ਜਲੰਧਰ ਲਾਗੇ ਖੋਜੇਵਾਲ ਪਿੰਡ ਵਿੱਚ ਹੈ ਜਿੱਥੇ ਸ਼ਰਧਾਲੂ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਦੇ ਹਨ। ਇਹ ਮਾਡਰਨ ਪਹਿਰਾਵੇ ਵਾਲੇ ਪਾਦਰੀ, ਯਿਸ਼ੂ ਮਸੀਹ ਤੱਕ ਪਹੁੰਚਣ ਦਾ ਦਾਅਵਾ ਕਰਦੇ ਹਨ ਕਿ ਉਹ ਹਰ ਸੰਭਵ ਬਿਮਾਰੀ ਅਤੇ ਸਰੀਰਕ ਅੰਗਹੀਣਤਾ ਨੂੰ ਠੀਕ ਕਰ ਸਕਦੇ ਹਨ, ਭੂਤਾਂ ਨੂੰ ਕੱਢ ਸਕਦੇ ਹਨ, ਅਤੇ ਮੁਰਦਿਆਂ ਨੂੰ ਵੀ ਜੀਉਂਦਾ ਕਰ ਸਕਦੇ ਹਨ। ਇਨਾਂ ਦਾ ਪ੍ਰਭਾਵ ਲੋਕਾਂ ਨੂੰ ਵੀਜ਼ਾ ਪ੍ਰਾਪਤ ਕਰਨ, ਨੌਕਰੀਆਂ ਪ੍ਰਾਪਤ ਕਰਨ, ਜੀਵਨ ਸਾਥੀ ਲੱਭਣ, ਬੱਚੇ ਪੈਦਾ ਕਰਨ, ਵਧੀਆ ਰਾਜਨੀਤਿਕ ਅਹੁਦਾ ਪ੍ਰਾਪਤ ਕਰਨ ਦੀ ਗਰੰਟੀ ਦੇਣ ਤੇ ਦਾਅਵਿਆਂ ਕਾਰਣ ਫੈਲਦਾ ਹੈ।

ਇਸ ਤਰਾਂ ਪਾਸਟਰ ਅੰਕੁਰ ਯੂਸਫ਼ ਨਰੂਲਾ ਦਾ ਆਪਣਾ ਚਰਚ ਜਲੰਧਰ ਵਿੱਚ ਹੈ। ਪਾਸਟਰ ਨਰੂਲਾ ਨੇ ਆਪਣੀ ਵੈੱਬਸਾਈਟ ਉੱਤੇ ਦਾਅਵਾ ਕੀਤਾ ਹੈ ਕਿ ਹਰ ਹਫ਼ਤੇ ਇੱਕ ਲੱਖ ਤੋਂ ਜ਼ਿਆਦਾ ਲੋਕਾਂ ਤੱਕ ਆਪਣੀ ਗੱਲ ਪਹੁੰਚਾਉਂਦੇ ਹਨ।

ਪਾਸਟਰ ਬਲਜਿੰਦਰ ਦੀ ਗੱਲ ਕਰੀਏ ਤਾਂ ਇਹ ਮੂਲ ਰੂਪ ਵਿੱਚ ਹਰਿਆਣਾ ਦੇ ਰਹਿਣ ਵਾਲੇ ਹਨ ਪਰ ਇਨਾਂ ਨੇ ਆਪਣਾ ਡੇਰਾ ਮੁਹਾਲੀ ਜ਼ਿਲੇ ਦੇ ਨਵੇਂ ਚੰਡੀਗੜ ਵਿੱਚ ਕਈ ਏਕੜ ਵਿੱਚ ਸਥਾਪਤ ਕੀਤਾ ਹੈ। ਹਰ ਹਫ਼ਤੇ ਐਤਵਾਰ ਨੂੰ ਇਨਾਂ ਦੇ ਡੇਰੇ ਉੱਤੇ ਵੀ ਵੱਡਾ ਇਕੱਠ ਹੁੰਦਾ ਹੈ। ਪਾਸਟਰ ਅੰਮ੍ਰਿਤ ਸੰਧੂ ਵੀ ਦੁਆਬਾ ਇਲਾਕੇ ਵਿੱਚ ਕਾਫ਼ੀ ਚਰਚਿਤ ਨਾਮ ਹਨ।

ਹਾਲਾਂਕਿ ਮਸੀਹ ਮਹਾਂ ਸਭਾ ਦਾ ਦਾਅਵਾ ਹੈ ਕਿ ਜੋ ਪਾਸਟਰ ਨਿੱਜੀ ਹੈਸੀਅਤ ਵਿੱਚ ਪ੍ਰਚਾਰ ਕਰ ਰਹੇ ਹਨ ਉਨਾਂ ਨਾਲ ਸੰਸਥਾ ਦਾ ਕੋਈ ਲੈਣਾ ਦੇਣਾ ਨਹੀਂ ਹੈ। ਇਸ ਕਰ ਕੇ ਇਸਾਈ ਧਰਮ ਦੇ ਇਨਾਂ ਡੇਰਿਆਂ ਨੇ ਇਕੱਠੇ ਹੋਕੇ ਆਪਣੀ ਇੱਕ ਵੱਖਰੀ ਸੰਸਥਾ ਪੰਤੇਕੋਸਟਲ ਕ੍ਰਿਸ਼ਚਨ ਪ੍ਰਬੰਧਕ ਕਮੇਟੀ ਸਾਲ 2021 ਵਿੱਚ ਸਥਾਪਤ ਕੀਤੀ। ਇਸ ਸੰਸਥਾ ਦਾ ਮੁੱਖ ਦਫ਼ਤਰ ਜਲੰਧਰ ਵਿੱਚ ਖੋਜੇਵਾਲ ਪਿੰਡ ਵਿੱਚ ਹੈ ਅਤੇ ਇਸ ਦੇ ਕਰਤਾ ਧਰਤਾ ਪਾਸਟਰ ਹਰਪ੍ਰੀਤ ਦਿਓਲ ਹਨ। ਇਸ ਸੰਸਥਾ ਨਾਲ ਜੁੜੇ ਪਾਸਟਰ ਗੁਰਮਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਹੁਣ ਤੱਕ ਸੰਸਥਾ ਨਾਲ 1000 ਪਾਸਟਰ ਜੁੜ ਚੁੱਕੇ ਹਨ ਪਰ ਇਸ ਦਾ ਸਬੰਧ ਮਸੀਹ ਮਹਾਂ ਸਭਾ ਨਾਲ ਨਹੀਂ ਹੈ।

ਜਦੋਂਕਿ ਦੂਜੇ ਪਾਸੇ ਮਸੀਹ ਮਹਾਂ ਸਭਾ ਦੇ ਪ੍ਰਧਾਨ ਬਿਸ਼ਪ ਪ੍ਰਦੀਪ ਕੁਮਾਰ ਸਾਮੰਤਾ ਰੌਏ ਦਾ ਕਹਿਣਾ ਹੈ ਕਿ ਜੋ ਪਾਸਟਰ ਨਿੱਜੀ ਤੌਰ ਉੱਤੇ ਆਪਣੇ ਡੇਰੇ ਸਥਾਪਤ ਕਰ ਕੇ ਪ੍ਰਚਾਰ ਕਰ ਰਹੇ ਹਨ, ਉਨਾਂ ਉੱਤੇ ਇਸ ਸੰਸਥਾ ਦਾ ਕੋਈ ਕੰਟਰੋਲ ਨਹੀਂ ਹੈ। ਉਨਾਂ ਨੇ ਕਿਹਾ ਕਿ ਉਹ ਛੇਤੀ ਹੀ ਇਹ ਯਕੀਨੀ ਬਣਾਉਣਗੇ ਕਿ ਜੋ ਪਾਸਟਰ ਬਾਈਬਲ ਦੇ ਨਿਯਮਾਂ ਦੀ ਉਲੰਘਣਾ ਕਰਦੇ ਹਨ ਉਨਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ ਅਤੇ ਸਬੰਧ ਵਿੱਚ ਉਹ ਸਰਕਾਰ ਤੋਂ ਵੀ ਮਦਦ ਲੈਣਗੇ।

ਇਸ ਦੇ ਨਾਲ ਹੀ ਪੰਜਾਬ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਪ੍ਰੋ. ਇਮੈਨੁਅਲ ਨਾਹਰ ਦਾ ਕਹਿਣਾ ਹੈ ਕਿ ਇਸਾਈ ਧਰਮ ਦੇ ਅੰਦਰ ਵੀ ਕੁਝ ਅਖੌਤੀ ਪਾਸਟਰ ਆ ਗਏ ਜਿਨਾਂ ਨੇ ਧਰਮ ਨੂੰ ਧੰਦਾ ਬਣਾਇਆ ਹੋਇਆ ਹੈ। ਉਨਾਂ ਮੁਤਾਬਕ ਅਜਿਹੇ ਅਖੌਤੀ ਪਾਸਟਰਾਂ ਦੀ ਬਕਾਇਦਾ ਜਾਂਚ ਹੋਣੀ ਚਾਹੀਦੀ ਹੈ ਅਤੇ ਇਸ ਗੱਲ ਦਾ ਪਤਾ ਲਗਾਇਆ ਚਾਹੀਦਾ ਹੈ ਕਿ ਉਨਾਂ ਕੋਲ ਵਿੱਤੀ ਸਾਧਨ ਕਿੱਥੋਂ ਆ ਰਹੇ ਹਨ। ਆਪਣੇ ਯੂ ਟਿਊਬ ਚੈਨਲ ਰਾਹੀਂ ਇਹ ਪਾਸਟਰ ਚਮਤਕਾਰ ਕਰਨ ਦੇ ਡਰਾਮੇ ਕਰਦੇ ਨਜ਼ਰ ਆਉਂਦੇ ਹਨ। ਜਿਵੇਂ ਅੰਨੇ ਲੋਕਾਂ ਦੀ ਨਜ਼ਰ ਬਹਾਲ ਕਰਨਾ, ਚਲਣ ਤੋਂ ਅਸਮਰਥ ਵੀਲਚੇਅਰ 'ਤੇ ਬੈਠੇ ਲੋਕਾਂ ਨੂੰ ਤੋਰ ਦੇਣਾ ਅਤੇ ਸਰੀਰ ਦੀਆਂ ਵੱਖ-ਵੱਖ ਬਿਮਾਰੀਆਂ ਜਿਵੇਂ ਕਿ ਕੈਂਸਰ ਅਤੇ ਏਡਜ਼ ਦਾ ਇਲਾਜ ਕਰਦੇ ਹੋਏ ਦਿਖਾਉਣਾ ਤੇ 'ਮੁਰਦਿਆਂ ਨੂੰ ਮੁੜ ਜਿਉਂਦਾ ਕਰਨਾ' ਹੈ। ਇੱਕ ਵੀਡੀਓ ਕਲਿੱਪ ਵਿੱਚ ਪ੍ਰੋ. ਬਜਿੰਦਰ ਸਿੰਘ ਨੇ ਇੱਕ ਤਿੰਨ ਸਾਲ ਦੇ ਬੱਚੇ ਨੂੰ ਮੌਤ ਦੇ ਮੂੰਹ ਵਿੱਚੋਂ ਵਾਪਸ ਲਿਆਉਣ ਦਾ ਦਾਅਵਾ ਕਰਦਾ ਹੈ। ਪਾਸਟਰ ਅੰਕੁਰ ਨਰੂਲਾ ਹੋਰ ਵੀ ਅੱਗੇ ਵਧ ਗਿਆ ਜਦੋਂ ਉਸਨੇ ਦਾਅਵਾ ਕੀਤਾ ਕਿ ਉਸਨੇ ਗਰਭਪਾਤ ਨੂੰ ਠੀਕ ਕਰ ਦਿੱਤਾ ਅਤੇ ਇੱਕ ਔਰਤ ਦੀ ਕੁੱਖ ਵਿੱਚ ਮਰੇ ਬੱਚੇ ਨੂੰ ਮੁੜ ਜਿਉਂਦਾ ਕੀਤਾ। ਇਹ ਡਰਾਮੇਬਾਜ ਪਾਦਰੀ ਭੂਤ ਸ਼ਕਤੀਆਂ ਨੂੰ ਬਾਹਰ ਕੱਢਣ ਦਾ ਨਾਟਕ ਕਰਦੇ ਨਜ਼ਰ ਆਉਂਦੇ ਹਨ। ਫਿਰ 'ਹਲੇਲੂਯਾਹ' ਵਰਗੀਆਂ ਉੱਚੀਆਂ ਆਵਾਜ਼ਾਂ ਕੱਢਦੇ ਹਨ ਤੇ ਇੱਕ ਸਨਕੀ ਨਾਚ ਵੀ ਕਰਦੇ ਹਨ। ਇਹ ਆਪਣੇ ਆਪ ਨੂੰ ਠੀਕ ਸਿਧ ਕਰਨ ਲਈ ਆਪਣੇ ਸ਼ਰਧਾਲੂਆਂ ਦੀਆਂ ਗਵਾਹੀਆਂ ਦਿਵਾਉਂਦੇ ਹਨ ਤਾਂ ਜੋ ਦਿਖਾਇਆ ਜਾ ਸਕੇ ਕਿ ਉਹ ਚਮਤਕਾਰੀ ਹਨ। ਪਰ ਸ਼੍ਰੋਮਣੀ ਕਮੇਟੀ ਤੇ ਪੰਥਕ ਜਥੇਬੰਦੀਆਂ ਇਸ ਅਖੌਤੀ ਚਮਤਕਾਰੀ ਪ੍ਰਚਾਰ ਦਾ ਮੁਕਾਬਲਾ ਕਰਨ ਤੋਂ ਅਸਮਰਥ ਦਿਖਾਈ ਦਿੰਦੀਆਂ ਹਨ।



# ਅਜਨਬੀ...

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

### ਭਾਗ-5



**ਲੇਖਕ : ਆਲਬੇਅਰ ਕਾਮੂ**



**ਅਨੁਵਾਦ : ਮਹਿੰਦਰ ਬੇਦੀ, ਜੈਤੋ**

ਮੈਂ ਹੁਣੇ-ਹੁਣੇ ਜੇਲ ਵਿਚ ਪਾਦਰੀ ਨੂੰ ਤੀਜੀ ਵਾਰੀ ਮਿਲਣ ਤੋਂ ਇਨਕਾਰ ਕੀਤਾ ਏ। ਨਾ ਤਾਂ ਮੇਰੇ ਕੋਲ ਉਸ ਨਾਲ ਕਰਨ ਵਾਲੀ ਕੋਈ ਗੱਲ ਏ ਤੇ ਨਾ ਗੱਲ ਕਰਨ ਨੂੰ ਜੀਅ ਈ ਕਰਦਾ ਏ। ਖ਼ੈਰ ਜੀ, ਬੜੀ ਛੇਤੀ ਮੁਲਾਕਾਤ ਤਾਂ ਹੋਵੇਗੀ ਈ। ਇਨੀਂ ਦਿਨੀਂ ਤਾਂ ਮੇਰੀ ਸਾਰੀ ਦਿਲਚਸਪੀ ਇੱਕੋ ਚੀਜ਼ ਵਿਚ ਏ ਕਿ ਕਿੰਜ ਇਸ ਸਾਰੀ ਮਸ਼ੀਨਰੀ ਦੀਆਂ ਅੱਖਾਂ ਵਿਚ ਘੱਟਾ ਪਾਇਆ ਜਾਵੇ? ਜਾਣਨਾ ਇਹੋ ਚਾਹੁੰਦਾ ਆਂ ਕਿ ਕੀ ਇਸ ਮਾਣਯੋਗ ਹੋਣੀ ਵਿਚ ਕਿਤੇ ਕੋਈ ਗੁੰਜਾਇਸ਼, ਕੋਈ ਦਰਾੜ ਵੀ ਹੈ ਜਾਂ ਨਹੀਂ?

ਮੈਨੂੰ ਦੂਜੀ ਕੋਠੜੀ ਵਿਚੋਂ ਹਟਾਅ ਦਿੱਤਾ ਗਿਆ ਏ। ਇੱਥੇ ਚਿਤ ਲੇਟ ਕੇ ਆਸਮਾਨ ਦਿਖਾਈ ਦਿੰਦਾ ਏ, ਕੁਝ ਹੋਰ ਦੇਖਣ ਵਾਲ ਹੈ ਵੀ ਨਹੀਂ। ਦਿਨ ਦਾ ਮੁਸਾਫ਼ਿਰ ਰਾਤ ਦੀ ਦਿਸ਼ਾ ਵਿਚ ਵਧਦਾ ਜਾ ਰਿਹਾ ਏ। ਤੇ ਆਸਮਾਨ ਦੇ ਇਨਾਂ ਬਦਲਦੇ ਰੰਗਾਂ ਨੂੰ ਦੇਖਦਿਆਂ-ਦੇਖਦਿਆਂ ਸਾਰਾ ਸਮਾਂ ਲੰਘ ਜਾਂਦਾ ਏ। ਮੈਂ ਸਿਰ ਦੇ ਹੇਠਾਂ ਹੱਥ ਰੱਖ ਕੇ ਉਤਾਂਹ ਤੱਕਦਾ ਰਹਿੰਦਾ ਹਾਂ...ਤੱਕਦਾ ਰਹਿੰਦਾ ਹਾਂ, ਤੇ ਉਡੀਕਦਾ ਰਹਿੰਦਾ ਹਾਂ...।

ਗੁੰਜਾਇਸ਼ ਜਾਂ ਦਰਾੜ ਲੱਭ ਲੈਣ ਦੀ ਇਹ ਸਮੱਸਿਆ ਭੂਤ ਵਾਂਗ ਸਿਰ 'ਤੇ ਸਵਾਰ ਏ। ਅੱਜ ਕਲ ਤਾਂ ਹਰ ਵੇਲੇ ਇਕੋ ਗੱਲ ਈ ਸੋਚਦਾ ਰਹਿੰਦਾ ਹਾਂ ਕਿ ਕੀ ਇਸ ਤਰਾਂ ਦੀਆਂ ਘਟਨਾਵਾਂ ਹੋਈਆਂ ਈ ਨਹੀਂ ਕਿ ਮੌਤ ਦੀ ਸਜ਼ਾ ਦੇ ਕੈਦੀ ਨਿਆਂ ਦੀ ਨਿਰਦਈ, ਅਮੋਘ (ਖ਼ਾਲੀ ਨਾ ਜਾਣ ਵਾਲਾ) ਮਸ਼ੀਨ ਦੇ ਪੰਜੇ 'ਚੋਂ ਛੁੱਟ ਕੇ, ਪੁਲਿਸ ਦੇ ਘੇਰੇ ਨੂੰ ਤੋੜ ਕੇ, ਗਰਦਨ 'ਤੇ 'ਗਿਲੋਟਿਨ' (ਟੋਕਾ) ਵੱਜਣ ਤੋਂ ਪਹਿਲਾਂ ਐਨ ਸਮੇਂ 'ਤੇ ਨੌਂ ਦੋ ਗਿਆਰਾਂ ਹੋ ਗਏ ਹੋਣ? ਮੈਂ ਈ ਜਾਣਦਾ ਹਾਂ ਕਿ ਕਿੰਨਾ ਫਿਟਕਾਰਿਆ ਏ ਮੈਂ ਆਪਣੇ-ਆਪ ਨੂੰ ਕਿ ਸਰੇ-ਬਾਜ਼ਾਰ ਫਾਂਸੀ ਲੱਗਣ ਦੇ ਵੇਰਵਿਆਂ ਵੱਲ ਮੈਂ ਪਹਿਲਾਂ ਕਦੀ ਧਿਆਨ ਕਿਉਂ ਨਹੀਂ ਦਿੱਤਾ। ਹਮੇਸ਼ਾ ਆਦਮੀ ਨੂੰ ਅਜਿਹੀਆਂ ਗੱਲਾਂ ਵਿਚ ਦਿਲਚਸਪੀ ਲੈਂਦੇ ਰਹਿਣਾ ਚਾਹੀਦਾ ਏ-ਕੌਣ ਜਾਣੇ ਕਿਸ ਵੇਲੇ ਕੈਸਾ ਮੌਕਾ ਆ ਜਾਵੇ! ਫਾਂਸੀ ਦੇ ਵਰਨਣ ਮੈਂ ਵੀ ਹੋਰਾਂ ਵਾਂਗ ਅਖ਼ਬਾਰਾਂ ਵਿਚ ਪੜ੍ਹੇ ਨੇ, ਪਰ ਇਸ ਵਿਸ਼ੇ ਦਾ ਤਕਨੀਕੀ ਵਰਨਣ ਕਰਨ ਵਾਲੀਆਂ ਪੁਸਤਕਾਂ ਵੀ ਤਾਂ ਆਖ਼ਰ ਹੋਣਗੀਆਂ ਈ। ਉਨਾਂ ਨੂੰ ਲੱਭਣ ਵੱਲ ਮੈਂ ਕਦੀ ਧਿਆਨ ਈ ਨਹੀਂ ਦਿੱਤਾ। ਕੌਣ ਜਾਣੇ ਇਨਾਂ ਕਿਤਾਬਾਂ ਵਿਚ ਮੈਨੂੰ ਭੱਜ ਨਿਕਲਣ ਵਾਲਿਆਂ ਦੀਆਂ ਕੁਝ ਕਹਾਣੀਆਂ ਮਿਲ ਜਾਂਦੀਆਂ! ਤੇ ਜਦੋਂ ਉਹ ਕਹਾਣੀਆਂ ਬਚ ਨਿਕਲਣ ਵਾਲਿਆਂ ਦੀਆਂ ਹੁੰਦੀਆਂ ਤਾਂ ਜ਼ਰੂਰ ਈ ਉਨਾਂ ਵਿਚ ਦੱਸਿਆ ਗਿਆ ਹੁੰਦਾ ਕਿ ਕਿੰਜ ਇਸ ਮਸ਼ੀਨ ਦੇ ਪਹੀਏ ਇਕ ਵਾਰ ਰੁਕ ਗਏ ਸਨ, ਕਿੰਜ ਘਟਨਾਵਾਂ ਦੀ ਮਾਰੂ ਦੌੜ ਵਿਚ ਸਿਰਫ਼ ਇਕ ਵਾਰੀ-ਕਾਸ਼, ਸਿਰਫ਼ ਇਕ ਵਾਰੀ-ਸੰਜੋਗ ਜਾਂ ਚੰਗੀ ਕਿਸਮਤ ਨੇ ਅਜਿਹਾ ਗੁਲ ਖਿਲਾ ਦਿੱਤਾ ਸੀ ਕਿ ਸਾਰਾ ਨਕਸ਼ਾ ਈ ਬਦਲ ਗਿਆ ਸੀ। ਬਸ, ਮੈਨੂੰ ਤਾਂ ਸਿਰਫ਼ ਇਕ ਉਦਾਹਰਨ ਚਾਹੀਦੀ ਏ। ਇਸ ਤਰਾਂ ਦੀ ਇਕੱਲੀ ਘਟਨਾ ਮੈਨੂੰ ਕਿੰਨੀ ਵੱਡੀ ਤਸੱਲੀ, ਕਿੰਨੀ ਮਾਨਸਿਕ ਸ਼ਾਂਤੀ ਦੇ ਜਾਂਦੀ! ਬਾਕੀ ਰੰਗ ਤਾਂ ਮੇਰੇ ਅਹਿਸਾਸ ਖ਼ੁਦ ਈ ਭਰ ਲੈਂਦੇ। ਅਖ਼ਬਾਰਾਂ ਵਿਚ ਅਕਸਰ ਲੋਕ 'ਸਮਾਜ ਦੇ ਕਰਜ਼ੇ' ਦੀ ਚਰਚਾ ਕਰਦੇ ਨੇ। ਕਹਿੰਦੇ ਨੇ ਕਿ ਅਪਰਾਧੀ ਨੂੰ ਤਾਂ ਹਰ ਹਾਲਤ ਵਿਚ ਕਰਜ਼ਾ ਲਾਹੁਣਾ ਈ ਚਾਹੀਦਾ ਏ। ਪਰ ਇਸ ਤਰਾਂ ਦੀਆਂ ਇਹ ਚਰਚਾਵਾਂ ਕਦੀ ਵੀ ਤਾਂ ਕਲਪਨਾ ਨੂੰ ਨਹੀਂ ਛੂੰਹਦੀਆਂ। ਨਹੀਂ, ਇਹ ਸਭ ਨਹੀਂ। ਮੇਰੇ ਲਈ ਤਾਂ ਬਸ ਇਕੋ ਚੀਜ਼ ਜ਼ਿੰਦਗੀ-ਮੌਤ ਦਾ ਸਵਾਲ ਬਣ ਗਈ ਸੀ ਕਿ ਕਿੰਜ ਇਕੋ ਝਟਕੇ, ਇਕੋ ਹੱਲੇ ਨਾਲ ਅਜਿਹਾ ਕੁਝ ਕਰ ਦਿਆਂ ਕਿ ਇਨਾਂ ਲੋਕਾਂ ਦਾ ਇਹ ਖ਼ੂਨੀ ਮਨਸੂਬਾ ਧਰਿਆ ਰਹਿ ਜਾਵੇ। ਛੁੱਟ ਭੱਜਣ ਦੀ ਇਕ ਜਨੂੰਨੀ ਮਹਾ-ਭਗਦੜ ਦੀ ਕਲਪਨਾ ਵਿਚ ਈ ਮੈਨੂੰ ਉਮੀਦ ਦੀ ਇਕ ਕਿਰਨ ਦਿਖਾਈ ਦਿੰਦੀ ਸੀ, ਕੌਣ ਜਾਣੇ ਪਾਸਾ ਈ ਪਲਟ ਜਾਵੇ! ਇਸ (ਆਸ)! ਦਾ ਜੋ ਅੰਤ ਹੋਣਾ ਸੀ ਉਹ ਵੀ ਮੈਂ ਚੰਗੀ ਤਰਾਂ ਜਾਣਦਾ ਸੀ-ਭੱਜੇ ਜਾਂਦੇ ਨੂੰ ਕਿਸੇ ਸੜਕ ਦੇ ਮੋੜ 'ਤੇ ਡੇਗ ਲਿਆ ਜਾਂਦਾ ਤੇ ਪਿੱਠ ਵਿਚ ਗੋਲੀ ਮਾਰ ਕੇ ਭੋਗ ਪਾ ਦਿੱਤਾ ਜਾਂਦਾ। ਪਰ ਸਭ ਕੁਝ ਮੰਨਦੇ ਹੋਏ ਵੀ ਇਹ 'ਦੌੜ' ਮੇਰੀ ਕਿਸਮਤ ਵਿਚ ਨਹੀਂ ਸੀ ਲਿਖੀ ਹੋਈ। ਮੈਂ ਤਾਂ ਅਜਿਹੀ ਚੂਹੇਦਾਨੀ ਵਿਚ ਜਾ ਫਸਿਆ ਸੀ ਕਿ ਕੋਈ ਰਸਤਾ ਈ ਨਜ਼ਰ ਨਹੀਂ ਸੀ ਆਉਂਦਾ ਪਿਆ। ਪਰ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਇਹ ਹੋਣੀ ਮੇਰੇ ਗਲੋਂ ਨਹੀਂ ਸੀ ਲੱਥ ਰਹੀ। ਇਸਦਾ ਕਾਰਨ ਸੀ। ਵਿਚਾਰ ਕਰਨ 'ਤੇ ਲੱਗਦਾ ਕਿ ਜਿਸ ਫ਼ੈਸਲੇ ਦੇ ਆਧਾਰ 'ਤੇ ਇਹ ਟਿਕੀ ਹੋਈ ਏ, ਉਸ ਵਿਚ ਤੇ ਫ਼ੈਸਲਾ ਸੁਣਾ ਚੁੱਕਣ ਦੇ ਬਾਅਦ ਸ਼ੁਰੂ ਹੋਣ ਵਾਲੇ ਅਟਲ ਘਟਨਾ ਚੱਕਰ ਵਿਚਾਲੇ ਕੋਈ ਅਨੁਪਾਤ, ਕੋਈ ਸੰਤੁਲਨ, ਈ ਨਹੀਂ ਸੀ ਦਿਖਾਈ ਦਿੰਦਾ। ਉਦਾਹਰਨ ਵਜੋਂ ਪਹਿਲੀ ਗੱਲ ਤਾਂ ਇਹ ਕਿ ਫ਼ੈਸਲਾ ਪੰਜ ਦੀ ਬਜਾਏ ਅੱਠ ਵਜੇ ਪੜ੍ਹ ਕੇ ਸੁਣਾਇਆ ਗਿਆ। ਦੂਜੀ ਗੱਲ ਇਹ ਕਿ ਫ਼ੈਸਲਾ ਇਹ ਨਾ ਹੋ ਕੇ ਕੁਝ ਹੋਰ ਵੀ ਹੋ ਸਕਦਾ ਸੀ। ਤੀਜੀ ਗੱਲ ਇਹ ਕਿ ਇਹ ਫ਼ੈਸਲਾ ਉਨਾਂ ਲੋਕਾਂ ਨੇ ਦਿੱਤਾ ਸੀ ਜਿਹੜੇ ਬਾਹਰੀ ਕੱਪੜੇ ਤਾਂ ਹਮੇਸ਼ਾ ਇਕੋ-ਜਿਹੇ ਈ ਪਾਉਂਦੇ ਨੇ, ਪਰ ਅੰਦਰੂਨੀ ਭੇਸ ਬਦਲਦੇ ਰਹਿੰਦੇ ਨੇ। ਚੌਥੀ ਗੱਲ ਇਹ ਕਿ ਫ਼ੈਸਲਾ 'ਫਰਾਂਸੀਸੀ ਜਨਤਾ' ਜਿਹੀ ਨਿਰਾਕਾਰ ਤੇ ਅਸਪਸ਼ਟ-ਜਿਹੀ ਚੀਜ਼ ਦੇ ਨਾਂ 'ਤੇ ਲੱਦਿਆ ਗਿਆ ਸੀ। ਇਹੀ ਜੇ ਮੈਂ ਇਹ ਪੁੱਛਾਂ ਕਿ ਇਹ ਕੰਮ 'ਚੀਨੀ' ਜਾਂ 'ਜਰਮਨ ਜਨਤਾ' ਦੇ ਨਾਂ 'ਤੇ ਕਿਉਂ ਨਹੀਂ ਕੀਤਾ ਗਿਆ ਫੇਰ? ਇਸ ਤਰਾਂ ਇਹ ਸਾਰੀਆਂ ਗੱਲਾਂ ਸਨ, ਜਿਨਾਂ ਨੇ ਮੇਰੀ ਸਮਝ ਅਨੁਸਾਰ ਅਦਾਲਤ ਦੇ ਫ਼ੈਸਲੇ ਦੀ ਗੰਭੀਰਤਾ ਨੂੰ ਧੋ ਦਿੱਤਾ ਸੀ। ਚਲੋ ਖ਼ੈਰ, ਏਨਾ ਜ਼ਰੂਰ ਏ ਕਿ ਫ਼ੈਸਲਾ ਦਿੱਤੇ ਜਾਣ ਦੇ ਛਿਣ ਤੋਂ ਈ ਉਸਦੇ ਸਿੱਟੇ ਤੇ ਪ੍ਰਤੀਕ੍ਰਿਆ ਏਨੀ ਠੋਸ, ਸਪੱਸ਼ਟ ਤੇ ਤਿੱਖੇ ਰੂਪ ਵਿਚ ਸਾਹਮਣੇ ਆਏ ਕਿ ਮੈਂ ਉਨਾਂ ਨੂੰ ਪਛਾਣੇ ਬਿਨਾਂ ਨਹੀਂ ਰਿਹਾ ਤੇ ਸਾਕਾਰ ਇਸ ਰੂਪ ਵਿਚ ਦੇਖਣ ਲੱਗਾ ਜਿਵੇਂ ਇਸ ਕੰਧ ਨੂੰ ਦੇਖਦਾ ਹਾਂ, ਜਿਸ ਨਾਲ ਢੋਅ ਲਾਈ ਬੈਠਾ ਹਾਂ।

ਜਦੋਂ ਇਸ ਤਰਾਂ ਦੇ ਵਿਚਾਰ ਦਿਮਾਗ਼ ਵਿਚ ਆ ਰਹੇ ਸਨ ਤਾਂ ਪਿਤਾ ਜੀ ਦੀ ਇਕ ਕਹਾਣੀ ਯਾਦ ਆ ਗਈ। ਮੈਂ ਤਾਂ ਕਦੀ ਉਨਾਂ ਨੂੰ ਅੱਖੀਂ ਨਾਲ ਦੇਖਿਆ ਨਹੀਂ, ਮਾਂ ਈ ਸੁਣਾਉਂਦੀ ਹੁੰਦੀ ਸੀ। ਵੈਸੇ ਵੀ ਮਾਂ ਦੇ ਮੂੰਹੋਂ ਜੋ ਕੁਝ ਸੁਣਿਆਂ ਏ, ਉਨਾਂ ਬਾਰੇ ਓਨਾਂ ਈ ਜਾਣਦਾ ਹਾਂ। ਉਸੇ ਸੁਣੇ ਹੋਏ ਵਿਚ ਏ-ਇਕ ਵਾਰੀ ਉਹ ਕਿਸੇ ਹੱਤਿਆਰੇ ਨੂੰ ਫਾਂਸੀ ਲੱਗਦੀ ਦੇਖਣ ਗਏ। ਬਾਅਦ ਵਿਚ ਤਾਂ ਉਸ ਬਾਰੇ ਸੋਚ ਕੇ ਈ ਉਨਾਂ ਨੂੰ ਉਲਟੀ ਆ ਜਾਂਦੀ ਸੀ, ਪਰ ਉੱਥੇ ਉਨਾਂ ਸ਼ੁਰੂ ਤੋਂ ਅਖ਼ੀਰ ਤੀਕ ਦੇਖਿਆ ਸੀ ਤੇ ਆਉਂਦੇ ਈ ਬੁਰੀ ਤਰਾਂ ਬਿਮਾਰ ਹੋ ਗਏ ਸਨ। ਓਹਨੀਂ ਦਿਨੀਂ ਮੈਨੂੰ ਪਿਤਾ ਜੀ ਦੀ ਇਹ ਗੱਲ ਬੜੀ ਬੇਹੂਦੀ ਲੱਗਦੀ ਸੀ। ਪਰ ਹੁਣ ਸਮਝ ਵਿਚ ਆਇਆ ਕਿ ਉਹ ਗੱਲ ਕਿੰਨੀ ਸੁਭਾਵਕ ਸੀ। ਕਿੰਜ ਉਸ ਸਮੇਂ ਇਹ ਗੱਲ ਮੇਰੇ ਦਿਮਾਗ਼ ਵਿਚ ਨਹੀਂ ਸੀ ਵੜੀ ਕਿ ਸਰੇ-ਆਮ ਫਾਂਸੀ ਲੱਗਣ ਨਾਲੋਂ ਵੱਧ ਮਹੱਤਵਪੂਰਨ ਗੱਲ ਦੁਨੀਆਂ ਵਿਚ ਹੋਰ ਕਿਹੜੀ ਹੋਵੇਗੀ? ਤੇ ਇਹ ਕਿ ਜੇ ਇਕ ਨਜ਼ਰ ਨਾਲ ਦੇਖਿਆ ਜਾਵੇ ਤਾਂ ਇਹੀ ਇਕ ਚੀਜ਼ ਏ, ਜਿਸ ਵਿਚ ਆਦਮੀ ਦੀ ਸੱਚੀ ਦਿਲਚਸਪੀ ਹੋ ਸਕਦੀ ਏ। ਤੇ ਤੁਰੰਤ ਮੈਂ ਇਹ ਤੈਅ ਕਰ ਲਿਆ ਕਿ ਜੇ ਕਦੀ ਜੇਲ 'ਚੋਂ ਛੁੱਟਿਆ ਤਾਂ ਜਿੱਥੇ-ਜਿੱਥੇ ਵੀ ਫਾਂਸੀ ਲੱਗੇਗੀ ਜ਼ਰੂਰ ਦੇਖਣ ਜਾਵਾਂਗਾ। ਪਰ ਛੁੱਟਣ ਦੀ ਇਸ ਸੰਭਾਵਨਾ ਬਾਰੇ ਸੋਚਣਾ ਈ ਸਭ ਤੋਂ ਵੱਡੀ ਬੇਵਕੂਫ਼ੀ ਸੀ। ਮੈਂ ਕਲਪਨਾ ਕਰਨ ਲੱਗਾ ਜਿਵੇਂ ਮੈਂ ਸੁਤੰਤਰ ਆਦਮੀ ਹਾਂ ਤੇ ਪੁਲਿਸ ਦੀ ਦੋਹਰੀ ਲਾਈਨ ਦੇ ਪਿੱਛੇ ਯਾਨੀ ਖ਼ਤਰੇ ਤੋਂ ਬਾਹਰ ਸੁਰੱਖਿਅਤ ਜਗ੍ਹਾ 'ਤੇ ਖੜਾ ਫਾਂਸੀ ਦੇ ਦ੍ਰਿਸ਼ ਨੂੰ ਦੇਖ ਰਿਹਾ ਹਾਂ। ਇਸ ਵਿਚਾਰ ਨਾਲ ਈ ਮੇਰਾ ਮਨ ਆਨੰਦ ਤੇ ਖ਼ੁਸ਼ੀ ਨਾਲ ਭਰ ਗਿਆ ਕਿ ਮੈਂ ਵੀ ਤਮਾਸ਼ਾ ਦੇਖਣ ਆਏ ਸੈਂਕੜੇ ਦਰਸ਼ਕਾਂ ਵਿਚੋਂ ਇਕ ਹਾਂ ਤੇ ਨਿੱਡਰ ਭਾਵ ਨਾਲ ਘਰ ਜਾ ਕੇ ਜ਼ਰੂਰ ਉਲਟੀਆਂ ਕਰ ਸਕਦਾ ਹਾਂ। ਪਰ ਇੰਜ ਕਲਪਨਾ ਦੇ ਘੋੜੇ ਦੀਆਂ ਲਗਾਮਾਂ ਢਿੱਲੀਆਂ ਛੱਡਣ ਨਾਲ ਕੀ ਹੱਥ ਆਉਣ ਵਾਲਾ ਸੀ? ਸ਼ੁੱਧ ਸ਼ੇਖ ਚਿੱਲੀਪੁਣਾ ਸੀ। ਸੋ ਕੁਝ ਚਿਰ ਬਾਅਦ ਈ ਮੈਨੂੰ ਕਾਂਬਾ ਛਿੜ ਪਿਆ। ਕੱਸ ਕੇ ਚਾਰੇ ਪਾਸੇ ਕੰਬਲ ਲਪੇਟ ਲਿਆ। ਪਰ ਦੰਦ ਇਸ ਤਰਾਂ ਵੱਜ ਰਹੇ ਸਨ ਕਿ ਰੁਕਣ ਦਾ ਨਾਂ ਈ ਨਹੀਂ ਸੀ ਲੈਂਦੇ ਪਏ।



ਫੇਰ ਵੀ ਇਹ ਜੱਗ-ਜ਼ਾਹਰ ਗੱਲ ਏ ਕਿ ਆਦਮੀ ਹਮੇਸ਼ਾ ਅਕਲਮੰਦ ਬਣਿਆਂ ਨਹੀਂ ਰਹਿੰਦਾ। ਸ਼ੇਖ਼ ਚਿੱਲੀ ਵਾਲੀਆਂ ਜੋ-ਜੋ ਗੱਲਾਂ ਮੈਂ ਸੋਚਦਾ ਹੁੰਦਾ ਸੀ, ਉਨਾਂ ਵਿਚ ਇਕ ਇਹ ਵੀ ਸੀ ਕਿ ਮੈਂ ਨਵੇਂ-ਨਵੇਂ ਕਾਨੂੰਨ ਬਣਾ ਕੇ ਸਾਰੀਆਂ ਸਜ਼ਾਵਾਂ ਬਦਲ ਦਿਆਂਗਾ। ਮੇਰੇ ਹਿਸਾਬ ਨਾਲ ਸਭ ਤੋਂ ਵੱਡੀ ਜ਼ਰੂਰਤ ਇਕ ਗੱਲ ਦੀ ਸੀ ਤੇ ਉਹ ਇਹ ਕਿ ਅਪਰਾਧੀ ਨੂੰ ਘੱਟੋਘੱਟ ਇਕ ਮੌਕਾ ਤਾਂ ਜ਼ਰੂਰ ਈ ਦਿੱਤਾ ਜਾਣਾ ਚਾਹੀਦਾ ਏ। ਉਹ ਮੌਕਾ ਭਾਵੇਂ ਕਿੰਨਾ ਵੀ ਮੋਇਆ-ਮੁੱਕਿਆ ਹੋਵੇ। ਪਰ ਹਜ਼ਾਰਾਂ ਵਿਚੋਂ ਇਕ ਮੌਕਾ ਤਾਂ ਬਚਣ ਦਾ ਉਸਨੂੰ ਮਿਲਣਾ ਈ ਚਾਹੀਦਾ ਏ। ਮੰਨ ਲਓ ਕਿਸੇ ਦਵਾ ਜਾਂ ਦਵਾਈ ਦਾ ਮਿਸ਼ਰਨ ਏ, ਨੌਂ ਸੌ ਨੜਿਨਵੇਂ ਵਾਰ 'ਮਰੀਜ਼' ਦੀ (ਮੈਂ ਅਪਰਾਧੀ ਨੂੰ ਮਰੀਜ਼ ਮੰਨ ਕੇ ਈ ਚੱਲਦਾ ਹਾਂ) ਦੀ ਜਾਨ ਲੈ ਸਕਦਾ ਏ-ਤੇ ਇਸ ਗੱਲ ਨੂੰ 'ਮਰੀਜ਼' ਵੀ ਚੰਗੀ ਤਰਾਂ ਜਾਣਦਾ ਏ ਕਿ ਦਵਾਈ ਖਾ ਕੇ ਉਹ ਜਿਉਂਦਾ ਨਹੀਂ ਬਚੇਗਾ। ਹੁਣ ਇਸ ਵਿਚ ਵੀ ਕਿਤੇ ਨਾ ਕਿਤੇ, ਜ਼ਰਾ ਜਿੰਨੀ ਉਮੀਦ ਜਾਂ ਬਚ ਨਿਕਲਣ ਦੇ ਮੌਕੀ ਦੀ ਸੰਭਾਵਨਾ ਤਾਂ ਹੈ ਈ। ਪਰ ਇਸ 'ਗਿਲੋਟਿਨਬਾਜ਼ੀ' ਬਾਰੇ ਮੈਂ ਠਿੱਠ ਕੇ ਕਾਫੀ ਸੋਚ ਵਿਚਾਰ ਕੀਤੀ ਤਾਂ ਦੇਖਿਆ ਕਿ ਇਸ ਵਿਚ ਤਾਂ ਮੌਤ ਦੀ ਸਜ਼ਾ ਵਾਲੇ ਆਦਮੀ ਨੂੰ ਕਿਤੇ ਰੱਤੀ ਭਰ ਵੀ ਕੋਈ ਮੌਕਾ ਨਜ਼ਰ ਨਹੀਂ ਆਉਂਦਾ। ਇਹੀ ਇਸਦੀ ਸਭ ਤੋਂ ਵੱਡੀ ਖ਼ਰਾਬੀ ਏ। ਇੱਥੇ ਤਾਂ ਸਭ ਕੁਝ ਪਹਿਲਾਂ ਈ ਤੈਅ ਕੀਤਾ ਹੁੰਦਾ ਏ ਤੇ ਇਹ ਮੰਨ ਕੇ ਚੱਲਿਆ ਜਾਂਦਾ ਏ ਕਿ ਭਾਵੇਂ ਚੰਦ-ਸੂਰਜ ਟਲ ਜਾਣ ਪਰ 'ਮਰੀਜ਼' ਦੀ ਮੌਤ ਨਹੀਂ ਟਲ ਸਕਦੀ। ਮੰਨ ਲਓ ਕਿਸੇ ਵਾਰੀ ਸੰਜੋਗ ਨਾਲ ਟੋਕਾ ਕੰਮ ਨਾ ਕਰੇ ਤਾਂ ਜੱਲਾਦ ਦੁਬਾਰਾ ਚਲਾਉਣਗੇ। ਇਸ ਤਰਾਂ ਨਤੀਜਾ ਇਹ ਨਿਕਲਿਆ ਕਿ ਕੁਦਰਤ ਦੇ ਭਾਵੇਂ ਕਿੰਨਾ ਈ ਖ਼ਿਲਾਫ਼ ਜਾਂਦਾ ਹੋਵੇ, ਪਰ ਮਰਨ ਵਾਲੇ ਨੂੰ ਇਹ ਮੰਨ ਕੇ ਈ ਚੱਲਣਾ ਚਾਹੀਦਾ ਏ ਕਿ ਮਸ਼ੀਨ ਠੀਕ-ਠਾਕ ਕੰਮ ਕਰ ਰਹੀ ਏ ਤੇ ਉਸ ਵਿਚ ਕਿਤੇ ਕੋਈ ਗੜਬੜ ਨਹੀਂ। ਮੇਰੇ ਖ਼ਿਆਲ ਵਿਚ ਇਹ ਇਸ ਤਰੀਕੇ ਦੀ ਖ਼ਾਮੀ ਏ। ਉਂਜ ਦੇਖਣ ਵਿਚ ਮੇਰੀ ਗੱਲ ਖਾਸੀ ਵਜ਼ਨਦਾਰ ਵੀ ਏ। ਪਰ ਦੂਜੇ ਪੱਖ ਤੋਂ ਦੇਖੀਏ ਤਾਂ ਇਸ ਨਾਲ ਇਸ ਤਰੀਕੇ ਦੀ ਨਿਰਦੋਸ਼ ਕੁਸ਼ਲਤਾ ਈ ਜ਼ਾਹਰ ਹੁੰਦੀ ਏ। ਤਾਂ ਸਭ ਮਿਲਾ ਕੇ ਅਸੀਂ ਇਸ ਨਤੀਜੇ 'ਤੇ ਪਹੁੰਚੇ ਕਿ ਫਾਂਸੀ ਲੱਗਣ ਵਾਲੇ ਆਦਮੀ ਨੂੰ ਆਪਣੇ ਮਰਨ ਵਿਚ ਮਾਨਸਿਕ ਰੂਪ ਵਿਚ ਸਹਿਯੋਗ ਦੇਣਾ ਈ ਚਾਹੀਦਾ ਏ ਤੇ ਉਸਦਾ 'ਹਿਤ' ਇਸੇ ਗੱਲ ਵਿਚ ਏ ਕਿ ਫਾਂਸੀ ਦੀ ਇਹ ਸਾਰੀ ਕਿਰਿਆ ਬਿਨਾਂ ਕਿਸੇ ਰੋਕ-ਰੁਕਾਵਟ ਤੋਂ ਪੂਰੀ ਹੋ ਜਾਵੇ।

ਦੂਜੀ ਗੱਲ ਮੈਨੂੰ ਇਹ ਸਵੀਕਾਰ ਕਰਨੀ ਪਈ ਕਿ ਅਜੇ ਤੀਕ ਇਸ ਬਾਰੇ ਵਿਚ ਮੇਰੀ ਜਾਣਕਾਰੀ ਬੜੀਆਂ ਗਲਤ-ਮਲਤ ਗੱਲਾਂ ਨਾਲ ਭਰੀ ਹੋਈ ਸੀ। ਕਾਰਨ ਨਹੀਂ ਜਾਣਦਾ ਪਰ ਮੈਂ ਤਾਂ ਹਮੇਸ਼ਾ ਇਹੀ ਸੋਚਦਾ ਹੁੰਦਾ ਸੀ ਕਿ ਪਹਿਲਾਂ ਪੌੜੀ ਰਾਹੀਂ ਮਚਾਨ 'ਤੇ ਚੜ੍ਹਾ ਦਿੰਦੇ ਨੇ, ਫੇਰ ਉੱਥੇ 'ਗਲੋਟਿਟ' ਨਾਲ ਗਲ਼ਾ ਕੱਟ ਦਿੱਤਾ ਜਾਂਦਾ ਏ। 1789 ਦੀ ਰਾਜ-ਕ੍ਰਾਂਤੀ ਬਾਰੇ ਮੈਂ ਸਕੂਲ ਵਿਚ ਜੋ ਕੁਝ ਪੜ੍ਹਿਆ ਸੀ ਤੇ ਜਿਹੜੇ ਚਿੱਤਰ ਦੇਖੇ ਸੀ, ਸ਼ਾਇਦ ਉਸੇ ਆਧਾਰ 'ਤੇ ਇਹ ਖ਼ਿਆਲ ਮਨ ਨੂੰ ਜਚ ਗਿਆ ਸੀ। ਫੇਰ ਇਕ ਦਿਨ ਸਵੇਰੇ-ਸਵੇਰੇ ਮੈਨੂੰ ਇਕ ਤਸਵੀਰ ਦਾ ਚੇਤਾ ਆਇਆ। ਇਕ ਅਖ਼ਬਾਰ ਨੇ ਕਿਸੇ ਪ੍ਰਸਿੱਧ ਅਪਰਾਧੀ ਨੂੰ ਫਾਂਸੀ ਲੱਗਣ ਮੌਕੇ ਦਾ ਤਸਵੀਰਾਂ ਸਮੇਤ ਲੇਖ ਛਾਪਿਆ ਸੀ, ਉਸ ਵਿਚ ਇਹ ਤਸਵੀਰ ਵੀ ਛਾਪੀ ਸੀ। ਇੱਥੇ ਤਾਂ ਟੋਕੇ ਵਾਲੀ ਮਸ਼ੀਨ ਜ਼ਮੀਨ 'ਤੇ ਈ ਖੜੀ ਸੀ ਤੇ ਜਿੰਨੀ ਚੌੜੀ ਮੈਂ ਸੋਚੀ ਸੀ, ਉਸ ਨਾਲੋਂ ਕਾਫੀ ਘੱਟ ਚੌੜੀ ਸੀ। ਮੈਨੂੰ ਤਾਂ ਮਸ਼ੀਨ ਵਿਚ ਵੀ ਅਜਿਹੀ ਕੋਈ ਖਾਸ ਗੱਲ ਨਹੀਂ ਸੀ ਲੱਗੀ। ਇਹ ਦੇਖ ਕੇ ਵੀ ਮੈਨੂੰ ਬੜਾ ਅਜੀਬ-ਜਿਹਾ ਲੱਗਿਆ ਕਿ ਅੱਜ ਤੀਕ ਇਸ ਮਸ਼ੀਨ ਦਾ ਮੈਨੂੰ ਖ਼ਿਆਲ ਕਿਉਂ ਨਹੀਂ ਸੀ ਆਇਆ। ਉਸ ਤਸਵੀਰ ਵਿਚ ਜਿਸ ਚੀਜ਼ ਨੇ ਸਭ ਤੋਂ ਵੱਧ ਮੇਰਾ ਧਿਆਨ ਖਿੱਚਿਆ, ਉਹ ਸੀ ਟੋਕੇ ਵਾਲੀ ਮਸ਼ੀਨ ਦੀ ਸਾਫ਼-ਸੁਥਰੀ ਸ਼ਕਲ। ਉਸਦੀ ਚਮਕ ਤੇ ਬਣਾਵਟ ਦੀ ਸਫ਼ਾਈ ਦੇਖ ਕੇ ਕਿਸੇ ਵਿਗਿਆਨਕ ਪ੍ਰਯੋਗਸ਼ਾਲਾ ਦੀ ਯਾਦ ਆਉਂਦੀ ਸੀ। ਆਦਮੀ ਜਿਸ ਬਾਰੇ ਕੁਝ ਨਹੀਂ ਜਾਣਦਾ, ਉਸਨੂੰ ਖ਼ੂਬ ਵਧਾਅ-ਚੜ੍ਹਾਅ ਕੇ ਸੋਚਦਾ ਏ। ਪਰ ਇਸ ਸਮੇਂ ਮੈਨੂੰ ਮੰਨਣਾ ਪਿਆ ਕਿ ਗਿਲੋਟਿਨ ਨਾਲ ਗਰਦਨ ਵੱਢਣਾ ਤਾਂ ਬੜਾ ਈ ਆਸਾਨ ਤੇ ਸਿੱਧਾ ਏ। ਜਿਸ ਤਲ ਤੇ ਆਦਮੀ ਖੜਾ ਹੁੰਦਾ ਏ, ਉਸੇ 'ਤੇ ਮਸ਼ੀਨ ਹੁੰਦੀ ਏ ਤੇ ਉਹ ਮਸ਼ੀਨ ਵੱਲ ਇੰਜ ਕਦਮ ਵਧਾਉਂਦਾ ਏ ਜਿਵੇਂ ਆਪਣੇ ਕਿਸੇ ਜਾਣ-ਪਛਾਣ ਵਾਲੇ ਨੂੰ ਮਿਲਣ ਜਾ ਰਿਹਾ ਹੋਵੇ। ਪਰ ਇਕ ਤਰਾਂ ਨਾਲ ਇਹ ਗੁਨਾਹ-ਬੇਲੱਜ਼ਤ ਈ ਏ। ਮਚਾਨ 'ਤੇ ਚੜ੍ਹਨਾ, ਭਾਵ ਦੁਨੀਆਂ ਨੂੰ ਹੇਠਾਂ ਛੱਡ ਕੇ ਉੱਚਾ ਉੱਠਣਾ-ਕਲਪਨਾ ਨੂੰ ਕੁਝ ਤਾਂ ਸਹਾਰਾ ਦਿੰਦਾ ਈ ਏ। ਤੇ ਇੱਥੇ? ਇੱਥੇ ਤਾਂ ਲੈ ਦੇ ਕੇ ਮਸ਼ੀਨ ਈ ਸਭ ਉੱਤੇ ਛਾਈ ਰਹਿੰਦੀ ਏ। ਹਲਕੀ-ਜਿਹੀ ਸ਼ਰਮ, ਪਰ ਬੇਹੱਦ ਹੁਸ਼ਿਆਰੀ ਨਾਲ ਅਪਰਾਧੀ ਨੂੰ ਫੜਿਆ ਤੇ ਬੜੀ ਸਫ਼ਾਈ ਨਾਲ ਉਸਦੀ ਗਰਦਨ ਲਾਹ ਦਿੱਤੀ।

ਅਗਲੀ ਸਵੇਰ ਦਾ ਚੜ੍ਹਨਾ ਤੇ ਮੇਰੀ ਅਪੀਲ, ਇਹ ਦੋ ਗੱਲਾਂ ਹੋਰ ਸੀ ਜਿਨਾਂ ਦਾ ਖ਼ਿਆਲ ਹਮੇਸ਼ਾ ਮੇਰੇ ਦਿਮਾਗ਼ 'ਤੇ ਛਾਇਆ ਰਹਿੰਦਾ ਸੀ। ਉਂਜ ਕੋਸ਼ਿਸ਼ ਮੈਂ ਬੜੀ ਕਰਦਾ ਸੀ ਕਿ ਆਪਣੇ ਮਨ ਨੂੰ ਇਹਨਾਂ ਵਿਚਾਰਾਂ ਤੋਂ ਲਾਂਭੇ ਰੱਖਾਂ। ਚਿੱਤ ਲੇਟ ਜਾਂਦਾ ਤੇ ਮਨ ਨੂੰ ਘੇਰ-ਘੂਰ ਕੇ ਆਕਾਸ਼ ਦਾ ਅਧਿਐਨ ਕਰਨ ਵਿਚ ਉਲਝਾਈ ਰੱਖਦਾ। ਚਾਨਣ ਹਰਾ ਹੋਣ ਲੱਗਦਾ ਤਾਂ ਸਮਝ ਲੈਂਦਾ ਹੁਣ ਰਾਤ ਹੋਵੇਗੀ। ਵਿਚਾਰਾਂ ਦੇ ਪ੍ਰਵਾਹ ਨੂੰ ਠੱਲੀ ਰੱਖਣ ਲਈ ਦੂਜਾ ਕੰਮ ਮੈਂ ਆਪਣੇ ਦਿਲ ਦੀ ਧੜਕਣ ਸੁਣਨ ਦਾ ਕਰਦਾ। ਸੋਚਿਆ ਈ ਨਹੀਂ ਸੀ ਕਿ ਏਨੇ ਦਿਨ-ਰਾਤ ਮੇਰੀ ਛਾਤੀ ਵਿਚ ਚੱਲਦੀ ਰਹਿਣ ਵਾਲੀ ਇਹ ਨਾਜ਼ੁਕ-ਮਲੂਕ ਧੜਕਣ ਅਚਾਨਕ ਕਿਸੇ ਦਿਨ ਬੰਦ ਵੀ ਹੋ ਜਾਵੇਗੀ। ਕਲਪਨਾ ਕਦੀ ਮੇਰੇ ਸੁਭਾ ਦਾ ਮੁੱਖ ਗੁਣ ਨਹੀਂ ਰਹੀ, ਫੇਰ ਵੀ ਮੈਂ ਦੇਖ ਲੈਣ ਦੀ ਕੋਸ਼ਿਸ਼ ਕਰਦਾ ਕਿ ਇਕ ਦਿਨ ਜਦੋਂ ਮੇਰੇ ਦਿਲ ਦੀ ਇਹ ਧੜਕਣ ਦਿਮਾਗ਼ ਨੂੰ ਲਹਿਰਾਂ-ਤਰੰਗਾਂ ਭੇਜਣੀਆਂ ਬੰਦ ਕਰ ਦਵੇਗੀ, ਉਦੋਂ ਮੈਨੂੰ ਕਿੰਜ ਲੱਗੇਗਾ! ਦਿਮਾਗ਼ ਕੰਮ ਈ ਨਹੀਂ ਸੀ ਕਰਦਾ। ਉੱਥੇ ਤਾਂ ਅਗਲੇ ਪਹੁ-ਫੁਟਾਲਾ ਤੇ ਆਪਣੀ ਅਪੀਲ ਛਾਈ ਹੁੰਦੀ ਤੇ ਉਦੋਂ ਇਹ ਮੰਨ ਕੇ ਮੈਂ ਹਥਿਆਰ ਸੁੱਟ ਦਿੰਦਾ ਕਿ ਵਿਚਾਰ-ਪ੍ਰਵਾਹ ਨੂੰ ਕੁਦਰਤੀ ਮਾਰਗ ਤੋਂ ਜਬਰਦਸਤੀ ਹਟਾਉਣ ਦੀ ਕੋਸ਼ਿਸ਼ ਕਰਨਾ ਸਰਾਸਰ ਬੇਵਕੂਫ਼ੀ ਏ।

ਏਨਾ ਮੈਨੂੰ ਪਤਾ ਸੀ ਕਿ ਬੁਲਾਵਾ ਹਮੇਸ਼ਾ ਸਵੇਰੇ-ਸਵਖਤੇ ਈ ਆਉਂਦਾ ਏ, ਇਸ ਲਈ ਸਾਰੀ ਰਾਤ ਸੱਚਮੁੱਚ ਪਹੁ-ਫੁਟਾਲੇ ਦੀ ਉਡੀਕ ਵਿਚ ਜਾਗਦਿਆਂ ਈ ਬੀਤਦੀ। ਮੈਨੂੰ ਇਹ ਕਤਈ ਚੰਗਾ ਨਹੀਂ ਸੀ ਲੱਗਦਾ ਕਿ ਅਚਾਨਕ ਕੋਈ ਗੱਲ ਹੋਵੇ ਤੇ ਮੈਂ ਬੌਂਦਲ-ਭੰਵਤਰ ਜਾਵਾਂ। ਚਾਹੁੰਦਾ ਹਾਂ ਮੇਰੇ ਨਾਲ ਕੁਝ ਵੀ ਕਿਉਂ ਨਾ ਹੋਵੇ, ਮੈਂ ਹਮੇਸ਼ਾ ਕਮਰ-ਕਸੀ ਤਿਆਰ ਖੜਾ ਮਿਲਾਂ। ਇਸ ਲਈ ਦਿਨੇ ਮਾੜੀ-ਮੋਟੀ ਝਪਕੀ ਲੈਣ ਤੇ ਸਾਰੀ ਰਾਤ ਜਾਗ ਕੇ ਕਾਲੇ ਆਸਮਾਨੀ ਗੁੰਬਦ ਵਿਚ ਪਹੁ-ਫੁਟਾਲੇ ਤੋਂ ਪਹਿਲਾਂ ਦੇ ਆਸਾਰ ਲੱਭਣ ਦੀ ਆਦਤ ਪਾ ਲਈ ਸੀ। ਸਭ ਨਾਲੋਂ ਵੱਧ ਦੁੱਖਦਾਈ ਸਮਾਂ ਮੇਰੇ ਲਈ ਰਾਤ ਦਾ ਉਹ ਧੁੰਦਲਾ, ਅਨਿਸ਼ਚਿਤ ਪਹਿਰ ਹੁੰਦਾ ਸੀ, ਜਦੋਂ ਕਿਹਾ ਜਾਂਦਾ ਏ, ਬੁਲਾਉਣ ਲਈ ਆਉਂਦੇ ਨੇ। ਇਕ ਵਾਰੀ ਤਾਂ ਮੈਂ ਅੱਧੀ ਰਾਤ ਨੂੰ ਈ ਕੰਨ ਖੜੇ ਕਰਕੇ ਬਾਹਰਲੀ ਬਿੜਕ ਲੈਣ ਲੱਗ ਪਿਆ ਸੀ। ਮੇਰੇ ਕੰਨਾਂ ਨੇ ਐਨੇ ਤਰਾਂ ਦੀਆਂ ਆਵਾਜ਼ਾਂ, ਏਨੀਆਂ ਮੱਧਮ ਆਹਟਾਂ ਸ਼ਾਇਦ ਇਸ ਤੋਂ ਪਹਿਲਾਂ ਕਦੀ ਨਹੀਂ ਸੀ ਸੁਣੀਆਂ, ਜਿੰਨੀਆਂ ਹੁਣ ਸੁਣਨ ਲੱਗ ਪਏ ਨੇ। ਪਰ ਏਨਾਂ ਕਹਾਂਗਾ ਕਿ ਇਸ ਮਾਮਲੇ ਵਿਚ ਗਨੀਮਤ ਇਹੋ ਰਹੀ ਕਿ ਇਸ ਦੌਰਾਨ ਮੈਂ ਕਦੀ ਕਿਸੇ ਦੇ ਕਦਮਾਂ ਦੀ ਪੈੜਚਾਲ ਨਹੀਂ ਸੁਣੀ। ਮਾਂ ਕਹਿੰਦੀ ਹੁੰਦੀ ਸੀ ਕਿ ਆਦਮੀ ਕਿਸੇ ਵੀ ਵੱਡੀ ਤੋਂ ਵੱਡੀ ਮੁਸੀਬਤ ਵਿਚ ਕਿਉਂ ਨਾ ਹੋਵੇ, ਉਸਦਾ ਮਨ ਸਹਾਰੇ ਦੇ ਲਈ ਸੁਖ ਦੀ ਕੋਈ ਨਾ ਕੋਈ ਢੋਈ ਲੱਭ ਈ ਲੈਂਦਾ ਏ। ਰੋਜ਼ ਸਵੇਰੇ-ਸਵਖਤੇ ਈ ਜਦੋਂ ਆਸਮਾਨ ਰੋਸ਼ਨੀ ਨਾਲ ਜਗਮਗਾਉਣ ਲੱਗਦਾ ਤੇ ਮੇਰੇ ਕਮਰੇ ਵਿਚ ਚਾਨਣ ਦਾ ਹੜ੍ਹ ਆ ਜਾਂਦਾ, ਉਸ ਛਿਣ ਮੈਨੂੰ ਉਸਦੀ ਗੱਲ ਸਹੀ ਲੱਗਣ ਲੱਗਦੀ, ਕਿਉਂਕਿ ਉਸ ਸਮੇਂ ਕਿਸੇ ਦੇ ਵੀ ਕਦਮਾਂ ਦਾ ਖੜਾਕ ਸੁਣਾਈ ਦੇ ਸਕਦਾ ਸੀ ਤੇ ਹਰ ਪਲ ਮੈਨੂੰ ਲੱਗਦਾ ਸੀ ਕਿ ਹੁਣੇ ਮੇਰਾ ਦਿਲ ਚੂਰ-ਚੂਰ ਹੋ ਜਾਵੇਗਾ। ਪੱਤਾ ਵੀ ਖੜਕਦਾ ਤਾਂ ਮੈਂ ਦੌੜ ਕੇ ਦਰਵਾਜ਼ੇ ਦੇ ਠੰਢੇ-ਠੰਢੇ ਖੁਰਦਰੇ ਕਾਠ ਨਾਲ ਕੰਨ ਲਾ ਕੇ ਸੁਣਨ ਲੱਗਦਾ ਕਿ ਕੋਈ ਆ ਰਿਹਾ ਏ ਕਿ? ਤੇ ਇਸ ਆਹਟ ਏਨੇ ਧਿਆਨ ਨਾਲ ਸੁਣਦਾ ਕਿ ਕੁੱਤੇ ਵਾਂਗ ਕਾਹਲੀ-ਕਾਹਲੀ ਵਗਦੇ, ਖਰਰ-ਖਰਰ ਕਰਦੇ ਆਪਣੇ ਈ ਸਾਹ ਸੁਣਾਈ ਦੇਣ ਲੱਗਦੇ। ਪਰ ਜਿਵੇਂ-ਤਿਵੇਂ ਆਖ਼ਰ ਉਹ ਸਮਾਂ ਵੀ ਬੀਤ ਜਾਂਦਾ, ਮੇਰੀ ਛਾਤੀ ਪਾਟਨੋਂ ਬਚ ਜਾਂਦੀ ਤੇ ਮੈਨੂੰ ਸਾਹ ਲੈਣ ਲਈ ਫੇਰ ਚੌਵੀ ਘੰਟੇ ਦਾ ਸਮਾਂ ਮਿਲ ਜਾਂਦਾ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਇੱਕ ਹਉਕਾ



ਅੰਮ੍ਰਿਤਾ ਪ੍ਰੀਤਮ



ਕਰਮੋ ਨੇ ਗੜਵੇ ਵਿਚ ਲੱਸੀ ਪੁਆਈ ਤੇ ਫੇਰ ਅਧਿਉਂ ਵੀ ਬਹੁਤੇ ਖਾਲੀ ਗੜਵੇ ਨੂੰ ਵੇਂਹਦੀ ਹੋਈ ਆਖਣ ਲੱਗੀ, 'ਅੱਜ ਵਡੀ ਸਰਦਾਰਨੀ ਨਹੀਂ ਦਿਸੀ, ਕਿਤੇ ਸੁਖ ਨਾਲ ਰਾਜੀ ਤੇ ਹੈ?' ਸਰਦਾਰਨੀ ਨਿਹਾਲ ਕੌਰ ਹੁਣੇ ਘੜੀ ਕੁ ਪਹਿਲਾਂ ਚੌਂਕੇ ਵਿਚ ਆਈ ਸੀ। ਚੁਲੇ ਉਤੇ ਰਿਝਦੀ ਖੀਰ ਹੇਠਾਂ ਅੱਗ ਦਾ ਭਾਂਬੜ ਵੇਖ ਕੇ ਉਸ ਲੱਕੜਾਂ ਪਿਛਾਂਹ ਖਿਚ ਦਿੱਤੀਆਂ ਸਨ। 'ਵੀਰੋ ਕੁੜੀਏ! ਖੀਰਾਂ ਕਦੇ ਏਡੀ ਅੱਗ ਤੇ ਵੀ ਰਿਝਦੀਆਂ ਨੇ? ਖੀਰ ਹੇਠਾਂ ਡਾਢੀ ਮਠੀ ਅੱਗ ਬਾਲੀ ਦੀ ਏ,' ਉਸ ਨੇ ਆਖਿਆ ਸੀ ਤੇ ਫੇਰ ਚੁਲੇ ਦੇ ਕੋਲ ਲਕੜ ਦੀ ਪਟੜੀ ਡਾਹ ਕੇ, ਉਹ ਪਟੜੀ ਉਤੇ ਬਹਿੰਦੀ ਖੀਰ ਦੇ ਪਤੀਲੇ ਵਿਚ ਕੜਛੀ ਫੇਰਨ ਲੱਗ ਪਈ ਸੀ। ਸਵੇਰੇ ਦਹੀਂ ਦੀ ਚਾਟੀ ਉਸ ਨੇ ਆਪ ਰਿੜਕੀ ਸੀ, ਪਰ ਲੱਸੀ ਪੁਣਦੀ ਨੇ ਵੀਰੋ ਨੂੰ ਆਖਿਆ ਸੀ ਕਿ ਉਹ ਹੁਣ ਘੜੀ ਕੁ ਆਰਾਮ ਕਰੇਗੀ, ਜਿਹੜਾ ਵੀ ਕੰਮੀ ਕਮੀਣ ਆਵੇ ਵੀਰੋ ਉਸ ਨੂੰ ਲੱਸੀ ਦੇ ਦੇਵੇ। ਸ਼ਾਇਦ ਹੋਰਨਾਂ ਕੰਮੀਆਂ ਨੇ ਵੀ ਲੱਸੀ ਲੈਣ ਲਗਿਆਂ ਇਹ ਗੱਲ ਪੁਛੀ ਹੋਵੇਗੀ, ਪਰ ਨਿਹਾਲ ਕੌਰ ਨੂੰ ਪਤਾ ਨਹੀਂ, ਉਹ ਅੰਦਰਲੇ ਕਮਰੇ ਵਿਚ ਸੀ। ਪਰ ਇਸ ਵੇਲੇ ਜਦੋਂ ਉਹ ਚੌਂਕੇ ਵਿਚ ਬੈਠੀ ਹੋਈ ਸੀ, ਤਾਂ ਦਹਿਲੀਜ਼ਾਂ ਤੋਂ ਬਾਹਰ ਬੈਠੀ ਹੋਈ ਕਰਮੋ ਦੀ ਆਵਾਜ਼ ਉਸ ਨੇ ਆਪ ਸੁਣੀ।

'ਰਾਜ਼ੀ ਆਂ ਕਰਮੋ! ਤੂੰ ਰਾਜ਼ੀ ਏਂ?' ਨਿਹਾਲ ਕੌਰ ਨੇ ਅੰਦਰੋਂ ਆਵਾਜ਼ ਦਿੱਤੀ। ਕਰਮੋ ਨੇ ਛੇਤੀ ਨਾਲ ਦਹਿਲੀਜ਼ਾਂ ਦੇ ਕੋਲ ਆ ਕੇ ਅੰਦਰ ਵਲ ਝਾਕਿਆ ਤੇ ਆਪਣੇ ਇਕ ਹੱਥ ਨੂੰ ਮੱਥੇ ਨਾਲ ਛੁਹਾਂਦੀ ਆਖਣ ਲੱਗੀ, 'ਤੈਨੂੰ ਸੱਤੇ ਖੈਰਾਂ ਸਰਦਾਰਨੀ! ਅੱਜ ਤੈਨੂੰ ਡਿੱਠਾ ਨਹੀਂ ਸੀ। ਮੈਂ ਆਖਿਆ ਮੇਰੀ ਸਰਦਾਰਨੀ ਵੱਲ ਹੋਵੇ ਸਹੀ।'

ਕੰਮੀ ਕਮੀਣ ਸਾਰੇ ਹੀ ਨਿਹਾਲ ਕੌਰ ਦੀਆਂ ਬਲਾਈਂ ਲੈਂਦੇ ਸਨ, ਇਹ ਨਵੀਂ ਗੱਲ ਨਹੀਂ ਸੀ, ਪਰ ਤਾਂ ਵੀ ਨਿਹਾਲ ਕੌਰ ਨੂੰ ਜਾਪਿਆ ਕਿ ਕਰਮੋ ਨੇ ਲੱਸੀ ਲੈਂਦਿਆਂ ਹੀ ਜਿਹੜਾ ਉਸਨੂੰ ਯਾਦ ਕੀਤਾ ਸੀ, ਜ਼ਰੂਰ ਕੋਈ ਹੋਰ ਗੱਲ ਸੀ। ਤਾਂਹੀਉਂ ਜੁ ਨਿਹਾਲ ਕੌਰ ਨੇ ਕਰਮੋ ਵੱਲ ਵੇਖਿਆ ਤਾਂ ਕਰਮੋ ਨੇ ਗੜਵੇ ਦਾ ਮੂੰਹ ਉੜਾ ਕੇ ਉਹਦੇ ਵਲ ਕੀਤਾ ਹੋਇਆ ਸੀ। ਨਿਹਾਲ ਕੌਰ ਸਮਝ ਗਈ, ਤੇ ਵੀਰੋ ਵਲ ਵੇਖਦੀ ਆਖਣ ਲੱਗੀ, 'ਮਖੇ! ਕਰਮੋ ਨੂੰ ਗੜਵਾ ਭਰ ਦਿਆ ਕਰ, ਇਹਦੇ ਨਿਕੇ ਨਿਕੇ ਜੀਅ ਨੇ ਲੱਸੀ ਪੀਣ ਵਾਲੇ।'

'ਰੱਬ ਤੈਨੂੰ ਬਹੁਤ ਦਏ! ਤੇਰੇ ਹੱਥ ਏਨੇ ਸਬਰ-ਕੱਤੇ ਨੇ ਕਿ ਅੰਜਾਣੇਂ ਦੋ-ਦੋ ਵਾਰਾਂ ਲੱਸੀ ਚਾੜ ਜਾਂਦੇ ਨੇ', ਹੋਰ ਲੱਸੀ ਲੈਂਦੀ ਕਰਮੋ ਨੇ ਆਖਿਆ। ਤੇ ਭਾਵੇਂ ਇਸ ਵੇਲੇ ਉਸ ਨੂੰ ਲੱਸੀ ਦੇਂਦੇ ਹੱਥ ਵੀਰੋ ਦੇ ਸਨ ਪਰ ਕਰਮੋ ਜੋ ਕੁਝ ਆਖਦੀ ਪਈ ਸੀ, ਉਹ ਨਿਹਾਲ ਕੌਰ ਦੇ ਹਥਾਂ ਨੂੰ ਆਖਦੀ ਪਈ ਸੀ। ਕਰਮੋ ਚਲੀ ਗਈ ਤਾਂ ਨਿਹਾਲ ਕੌਰ ਨੂੰ ਉਹਦੀਆਂ ਅਸੀਸਾਂ ਭੁਲ ਗਈਆਂ। ਸਿਰਫ ਉਸਦਾ ਆਖਿਆ ਹੋਇਆ ਇਕੋ ਲਫਜ਼ ਚੇਤੇ ਰਹਿ ਗਿਆ 'ਵੱਡੀ ਸਰਦਾਰਨੀ।'

ਨਿਹਾਲ ਕੌਰ ਇਕ ਦਿਨ ਵਿਚ ਸਰਦਾਰਨੀ ਤੋਂ ਵਡੀ ਸਰਦਾਰਨੀ ਬਣ ਗਈ ਸੀ। ਪਤਾ ਨਹੀਂ ਉਸ ਨੂੰ ਵੱਡੀ ਸਰਦਾਰਨੀ ਕਹਿਣ ਦਾ ਖਿਆਲ ਸਭ ਤੋਂ ਪਹਿਲਾਂ ਕਿਸ ਨੂੰ ਆਇਆ ਸੀ। ਸ਼ਾਇਦ ਸਾਰਿਆਂ ਨੂੰ ਇਕੱਠਿਆਂ ਹੀ ਆ ਗਿਆ ਸੀ। ਘਰ ਦੀ ਮਹਿਰੀ ਤੋਂ ਲੈ ਕੇ ਕਾਰਖਾਨੇ ਦੇ ਸਾਰੇ ਮੁਨਸ਼ੀ ਮੁਨੀਮ ਤੇ ਕੰਮੀ ਕਮੀਣ ਉਸ ਨੂੰ ਵਡੀ ਸਰਦਾਰਨੀ ਕਹਿਣ ਲਗ ਪਏ ਸਨ। ਏਥੋਂ ਤਕ ਕਿ ਘਰ ਦੇ ਮਾਲਕ ਸਰਦਾਰ ਨੇ ਵੀ ਕੱਲ ਉਸਨੂੰ ਵਡੀ ਸਰਦਾਰਨੀ ਆਖ ਕੇ ਬੁਲਾਇਆ ਸੀ ਅਤੇ ਫੇਰ ਨਿਹਾਲ ਕੌਰ ਨੂੰ ਖਿਆਲ ਆਇਆ ਕਿ ਪਰਸੋਂ ਉਸਨੇ ਆਪ ਹੀ ਤਾਂ ਮਹਿਰੀ ਨੂੰ ਆਖਿਆ ਸੀ ਕਿ ਜਾਹ ਛੋਟੀ ਸਰਦਾਰਨੀ ਨੂੰ ਉਹਦੇ ਕਮਰੇ ਵਿਚੋਂ ਬੁਲਾ ਲਿਆ। 'ਸੋ ਜੇ ਕੋਈ ਛੋਟੀ ਸਰਦਾਰਨੀ ਹੋਵੇ ਤਾਂ ਵੱਡੀ ਸਰਦਾਰਨੀ ਆਪੇ ਹੀ ਬਣ ਜਾਣੀ ਸੀ।' ਨਿਹਾਲ ਕੌਰ ਨੂੰ ਖਿਆਲ ਆਇਆ, ਤੇ ਫੇਰ ਕਿੰਨੇ ਹੀ ਖਿਆਲ ਨਿੱਕੇ ਨਿੱਕੇ ਚੌਲਾਂ ਵਾਂਗ ਉਹਦੇ ਮਨ ਦੇ ਦੁਧ ਵਿਚ ਰਿਝਣ ਲਗ ਪਏ। ਰਿਝਦੇ ਖਿਆਲਾਂ ਵਿਚੋਂ ਇਕ ਖਿਆਲ ਇਹ ਵੀ ਸੀ ਕਿ ਵੀਰੋ ਜਦੋਂ ਦੀ ਇਸ ਘਰ ਵਿਚ ਛੋਟੀ ਸਰਦਾਰਨੀ ਬਣ ਕੇ ਆਈ ਸੀ, ਉਦੋਂ ਦੀ ਉਹ ਰਾਤ ਨੂੰ ਸੌਣ ਲੱਗਿਆਂ ਇਕ ਨੇਮ ਵਾਂਗ ਨਿਹਾਲ ਕੌਰ ਦੇ ਕਮਰੇ ਵਿਚ ਆਉਂਦੀ ਸੀ ਤੇ ਉਹਦੀ ਮੰਜੀ ਦੀ ਹੀਂਹ ਉਤੇ ਬਹਿ ਕੇ ਉਹਦੇ ਪੈਰ ਘੁਟਦੀ ਸੀ। ਨਿਹਾਲ ਕੌਰ ਨੇ ਨਾ ਧੀ ਦੀ ਡੋਲੀ ਤੋਰੀ ਸੀ ਤੇ ਨਾ ਪੁੱਤਰ ਦੀ ਡੋਲੀ ਲਿਆਉਣੀ ਸੀ, ਪਰ ਜਦੋਂ ਉਹਦੇ ਹੱਥੀਂ ਵਿਆਹੀ ਸੌਕਣ ਉਹਦੇ ਪੈਰ ਘੁਟਦੀ ਸੀ ਤਾਂ ਨਿਹਾਲ ਕੌਰ ਨੂੰ ਜਾਪਦਾ ਸੀ ਕਿ ਉਹਨੇ ਧੀ ਵੀ ਵੇਖ ਲਈ ਤੇ ਨੂੰਹ ਵੀ ਅਤੇ ਨਿਹਾਲ ਕੌਰ ਨੇ ਇਕ ਡੂੰਘਾ ਸਾਹ ਭਰ ਕੇ ਬੜੇ ਹਸਦੇ ਹੋਠਾਂ ਨਾਲ ਆਪਣੇ ਆਪ ਨੂੰ ਮਨਾ ਲਿਆ ਸੀ ਕਿ ਵੀਰੋ ਉਹਦੀ ਧੀ ਵੀ ਸੀ ਤੇ ਨੂੰਹ ਵੀ। ਨਿਹਾਲ ਕੌਰ ਨੇ ਆਪਣੇ ਸਰਦਾਰ ਦੇ ਦੂਜੇ ਵਿਆਹ ਲਈ ਇਹ ਕੁੜੀ ਵੀਰੋ ਆਪ ਹੀ ਲਭੀ ਸੀ। ਸਾਕ ਚੰਗੇ ਘਰਾਂ ਤੋਂ ਵੀ ਮਿਲਦੇ ਸਨ, ਪਰ ਉਹ ਸਾਰੇ ਸਰਦਾਰ ਨੂੰ ਨਹੀਂ ਸਰਦਾਰ ਦੀ ਹਵੇਲੀ ਨੂੰ ਮਿਲਦੇ ਸਨ। ਸਰਦਾਰ ਦੀ ਸਿਆਣੀ ਉਮਰ ਤੋਂ ਡਰਦੇ, ਜਿਹੜੇ ਵੀ ਸਾਕ ਲੈ ਕੇ ਆਉਂਦੇ ਸਨ, ਉਹ ਸਾਕ ਕਰਨ ਤੋਂ ਪਹਿਲਾਂ ਹਵੇਲੀ ਨੂੰ ਆਪਣੀ ਧੀ ਦੇ ਨਾਂ ਕਰਵਾ ਲੈਣਾ ਚਾਹੁੰਦੇ ਸਨ। ਸਰਦਾਰ ਆਪਣੀ ਹਵੇਲੀ ਦਾ ਵਾਰਸ ਜ਼ਰੂਰ ਲਭਦਾ ਸੀ ਪਰ ਹਵੇਲੀ ਨੂੰ ਉਸ ਔਰਤ ਦੇ ਨਾਂ ਨਹੀਂ ਸੀ ਕਰ ਸਕਦਾ, ਜਿਹਦੀ ਕੁਖ ਨੇ ਵਾਰਸ ਤੇ ਪਤਾ ਨਹੀਂ ਕਦੋਂ ਜੰਮਣਾ ਸੀ, ਹਾਲ ਦੀ ਘੜੀ ਸਿਰਫ ਉਹਦੀ ਭਵਿਖਵਾਣੀ ਕਰਨੀ ਸੀ। ਤੇ ਸਰਦਾਰ ਨੇ ਦੂਜਾ ਵਿਆਹ ਕਰਨ ਤੋਂ ਨਾਂਹ ਕਰ ਦਿਤੀ ਸੀ। ਪਰ ਇਸ ਨਾਂਹ ਵਿਚ ਇਕ ਹਉਕਾ ਰਲਿਆ ਹੋਇਆ ਸੀ। ਨਿਹਾਲ ਕੌਰ ਨੇ ਇਹ ਹਉਕਾ ਸੁਣਿਆ ਸੀ ਤੇ ਇੰਜ ਉਸਨੇ ਇਕ ਬੜੇ ਨਿਮਾਣੇ ਜਿਹੇ ਘਰ ਦੀ ਇਹ ਵੀਰੋ ਲਭ ਕੇ ਆਪਣੇ ਸਰਦਾਰ ਨੂੰ ਦੇ ਦਿਤੀ ਸੀ ਤੇ ਉਹਦੇ ਬਦਲੇ ਵਿਚ ਉਹਦਾ ਹਉਕਾ ਆਪ ਲੈ ਲਿਆ ਸੀ।

ਇਕ ਦਿਨ ਸਰਦਾਰ ਨੇ ਕੰਧ ਵਿਚ ਲਗੀ ਹੋਈ ਆਪਣੀ ਲੋਹੇ ਦੀ ਅਲਮਾਰੀ ਖੋਲੀ ਤਾਂ ਕਿੰਨਾ ਚਿਰ ਖੁਲੀ ਅਲਮਾਰੀ ਦੇ ਅੱਗੇ ਖਲੋਤਾ ਕੁਝ ਸੋਚਦਾ ਰਿਹਾ। 'ਵੱਡੀ ਸਰਦਾਰਨੀ ਕਿਥੇ ਗਈ ਏ?' ਸਰਦਾਰ ਨੇ ਵੀਰੋ ਨੂੰ ਕਾਹਲਿਆਂ ਪੈ ਕੇ ਪੁਛਿਆ। ਵੱਡੀ ਸਰਦਾਰਨੀ ਘਰ ਨਹੀਂ ਸੀ। ਸਰਦਾਰ ਨੇ ਅਲਮਾਰੀ ਬੰਦ ਕਰਕੇ ਚਾਬੀ ਬੋਝੇ ਵਿਚ ਪਾ ਲਈ ਤੇ ਕਾਰਖਾਨੇ ਜਾਂਦਾ ਵੀਰੋ ਨੂੰ ਆਖ ਗਿਆ ਕਿ ਨਿਹਾਲ ਕੌਰ ਜਿਸ ਵੇਲੇ ਵੀ ਘਰ ਆਵੇ ਉਹ ਹੇਠਾਂ ਮੁਨਸ਼ੀ ਨੂੰ ਆਵਾਜ਼ ਦੇ ਕੇ ਮੈਨੂੰ ਕਾਰਖਾਨੇ ਵਿਚ ਸੁਨੇਹਾ ਭੇਜ ਦੇਵੇ। ਨਿਹਾਲ ਕੌਰ ਜਿਸ ਵੇਲੇ ਆਈ ਵੀਰੋ ਬਾਹਰਲੇ ਖੁਰੇ ਉਤੇ ਬੜੀ ਘਾਬਰੀ ਹੋਈ ਬੈਠੀ ਹੋਈ ਸੀ। ਉਸ ਨੂੰ ਹੁਣੇ ਇਕ ਉਲਟੀ ਆਈ ਸੀ।

ਨਿਹਾਲ ਕੌਰ ਨੇ ਵੀਰੋ ਦੀ ਬਾਂਹ ਥੰਮੀ, ਉਹਦੇ ਮੋਢੇ ਘੁਟੇ ਤੇ ਉਹਨੂੰ ਮੰਜੀ ਉਤੇ ਲਿਟਾਇਆ। ਪਰ ਵੀਰੋ ਨੇ ਕੰਬਦੇ ਕੰਬਦੇ ਪੈਰ ਮੰਜੀ ਤੋਂ ਥਲੇ ਲਾਹੇ ਤੇ ਉੜ ਕੇ ਨਿਹਾਲ ਕੌਰ ਦੇ ਪੈਰ ਫੜ ਲਏ।

'ਸਰਦਾਰਨੀ! ਤੂੰ ਮੈਨੂੰ ਇਕ ਦਿਨ ਆਖਿਆ ਸੀ ਕਿ ਮੈਂ ਤੇਰੀ ਧੀ ਵੀ ਹਾਂ ਤੇ ਨੂੰਹ ਵੀ। ਅਜ ਮੈਨੂੰ ਭਾਵੇਂ ਆਪਣੀ ਧੀ ਸਮਝ ਕੇ ਬਚਾ ਲੈ ਭਾਵੇਂ ਨੂੰਹ ਸਮਝ ਕੇ'। ਵੀਰੋ ਵਿਲਕ ਉਠੀ ਤੇ ਵਿਲਕਦੀ ਵਿਲਕਦੀ ਵੀਰੋ ਨੇ ਨਿਹਾਲ ਕੌਰ ਨੂੰ ਦਸਿਆ ਕਿ ਪਿਛੇ ਜਦੋਂ ਉਹਦਾ ਭਰਾ ਉਹਨੂੰ ਮਿਲਣ ਆਇਆ ਸੀ ਤਾਂ ਉਹਦੇ ਭਰਾ ਨੂੰ ਪੈਸਿਆਂ ਦੀ ਡਾਢੀ ਲੋੜ ਸੀ। ਵੀਰੋ ਨੇ ਉਸ ਨੂੰ ਕੁਝ ਪੈਸੇ ਵੀ ਦਿਤੇ ਸਨ ਪਰ ਪੈਸੇ ਉਹਦੇ ਕੋਲ ਬੜੇ ਥੋੜੇ ਸਨ, ਇਸ ਲਈ ਉਸਨੇ ਸਰਦਾਰ ਦੇ ਬੋਝੇ ਵਿਚੋਂ ਅਲਮਾਰੀ ਦੀ ਚਾਬੀ ਚੁਰਾ ਕੇ ਲੋਹੇ ਦੀ ਅਲਮਾਰੀ ਖੋਲੀ ਸੀ ਤੇ ਅਲਮਾਰੀ ਵਿਚੋਂ ਚਾਂਦੀ ਦੇ ਭਾਂਡੇ ਕਢ ਕੇ ਆਪਣੇ ਭਰਾ ਨੂੰ ਦੇ ਦਿਤੇ ਸਨ।

'ਇਹ ਤੇਰਾ ਆਪਣਾ ਘਰ ਏ ਵੀਰੋ! ਜੇ ਤੂੰ ਆਪਣੇ ਘਰ ਨੂੰ ਆਪਣੇ ਹਥੀਂ ਉਜਾੜੇਂਗੀ..।' ਗੱਲ ਅਜੇ ਨਿਹਾਲ ਕੌਰ ਦੇ ਮੂੰਹ ਵਿਚ ਸੀ, ਵੀਰੋ ਤਮਕ ਉਠੀ, 'ਇਹ ਘਰ ਨਾ ਮੈਨੂੰ ਕਦੇ ਆਪਣਾ ਲੱਗਾ ਏ, ਨਾ ਲਗਣਾ ਏ, ਪਰ ਇਹ ਮੈਂ ਤੇਰੇ ਨਾਲ ਇਕਰਾਰ ਕਰਨੀ ਆਂ ਸਰਦਾਰਨੀ ਕਿ ਅੱਗੋਂ ਮੈਂ ਕਦੀ ਇਸ ਘਰ ਦੀ ਕੋਈ ਚੀਜ਼ ਕਿਸੇ ਨੂੰ ਨਹੀਂ ਦਿਆਂਗੀ। ਮੈਂ ਉਸ ਦਿਨ ਵੀ ਗਲਤੀ ਕੀਤੀ ਸੀ। ਐਵੇਂ ਕਰ ਬੈਠੀ, ਪਿਛੋਂ ਪਛਤਾ ਗਈ ਸਾਂ। ਤੈਨੂੰ ਪਤਾ ਏ ਮੇਰਾ ਵਿਆਹ ਕਰਨ ਲੱਗਿਆਂ ਮੇਰੇ ਪਿਉ ਨੇ ਮੇਰੇ ਭਰਾ ਦੇ ਕਾਰੋਬਾਰ ਦਾ ਵਾਸਤਾ ਪਾ ਕੇ ਤੇਰੇ ਕੋਲੋਂ ਦੋ ਹਜਾਰ ਰੁਪਿਆ ਮੰਗਿਆ ਸੀ। ਤੂੰ ਦੋ ਹਜਾਰ ਰੁਪਿਆ ਦੇ ਦਿੱਤਾ। ਮੇਰੇ ਪਿਉ ਨੇ ਵਿਆਹ ਕਰ ਦਿਤਾ। ਮੈਨੂੰ ਵੇਚਣ ਵਿਚ ਕੀ ਕਸਰ ਰਹਿ ਗਈ? ਦੋ ਹਜਾਰ ਪਿਛੇ ਮੈਨੂੰ ਇਸ ਬੁਢੇ ਸਰਦਾਰ ਦੇ ਪੱਲੇ ਪਾ ਦਿਤਾ। ਮੇਰੇ ਪਿਉ ਤੇ ਭਰਾ ਕਾਹਦੇ ਸੱਕੇ ਨੇਮੈਂ ਕਿਸੇ ਦਾ ਘਰ ਉਜਾੜ ਕੇ ਉਨਾਂ ਦਾ ਘਰ ਕਿਉਂ ਭਰਾਂ।'

'ਵੀਰੋ।' ਨਿਹਾਲ ਕੌਰ ਤ੍ਰਭਕ ਕੇ ਵੀਰੋ ਦੇ ਮੂੰਹ ਵੱਲ ਵੇਖਣ ਲੱਗ ਪਈ।

ਨਿਹਾਲ ਕੌਰ ਨੇ ਵੀਰੋ ਦੀ ਲਾਜ ਰੱਖ ਲਈ। ਸਰਦਾਰ ਨੂੰ ਕਹਿ ਦਿੱਤਾ ਕਿ ਅਲਮਾਰੀ ਵਿਚ ਪਏ ਹੋਏ ਚਾਂਦੀ ਦੇ ਭਾਂਡੇ ਬੜੇ ਪੁਰਾਣੇ ਢੰਗ ਦੇ ਸਨ, ਉਹਨੇ ਉਹ ਭਾਂਡੇ ਕੱਢ ਕੇ ਤੇ ਕੁਝ ਚਾਂਦੀ ਆਪਣੇ ਕੋਲੋਂ ਪਾ ਕੇ ਸੁਨਿਆਰੇ ਨੂੰ ਨਵੇਂ ਭਾਂਡੇ ਘੜਨੇ ਦਿੱਤੇ ਹੋਏ ਸਨ। ਸਰਦਾਰ ਦਾ ਫਿਕਰ ਮੁਕ ਗਿਆ ਪਰ ਨਿਹਾਲ ਕੌਰ ਜਦੋਂ ਵੀ ਵੀਰੋ ਦੇ ਮੂੰਹ ਵੱਲ ਵੇਖਦੀ, ਉਹਦੇ ਮਨ ਵਿਚ ਇਕ ਫਿਕਰ ਛਿੜ ਪੈਂਦਾ। ਵੀਰੋ ਦੀਆਂ ਕਾਲੀਆਂ ਭੌਰਿਆਂ ਵਰਗੀਆਂ ਅੱਖਾਂ ਸਨ। ਰੰਗ ਜ਼ਰਾ ਕੁ ਸੌਲਾ ਸੀ ਪਰ ਸੌਲੇ ਰੰਗ ਵਿਚ ਜਵਾਨੀ ਪੀਡੇ ਆਟੇ ਵਾਂਗ ਗੁੱਝੀ ਹੋਈ ਸੀ। ਉਹਦੀਆਂ ਬਾਹਵਾਂ ਵੇਲਣਿਆਂ ਵਾਂਗ ਗੋਲ ਤੇ ਪੀਡੀਆਂ ਸਨ, ਮਾਸ ਉਤੇ ਚੂੰਢੀ ਨਹੀਂ ਸੀ ਭਰੀ ਜਾਂਦੀ। ਨਿਹਾਲ ਕੌਰ ਨੂੰ ਜਾਪਣ ਲੱਗ ਪਿਆ ਕਿ ਸਰਦਾਰ ਕੋਲੋਂ ਜਿਹੜਾ ਹਉਕਾ ਲੈ ਕੇ ਉਸ ਨੇ ਆਪਣੇ ਜ਼ਿੰਮੇ ਪਾ ਲਿਆ ਸੀ, ਵੀਰੋ ਨੇ ਉਹੀ ਹਉਕਾ ਉਹਦੇ ਕੋਲੋਂ ਲੈ ਕੇ ਆਪਣੀ ਛਾਤੀ ਵਿਚ ਪਾ ਲਿਆ ਸੀ। ਤੇ ਫੇਰ ਵੀਰੋ ਨੂੰ ਦਿਨ ਚੜ ਗਏ। ਹਵੇਲੀ ਬਹੁਤ ਵੱਡੀ ਸੀ, ਪਰ ਮੁਬਾਰਕਾਂ ਏਨੀਆਂ ਸਨ ਕਿ ਕਿ ਹਵੇਲੀ ਵਿਚ ਮਿਉਂਦੀਆਂ ਨਹੀਂ ਸਨ। ਸਰਦਾਰ ਦਾ ਪੈਰ ਭੋਏਂ ਤੇ ਨਹੀਂ ਸੀ ਲਗਦਾ, ਤੇ ਨਿਹਾਲ ਕੌਰ ਵੀਰੋ ਨੂੰ ਪੈਰ ਭੋਏਂ ਤੇ ਨਹੀਂ ਸੀ ਲਾਉਣ ਦੇਂਦੀ ਪਰ ਲੋਕ ਨਾ ਸਰਦਾਰ ਨੂੰ ਏਨੀਆਂ ਮੁਬਾਰਕਾਂ ਦੇਂਦੇ ਸਨ, ਨਾ ਵੀਰੋ ਨੂੰ, ਜਿੰਨੀਆਂ ਨਿਹਾਲ ਕੌਰ ਨੂੰ।

'ਮੈਂ ਜੰਮਦਾ ਝੋਲੀ ਪੁਆ ਲੈਣਾ ਏ, ਪਿਛੋਂ ਨਾ ਆਖੀਂ। ਮੈਂ ਵੱਡੀ ਸਰਦਾਰਨੀ ਆਂ, ਤੂੰ ਛੋਟੀ ਸਰਦਾਰਨੀ ਏਂ, ਸੋ, ਪਹਿਲਾ ਪੁਤਰ ਵੀ ਵੱਡੀ ਦਾ। ਪਿਛੋਂ ਹੋਰ ਜਿਹੜੇ ਜੰਮੇਂਗੀ ਉਹ ਤੇਰੇ', ਨਿਹਾਲ ਕੌਰ ਹੱਸ ਕੇ ਵੀਰੋ ਨੂੰ ਆਖਦੀ। ਨਿਹਾਲ ਕੌਰ ਨੂੰ ਆਪ ਨਹੀਂ ਸੀ ਪਤਾ ਲਗਦਾ ਪਿਆ ਕਿ ਉਹਦੇ ਮਨ ਵਿਚ ਕੋਈ ਗੁੱਝਾ ਛਿਪਾ ਵੀ ਮਲਾਲ ਕਿਉਂ ਨਹੀਂ ਸੀ। ਉਹਨੇ ਆਪਣੇ ਹੱਥੀਂ ਆਪਣਾ ਖਾਵੰਦ ਇਕ ਪਰਾਈ ਔਰਤ ਨੂੰ ਦੇ ਦਿੱਤਾ ਸੀ ਤੇ ਹੁਣ ਉਸ ਨੇ ਸਾਰੀ ਜ਼ਮੀਨ ਜਾਇਦਾਦ ਵੀ ਇਕ ਪਰਾਈ ਔਰਤ ਦੇ ਪੁੱਤਰ ਨੂੰ ਦੇ ਦੇਣੀ ਸੀ।

'ਟੂਣੇਹਾਰੀਏ! ਮੈਂ ਕਿਹੜੇ ਵੇਲੇ ਤੈਨੂੰ ਆਪਣੀ ਨੂੰਹ ਤੇ ਧੀ ਆਖਿਆ ਸੀ। ਮੈਂ ਸਚੀ ਮੁਚੀਂ ਇਕ ਸੱਸ ਮਾਂ ਵਾਂਗ ਖੁਸ਼ ਹਾਂ। ਮੈਨੂੰ ਕਦੀ ਇਹ ਚੇਤਾ ਨਹੀਂ ਰਹਿੰਦਾ ਕਿ ਤੂੰ ਮੇਰੀ, 'ਨਿਹਾਲ ਕੌਰ ਦੀ ਇਸ ਗੱਲ ਨੂੰ ਵੀਰੋ ਟੁਕ ਦਿੰਦੀ ਤੇ ਹੱਸ ਕੇ ਆਖਦੀ, 'ਸਰਦਾਰਨੀ ਮੈਂ ਭਾਵੇਂ ਤੇਰੀ ਕੁਝ ਲਗਨੀ ਆਂ ਤੇ ਭਾਂਵੇ ਨੀਂ, ਪਰ ਇਹ ਮੈਨੂੰ ਪਤਾ ਏ ਕਿ ਮੈਂ ਤੇਰੀ ਸੌਂਕਣ ਨਹੀਂ ਲਗਦੀ।'

ਨਿਹਾਲ ਕੌਰ ਨੇ ਤਰਖਾਣ ਕੋਲੋਂ ਜਿਹੜਾ ਭੰਗੂੜਾ ਬਣਵਾਇਆ ਉਸ ਭੰਗੂੜੇ ਨੂੰ ਚਾਂਦੀ ਦੀਆਂ ਘੰਟੀਆਂ ਬੰਨੀਆਂ, ਸੁਚੇ ਪਟ ਦੀ ਉਸ ਨੇ ਨਿਕੀ ਜਿਹੀ ਰਜਾਈ ਬਣਵਾਈ। ਸ਼ਹਿਰ ਦਾ ਇਕ ਅੰਗ੍ਰੇਜ਼ ਅਫਸਰ ਇਕ ਮਹੀਨੇ ਛੁੱਟੀ ਵਲਾਇਤ ਚਲਿਆ ਸੀ, 'ਵਲੈਤੀ ਸਵੈਟਰ ਰੇਸ਼ਮ ਵਰਗੇ ਹੁੰਦੇ ਨੇ,' ਨਿਹਾਲ ਕੌਰ ਨੇ ਆਖਿਆ ਸੀ ਤੇ ਉਸ ਅੰਗ੍ਰੇਜ਼ ਅਫਸਰ ਨੂੰ ਪੱਕੀ ਕੀਤੀ ਕਿ ਉਹ ਨਿਕੇ ਨਿਕੇ ਦੋ ਸਵੈਟਰ ਉਥੋਂ ਖਰੀਦ ਕੇ ਜ਼ਰੂਰ ਲਿਆਵੇ। ਆਪਣੇ ਵੇਲੇ ਨਿਹਾਲ ਕੌਰ ਨੇ ਸਿਆਣੀਆਂ ਦਾਈਆਂ ਨੂੰ ਵੀ ਵਿਖਾਇਆ ਸੀ ਤੇ ਵਡੇ ਸ਼ਹਿਰਾਂ ਵਿਚ ਜਾ ਕੇ ਡਾਕਟਰਾਂ ਨੂੰ ਵੀ ਪਰ ਆਪਣੇ ਵੇਲੇ ਕਦੇ ਕਿਸੇ ਦੇ ਦੇਵਤੇ ਦੀ ਮੰਨਤ ਨਹੀਂ ਸੀ ਮੰਨੀ। ਵੀਰੋ ਨੂੰ ਜਦੋਂ ਪੂਰੇ ਤਿੰਨ ਦਿਨ ਲਕ ਵਿਚ ਪੀੜ ਹੁੰਦੀ ਰਹੀ, ਤੇ ਇਕ ਦਿਨ ਜ਼ਰਾ ਕੁ ਖ਼ੂਨ ਦਾ ਦਾਗ ਵੀ ਲਗ ਗਿਆ ਤਾਂ ਨਿਹਾਲ ਕੌਰ ਨੇ ਉਸ ਦਿਨ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰ ਸੁਖਣਾ ਸੁਖੀ।

ਇਹ ਨਾਜ਼ ਕਰਨ ਦਾ ਵੇਲਾ ਸੀ। ਵੀਰੋ ਚਾਹੁੰਦੀ ਤਾਂ ਦੂਰ ਦਸੌਰ ਦੀਆਂ ਫਰਮਾਇਸ਼ਾਂ ਵੀ ਪਾ ਸਕਦੀ ਸੀ। ਸਰਦਾਰ ਹੁਣ ਉਹਦੇ ਮੂੰਹ ਵਲ ਵੇਖਦਾ ਉਹਦੇ ਮੂੰਹ ਦਾ ਬੋਲ ਉਡੀਕਦਾ ਸੀ। ਪਰ ਨਿਹਾਲ ਕੌਰ ਨੂੰ ਪਤਾ ਸੀ ਕਿ ਵੀਰੋ ਦੀ ਸੰਗ ਅਜੇ ਵੀ ਏਨੀ ਸੀ ਕਿ ਉਹਨੇ ਨਿਗੂਣੀ ਆਚਾਰ ਦੀ ਫਾੜੀ ਵੀ ਮੰਗਣੀ ਹੁੰਦੀ ਤਾਂ ਦੋ ਵਾਰੀ ਝਕ ਕੇ ਨਿਹਾਲ ਕੌਰ ਦੇ ਮੂੰਹ ਵਲ ਵੇਖਦੀ। ਇਸ ਲਈ ਨਿਹਾਲ ਕੌਰ ਆਪ ਹੀ ਵੀਰੋ ਦੇ ਮਨ ਦਾ ਖਿਆਲ ਰਖਦੀ ਸੀ। ਏਸ ਸਾਰੇ ਵੇਲੇ ਵਿਚ ਵੀਰੋ ਨੇ ਆਪਣੇ ਮੂੰਹੋਂ ਜੇ ਕੁਝ ਜ਼ੋਰ ਨਾਲ ਆਖਿਆ ਸੀ ਤਾਂ ਇਕੋ ਗੱਲ ਆਖੀ ਸੀ ਕਿ 'ਵਿਹੜੇ ਵਿਚ ਰੱਸੀ ਨਾਲ ਟੰਗੇ ਹੋਏ ਗੋਂਗਲੂਆਂ ਦੇ ਹਾਰ ਲਾਹ ਕੇ ਪਰਾਂ ਰਖ ਦਿਉ। ਇਨਾਂ ਨੂੰ ਵੇਖ ਕੇ ਮੇਰੇ ਜੀਅ ਨੂੰ ਕੁਝ ਹੁੰਦਾ ਏ। ਗੋਂਗਲੂਆਂ ਦੀਆਂ ਕਚਰੀਆਂ ਇਸ ਤਰਾਂ ਜਾਪਦੀਆਂ ਨੇ ਜਿਵੇਂ ਕਿਸੇ ਦਾ ਮਾਸ ਪਿਲ ਪਿਲ ਕਰਦਾ ਹੋਵੇ'। ਵੀਰੋ ਨੇ ਆਖਿਆ ਸੀ ਤੇ ਸੁਕਦੇ ਗੋਂਗਲੂਆਂ ਵੱਲ ਵੇਖਦੀ ਉਬਾਕਣ ਲੱਗ ਪਈ ਸੀ।

ਫੇਰ ਵੀਰੋ ਦੇ ਮਨ ਵਿਚ ਪਤਾ ਨਹੀਂ ਕੀ ਆਇਆ। ਜਦੋਂ ਉਸ ਨੂੰ ਨੌਂਵਾਂ ਮਹੀਨਾ ਲੱਗ ਪਿਆ ਤਾਂ ਉਸ ਨੇ ਜ਼ਿੱਦ ਫੜ ਲਈ ਕਿ ਉਹ ਆਪਣੇ ਪੇਕੇ ਘਰ ਆਪਣਾ ਜਣੇਪਾ ਕਟੇਗੀ। ਸਰਦਾਰ ਉਹਦੀ ਜਿਦ ਨਹੀਂ ਸੀ ਮੰਨਦਾ। ਨਿਹਾਲ ਕੌਰ ਉਹਦੇ ਵਾਸਤੇ ਪਾਂਦੀ ਸੀ ਪਰ ਵੀਰੋ ਨੇ ਇਕੋ ਹੀ ਹੱਠ ਫੜ ਲਿਆ ਸੀ ਕਿ ਉਹਦੇ ਪਿੰਡ ਇਕ ਬੁੱਢੀ ਦਾਈ ਬੜੀ ਸਿਆਣੀ ਏ। ਉਹਨੂੰ ਸਿਰਫ ਉਸੇ ਦਾਈ ਉਤੇ ਇਤਬਾਰ ਹੈ, ਹੋਰ ਕਿਸੇ ਉਤੇ ਨਹੀਂ ਤੇ ਉਸ ਨੂੰ ਯਕੀਨ ਹੈ ਕਿ ਜੇ ਉਹ ਇਥੇ ਰਹੀ ਤਾਂ ਸ਼ਹਿਰੀ ਡਾਕਟਰਨੀਆਂ ਦੇ ਹੱਥੋਂ ਜ਼ਰੂਰ ਮਰ ਜਾਏਗੀ।

'ਇਹ ਡਰ ਬੜਾ ਮਾੜਾ ਹੁੰਦਾ ਏ' ਡਾਕਟਰਾਂ ਨੇ ਵੀ ਸਰਦਾਰ ਨੂੰ ਸਲਾਹ ਦਿਤੀ। ਪਰ ਸਰਦਾਰ ਦੇ ਮਨ ਵਿਚ ਕੁਝ ਹੋਰ ਹੀ ਡਰ ਸੀ। ਉਹ ਨਿਹਾਲ ਕੌਰ ਨੂੰ ਇੱਕਲਵਾਂਝੇ ਲਿਜਾ ਕੇ ਆਖਣ ਲੱਗਾ, 'ਮੈਨੂੰ ਡਰ ਏ ਕਿ ਜੇ ਇਹਨੂੰ ਉਥੇ ਕੁੜੀ ਹੋਈ ਤਾਂ ਇਹਦੇ ਮਾਪਿਆਂ ਨੇ ਕਿਸੇ ਦੇ ਮੁੰਡੇ ਨਾਲ ਉਹ ਕੁੜੀ ਵਟਾ ਦੇਣੀ ਏਂ। ਮੈਂ ਅੱਗੇ ਇਹੋ ਜਿਹੀਆਂ ਕਈ ਗੱਲਾਂ ਸੁਣੀਆਂ ਹੋਈਆਂ ਨੇ। ਉਨਾਂ ਨੂੰ ਲਾਲਚ ਹੁੰਦਾ ਏ ਕਿ ਮੁੰਡਾ ਹੋਵੇਗਾ ਤਾਂ ਵੱਡਾ ਹੋ ਕੇ ਜਾਇਦਾਦ ਦਾ ਵਾਰਸ ਬਣੇਗਾ।'

'ਫੇਰ ਇਹਦਾ ਤੇ ਇਹੋ ਇਲਾਜ ਏ ਕਿ ਮੈਂ ਇਹਦੇ ਨਾਲ ਚਲੀ ਜਾਨੀ ਆਂ। ਮੇਰੇ ਕੋਲ ਹੁੰਦਿਆਂ ਉਹ ਕੁਝ ਨਹੀਂ ਕਰ ਸਕਣਗੇ,' ਨਿਹਾਲ ਕੌਰ ਨੇ ਸੋਚ ਸੋਚ ਕੇ ਆਖਿਆ। ਸਰਦਾਰ ਮੰਨ ਗਿਆ। ਵੀਰੋ ਨੇ ਵੀ ਕੋਈ ਉਜਰ ਨਾ ਕੀਤਾ। ਨਿਹਾਲ ਕੌਰ ਨੇ ਘਰ ਦੀ ਮਹਿਰੀ ਨੂੰ ਵੀ ਸੇਵਾ ਕਰਨ ਲਈ ਨਾਲ ਲੈ ਲਿਆ, ਤੇ ਵੀਰੋ ਨੂੰ ਲੈ ਕੇ ਵੀਰੋ ਦੇ ਪੇਕੇ ਚਲੀ ਗਈ। ਵੀਰੋ ਦਾ ਜਣੇਪਾ ਔਖਾ ਨਹੀਂ ਸੀ। ਉਹ ਭਰ ਜਵਾਨ ਸੀ, ਤੰਦਰੁਸਤ ਵੀ ਬੜੀ ਸੀ। ਉਹਦੀ ਮਾਂ ਤੇ ਭਰਜਾਈ ਵੀ ਉਹਨੂੰ ਮਜਾਕ ਕਰਦੀਆਂ ਸਨ। 'ਇਹ ਤੇ ਐਵੇਂ ਡਰਦੀ ਏ। ਪੁੱਤਰ ਜੰਮਣ ਦਾ ਕੀ ਹੁੰਦਾ ਏ, ਇਕ ਚੀਕ ਮਾਰੀ ਤੇ ਪੁੱਤਰ ਜੰਮ ਛਡਿਆ।'

ਨਿਹਾਲ ਕੌਰ ਨੇ ਵੀਰੋ ਦੇ ਪੇਕਿਆਂ ਤੇ ਕਿਸੇ ਤਰਾਂ ਦਾ ਵੀ ਭਾਰ ਨਹੀਂ ਸੀ ਪੈਣ ਦਿਤਾ। ਖੁੱਲੇ ਹਥੀਂ ਖਰਚ ਕਰਦੀ ਸੀ। ਸਾਰੇ ਉਸ ਨੂੰ ਸਰਦਾਰਨੀ ਸਰਦਾਰਨੀ ਆਖਦੇ ਥਕਦੇ ਨਹੀਂ ਸਨ। ਨਿਹਾਲ ਕੌਰ ਹਸ ਕੇ ਆਖਦੀ 'ਇਕ ਚੀਕ ਮਾਰੀ ਤਾਂ ਪੁਤਰ ਜੰਮ ਛਡਿਆ, ਪਰ ਜੇ ਧੀ ਜੰਮਣੀ ਹੋਵੇ ਤਾਂ।'

ਵੀਰੋ ਦੀ ਭਰਜਾਈ ਖਿੜ ਖਿੜ ਹਸਦੀ ਆਖਦੀ 'ਦੋ ਚੀਕਾਂ ਮਾਰੀਆਂ ਤੇ ਧੀ ਜੰਮ ਛੱਡੀ।'

'ਧੀ ਦੀ ਵਾਰੀ ਦੋ ਚੀਕਾਂ?' ਨਿਹਾਲ ਕੌਰ ਹਸ ਕੇ ਪੁਛਦੀ।

'ਇਕ ਚੀਕ ਪੀੜ ਦੀ, ਤੇ ਇਕ ਚੀਕ ਗ਼ਮ ਦੀ,' ਵੀਰੋ ਦੀ ਭਰਜਾਈ ਆਖਦੀ, 'ਖੁਸ਼ੀਆਂ ਤੇ ਪੁਤਰਾਂ ਦੀਆਂ ਹੁੰਦੀਆਂ ਨੇ ਧੀਆਂ ਦੀ ਕਾਹਦੀ ਖੁਸ਼ੀ।'

ਨਿਹਾਲ ਕੌਰ ਨੂੰ ਭਾਵੇਂ ਆਪਣੇ ਮਨ ਵਿਚ ਇਕ ਵਾਰੀ ਡਾਢੀ ਚੀਸ ਪਈ, 'ਮੈਂ ਤਾਂ ਜ਼ਿੰਦਗੀ ਵਿਚ ਨਾ ਇਕ ਚੀਕ ਮਾਰ ਕੇ ਵੇਖੀ ਨਾ ਦੋ' ਪਰ ਉਸ ਨੇ ਆਪਣੇ ਹਸਦੇ ਹੋਠਾਂ ਨਾਲ ਆਪਣੀ ਚੀਸ ਨੂੰ ਇਸ ਤਰਾਂ ਪੀ ਲਿਆ ਕਿ ਉਸ ਦੀ ਚੀਸ ਵੀ ਉਹਦੇ ਮੂੰਹ ਵਲ ਵੇਖ ਕੇ ਸ਼ਰਮਿੰਦੀ ਹੋ ਗਈ ਅਤੇ ਫਿਰ ਜਿਸ ਰਾਤ ਵੀਰੋ ਨੂੰ ਪੀੜਾਂ ਛਿੜੀਆਂ ਉਹਦੇ ਦੰਦਾਂ ਹੇਠਾਂ ਦਿੱਤੇ ਹੋਏ ਜਵਾਨ ਹੋਠਾਂ ਨੇ ਉਨਾਂ ਪੀੜਾਂ ਨੂੰ ਇਸ ਤਰਾਂ ਜਰ ਲਿਆ ਕਿ ਦੂਜੇ ਕੰਨ ਆਵਾਜ਼ ਨਾ ਪਹੁੰਚੀ। ਸਿਰਫ ਇਕੋ ਵਾਰੀ ਉਹਦੀ ਇਕ ਚੀਕ ਸੁਣਾਈ ਦਿੱਤੀ ਤੇ ਫੇਰ ਦਾਈ ਨੇ ਵੀਰੋ ਦੀ ਸਰਹਾਂਦੀ ਵਲ ਬੈਠੀ ਹੋਈ ਨਿਹਾਲ ਕੌਰ ਵੱਲ ਵੇਖ ਕੇ ਆਖਿਆ

'ਸਰਦਾਰਨੀ! ਮੁਬਾਰਕਾਂ ਹੋਣ! ਆ ਤੇਰੀ ਝੋਲੀ ਪੁੱਤਰ ਨਾਲ ਭਰ ਦਿਆਂ!'

ਨਿਹਾਲ ਕੌਰ ਨੇ ਮੁੰਡੇ ਨੂੰ ਵੀ ਝੋਲੀ ਵਿਚ ਪਾਇਆ, ਮੁਬਾਰਕਾਂ ਨੂੰ ਵੀ। ਪਰ ਸਵੇਰ ਸਾਰ ਜਿਸ ਵੇਲੇ ਉਹ ਸਰਦਾਰ ਨੂੰ ਤਾਰ ਦੇਣ ਲਗੀ ਤਾਂ ਵੀਰੋ ਨੇ ਨਿਹਾਲ ਕੌਰ ਨੂੰ ਆਪਣੇ ਕੋਲ ਬੁਲਾ ਕੇ ਆਪਣੇ ਦੋਵੇਂ ਹਥ ਉਹਦੇ ਪੈਰਾਂ ਉਤੇ ਰਖ ਦਿੱਤੇ।

'ਸਰਦਾਰਨੀ! ਮੈਂ ਜੱਗ ਜਹਾਨ ਅੱਗੇ ਝੂਠ ਬੋਲ ਸਕਨੀ ਆਂ, ਪਰ ਤੇਰੇ ਅਗੇ ਨਹੀਂ।

ਬਾਕੀ ਸਫ਼ਾ 30 'ਤੇ

## ਅਰਦਾਸ

ਸੁਣ ਮੇਰੀ ਅਰਦਾਸ ਪ੍ਰਭੂ ਜੀ,
ਕਰ ਪੂਰੀ ਮੇਰੀ ਆਸ ਪ੍ਰਭੂ ਜੀ,
ਨਜ਼ਰ ਮਿਹਰ ਦੀ ਕਰ ਮੇਰੇ ਤੇ,
ਸਦਾ ਕਰਾਂ ਵਿਸ਼ਵਾਸ ਤੇਰੇ ਤੇ।
ਅਪਣੇ ਚਰਨਾਂ ਵਿੱਚ ਮਨ ਜੋੜੇ,
ਨਾ ਮੈਨੂੰ ਹੁਣ ਕੱਲਿਆਂ ਛੋੜੇ,
ਦੁਸ਼ਮਨ ਸਿਰ ਤੇ ਚੜ ਆਏ ਨੇ,
ਪੀੜਾਂ ਦੇ ਹੁਣ ਹੜ ਆਏ ਨੇ।
ਬਿਨ ਤੇਰੇ ਮੇਰਾ ਨੀਂ ਕੋਈ,
ਬਿਨ ਤੇਰੇ ਮੈਨੂੰ ਕਿਤੇ ਨਾ ਢੋਈ,
ਬਾਂਹ ਫੜੀ ਦੀ ਲਾਜ ਨਿਭਾਵੇਂ,
ਆਪ ਹਾਥ ਦੇ ਮੋਹਿ ਬਚਾਵੇਂ।
ਸੁਣੋ ਪ੍ਰਭੂ ਕੁਦਰਤ ਦੇ ਕਾਦਰ,
ਸੱਚ ਦਾ ਹੋਵੇ ਕਿਉਂ ਨਿਰਾਦਰ,
ਹਰ ਥਾਂ ਸੱਚ ਪਿਆ ਕੁਰਲਾਵੇ,
ਫਿਰ ਵੀ ਤੈਨੂੰ ਦਰਦ ਨਾ ਆਵੇ।
ਸੱਚ ਨੂੰ ਹਰ ਥਾਂ ਪੈਂਦੀਆਂ ਮਾਰਾਂ,
ਸੱਚ ਤੇ ਲਟਕਦੀਆਂ ਤਲਵਾਰਾਂ,
ਲਾਉਂਦਾ ਫਿਰਦਾ ਸੱਚ ਗੁਹਾਰਾਂ,
ਪਰ ਕੋਈ ਨਾ ਸੁਣੇ ਪੁਕਾਰਾਂ।
ਜਾਂ ਦੁਨੀਆਂ ਤੋਂ ਸੱਚ ਮੁਕਾਦੇ,
ਜਾਂ ਝੂਠ ਦਾ ਨਾਮ ਮਿਟਾਦੇ,
ਨਾ ਖ਼ਲਕਤ ਨੂੰ ਏਦਾਂ ਰੋਲੋ,
ਪ੍ਰਭ ਜੀ ਕੁਝ ਤਾਂ ਮੁੱਖ 'ਚੋਂ ਬੋਲੋ।
ਝੂਠ ਸਦਾ ਸੱਚ ਨੂੰ ਲਲਕਾਰੇ,
ਹਰ ਥਾਂ ਝੂਠ ਹੀ ਸੱਚ ਨੂੰ ਮਾਰੇ,
ਕਿਤੇ ਸਲੀਬਾਂ ਕਿਧਰੇ ਤਵੀਆਂ,
ਹਰ ਥਾਂ ਚੱਲਣ ਬਰਛੇ ਛਵੀਆਂ।
ਸ਼ਰਮ ਤੇ ਧਰਮ ਰਿਹਾ ਨਾ ਕੋਈ,
ਸੱਚ ਦੀ ਹਾਲਤ ਮਾੜੀ ਹੋਈ,
ਇਹ ਜ਼ਿੰਦਗੀ ਨਾ ਜੀਵੀ ਜਾਂਦੀ,
ਹੋਰ ਜ਼ਹਿਰ ਨਾ ਪੀਵੀ ਜਾਂਦੀ।
ਆਵੋ ਆਪ ਬਚਾਵੋ ਮੈਨੂੰ,
ਤੇਰੇ ਬਿਨਾਂ ਪੁਕਾਰਾਂ ਕੈਂ ਨੂੰ,
ਮੈਨੂੰ ਦੇ ਕੇ ਹੱਥ ਬਚਾਵੇਂ,
ਦੁਸ਼ਮਨ ਸਾਰੇ ਮਾਰ ਮੁਕਾਵੇਂ।
ਮੈਂ ਨਾਂ ਕਦੀ ਵੀ ਮੰਗਾਂ ਦੌਲਤ,
ਨਹੀਂ ਚਾਹੀਦੀ ਮੈਨੂੰ ਸ਼ੋਹਰਤ
ਪ੍ਰਭ ਜੀ ਮੇਰਾ ਸਾਥ ਨਿਭਾਵੀਂ,
ਕਦੀ ਵੀ ਮੈਥੋਂ ਦੂਰ ਨਾ ਜਾਵੀਂ।
ਸਾਸ ਸਾਸ ਤੇਰਾ ਨਾਮ ਚਿਤਾਰਾਂ,
ਪਲ ਪਲ ਤੇਰਾ ਨਾਮ ਪੁਕਾਰਾਂ,
ਔਰਤ ਦੀ ਏਥੇ ਜਿੰਦਗੀ ਮਾੜੀ,
ਕਿਧਰੇ ਮਾਰੀ ਕਿਧਰੇ ਸਾੜੀ।
ਔਰਤ ਪੀੜਾਂ ਪਈ ਹੈ ਜਰਦੀ,
ਫਿਰ ਵੀ ਮੂੰਹ 'ਚੋਂ ਸੀ ਨਾ ਕਰਦੀ,
ਸੁਣ ਅਰਦਾਸ ਤੇ ਛੇਤੀ ਆਵੀਂ,
ਲੰਮੀ ਹੋਰ ਤਰੀਕ ਨਾ ਪਾਵੀਂ।
ਦੀਦ ਤੇਰੀ ਨੂੰ ਤਰਸਨ ਅੱਖੀਆਂ,
ਹਰ ਵੇਲੇ ਹੀ ਵਰਸਨ ਅੱਖੀਆਂ,
ਮਿਹਰਾਂ ਦਾ ਕੋਈ ਗੀਤ ਬਣਾਲੈ,
ਚਰਨੀਂ ਲਾ 'ਸੁਰਜੀਤ' ਬਣਾਲੈ।

**ਸੁਰਜੀਤ ਕੌਰ ਸੈਕਰਾਮੈਂਟੋ**

## 2. ਸਰਦਾਰ ਕਲਾਕਾਰ ਤੇ ਦਸਤਾਰ

ਬਾਬਿਆਂ ਕੋਲੋਂ ਦਾਤਾਂ ਮੰਗਦੇ,
ਹੋ ਗਿਆ ਕੀ ਸਰਦਾਰਾਂ ਨੂੰ
ਟੋਪੀਆਂ ਪਾ ਕੇ ਮੰਗਦੇ ਫਿਰਦੇ,
ਸਿਰ ਤੋਂ ਲਾਹ ਦਸਤਾਰਾਂ ਨੂੰ।
ਜਿਨਾਂ ਮੂਹਰੇ ਨੱਕ ਰਗੜਦੈਂ,
ਰਗੜ ਦੇਣਗੇ ਡੋਲੂ ਵਾਂਗ
ਤੋਕੜ ਮੱਝਾਂ ਕੋਲੋਂ ਲੱਭਦੈਂ,
ਚੰਦਰਿਆ ਦੁੱਧ ਦੀਆਂ ਧਾਰਾਂ ਨੂੰ।
ਜਿਹੜੇ ਆਪ ਨੇ ਮੰਗਦੇ ਫਿਰਦੇ,
ਤੈਨੂੰ ਦੱਸ ਕੀ ਦੇਵਣਗੇ
ਕਰਨ ਸਵਾਰੀ ਗਧਿਆਂ ਦੀ,
ਕੀ ਹੋ ਗਿਆ ਸ਼ਾਹ ਅਸਵਾਰਾਂ ਨੂੰ।
ਦੇਖ ਹਰਕਤਾਂ ਤੇਰੀਆਂ ਨੂੰ,
ਦਸ਼ਮੇਸ਼ ਪਿਤਾ ਕੀ ਸੋਚਣਗੇ
ਕਿਨਾਂ ਲਾਲਚੀ ਬੰਦਿਆਂ ਲਈ,
ਮੈਂ ਵਾਰ ਦਿੱਤਾ ਪਰਿਵਾਰਾਂ ਨੂੰ।
ਜ਼ਿੰਦਗੀਆਂ ਦੇ ਵਿੱਚ ਹਮੇਸ਼ਾ
ਕਦੇ ਚੜ੍ਹਾਈਆਂ ਰਹਿੰਦੀਆਂ ਨਾ
ਪਿੰਡਿਆਂ ਉੱਤੇ ਸਹਿਣਾ ਸਿੱਖ ਲੈ ,
ਪੱਤਝੜ ਅਤੇ ਬਹਾਰਾਂ ਨੂੰ।
ਥੱਲੇ ਵੱਲ ਨੂੰ ਦੇਖ,
ਤੇਰੇ ਤੋਂ ਕਿੰਨੇ ਨੀਵੇਂ ਵੱਸਦੇ ਆ
ਇੱਕ ਵਕਤ ਦੀ ਰੋਟੀ ਵੀ,
ਕਿਤੇ ਮਿਲਦੀ ਨਹੀਂ ਪਰਿਵਾਰਾਂ ਨੂੰ।
ਕਿਤੇ ਕਿਤੇ ਤਾਂ ਸਾਡੀ ਵੀ ਇਹ,
ਗ਼ਲਤੀ ਹੈ ਪੰਜਾਬੀਓ,
ਅਸੀਂ ਵੀ ਰਲ਼ ਕੇ ਸਾਂਭਿਆ ਨੀਂ,
ਢਾਡੀਆਂ ਤੇ ਫ਼ਨਕਾਰਾਂ ਨੂੰ।
ਮਿਹਨਤ ਕੋਲੋਂ ਜੋ ਮਿਲਣਾ ਏ,
ਕਦੇ ਨੀ ਮਿਲਣਾ ਸਾਧਾਂ ਤੋਂ,
ਸਿਰੀ ਫੜੀਦੀ ਜਿੱਤਾਂ ਦੀ,
ਸਦਾ ਪੈਰੀਂ ਮਿੱਧ ਕੇ ਹਾਰਾਂ ਨੂੰ।
ਜਿਹੜੀ ਪੱਗ ਦੇ ਕਰਕੇ ਤੂੰ,
ਸੋਹਣਾ ਸਜਦਾ ਹੁੰਦਾ ਸੀ,
ਡਾਣਸੀਵਾਲੀਆ ਤੂੰ ਭੁਲਾਤਾ,
ਉਸ ਪੱਗ ਦੇ ਸਤਿਕਾਰਾਂ ਨੂੰ।

**ਕੁਲਵੀਰ ਸਿੰਘ ਡਾਨਸੀਵਾਲ**

## 3. ਗ਼ਜ਼ਲ

ਲੁਕਵੇਂ ਮਿੱਤਰ-ਦੁਸ਼ਮਣ ਤਾਂ ਸੀ ਰੱਖਣੇ ਕੀ,
ਮੈਂ ਤਾਂ ਆਪਣੇ ਐਬ ਵੀ ਕਦੇ ਲੁਕੋਏ ਨਹੀਂ।
ਮੈਨੂੰ ਕੋਈ ਵੀ ਇੱਕ ਸ਼ਖ਼ਸ ਮਿਲਾ ਦੇਵੋ,
ਜਿਸ ਵਿੱਚ ਪੱਧਰੇ ਰਾਹ ਤੇ ਟਿੱਬੇ-ਟੋਏ ਨਹੀਂ।
ਦੁਨੀਆਂ ਨੂੰ ਉਨਾਂ ਤੋਂ ਸਿੱਖਣਾ ਚਾਹੀਦਾ।
ਟੁੱਟ ਕੇ ਵੀ ਹੈ ਕਿੱਦਾਂ ਸਾਥ ਨਿਭਾਈ ਦਾ।
ਦੁੱਖ ਤਾਂ ਹੈ ਕਿ ਅੱਜ ਉਹ ਮੇਰੇ ਰਹੇ ਨਾ ਪਰ,
ਮਾਣ ਵੀ ਹੈ ਕਿ ਗ਼ੈਰਾਂ ਨਾਲ ਖਲੋਏ ਨਹੀਂ।
ਜਿਨਾਂ ਦੀ ਤਾਬੀਰ ਕਰਦਿਆਂ ਵਿਕ ਜਾਂਦੇ।
ਕਿਸੇ ਵਪਾਰੀ ਦੀ ਸਿੱਪੀ ਵਿੱਚ ਟਿਕ ਜਾਂਦੇ।
ਅਹੁਦਿਆਂ ਦੇ ਲਾਲਚ, ਤਾਜ ਜਾਂ ਕੁਰਸੀ ਲਈ,
ਸਾਡੀਆਂ ਅੱਖਾਂ ਕਦੇ ਵੀ ਖਾਬ ਸੰਜੋਏ ਨਹੀਂ।
ਉਨਾਂ ਨੂੰ ਬਸ ਭਰਮ ਹੈ ਜੁੜੀਆਂ ਭੀੜਾਂ ਦਾ।
ਸਾਡਾ ਸਫ਼ਰ ਇਕੱਲਿਆਂ ਦਾ ਹੈ ਪੀੜਾਂ ਦਾ।
ਨਾ ਉਨਾਂ ਦੇ ਪੈਰ ਨਾ ਰਾਹਵਾਂ ਆਪਣੀਆਂ ਨੇ,
ਅਜੇ ਉਹ ਸਾਡੇ ਤੁਰਨ ਬਰਾਬਰ ਹੋਏ ਨਹੀਂ।
ਜਾਂ ਤਾਂ ਕਲਮ ਉਠਾਓ ਜਾਂ ਫਿਰ ਤੇਗ ਫੜੋ।
ਜਿਵੇਂ ਵੀ ਲੜ ਸਕਦੇ ਹੋ, ਜਾਓ ਜੰਗ ਲੜੋ।
ਘਰਾਂ 'ਚ ਬੈਠਿਆਂ ਤੋਂ ਇਹ ਯੁਗ ਪਲਟਣੇ ਕੀ,
ਤੁਸੀਂ ਅਜੇ ਤੱਕ ਤੁਰੇ ਤਾਰਿਆਂ ਲੋਏ ਨਹੀਂ।

**ਜੱਗੀ ਜੌਹਲ**

## 4. ਸੌਗਾਤਾਂ ਤੇਰੇ ਲਈ

ਕੈਂਠਾ ਤੁੜਵਾ ਕੇ
ਸੋਨਾ ਡਾਂਗ 'ਚੋਂ ਕਢਾ ਕੇ
ਡੌਲ਼ੇ ਦੇ ਤਵੀਤ ਨੂੰ
ਸਲਾਮ ਕਰਤੀ
ਸੱਗੀ ਫੁੱਲ, ਮੁਰਕੀਆਂ
ਨੱਥ ਕੋਕਰੂ
ਦੇਖ ਲੈ ਸੌਗਾਤਾਂ ਨੇ
ਚਾਦਰ ਭਰਤੀ।
ਟਿੱਕਾ ਬਘਿਆੜੀ
ਤੇ ਸ਼ਿੰਗਾਰ ਪੱਟੀਆਂ
ਝੂਮਰ ਤੇ ਪਾਸਾ
ਸਿਰ ਉੱਤੇ ਲਾ ਲਵੀਂ
ਸੋਨ, ਬੁੰਦੇ, ਲੋਟਣ
ਪਿੱਪਲਪੱਤੀਆਂ
ਕੰਨਾਂ ਵਿੱਚ ਢੇਡੂ
ਫੱਬਮੇ ਤੂੰ ਪਾ ਲਵੀਂ,
ਕੜੀਆਂ ਤੇ ਬਾਂਕਾ
ਲੱਛੇ, ਪੈਂਜਨੀ ਦੇ ਨਾਲ
ਪੈਰਾਂ ਦੀ ਕਰੀਚਣੀ
ਪੰਜੇਬ ਧਰ ਤੀ
ਸੱਗੀ ਫੁੱਲ, ਮੁਰਕੀਆਂ
ਨੱਥ ਕੋਕਰੂ
ਦੇਖ ਲੈ ਸੌਗਾਤਾਂ ਨੇ
ਚਾਦਰ ਭਰਤੀ।
ਬੋਰਾਂ ਵਾਲਾ ਬਟੂਆ
ਤੇ ਨਾਗ ਚੇਕਲੀ
ਚਾਂਦੀ ਦੀ ਕਮਰਪੇਟੀ
ਪਾਵੀਂ ਲੱਕ ਤੇ
ਬੇਸੁਰਾ, ਬੁਲਾਕ ਤੇ
ਬੇਹਰ, ਮੱਛਲੀ
ਨੁੱਕਰਾ ਤੂੰ ਪਾਵੀਂ
ਟੌਹਰ ਨਾਲ ਨੱਕ ਤੇ।
ਰਤਨ ਚੌਕ, ਹੱਥ ਫੁੱਲ
ਤੇ ਕਲੀਚੜੀ
ਆਰਸੀ, ਅੰਗੂਠੀ
ਉਂਗਲਾਂ ਨੂੰ ਹਰਤੀ
ਸੱਗੀ ਫੁੱਲ, ਮੁਰਕੀਆਂ
ਨੱਥ, ਕੋਕਰੂ
ਦੇਖ ਲੈ ਸੌਗਾਤਾਂ ਨੇ
ਚਾਦਰ ਭਰਤੀ।
ਰਾਣੀਹਾਰ ਤੇ ਹਮੇਲ
ਹੌਲਦੀਲੀ ਤੇ ਤੰਦੀਰਾ
ਗਲ ਵਿੱਚ ਲਾਈਂ ਤੂੰ
ਜੰਜੀਰੀ, ਗੁਲੂਬੰਦ ਨੀ



ਕਾਵਿ ਸੰਸਾਰ

ਗੋਖੜੂ, ਸਿੰਘਾੜੇ
ਪਰੀਬੰਦ ਗਜਰੇ
ਹੱਥਾਂ ਲਈ ਲਿਆਂਦੇ ਨੇ
ਕੰਗਣ, ਬਾਜੂਬੰਦ ਨੀ।
ਦਾਉਣੀ, ਲੌਂਗ ਬਿਛੂਏ
ਕਲੀਰੇ ਕੜੀਆਂ
ਬਾਗੜੀ ਤੇ ਛੱਲੇ
ਧੰਨ ਧੰਨ ਕਰਤੀ
ਸੱਗੀ ਫੁੱਲ, ਮੁਰਕੀਆਂ
ਨੱਥ, ਕੋਕਰੂ
ਦੇਖ ਲੈ ਸੌਗਾਤਾਂ ਨੇ
ਚਾਦਰ ਭਰਤੀ।

**ਇੰਦਰ ਦਿਓਲ**

## 5. 'ਰੰਗ ਮੌਲਾ ਦੇ'

ਅਜਬ ਫ਼ਕੀਰੀ ਰੰਗ ਇਹਦੇ ਲਈ, ਕੀ ਕੀ ਕਰਨਾ ਪੈਂਦਾ,
ਪਹਿਲਾਂ ਤਾਂ ਖ਼ੁਦ, ਆਪ ਹੀ ਖ਼ੁਦ ਨੂੰ, ਮਿੱਟੀ ਵਿੱਚ ਮਿਲਾ ਕੇ,
'ਸੱਚੇ' ਵਿੱਚੋਂ ਕੱਢ ਉਹ ਮਿੱਟੀ, 'ਆਵੇ' ਵਿੱਚ ਪਕਾ ਕੇ,
ਸੱਜਣਾਂ ਗੂੜੇ ਪੱਕੇ ਰੰਗ ਲਈ, ਤਪ ਤਪ ਰੜਨਾ ਪੈਂਦਾ,
ਦੇਖ ਫ਼ਕੀਰਾਂ ਵਾਲ਼ੇ ਢੰਗ ਲਈ, ਕੀ ਕੀ ਕਰਨਾ ਪੈਂਦਾ।
ਢੇਰ ਸਵਾਹ ਹੋ, ਕਦੇ ਫ਼ਨਾਹ ਹੋ, ਗਰਭ ਜੂਨ ਅਪਣਾ ਕੇ,
ਫੇਰ ਅੰਤ ਪ੍ਰਸੂਤੀ ਪੀੜਾਂ, ਪਿੰਡੇ ਖ਼ੂਬ ਹੰਢਾ ਕੇ,
ਦਿਲਬਰ ਦੇ ਇਕ ਝਲਕੇ ਖਾਤਰ, ਜੰਮ ਜੰਮ ਮਰਨਾ ਪੈਂਦਾ,
ਏਸ ਮਲੰਗੀ ਚੋਲ਼ੇ ਦੇ ਲਈ, ਇਕ ਲੱਤ ਖੜਨਾ ਪੈਂਦਾ,
ਦੇਖ ਫ਼ਕੀਰਾਂ ਵਾਲ਼ੇ ਢੰਗ ਲਈ, ਕੀ ਕੀ ਕਰਨਾ ਪੈਂਦਾ।
ਕਦੇ ਹਨੇਰੇ ਘੁੱਪ ਵਿੱਚ ਜਗਣਾ, ਜੁਗਨੂੰ ਬਣ ਬਣ ਫਿਰਨਾ,
ਮੂਕ ਖਲਾਅ ਵਿੱਚ ਦੂਰ ਦੂਰ ਬਣ ਘੋਰ ਘਟਾਵਾਂ ਘਿਰਨਾ,
ਕਦੇ ਕਦੇ ਬਣ ਤਿਣਕਾ 'ਹੈਪੀ', ਸਾਗਰ ਤਰਨਾ ਪੈਂਦਾ,
ਫਖਤ ਮਲੰਗੀ ਚੋਲ਼ੇ ਖ਼ਾਤਰ, ਬਹੁ ਕੁਝ ਕਰਨਾ ਪੈਂਦਾ,
ਦੇਖ ਫ਼ਕੀਰਾਂ ਵਾਲ਼ੇ ਢੰਗ ਲਈ, ਕੀ ਕੀ ਕਰਨਾ ਪੈਂਦਾ।

**ਹੈਪੀ ਚੌਧਰੀ**

## 6. ਧੂੰਆਂ

ਨੇਰੀ ਵਾਂਗ ਜਵਾਨੀ ਚੜੀ ਸੀ ਉਸ ਨੂੰ
ਤੇ ਕਹਿਰਾਂ ਦਾ ਰੂਪ
ਵੇਂਹਦਿਆਂ ਵੇਂਹਦਿਆਂ
ਉਹ ਸਰੋਂ ਦੀ ਗੰਦਲ
ਸੁਲਫ਼ੇ ਦੀ ਲਾਟ ਵਾਂਗ ਮੱਚ ਉੱਠੀ
ਜਿਧਰੋਂ ਦੀ ਲੰਘਦੀ
ਰਾਹਾਂ ਦੇ ਕੱਖ ਬਲਣ ਲੱਗ ਪੈਂਦੇ
ਜਿਸ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਵੇਖ ਲੈਂਦੀ
ਪਥਰਾ ਜਾਂਦਾ ਥਾਈਂ
ਇਕ ਦਿਨ
ਪੀਘਾਂ ਝੂਟ ਕੇ ਘਰ ਮੁੜੀ ਤਾਂ
ਇਕ ਚੰਨ ਦੇ ਟੋਟੇ ਨੇ
ਉਹਦੀ ਪੈੜ ਦੱਬ ਲਈ
ਚੰਨ ਦਾ ਟੋਟਾ
ਰੋਜ਼ ਉਹਦੀ ਬੀਹੀ 'ਚੋਂ ਚੜਦਾ
ਤੇ ਉਹਦੀ ਬੀਹੀ ਵਿੱਚ ਹੀ
ਛਿਪ ਜਾਂਦਾ
ਬਾਬਲ ਨੇ ਲਾਟ ਦੀਆਂ ਅੱਖਾਂ ਵਿੱਚ
ਚੰਨ ਦੇ ਟੋਟੇ ਦੀ ਛਾਂ ਤੱਕੀ
ਤੇ ਲਾਟ ਨੂੰ
ਕੰਧਾਂ ਪਿੱਛੇ ਡੱਕ ਦਿੱਤਾ।
ਛੱਤਾਂ 'ਚੋਂ ਧੂੰਆਂ ਉੱਠਿਆ
ਚੰਨ ਦਾ ਟੋਟਾ ਧੁਆਂਖਿਆ ਗਿਆ
ਫੇਰ ਇਕ ਦਿਨ
ਕਾਲਾ ਬੱਦਲ
ਸਿਹਰੇ ਬੰਨ ਕੇ ਪਿੰਡ ਢੁਕਿਆ
ਚੰਨ ਦਾ ਟੋਟਾ ਖੁਰ ਗਿਆ
ਸੁਲਫ਼ੇ ਦੀ ਲਾਟ ਬੁਝ ਗਈ।
ਪਿੰਡ ਦੀਆਂ ਛੱਤਾਂ 'ਚੋਂ ਧੂੰਆਂ
ਅਜੇ ਵੀ ਉੱਠਦਾ ਹੈ
ਚੰਨ ਦੇ ਟੋਟੇ ਉਦਾਸ ਰਹਿੰਦੇ ਨੇ
ਸਰੋਂ ਦੀਆਂ ਗੰਦਲਾਂ ਦਾ
ਦਮ ਘੁਟਦਾ ਹੈ.......।

**ਸੁਖਵਿੰਦਰ ਅੰਮ੍ਰਿਤ**

## 7. ਕੋਰੜਾ ਛੰਦ

ਉਠਕੇ ਸਵੇਰੇ, ਰੱਬ ਨੂੰ ਧਿਆਉਂਦੀਆਂ,
ਰੱਬ ਨੂੰ ਧਿਆਕੇ, ਕੰਮੀਂ ਹੱਥ ਪਾਉਂਦੀਆਂ,
ਬੜਾ ਸੋਹਣਾ ਅਜਬ, ਨਜ਼ਾਰਾ ਹੁੰਦਾ ਸੀ,
ਖ਼ੁਸ਼ੀਆਂ ਤੇ ਖੇੜਾ, ਬੜਾ ਭਾਰਾ ਹੁੰਦਾ ਸੀ।
ਝਾਟੀ 'ਚ ਮਧਾਣੀ, ਰਹਿੰਦੀਆਂ ਘੁਮਾਉਂਦੀਆਂ,
ਸੱਸਾਂ ਨੂੰਹਾਂ ਮਿਲ, ਫਰਜ਼ ਨਿਭਾਉਂਦੀਆਂ,
ਆਸਮਾਨ 'ਚ ਕੋਈ, ਕੋਈ ਤਾਰਾ ਹੁੰਦਾ ਸੀ,
ਖ਼ੁਸ਼ੀਆਂ ਤੇ ਖੇੜਾ, ਬੜਾ ਭਾਰਾ ਹੁੰਦਾ ਸੀ।
ਬਾਹਾਂ ਵਿਚ ਦਮ, ਚਿਹਰੇ ਤੇ ਜਲਾਲ ਸੀ,
ਨੇੜੇ ਨਾ ਸੀ ਆਉਂਦਾ, ਇਨਾਂ ਦੇ ਮਲਾਲ ਸੀ,
ਬੜਾ ਸੋਹਣਾ ਵਕਤ, ਗੁਜ਼ਾਰਾ ਹੁੰਦਾ ਸੀ,
ਖ਼ੁਸ਼ੀਆਂ ਤੇ ਖੇੜਾ, ਬੜਾ ਭਾਰਾ ਹੁੰਦਾ ਸੀ।
ਅਧ ਰਿੜਕੇ ਦਾ, ਛੰਨਾਂ ਮੂੰਹ ਨੂੰ ਲਾਉਂਦੀਆਂ,
ਚਰਖ਼ੇ 'ਚ ਜਿੰਦਾਂ, ਹੋਣ ਤੰਦ ਪਾਉਂਦੀਆਂ,
ਸਿਹਤ ਲਈ ਉਤਮ ਮੀਨਾਰਾ ਹੁੰਦਾ ਸੀ,
ਖ਼ੁਸ਼ੀਆਂ ਤੇ ਖੇੜਾ, ਬੜਾ ਭਾਰਾ ਹੁੰਦਾ ਸੀ।
ਹੱਥੀਂ ਨਾ ਸੁਆਣੀ, ਵੇਖੀ ਦੁੱਧ ਰਿੜਕੇ,
ਯੁੱਗ ਹੈ ਮਸ਼ੀਨੀ, ਰਿਸ਼ਤੇ ਨੇ ਤਿੜਕੇ,
ਵਿਖਿਆ ਨਾ ਪਹਿਲੇ, ਜੋ ਗੁਹਾਰਾ ਹੁੰਦਾ ਸੀ,
ਖ਼ੁਸ਼ੀਆਂ ਤੇ ਖੇੜਾ ਬੜਾ ਭਾਰਾ ਹੁੰਦਾ ਸੀ।
ਸਿੱਧੇ ਸਾਦੇ ਲੋਕ, ਮਨਾਂ 'ਚ ਨਾ ਖੋਟ ਸੀ,
ਏਸੇ ਵਜਾ ਕਰਕੇ, ਨਾ ਆਉਂਦੀ ਤੋਟ ਸੀ,
ਹਰ ਬੰਦਾ ਦੂਜੇ ਦਾ ਸਹਾਰਾ ਹੁੰਦਾ ਸੀ,
ਖ਼ੁਸ਼ੀਆਂ ਤੇ ਖੇੜਾ ਬੜਾ ਭਾਰਾ ਹੁੰਦਾ ਸੀ।
ਬੀਤਿਆ ਜ਼ਮਾਨਾ, ਜਦੋਂ ਯਾਦ ਆਂਵਦਾ,
ਰੂਹਾਂ ਵਾਲੇ ਗੀਤ, ਮਨ ਚਾਹਲ ਗਾਂਵਦਾ,
ਟਿੰਡਾਂ ਵਾਲਾ ਪਾਣੀ, ਨਹੀਂਓ ਖਾਰਾ ਹੁੰਦਾ ਸੀ,
ਖ਼ੁਸ਼ੀਆਂ ਤੇ ਖੇੜਾ ਬੜਾ ਭਾਰਾ ਹੁੰਦਾ ਸੀ।

**ਰਾਜਿੰਦਰ ਸਿੰਘ ਚਾਹਲ**

## 8. ਸਕੂਲ

ਕਲਾਸ 'ਚ ਮੁਰਗੇ ਬਣਾਕੇ ਜਿਨਾਂ ਨੇ
ਸਾਨੂੰ ਕਰਵਾਈਆਂ ਪੜਾਈਆਂ ਜੀ
ਉਨਾਂ ਸਾਰੇ ਮਾਸਟਰਾਂ ਨੂੰ
ਟੀਚਰ ਡੇਅ ਦੀਆਂ ਵਧਾਈਆਂ ਜੀ
ਜਿਨਾਂ ਦੇ ਡੰਡਿਆਂ ਦੇ ਡਰ ਨੇ
ਸਕੂਲ ਦੀਆਂ ਕੰਧਾਂ ਟਪਵਾਈਆਂ ਜੀ
ਉਨਾਂ ਸਾਰੇ ਉਸਤਾਦਾਂ ਨੂੰ
ਟੀਚਰ ਡੇਅ ਦੀਆਂ ਵਧਾਈਆਂ ਜੀ
ਸਾਗ, ਦੁੱਧ, ਚਾਹਾਂ ਤੇ ਚਿੱਬੜ ਕਦੇ
ਲੱਸੀਆਂ ਜਿੰਨਾਂ ਨੇ ਮੰਗਵਾਈਆਂ ਜੀ
ਉਨਾਂ ਮਾਹਟਰਾਂ ਨੂੰ ਵੀ
ਉਸਤਾਦ ਦਿਵਸ ਦੀਆਂ ਵਧਾਈਆਂ ਜੀ
ਲਿਖਣੀ ਪੜਨੀ ਬੋਲਣੀ ਪੰਜਾਬੀ ਸਿਖਾਈ
ਕੁਲਵਿੰਦਰਾ ਤੁਕਬੰਦੀਆਂ ਤਾਂਹੀ ਆਈਆਂ ਜੀ
ਸਤਿਕਾਰਯੋਗ ਉਸਤਾਦਾਂ ਨੂੰ
ਅਧਿਆਪਕ ਦਿਵਸ ਦੀਆਂ ਵਧਾਈਆਂ ਜੀ

ਕੁਲਵਿੰਦਰ ਸਿੱਧੂ ਕਾਮੇ ਕਾ

## 9. ਜਿੰਦਗੀ ਦੇ ਨੁਕਤੇ

ਮੈਂ ਅੱਜ ਕੱਲ ਕੁਝ ਲਿਖ ਤੇ ਕੁਝ ਪੜ ਰਿਹਾ ਹਾਂ
ਜ਼ਿੰਦਗੀ ਜਿਉਣ ਦੇ ਨਵੇਂ ਨੁਕਤੇ ਘੜ ਰਿਹਾ ਹਾਂ,
ਚਿਹਰੇ ਤੇ ਖੁਸ਼ੀਆਂ ਤਮਾਮ, ਸਾਰੇ ਜਹਾਨ ਦੀਆਂ
ਅੰਦਰੋਂ ਸਿਵਿਆਂ 'ਚ, ਲਾਸ਼ ਵਾਂਗ ਸੜ ਰਿਹਾ ਹਾਂ,
ਕੁਝ ਕਰੀਬੀਆਂ ਤੋਂ ਮਿਲੇ ਜੋ ਧੋਖਿਆਂ ਦੇ ਨਗੀਨੇ
ਆਪਣੇ ਹੱਡਾਂ ਦੀ ਥਾਂ, ਜਿਸਮ 'ਚ ਜੜ ਰਿਹਾ ਹਾਂ,
ਇਸ ਦੁਨੀਆਂ 'ਚ ਰਹਿਣਾ, ਇੰਨਾ ਆਸਾਨ ਨਹੀਂ
ਹੁਣ ਮੌਤ ਦੇ ਲਈ ਜਿੰਦਗੀ ਨਾਲ ਲੜ ਰਿਹਾ ਹਾਂ,
ਸੱਜਣਾਂ ਵੱਲੋਂ ਮਿਲਿਆ ਬੇਵਫ਼ਾਈ ਦਾ ਇੱਕ ਤਾਜ
ਆਪਣੇ ਹੀ ਹੱਥੀਂ ਆਪਣੇ ਹੀ ਸਿਰ ਮੜ ਰਿਹਾ ਹਾਂ,
ਇਹ ਮੁਹੱਬਤ ਹੁਣ ਬਾਜ਼ੀ ਬਣ ਗਈ ਸ਼ਤਰੰਜ ਦੀ
ਮੈਂ ਥੋੜਾ ਜਾ ਕੱਚਾ ਹਾਂ, ਤਾਹੀਓਂ ਤਾਂ ਅੜ ਰਿਹਾ ਹਾਂ,
ਇਸ਼ਕ ਦਾ ਭੂਤ ਹਨੀ ਸਿਰ ਚੜਕੇ ਉਤਰ ਗਿਆ
ਹੁਣ ਹਰ ਪਲ ਏ ਪੌੜੀ ਬਿਰਹੋਂ ਦੀ ਚੜ ਰਿਹਾ ਹਾਂ।

**ਹਨੀ ਬਡਾਲੀ**

## 10. ਯਾਦਾਂ

ਯਾਦਾਂ ਦਾ ਨਾ ਸਿਰ ਨਾ ਮੂੰਹ ਨਾ ਮੱਥਾ
ਬੰਦਾ ਕਿੱਧਰੋਂ ਤੁਰਿਆ ਕਿੱਧਰੇ ਜਾ ਲੱਥਾ
ਕਿੱਡੀ ਅਸੀਮ ਤਾਕਤ ਏ ਯਾਦਾਂ ਵਿੱਚ
ਜਿਨਾਂ ਬੰਦੇ ਨੂੰ ਸੁਪਨਿਆਂ 'ਚ ਦਿੱਤਾ ਧੱਕਾ
ਕੁੜੀਆਂ ਚਿੜੀਆਂ ਔਰਤਾਂ ਤੇ ਬਜ਼ੁਰਗ ਬੀਬੀਆਂ
ਯਾਦਾਂ 'ਚ ਜਵਾਨੀ ਨੂੰ ਹੀ ਧਿਆਈ ਜਾਂਦੀਆਂ
ਪੇਕਿਆਂ ਸੋਹਰਿਆਂ ਨੂੰ ਯਾਦ ਕਰਦਿਆਂ ਕਰਦਿਆਂ
ਗੂੜ ਯਾਦਾਂ ਅਗਲੀ ਪੀੜੀ ਨੂੰ ਸੁਣਾਈ ਜਾਂਦੀਆਂ
ਯਾਦ ਸ਼ਕਤੀ ਜਿਓਂ ਕੋਹਿਨੂਰ ਹੀਰੇ ਵਰਗੀ
ਹਰ ਬੰਦੇ ਦੀ ਆਪਣੀਓ ਯਾਦਾਂ ਦੀ ਬਸਤੀ
ਜੇ ਯਾਦ ਸ਼ਕਤੀ ਨਾ ਬਣਾਂਦਾ ਰੱਬ ਸੋਹਣਾ ਮੇਰਾ
ਜ਼ਿੰਦਗੀ ਬੰਦੇ ਦੀ ਬਣ ਜਾਂਦੀ ਭੂਤਾਂ ਦਾ ਡੇਰਾ
ਯਾਦਾਂ ਵਿੱਚ ਵਹਿੰਦਾ ਬੰਦਾ ਵੇਖਦਾ ਅਜਬ ਨਜ਼ਾਰੇ
ਜਿਓਂ ਲੱਭਦਾ ਲਭਾਂਦਾ ਬੀਤੇ ਨਿਸ਼ਾਨ ਵੇਖੀ ਜਾਂਦਾ
ਸਾਰਾ ਨਜ਼ਾਰਾ ਮੁੜ ਮੁੜ ਧਿਆਵੇ ਤੇ ਚਿਤਵੇ
ਘੁੰਮ ਆਂਦਾ ਬਚਪਨ ਦੇ ਘਰਾਂ ਦੇ ਚੁਬਾਰੇ ਮੁਨਾਰੇ
ਕਿਆ ਅਵੱਲੀ ਸ਼ੈਅ ਯਾਦਾਂ ਰੱਬ ਨੇ ਬਣਾਈਆਂ
ਤੁਰਦੀਆਂ ਰੁਮਕਦੀਆਂ ਠਣਕਦੀਆਂ ਜਾਂਦੀਆਂ
ਜਾਗਦੇ ਨੈਣਾਂ ਵਿੱਚ ਵੀ ਅਠਖੇਲੀਆਂ ਕਰਦੀਆਂ
ਜਾਦੂਈ ਕ੍ਰਿਸ਼ਮਾਈ ਲਹਿਰਾਂ ਚਲਾਈ ਜਾਂਦੀਆਂ।

**ਗੁਰਮੀਤ ਸਚਦੇਵਾ**

# ਖੇਡਾਂ ਦੇ ਵਿਕਾਸ ਲਈ ਖੇਡ ਅਕੈਡਮੀਆਂ ਤੇ ਨਵੀਂ ਨੀਤੀਆਂ ਦੀ ਲੋੜ

**ਬਲਜਿੰਦਰ ਮਾਨ**

ਅੱਜ ਦਾ ਯੁੱਗ ਤਕਨੀਕ ਦਾ ਯੁੱਗ ਹੈ। ਇਸ ਲਈ ਖਿਡਾਰੀ ਨੂੰ ਆਧੁਨਿਕ ਤਕਨੀਕ ਅਤੇ ਆਧੁਨਿਕ ਸਾਜ਼ੋ-ਸਮਾਨ ਨਾਲ ਲੈਸ ਕਰਨ ਦੀ ਜ਼ਰੂਰਤ ਹੈ। ਪਿਛਲੀ ਸਰਕਾਰ ਨੇ ਮਿਡਲ ਸਕੂਲਾਂ 'ਚੋਂ ਪੀਟੀਆਈ ਦੀ ਪੋਸਟ ਖਤਮ ਕਰਕੇ ਵੱਡਾ ਨੁਕਸਾਨ ਕੀਤਾ ਸੀ। ਹੋਰ ਅਧਿਆਪਕ ਰੁਚੀ ਅਨੁਸਾਰ ਤਿਆਰੀ ਤਾਂ ਕਰਵਾਉਂਦੇ ਹਨ ਪਰ ਅਸਲੀ ਜਾਣਕਾਰੀ ਤਾਂ ਉਸ ਵਿਸ਼ੇ ਦੇ ਮਾਹਿਰ ਹੀ ਦੇ ਸਕਦੇ ਹਨ। ਸਕੂਲ ਪੱਧਰ 'ਤੇ ਤਿਆਰ ਕੀਤੇ ਜਾ ਰਹੇ ਖਿਡਾਰੀਆਂ ਦੀ ਡਾਈਟ ਅਤੇ ਕੋਚਿੰਗ ਦਾ ਵੀ ਵਧੀਆ ਪ੍ਰਬੰਧ ਕੀਤਾ ਜਾਵੇ।

ਹਰ ਸਕੂਲ ਦੇ ਹੋਣਹਾਰ ਖਿਡਾਰੀਆਂ ਦੀ ਵਿਸ਼ੇਸ਼ ਕੈਂਪਾਂ ਰਾਹੀ ਕੋਚਿੰਗ ਕਰਵਾਉਣੀ ਲਾਜ਼ਮੀ ਕੀਤੀ ਜਾਵੇ। ਜਿਹੜੇ ਖਿਡਾਰੀ ਬਲਾਕ ਜਾਂ ਕਲੱਸਟਰ ਪੱਧਰ 'ਤੇ ਮੱਲਾਂ ਮਾਰਦੇ ਹਨ, ਉਨਾਂ ਦੇ ਵਿਸ਼ੇਸ਼ ਕੈਂਪ ਲਗਾ ਕੇ ਤਿਆਰੀ ਕਰਵਾਉਣੀ ਚਾਹੀਦੀ ਹੈ। ਮੁਕਾਬਲਿਆਂ ਵਿਚ ਹੁੰਦੀਆਂ ਹੇਰਾਫੇਰੀਆਂ ਰੋਕਣ ਦੀ ਖਾਸ ਜ਼ਰੂਰਤ ਹੈ। ਭਾਈ ਭਤੀਜਾਵਾਦ ਕਾਰਨ ਕਈ ਵਾਰ ਯੋਗ ਖਿਡਾਰੀ ਰਹਿ ਜਾਂਦੇ ਹਨ। ਯੁਵਕ ਸੇਵਾਵਾਂ ਵਿਭਾਗ ਪੰਜਾਬ ਨੂੰ ਪਿੰਡਾਂ ਦੀਆਂ ਖੇਡ ਕਲੱਬਾਂ ਅਤੇ ਨੌਜਵਾਨ ਕਲੱਬਾਂ ਨੂੰ ਸਰਗਰਮ ਕਰਨ ਦੀ ਜ਼ਰੂਰਤ ਹੈ। ਹੁਣ ਕਾਗਜ਼ੀ ਕੰਮ ਨਹੀਂ ਸਗੋਂ ਜ਼ਮੀਨੀ ਪੱਧਰ 'ਤੇ ਸਭ ਕੁਝ ਕਰਨ ਦੀ ਜ਼ਰੂਰਤ ਹੈ। ਨਹਿਰੂ ਯੁਵਾ ਕੇਂਦਰ ਸੰਗਠਨ (ਭਾਰਤ ਸਰਕਾਰ) ਦਾ ਵੀ ਇਨਾਂ ਗਤੀਵਿਧੀਆਂ ਵਿਚ ਸਹਿਯੋਗ ਲਿਆ ਜਾ ਸਕਦਾ ਹੈ। ਜਿਹੜੇ ਕਲੱਬ ਦਹਾਕਿਆਂ ਤੋਂ ਖੇਡ ਸਰਗਰਮੀਆਂ ਕਰ ਰਹੇ ਹਨ, ਉਨਾਂ ਦੇ ਪ੍ਰਬੰਧਕਾਂ ਦੀ ਰਾਏ ਵੀ ਖੇਡ ਨੀਤੀ ਵਿਚ ਸ਼ਾਮਲ ਹੋਵੇ। ਇਨਾਂ ਸੰਸਥਾਵਾਂ ਦੀ ਸਰਪ੍ਰਸਤੀ ਕਰਨੀ ਵੀ ਸਰਕਾਰ ਦਾ ਟੀਚਾ ਹੋਣਾ ਚਾਹੀਦਾ ਹੈ। ਹਰ ਪਿੰਡ ਦੇ ਖਿਡਾਰੀ ਦੀ ਪ੍ਰਗਤੀ ਵਾਸਤੇ ਵਿਸ਼ੇਸ਼ ਉਪਰਾਲੇ ਕਰਨੇ ਪਿੰਡ ਦੀ ਪੰਚਾਇਤ ਦੀ ਜ਼ਿੰਮੇਵਾਰੀ ਬਣਦੀ ਹੈ ਕਿਉਂਕਿ ਪਿੰਡ ਦਾ ਨਾਮ ਉਸ ਨੇ ਮਸ਼ਹੂਰ ਕਰਨਾ ਹੁੰਦਾ ਹੈ।

ਖੇਡ ਸੰਸਾਰ

ਕਾਫੀ ਸਮਾਂ ਪਹਿਲਾਂ ਸਰਕਾਰ ਨੇ ਖੇਡ ਅਕੈਡਮੀਆਂ ਬਣਾਉਣ ਦੀ ਤਜਵੀਜ਼ ਲਿਆਂਦੀ ਸੀ ਜਿਸ ਤਹਿਤ ਇਲਾਕੇ ਵਿਚ ਮਸ਼ਹੂਰ ਖੇਡ ਦੀ ਅਕੈਡਮੀ ਬਣਾਈ ਜਾਣੀ ਸੀ। ਇਸ ਤਹਿਤ ਉਸ ਇਲਾਕੇ ਦੇ ਖਿਡਾਰੀਆਂ ਨੂੰ ਅੱਗੇ ਵਧਣ ਦਾ ਮੌਕਾ ਮਿਲਣਾ ਸੀ। ਇਨਾਂ ਦੀ ਕਾਰਜ ਪ੍ਰਣਾਲੀ ਵੀ ਸ਼ੱਕ ਦੇ ਘੇਰੇ ਹੇਠ ਹੀ ਰਹੀ। ਖੇਡ ਵਿਭਾਗ ਅਤੇ ਸਿੱਖਿਆ ਵਿਭਾਗ ਵਿਚ ਆਪਸੀ ਤਾਲਮੇਲ ਦੀ ਕਮੀ ਕਾਰਨ ਇਸ ਸਕੀਮ ਦਾ ਇਲਾਕਿਆਂ ਨੂੰ ਪੂਰਾ ਲਾਭ ਨਹੀਂ ਮਿਲ ਸਕਿਆ। ਸਹੂਲਤਾਂ ਨੂੰ ਤਰਸਦੀਆਂ ਅਕੈਡਮੀਆਂ ਸਿਰਫ ਨਾਮ ਦੀਆਂ ਅਕੈਡਮੀਆਂ ਰਹਿ ਗਈਆਂ। ਫਿਰ ਸਿਆਸੀ ਦਖਲ ਨੇ ਇਨਾਂ ਦੀ ਹਾਲਤ ਹੋਰ ਪਤਲੀ ਕਰ ਦਿੱਤੀ। ਇਲਾਕੇ ਦੀ ਖੇਡ ਦੇ ਵਿਕਾਸ ਲਈ ਅਕੈਡਮੀਆਂ ਦੀ ਉਸਾਰੀ ਸਮੇਂ ਦੀ ਮੰਗ ਹੈ ਬਸ਼ਰਤੇ ਇਨਾਂ ਵਿਚ ਆਧੁਨਿਕ ਤਕਨੀਕ ਨਾਲ ਲੈਸ ਸਟਾਫ ਅਤੇ ਸਾਜ਼ੋ-ਸਮਾਨ ਹੋਵੇ। ਮਾਹਿਲਪੁਰ ਦੀ ਫੁੱਟਬਾਲ ਅਕੈਡਮੀ ਅਤੇ 1975 ਵਿਚ ਬਣੇ ਖੇਡ ਵਿੰਗ ਦੀਆਂ ਪ੍ਰਾਪਤੀਆਂ ਤੇ ਘਾਟਾਂ ਦੀ ਚਰਚਾ ਸਰਕਾਰੇ ਦਰਬਾਰੇ ਅਕਸਰ ਗੂੰਜਦੀ ਰਹੀ ਹੈ। ਇਸ ਸ਼ਹਿਰ ਨੂੰ 'ਸਾਕਰ ਸਿਟੀ' ਦਾ ਦਰਜਾ ਦੇਣ ਦਾ ਸੰਕਲਪ ਅੱਜ ਤੱਕ ਪੂਰਾ ਨਹੀਂ ਹੋਇਆ। ਜਦਕਿ ਇਸ ਇਲਾਕੇ ਨੇ ਏਸ਼ੀਆ ਦੇ ਕਪਤਾਨ ਅਰਜਨ ਐਵਾਰਡੀ ਉਲੰਪੀਅਨ ਜਰਨੈਲ ਸਿੰਘ, ਅਰਜਨ ਐਵਾਰਡੀ ਗੁਰਦੇਵ ਸਿੰਘ ਗਿੱਲ, ਮਨਜੀਤ ਸਿੰਘ, ਹਰਦੀਪ ਸੰਘਾ ਅਤੇ ਪਰਮਿੰਦਰ ਸਿੰਘ ਵਰਗੇ ਸੈਂਕੜੇ ਖਿਡਾਰੀ ਪੈਦਾ ਕੀਤੇ ਹਨ। ਇੰਨੀਆਂ ਪ੍ਰਾਪਤੀਆਂ ਦੇ ਬਾਵਜੂਦ ਕੋਈ ਵੀ ਸਰਕਾਰ ਇਥੇ ਕੌਮਾਂਤਰੀ ਪੱਧਰ ਦਾ ਸਟੇਡੀਅਮ ਅਤੇ ਖੇਡ ਮੈਦਾਨ ਤਿਆਰ ਨਹੀਂ ਕਰ ਸਕੀ। ਇਸੇ ਤਰਾਂ ਸੰਸਾਰਪੁਰ ਦਾ ਨਾਮ ਹਾਕੀ ਜਗਤ ਵਿਚ ਬੜੇ ਅਦਬ ਨਾਲ ਲਿਆ ਜਾਂਦਾ ਹੈ। ਪੰਜਾਬ ਦੇ ਹਰ ਇਲਾਕੇ ਦੀ ਆਪੋ-ਆਪਣੀ ਪਿਆਰੀ ਅਤੇ ਨਿਆਰੀ ਖੇਡ ਹੈ ਜਿਸ ਦੇ ਵਿਕਾਸ ਲਈ ਇਹ ਯਤਨ ਅਕੈਡਮੀਆਂ ਰਾਹੀਂ ਹੋਣੇ ਲੋੜੀਂਦੇ ਹਨ। ਸਕੂਲਾਂ ਵਿਚ ਤਿਆਰ ਹੋ ਰਹੇ ਚੋਣਵੇਂ ਖਿਡਾਰੀਆਂ ਦੀ ਤਿਆਰੀ ਕੌਮੀ ਅਤੇ ਕੌਮਾਂਤਰੀ ਮੁਕਾਬਲਿਆਂ ਵਾਸਤੇ ਇਨਾਂ ਅਕੈਡਮੀਆਂ ਵਿਚ ਕਰਵਾਈ ਜਾ ਸਕਦੀ ਹੈ। ਨਾਮਕਰਨ ਨਾਲ ਕੁਝ ਨਹੀਂ ਬਣਨਾ ਸਗੋਂ ਸੰਸਾਰ ਪੱਧਰੀ ਅਧੁਨਿਕ ਢਾਂਚਾ ਉਸਾਰ ਕੇ ਹੀ ਬਿਹਤਰ ਨਤੀਜਿਆਂ ਦੀ ਆਸ ਲਾਈ ਜਾ ਸਕਦੀ ਹੈ। ਕਾਰਪੋਰੇਟ ਘਰਾਣਿਆਂ ਨੂੰ ਟੀਮਾਂ ਨੂੰ ਸਪਾਂਸਰ ਕਰਨਾ ਚਾਹੀਦਾ ਹੈ ਜਿਸ ਨਾਲ ਉਨਾਂ ਦੇ ਉਦਪਾਦ ਦੀ ਵਿਕਰੀ ਵਧੇਗੀ ਅਤੇ ਪੰਜਾਬੀਆਂ ਦੀ ਸ਼ਾਨ ਨੂੰ ਚਾਰ ਚੰਨ ਲੱਗਣਗੇ।



ਪਿੰਡਾਂ ਦੀ ਖਾਲੀ ਪਈ ਜ਼ਮੀਨ ਨੂੰ ਖੇਡ ਮੈਦਾਨਾਂ ਵਿਚ ਤਬਦੀਲ ਕਰਨਾ ਚਾਹੀਦਾ ਹੈ। ਨੇੜਲੇ ਪੰਜਾਂ ਸੱਤਾਂ ਪਿੰਡਾਂ ਵਾਸਤੇ ਕੋਚਿੰਗ ਸੈਂਟਰ ਬਣਾਇਆ ਜਾਵੇ ਜਿਥੇ ਲਾਗਲੇ ਪਿੰਡਾਂ ਦੇ ਗੱਭਰੂ ਅਤੇ ਮੁਟਿਆਰਾਂ ਆਪੋ-ਆਪਣਾ ਅਭਿਆਸ ਕਰ ਸਕਣ। ਉਨਾਂ ਦੀ ਕੋਚਿੰਗ ਵਾਸਤੇ ਮਾਹਿਰ ਕੋਚ ਸ਼ਾਮ ਸਵੇਰੇ ਹਾਜ਼ਰ ਹੋਣ ਤਾਂ ਕਿ ਉਨਾਂ ਦੀ ਖੇਡ ਕਲਾ ਨਿਖਰ ਸਕੇ। ਪਿੰਡ, ਸੈਂਟਰ, ਕਲੱਸਟਰ, ਬਲਾਕ ਜ਼ਿਲਾ ਅਤੇ ਰਾਜ ਪੱਧਰੀ ਮੁਕਾਬਲੇ ਕਰਵਾਏ ਜਾਣ ਤਾਂ ਜੋ ਖਿਡਾਰੀਆਂ ਵਿਚ ਮੁਕਾਬਲਾ ਤੇ ਉਤਸ਼ਾਹ ਵਧ ਸਕੇ। ਹੋਣਹਾਰ ਖਿਡਾਰੀਆਂ ਦੀ ਪੜਾਈ ਅਤੇ ਖੇਡ ਕੋਚਿੰਗ ਦਾ ਸਾਰਾ ਜਿੰਮਾ ਸਰਕਾਰ ਨੂੰ ਚੁੱਕਣਾ ਚਾਹੀਦਾ ਹੈ। ਜਿੱਤਾਂ ਮਗਰੋਂ ਉਨਾਂ ਵਾਸਤੇ ਨੌਕਰੀਆਂ ਅਤੇ ਮਾਣ ਸਨਮਾਨ ਵਿਚ ਕੋਈ ਕਮੀ ਨਾ ਰਹੇ।

ਬਾਲ ਮਾਨਸਿਕਤਾ ਨੂੰ ਨੈੱਟ ਦੇ ਮਾਇਆ-ਜਾਲ ਨੇ ਰੱਦੀ ਕਰ ਦਿੱਤਾ ਹੈ। ਇਸ ਤੋਂ ਬਚਣ ਲਈ ਕੇਂਦਰ ਸਰਕਾਰ ਨੇ ਵੀ ਦੇਸੀ ਭਾਰਤੀ ਖੇਡਾਂ ਨੂੰ ਸਕੂਲ ਸਿਲੇਬਸ ਦਾ ਹਿੱਸਾ ਬਣਾਉਣ ਦੀ ਪਹਿਲਕਦਮੀ ਕੀਤੀ ਹੈ। ਤੇਜ਼ੀ ਨਾਲ ਗਿਰਾਵਟ ਵਲ ਵਧ ਰਹੀ ਮਾਨਸਿਕਤਾ ਨੂੰ ਬਚਾਉਣ ਦਾ ਹੱਲ ਵਿਹਲੇ ਮਨ ਨੂੰ ਖੇਡ ਗਤੀਵਿਧੀਆਂ ਵਿਚ ਲਾਉਣਾ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਬਚਾਉਣ ਲਈ ਘੜੀ ਜਾ ਰਹੀ ਨਵੀਂ ਖੇਡ ਨੀਤੀ ਵਿਚ ਇਹ ਸਾਰੇ ਨੁਕਤੇ ਸ਼ਾਮਲ ਕਰਨਾ ਸਮੇਂ ਦੀ ਮੁੱਖ ਲੋੜ ਹੈ।

# ਬਾਲੀਵੁੱਡ ਵਿਚ ਵਗ ਰਿਹਾ ਹੈ ਬਾਈਕਾਟ ਦਾ ਨਾਂਹਪੱਖੀ ਰੁਝਾਨ




ਅੱਜ ਕੱਲ ਬਾਲੀਵੁੱਡ ਵਿਚ ਬਾਈਕਾਟ ਦੀ ਲਹਿਰ ਜ਼ੋਰਾਂ 'ਤੇ ਚੱਲ ਰਹੀ ਹੈ। ਸੋਸ਼ਲ ਮੀਡੀਆ ਦੇ ਆਗਮਨ ਤੋਂ ਬਾਅਦ ਇਸ ਬਾਈਕਾਟ ਨਾਮੀ ਸ਼ਾਸਤਰ ਦੀ ਵਰਤੋਂ ਆਏ ਦਿਨ ਕੀਤੀ ਜਾਣ ਲੱਗੀ ਹੈ। ਕਿਸੇ ਫ਼ਿਲਮ ਵਿਚ ਜਾਂ ਇਸ ਦੇ ਪ੍ਰਚਾਰ ਵਿਚ ਕਿਤੇ ਕੁਝ ਇਤਰਾਜ਼ਯੋਗ ਨਜ਼ਰ ਆਇਆ ਤਾਂ ਜਨਤਾ ਵਲੋਂ ਝੱਟ ਇਹ ਸ਼ਸਤਰ ਚੁੱਕ ਲਿਆ ਜਾਂਦਾ ਹੈ। ਫ਼ਿਲਮ ਦੇ ਨਾਇਕ ਜਾਂ ਨਾਇਕਾ ਨੇ ਕੁਝ ਇਤਰਾਜ਼ਯੋਗ ਕਹਿ ਦਿੱਤਾ ਜਾਂ ਸੋਸ਼ਲ ਮੀਡੀਆ 'ਤੇ ਆਪਣੀ ਰਾਇ ਬੇਬਾਕ ਰੂਪ ਨਾਲ ਰੱਖੀ ਤਾਂ ਉਦੋਂ ਵੀ ਬਾਈਕਾਟ ਦਾ ਝੰਡਾ ਲਹਿਰਾ ਕੇ ਲੋਕ ਵਿਰੋਧ ਕਰਨਾ ਸ਼ੁਰੂ ਕਰ ਦਿੰਦੇ ਹਨ।

ਫ਼ਿਲਮ 'ਛਪਾਕ' ਨੂੰ ਪ੍ਰਮੋਟ ਕਰਨ ਦੀਪਿਕਾ ਪਾਦੂਕੋਨ ਜੇ.ਐਨ.ਯੂ ਕੀ ਪਹੁੰਚ ਗਈ ਕਿ ਫ਼ਿਲਮ ਦਾ ਵਿਰੋਧ ਸ਼ੁਰੂ ਹੋ ਗਿਆ ਸੀ ਅਤੇ ਇਸ ਦਾ ਅਸਰ 'ਛਪਾਕ' ਦੇ ਕਾਰੋਬਾਰ 'ਤੇ ਪਿਆ ਸੀ। 'ਪਦਮਾਵਤ', 'ਦੰਗਲ', 'ਲਿਪਸਿਟਕ ਅੰਡਰ ਮਾਈ ਬੁਰਕਾ' ਆਦਿ ਫ਼ਿਲਮਾਂ ਦਾ ਵੀ ਵਿਰੋਧ ਹੋਇਆ ਸੀ। 'ਸ਼ਮਸ਼ੇਰਾ' ਵਿਚ ਖ਼ਲਨਾਇਕ ਬਣੇ ਸੰਜੈ ਦੱਤ ਦੇ ਮੱਥੇ 'ਤੇ ਲਾਲ ਟਿੱਕਾ ਦੇਖ ਕੇ ਹਿੰਦੂਵਾਦੀ ਸੰਸਥਾਵਾਂ ਭੜਕ ਉੱਠੀਆਂ ਅਤੇ ਫ਼ਿਲਮ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ ਗਿਆ ਸੀ। ਬਾਈਕਾਟ ਦੇ ਇਸ ਐਲਾਨ ਦਾ ਵੱਡਾ ਖਾਮਿਆਜ਼ਾ 'ਲਾਲ ਸਿੰਘ ਚੱਢਾ' ਨੂੰ ਭੁਗਤਣਾ ਪਿਆ ਹੈ। ਲੋਕਾਂ ਨੂੰ ਸਿਨੇਮਾਘਰਾਂ ਵਿਚ ਨਾ ਆਉਂਦੇ ਦੇਖ ਕੇ 1300 ਤੋਂ ਜ਼ਿਆਦਾ ਸਿਨੇਮਾਘਰਾਂ ਵਿਚ ਇਹ ਫ਼ਿਲਮ ਅਗਲੇ ਹੀ ਦਿਨ ਉਤਾਰਨੀ ਪੈ ਗਈ। ਆਮਿਰ ਦੀ ਪਤਨੀ ਕਿਰਨ ਵਲੋਂ ਹਿੰਦੁਸਤਾਨ ਵਿਚ ਡਰ ਲਗਣ ਵਾਲਾ ਬਿਆਨ ਇਸ ਫ਼ਿਲਮ ਨੂੰ ਲੈ ਡੁੱਬਿਆ। ਨਾਲ ਹੀ ਆਮਿਰ ਦੀ ਫ਼ਿਲਮ 'ਪੀ ਕੇ' ਪ੍ਰਤੀ ਲੋਕਾਂ ਦਾ ਗੁੱਸਾ ਇਸ ਫ਼ਿਲਮ 'ਤੇ ਉਤਰਿਆ। ਪਾਕਿਸਤਾਨ ਦੇ ਦੋਸਤ ਰਾਸ਼ਟਰ ਤੁਰਕੀ ਦੀ ਆਮਿਰ ਵਲੋਂ ਲਈ ਗਈ ਮੁਲਾਕਾਤ ਵੀ ਫ਼ਿਲਮ ਨੂੰ ਭਾਰੀ ਪੈ ਗਈ। ਫ਼ਿਲਮ 'ਰਕਸ਼ਾਬੰਧਨ' ਦੀ ਲੇਖਿਕਾ ਕਨਿਕਾ ਢਿੱਲੋਂ ਨੇ ਸੋਸ਼ਲ ਮੀਡੀਆ 'ਤੇ ਕੁਝ ਗੱਲਾਂ ਕਹੀਆਂ ਸਨ। ਇਹ ਗੱਲਾਂ ਕਈਆਂ ਨੂੰ ਨਾਗਵਾਰਾ ਹੋ ਗੁਜ਼ਰੀਆਂ ਅਤੇ ਇਸ ਫ਼ਿਲਮ ਦੇ ਬਾਈਕਾਟ ਦਾ ਵੀ ਐਲਾਨ ਕਰ ਦਿੱਤਾ ਗਿਆ।

ਰਿਤਿਕ ਰੌਸ਼ਨ ਨੇ 'ਲਾਲ ਸਿੰਘ ਚੱਢਾ' ਦੀ ਤਾਰੀਫ਼ ਕੀਤੀ ਤੇ ਉਸ ਦੀ ਅਗਲੀ ਫ਼ਿਲਮ 'ਵਿਕਰਮ ਵੇਧਾ' ਦੇ ਬਾਈਕਾਟ ਦੀਆਂ ਗੱਲਾਂ ਸ਼ੁਰੂ ਹੋ ਗਈਆਂ। ਕਰਨ ਜੌਹਰ ਦੀ ਫ਼ਿਲਮ 'ਬ੍ਰਹਮਾਸਤਰ' ਦਾ ਬਾਈਕਾਟ ਇਸ ਲਈ ਕੀਤਾ ਜਾ ਰਿਹਾ ਹੈ ਕਿਉਂਕਿ ਇਸ ਵਿਚ ਰਣਬੀਰ ਕਪੂਰ ਅਤੇ ਆਲੀਆ ਭੱਟ ਹੈ ਅਤੇ ਕਈਆਂ ਨੂੰ ਇਹ ਫ਼ਿਲਮ ਨੈਪੋਟਿਜ਼ਮ ਨੂੰ ਪ੍ਰਮੋਟ ਕਰਦੀ ਦਿਸ ਰਹੀ ਹੈ। ਫ਼ਿਲਮ ਦੇ ਪ੍ਰੋਮੋ ਵਿਚ ਰਣਬੀਰ ਨੂੰ ਮੰਦਰ ਵਿਚ ਜੁੱਤੀਆਂ ਪਾਈ ਦਿਖਾਇਆ ਗਿਆ ਹੈ। ਇਸ ਵਜਾ ਕਰਕੇ ਵੀ ਫ਼ਿਲਮ ਦਾ ਵਿਰੋਧ ਸ਼ੁਰੂ ਹੋ ਗਿਆ ਹੈ। ਸ਼ਾਹਰੁਖ ਦੀਆਂ ਦੋ ਫ਼ਿਲਮਾਂ 'ਪਠਾਨ' ਅਤੇ 'ਡੰਕੀ' ਬਾਈਕਾਟ ਦੇ ਨਿਸ਼ਾਨੇ 'ਤੇ ਹਨ। 'ਡੰਕੀ' ਦਸੰਬਰ 2023 ਵਿਚ ਪ੍ਰਦਰਸ਼ਿਤ ਹੋਵੇਗੀ ਪਰ ਫ਼ਿਲਮ ਦਾ ਵਿਰੋਧ ਇਹ ਕਹਿ ਕੇ ਹੁਣੇ ਤੋਂ ਕੀਤਾ ਜਾਣ ਲੱਗਿਆ ਹੈ ਕਿ ਇਸ ਦੇ ਨਿਰਦੇਸ਼ਕ ਰਾਜ ਕੁਮਾਰ ਹੀਰਾਨੀ ਹਨ ਜਿਨਾਂ ਨੇ 'ਪੀ ਕੇ' ਨਿਰਦੇਸ਼ਿਤ ਕੀਤੀ ਸੀ।

ਹੁਣ ਦੇਖਣਾ ਇਹ ਹੈ ਕਿ ਬਾਈਕਾਟ ਦੇ ਇਸ ਹਥਿਆਰ ਦੀ ਧਾਰ ਕਦੋਂ ਤੱਕ ਆਪਣਾ ਅਸਰ ਦਿਖਾਉਂਦੀ ਰਹੇਗੀ ਅਤੇ ਬਾਲੀਵੁੱਡ ਨੂੰ ਨੁਕਸਾਨ ਪਹੁੰਚਾਉਂਦੀ ਰਹੇਗੀ।

Website Design & Development
➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com

# ਗੁਰੂ ਨਗਰੀ ਅੰਮ੍ਰਿਤਸਰ ਨੂੰ ਸੁੰਦਰ ਬਣਾਇਆ ਜਾਵੇ

**ਰਜਿੰਦਰ ਸਿੰਘ ਪੁਰੇਵਾਲ**

ਭਾਰਤ ਦੇ ਵੱਖ-ਵੱਖ ਸੂਬਿਆਂ ਅਤੇ ਬਾਹਰੀ ਮੁਲਕਾਂ ਤੋਂ ਪੰਜਾਬ ਆਉਣ ਵਾਲੇ ਸੈਲਾਨੀਆਂ ਅਤੇ ਯਾਤਰੂਆਂ ਦੀ ਅੰਮ੍ਰਿਤਸਰ ਪਹਿਲੀ ਪਸੰਦ ਬਣਿਆ ਹੋਇਆ ਹੈ ।ਇਸ ਲਈ ਸ਼੍ਰੋਮਣੀ ਕਮੇਟੀ ,ਮੋਦੀ ਸਰਕਾਰ ਤੇ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਦੇ ਆਲ਼ੇ ਦੁਆਲੇ ਨੂੰ ਸੁੰਦਰ ਬਣਾਇਆ ਜਾਵੇ।ਟੂਰਿਜ਼ਮ ਮੰਤਰਾਲੇ ਵੱਲੋਂ ਜਾਰੀ ਕੀਤੇ ਅੰਕੜਿਆਂ ਮੁਤਾਬਿਕ ਅੰਮ੍ਰਿਤਸਰ ਵਿਚ ਪਿਛਲੇ ੧੨ ਵਰਿਆਂ ਦੌਰਾਨ ਦੇਸ਼-ਵਿਦੇਸ਼ ਤੋਂ ਕੁੱਲ ੨੦ ਕਰੋੜ ੯੬ ਲੱਖ ੭੩ ਹਜ਼ਾਰ ੨੪੪ ਸੈਲਾਨੀ ਤੇ ਸ਼ਰਧਾਲੂ ਅੰਮ੍ਰਿਤਸਰ ਪਹੁੰਚੇ ਹਨ । ਇਨਾਂ ‘ਵਿਚ ਵੱਡੀ ਗਿਣਤੀ ਉਨਾਂ ਸ਼ਰਧਾਲੂਆਂ ਦੀ ਹੈ, ਜੋ ਅੰਮ੍ਰਿਤਸਰ ਸਥਿਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਪਹੁੰਚੇ ਸਨ। ਅੰਮ੍ਰਿਤਸਰ ਆਉਣ ਵਾਲੇ ਸੈਲਾਨੀਆਂ ਅਤੇ ਯਾਤਰੂਆਂ ਦੀ ਵਾਹਗਾ ਸਰਹੱਦ ਦੂਜੀ ਪਸੰਦ ਹੈ ਅਤੇ ਉੱਥੇ ਰੋਜ਼ਾਨਾ ਰਾਸ਼ਟਰੀ ਝੰਡਾ ਉਤਾਰਨ ਦੀ ਰਸਮ ਵਿਚ ਸ਼ਾਮਿਲ ਹੋਣ ਲਈ ਹਜ਼ਾਰਾਂ ਲੋਕ ਪਹੁੰਚ ਰਹੇ ਹਨ ।ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਉਂਦੇ ਸ਼ਰਧਾਲੂਆਂ ਨੂੰ ਦਰਪੇਸ਼ ਮੁਸ਼ਕਲਾਂ ਵੱਲ ਸ਼੍ਰੋਮਣੀ ਕਮੇਟੀ ਅਤੇ ਪ੍ਰਸ਼ਾਸਨ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ।

ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਸੰਨ ੧੫੭੭ ਈਸਵੀ ਵਿਚ ਵਸਾਏ ‘ਸਿਫ਼ਤੀਂ ਦੇ ਘਰ’ ਚੱਕ ਰਾਮਦਾਸ ਪੁਰ, ਜਿਸ ਨੂੰ ਕਦੇ ਗੁਰੂ ਕਾ ਚੱਕ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਸੀ, ਅਜੋਕੇ ਸਮੇਂ ਵਿਚ ਸ੍ਰੀ ਅੰਮ੍ਰਿਤਸਰ ਦੇ ਨਾਂਅ ਨਾਲ ਦੇਸ਼ ਵਿਦੇਸ਼ ਵਿਚ ਪ੍ਰਸਿੱਧ ਹੈ ।ਇਸ ਸ਼ਹਿਰ ਵਿਖੇ ਪਵਿੱਤਰ ਅੰਮ੍ਰਿਤ ਸਰੋਵਰ ਵਿਚ ਸੁਸ਼ੋਭਿਤ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਇਸ਼ਨਾਨ ਕਰਨ ਤੇ ਨਤਮਸਤਕ ਹੋਣ ਲਈ ਰੋਜ਼ਾਨਾ ਲੱਖਾਂ ਸ਼ਰਧਾਲੂ ਤੇ ਹੋਰ ਯਾਤਰੂ ਦੇਸ਼-ਵਿਦੇਸ਼ ਤੋਂ ਪੁੱਜਦੇ ਹਨ ਤੇ ਹਰ ਸ਼ਨੀਵਾਰ, ਐਤਵਾਰ ਛੁੱਟੀ ਵਾਲੇ ਦਿਨ ਜਾਂ ਫਿਰ ਮੱਸਿਆ, ਸੰਗਰਾਂਦ ਤੇ ਗੁਰਪੁਰਬਾਂ ਮੌਕੇ ਇਹ ਗਿਣਤੀ ਕਈ ਗੁਣਾਂ ਵਧ ਜਾਂਦੀ ਹੈ ।ਇਹ ਸ਼ਹਿਰ ਇੱਕ ਪ੍ਰਸਿੱਧ ਧਾਰਮਿਕ ਤੇ ਵਪਾਰਕ ਕੇਂਦਰ ਹੋਣ ਦੇ ਨਾਲ-ਨਾਲ ਦੇਸ਼ ਦੇ ਪ੍ਰਸਿੱਧ ਸੈਰ-ਸਪਾਟੇ ਦੇ ਕੇਂਦਰ ਵਜੋਂ ਵੀ ਵਿਕਸਤ ਹੋ ਚੁਕਾ ਹੈ । ਪਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਅਤੇ ਯਾਤਰੀਆਂ ਨੂੰ ਸੁੱਖ ਸਹੂਲਤਾਂ ਦੇਣ ਦੇ ਮਾਮਲੇ ਵਿਚ ਨਾ ਤਾਂ ਭਾਰਤ ਸਰਕਾਰ,ਪੰਜਾਬ ਸਰਕਾਰ , ਨਾ ਸਥਾਨਕ ਪ੍ਰਸ਼ਾਸਨ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਵੱਲੋਂ ਕੋਈ ਵਿਸ਼ੇਸ਼ ਤਵੱਜੋ ਦਿੱਤੀ ਜਾ ਰਹੀ ਹੈ, ਜਿਸ ਕਾਰਨ ਇਸ ਗੁਰੂ ਨਗਰੀ ਦੀ ਯਾਤਰਾ ਦੌਰਾਨ ਸ਼ਰਧਾਲੂਆਂ ਨੂੰ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਲੰਧਰ ਵੱਲੋਂ ਜੀ. ਟੀ. ਰੋਡ ਮਾਰਗ ਰਾਹੀਂ ਸ਼ਹਿਰ ‘ਚ ਦਾਖਲ ਹੁੰਦਿਆਂ ਹੀ ਖੁੱਲੀਆਂ-ਡੁੱਲੀਆਂ ੮ ਮਾਰਗੀ ਸੜਕਾਂ ਦੇਖ ਕੇ ਬਾਹਰੋਂ ਆਉਣ ਵਾਲੇ ਸ਼ਰਧਾਲੂਆਂ ਨੂੰ ਇਹ ਸ਼ਹਿਰ ਵਿਦੇਸ਼ੀ ਸ਼ਹਿਰਾਂ ਵਰਗਾ ਸਾਫ਼-ਸੁਥਰਾ ਤੇ ਖੁੱਲਾ-ਡੁੱਲਾ ਪ੍ਰਤੀਤ ਹੁੰਦਾ ਹੈ, ਪਰ ਜਿਉਂ ਹੀ ਸ਼ਰਧਾਲੂ ਜੀ. ਟੀ. ਰੋਡ ਤੋਂ ਸ੍ਰੀ ਦਰਬਾਰ ਸਾਹਿਬ ਵੱਲ ਜਾਣ ਲਈ ਮੋੜ ਮੁੜਦੇ ਹਨ ਤਾਂ ਟੁੱਟੀਆਂ ਸੜਕਾਂ ਤੇ ਸਾਫ਼ ਸਫ਼ਾਈ ਦੀ ਤਰਸਯੋਗ ਹਾਲਤ ਦੇਖ ਕੇ ਯਾਤਰੂ ਤੇ ਸ਼ਰਧਾਲੂ ਦੁਖੀ ਹੁੰਦੇ ਹਨ।ਸ਼ਰਧਾਲੂਆਂ ਨੂੰ ਗੱਡੀਆਂ ਦੀ ਪਾਰਕਿੰਗ ਦੀ ਸਮੱਸਿਆ ਸਾਹਮਣੇ ਆਉਂਦੀ ਹੈ। ਭਾਵੇਂ ਸਰਕਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਧਰਮ ਸਿੰਘ ਮਾਰਕਿਟ ਨੇੜੇ ਸਾਰਾਗੜ੍ਹੀ ਸਕੂਲ ਦੀ ਵਿਰਾਸਤੀ ਇਮਾਰਤ ਢਾਹ ਕੇ ਇੱਥੇ ਬਹੁਮੰਜ਼ਲੀ ਪਾਰਕਿੰਗ ਬਣਾਈ ਗਈ ਹੈ ਤੇ ਕਾਰਾਂ ਗੱਡੀਆਂ ਵਾਲੇ ਸ਼ਰਧਾਲੂ ਜੀ. ਟੀ. ਰੋਡ, ਸਿਟੀ ਸੈਂਟਰ ਤੋਂ ਧਰਮ ਸਿੰਘ ਮਾਰਕਿਟ ਚੌਕ ਵਾਲੀ ਬਹੁਮੰਜ਼ਲੀ ਪਾਰਕਿੰਗ ਤੱਕ ਨਵੇਂ ਬਣੇ ਐਲੀਵੇਟਡ ਰੋਡ ਰਾਹੀਂ ਪੁੱਜਦੇ ਹਨ, ਪਰ ਬੱਸਾਂ, ਟਰੱਕਾਂ, ਟਰਾਲੀਆਂ ਅਤੇ ਹੋਰ ਦੋ ਜਾਂ ਤਿੰਨ ਪਹੀਆ ਵਾਹਨਾਂ ‘ਤੇ ਜਾਂ ਪੈਦਲ ਆਉਣ ਵਾਲੇ ਸ਼ਰਧਾਲੂ ਜੀ. ਟੀ. ਰੋਡ ਤੋਂ ਵਾਇਆ ਘਿਉ ਮੰਡੀ ਚੌਕ ਜਾਂ ਫਿਰ ਸਿਟੀ ਸੈਂਟਰ ਤੋਂ ਗੁਰਦੁਆਰਾ ਬਾਬਾ ਅਕਾਲੀ ਫੂਲਾ ਸਿੰਘ ਬੁਰਜ ਤੱਕ ਤੇ ਫਿਰ ਸ਼ੇਰਾਂਵਾਲਾ ਗੇਟ ਤੋਂ ਹਰਿਮੰਦਰ ਸਾਹਿਬ ਤੱਕ ਪੈਦਲ ਹੀ ਪੁੱਜਦੇ ਹਨ ।ਪਰ ਦਰਬਾਰ ਸਾਹਿਬ ਨੂੰ ਜਾਂਦੀਆਂ ਇਨਾਂ ਸੜਕਾਂ ਦੀ ਹਾਲਤ ਅੱਤ ਦੀ ਮਾੜੀ ਹੈ । ਆਪਣੇ ਵਾਹਨ ਗੁਰਦੁਆਰਾ ਬੁਰਜ ਅਕਾਲੀ ਫੂਲਾ ਸਿੰਘ ਵਿਖੇ ਖੜੇ ਕਰਕੇ ਬਹੁਤੇ ਸ਼ਰਧਾਲੂ ਤਾਂ ਸ਼ੇਰਾਂਵਾਲਾ ਗੇਟ, ਘਿਉ ਮੰਡੀ, ਜਾਂ ਮਹਾਂ ਸਿੰਘ ਗੇਟ ਤੋਂ ਪੈਦਲ ਅਤੇ ਨੰਗੇ ਪੈਰੀਂ ਹੀ ਸ੍ਰੀ ਹਰਿਮੰਦਰ ਸਾਹਿਬ ਜਾਂਦੇ ਹਨ, ਤੇ ਟੁੱਟੀਆਂ ਸੜਕਾਂ ਤੇ ਫਿਰ ਸੜਕਾਂ ਤੋਂ ਲੰਘਦੀ ਬੇਤਰਤੀਬੀ ਆਵਾਜਾਈ ਵੀ ਪ੍ਰੇਸ਼ਾਨੀ ਦਾ ਕਾਰਨ ਬਣਦੀ ਹੈ । ਨਗਰ ਨਿਗਮ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਆਸਪਾਸ ਦਿਨ ਵਿਚ ਦੋ ਵਾਰ ਸਫ਼ਾਈ ਕਰਾਉਣ ਦੇ ਕੀਤੇ ਦਾਅਵੇ ਵੀ ਝੂਠੇ ਹਨ । ਇਨਾਂ ਸੜਕਾਂ, ਰਸਤਿਆਂ ਅਤੇ ਕੂੜੇ ਕਰਕਟ ਦੀ ਰਾਤ ਸਮੇਂ ਸਫ਼ਾਈ ਕੀਤੇ ਜਾਣ ਦੀ ਲੋੜ ਹੈ ।

ਜ਼ਿਲਾ ਪੁਲਿਸ ਪ੍ਰਸ਼ਾਸਨ ਵੱਲੋਂ ਪੁਖ਼ਤਾ ਸੁਰੱਖਿਆ ਪ੍ਰਬੰਧਾਂ ਦੇ ਨਿੱਤ ਕੀਤੇ ਜਾਂਦੇ ਦਾਅਵਿਆਂ ਦੇ ਬਾਵਜੂਦ ਆਏ ਦਿਨ ਸ਼ਰਧਾਲੂਆਂ ਦੇ ਪਰਸ, ਮੋਬਾਈਲ ਆਦਿ ਲੁਟੇਰਿਆਂ ਵੱਲੋਂ ਖੋਹੇ ਜਾਣ ਦੀਆਂ ਘਟਨਾਵਾਂ ਦੇਖਣ ਸੁਣਨ ਨੂੰ ਮਿਲ ਰਹੀਆਂ ਹਨ । ਸ੍ਰੀ ਦਰਬਾਰ ਸਾਹਿਬ ਦੇ ਬਾਹਰ ਬਾਜ਼ਾਰਾਂ ਵਿਚ ਰੁਮਾਲ ਤੇ ਹੋਰ ਸਮਾਨ ਵੇਚਣ ਵਾਲਿਆਂ ਤੋਂ ਇਲਾਵਾ ਮੰਗਤੇ ਵੀ ਦਰਸ਼ਨ ਕਰਨ ਆਏ ਸ਼ਰਧਾਲੂਆਂ ਨੂੰ ਪ੍ਰੇਸ਼ਾਨ ਕਰਦੇ ਹਨ।ਪੁਲੀਸ ਪ੍ਰਸ਼ਾਸਨ ਇਸ ਵਲ ਧਿਆਨ ਨਹੀਂ ਦੇ ਰਿਹਾ।

ਹਰ ਕੋਈ ਯਾਤਰੂ ਸ੍ਰੀ ਦਰਬਾਰ ਸਾਹਿਬ ਸਮੂਹ ਅੰਦਰ ਬਣੀਆਂ ਸਰਾਂਵਾਂ ਵਿਚ ਹੀ ਰਹਿਣਾ ਲੋਚਦਾ ਹੈ ਤਾਂ ਕਿ ਸਵੇਰ ਸ਼ਾਮ ਸੱਚਖੰਡ ਸਾਹਿਬ ਦੇ ਦਰਸ਼ਨ ਕੀਤੇ ਜਾ ਸਕਣ, ਪਰ ਰੋਜ਼ਾਨਾ ਲੱਖਾਂ ਸ਼ਰਧਾਲੂਆਂ ਦੀ ਆਮਦ ਦੇ ਮੁਕਾਬਲੇ ਸ਼੍ਰੋਮਣੀ ਕਮੇਟੀ ਦੀਆਂ ਕੇਵਲ ੮ ਸਰਾਂਵਾਂ ਤੇ ਗੈੱਸਟ ਹਾਊਸਾਂ, ਜਿਨਾਂ ਵਿਚ ਸ੍ਰੀ ਗੁਰੂ ਰਾਮਦਾਸ ਸਰਾਂ (ਨਿਵਾਸ), ਸ੍ਰੀ ਗੁਰੂ ਨਾਨਕ ਨਿਵਾਸ, ਸ੍ਰੀ ਗੁਰੂ ਅਰਜਨ ਦੇਵ ਨਿਵਾਸ, ਸ੍ਰੀ ਗੁਰੂ ਹਰਗੋਬਿੰਦ ਨਿਵਾਸ, ਮਾਤਾ ਗੰਗਾ ਜੀ ਨਿਵਾਸ, ਨਿਊ ਅਕਾਲ ਰੈਸਟ ਹਾਊਸ, ਬਾਬਾ ਦੀਪ ਸਿੰਘ ਜੀ ਨਿਵਾਸ (ਨੇੜੇ ਗੁ: ਸ਼ਹੀਦਾਂ ਸਾਹਿਬ) ਅਤੇ ਮਾਤਾ ਭਾਗ ਕੌਰ ਨਿਵਾਸ (ਜੀ. ਟੀ. ਰੋਡ) ਆਦਿ ਸਰਾਂਵਾਂ ਸ਼ਾਮਿਲ ਹਨ ਇਨਾਂ ਵਿਚ ਕੇਵਲ ੬੬੦ ਕਮਰੇ ਹੀ ਸ਼ਰਧਾਲੂਆਂ ਲਈ ਉਪਲਬਧ ਹਨ । ਇਸ ਕਾਰਨ ਬਹੁਤੇ ਸ਼ਰਧਾਲੂਆਂ ਨੂੰ ਗਰਮੀ ਸਰਦੀ ਦੇ ਮੌਸਮ ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਦੇ ਬਰਾਂਡਿਆਂ ਵਿਚ ਹੀ ਰਾਤ ਕੱਟਣੀ ਪੈਂਦੀ ਹੈ ਜਾਂ ਫਿਰ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਬਣੇ ਹੋਟਲਾਂ ਵਿਚ ਮਹਿੰਗੇ ਬਹੁ-ਮੰਜ਼ਿਲਾਂ ਹੋਟਲਾਂ ਵਿਚ ਮਹਿੰਗੇ ਭਾਅ ਕਮਰੇ ਕਿਰਾਏ ‘ਤੇ ਲੈਣੇ ਪੈਂਦੇ ਹਨ ।੮ ਅਰਬ ਦੇ ਕਰੀਬ ਸਾਲਾਨਾ ਬਜਟ ਵਾਲੀ ਸ਼੍ਰੋਮਣੀ ਕਮੇਟੀ ਨੂੰ ਪਰਿਵਾਰਾਂ ਤੇ ਬੱਚਿਆਂ ਸਮੇਤ ਗੁਰੂ ਘਰ ਨਤਮਸਤਕ ਹੋਣ ਲਈ ਬਾਹਰੋਂ ਆਉਣ ਵਾਲੇ ਸ਼ਰਧਾਲੂਆਂ ਦੇ ਰੈਣ ਬਸੇਰੇ ਲਈ ਬਹੁਮੰਜ਼ਲੀਆਂ ਸਰਾਂਵਾਂ ਤਿਆਰ ਕਰਕੇ ਇਸ ਸਮੱਸਿਆ ਦਾ ਹੱਲ ਪਹਿਲ ਦੇ ਆਧਾਰ ‘ਤੇ ਕੱਢਣਾ ਚਾਹੀਦਾ ਹੈ ਤੇ ਸ਼ਰਧਾਲੂਆਂ ਦੀ ਸਹੂਲਤ ਲਈ ਸਾਫ਼-ਸੁਥਰੀਆਂ ਕੰਟੀਨਾਂ ਵੀ ਸਥਾਪਿਤ ਕਰਨੀਆਂ ਚਾਹੀਦੀਆਂ ਹਨ ਤਾਂ ਕਿ ਸ਼ਰਧਾਲੂਆਂ ਨੂੰ ਦੁਕਾਨਦਾਰਾਂ ਦੀ ਲੁੱਟ-ਖਸੁੱਟ ਦਾ ਸ਼ਿਕਾਰ ਨਾ ਹੋਣਾ ਪਵੇ ।

ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸਕ ਪਿਛੋਕੜ ਤੇ ਸਿੱਖ ਧਰਮ ਦੀ ਜਾਣਕਾਰੀ ਬਾਰੇ ਅੰਗਰੇਜ਼ੀ ਪੰਜਾਬੀ ਹਿੰਦੀ ਵਿਚ ਪੈਂਫ਼ਲਿਟ ਵੰਡਿਆ ਜਾਣਾ ਚਾਹੀਦਾ ਹੈ ਤਾਂ ਜੋ ਸਿੱਖੀ ਪ੍ਰਚਾਰ ਵਿਸ਼ਵ ਪੱਧਰ ਉੱਪਰ ਫੈਲ ਸਕੇ।




# ਪਰਾਲੀ ਦੀ ਸਮੱਸਿਆ ਦਾ ਨਿਦਾਨ



**ਗੋਬਿੰਦਰ ਸਿੰਘ ਢੀਂਡਸਾ**

ਝੋਨਾ-ਕਣਕ ਫਸਲ ਪ੍ਰਣਾਲੀ ਉੱਤਰ ਪੱਛਮੀ ਭਾਰਤੀ ਮੈਦਾਨੀ ਇਲਾਕਿਆਂ ਹੇਠ ਪੰਜਾਬ, ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਸੂਬਿਆਂ ਦਾ 4.1 ਮਿਲੀਅਨ ਹੈਕਟੇਅਰ ਖੇਤਰ ਆਉਂਦਾ ਹੈ ਅਤੇ ਇਸ ਪ੍ਰਣਾਲੀ ਵਿੱਚ 75 ਫੀਸਦੀ ਤੋਂ ਜਿਆਦਾ ਖੇਤਰ ਦੀ ਕਟਾਈ ਕੰਬਾਇਨਾਂ ਦੁਆਰਾ ਕੀਤੀ ਜਾਂਦੀ ਹੈ। ਜ਼ਿਆਦਾਤਰ ਕਣਕ ਦੀ ਪਰਾਲੀ ਦੀ ਤੂੜੀ ਕਰ ਲਈ ਜਾਂਦੀ ਹੈ ਜੋ ਕਿ ਪਸ਼ੂਆਂ ਦੇ ਚਾਰੇ ਵਿੱਚ ਮੁੱਖ ਰੂਪ ਵਿੱਚ ਵਰਤੀ ਜਾਂਦੀ ਹੈ ਜਦਕਿ ਝੋਨੇ ਦੀ ਪਰਾਲੀ ਵਿੱਚ ਲਿਗਨਿਨ (6-7 ਫੀਸਦੀ) ਦੀ ਘੱਟ ਮਾਤਰਾ ਅਤੇ ਸਿਲਿਕਾ (12-16 ਫੀਸਦੀ) ਦੀ ਵੱਧ ਮਾਤਰਾ ਕਾਰਨ ਇਸਨੂੰ ਘੱਟ ਗੁਣਵੱਤਾ ਵਾਲਾ ਚਾਰਾ ਮੰਨਿਆ ਜਾਂਦਾ ਹੈ, ਇਹ ਪਾਚਣਸ਼ਕਤੀ ਨੂੰ ਘੱਟ ਕਰਦਾ ਹੈ, ਸੋ ਜ਼ਿਆਦਾਤਰ ਝੋਨੇ ਦੀ ਪਰਾਲੀ ਨੂੰ ਅੱਗ ਲਾ ਕੇ ਖੇਤ ਖਾਲੀ ਕੀਤੇ ਜਾਂਦੇ ਹਨ।

ਹਰ ਵਰੇ ਦੀ ਤਰਾਂ ਅਕਤੂਬਰ ਸ਼ੁਰੂ ਹੋਣ ਦੇ ਲਾਗੇ ਹੀ ਝੋਨੇ ਦੀ ਫਸਲ ਦੀ ਕਟਾਈ ਸ਼ੁਰੂ ਹੋ ਜਾਵੇਗੀ। ਸਰਕਾਰੀ ਨੀਤੀਆਂ ਦੇ ਵਿਰੋਧ ਵਿੱਚ ਜਾਂ ਮਜ਼ਬੂਰੀਵਸ ਕਿਸਾਨ ਪਰਾਲੀ ਨੂੰ ਖੇਤਾਂ ਵਿੱਚ ਅੱਗ ਲਾਉਣਗੇ ਅਤੇ ਸਰਕਾਰ ਅੱਗ ਲਾਉਣ ਵਾਲਿਆਂ ਨੂੰ ਜੁਰਮਾਨੇ ਕਰੇਗੀ। ਜਦੋਂ ਤੱਕ ਇਸ ਗੰਭੀਰ ਸਮੱਸਿਆ ਦਾ ਪੁਖਤਾ ਹੱਲ ਨਹੀਂ ਲੱਭਿਆ ਜਾਂਦਾ, ਓਨੀ ਦੇਰ ਇਹ ਸਮੱਸਿਆ ਬਣੀ ਰਹੇਗੀ। ਤਿੰਨ ਦਹਾਕੇ ਪਹਿਲਾਂ ਸ਼ੈਲਰਾਂ 'ਚ ਮਿਲਿੰਗ ਤੋਂ ਬਾਅਦ ਝੋਨੇ ਦੇ ਛਿਲਕੇ ਦੇ ਅੰਬਾਰ ਵੇਖੇ ਜਾਂਦੇ ਸਨ, ਮੁਫ਼ਤ ਵਿੱਚ ਵੀ ਛਿਲਕੇ ਨੂੰ ਕੋਈ ਨਹੀਂ ਲੈਂਦਾ ਸੀ, ਆਖ਼ਰ ਤਕਨੀਕ ਵਿਕਸਿਤ ਹੋਈ ਤਾਂ ਹੁਣ ਸ਼ੈਲਰ ਮਾਲਕ 5-7 ਕਿਲੋ ਛਿਲਕਾ ਵੀ ਖਰਾਬ ਨਹੀਂ ਹੋਣ ਦਿੰਦੇ ਤੇ ਇਸ ਨੂੰ ਵੇਚ ਕੇ ਕਮਾਈ ਕਰਦੇ ਹਨ ਅਜਿਹਾ ਕੁਝ ਹੀ ਪਰਾਲੀ ਵਾਸਤੇ ਕਰਨਾ ਪੈਣਾ ਹੈ। ਮੁਕੱਦਮੇਬਾਜ਼ੀ ਕਿਸੇ ਮਸਲੇ ਦਾ ਹੱਲ ਨਹੀਂ ਹੈ, ਕਿਸਾਨਾਂ ਨਾਲ ਟਕਰਾਅ ਰੋਕਣ ਲਈ ਮਸਲੇ ਦਾ ਹੱਲ ਕੱਢਣ 'ਤੇ ਜ਼ੋਰ ਦੇਣਾ ਚਾਹੀਦਾ ਹੈ।

ਰੁਪਈਏ ਦੀ ਮਾਚਿਸ ਨਾਲ ਪਰਾਲੀ ਨੂੰ ਅੱਗ ਲਾਉਣ ਦੇ ਫਾਇਦੇ ਨਾ-ਮਾਤਰ ਪਰੰਤੂ ਨੁਕਸਾਨ ਡਾਢੇ ਹਨ ਜਿਨਾਂ ਦੇ ਸਿੱਟੇ ਭਿਆਨਕ ਹਨ। ਇੱਕ ਟਨ (1000 ਕਿਲੋਗ੍ਰਾਮ) ਪਰਾਲੀ (ਅਵਸ਼ੇਸ਼) ਵਿੱਚ ਤਕਰੀਬਨ 5.5 ਕਿਲੋਗ੍ਰਾਮ ਨਾਈਟ੍ਰੋਜਨ, 2.3 ਕਿਲੋਗ੍ਰਾਮ ਫਾਸਫੋਰਸ, 2.5 ਕਿਲੋਗ੍ਰਾਮ ਪੋਟਾਸ਼, 1.2 ਕਿਲੋਗ੍ਰਾਮ ਸਲਫ਼ਰ ਅਤੇ 400 ਕਿਲੋਗ੍ਰਾਮ ਕਾਰਬਨ ਹੁੰਦਾ ਹੈ ਜੋ ਕਿ ਪਰਾਲੀ ਨੂੰ ਅੱਗ ਲਾਉਣ ਨਾਲ ਨਸ਼ਟ ਹੋ ਜਾਂਦਾ ਹੈ। ਇਹਨਾਂ ਪੋਸ਼ਕ ਤੱਤਾਂ ਤੋਂ ਇਲਾਵਾ ਮਿੱਟੀ ਦਾ ਤਾਪਮਾਨ, ਪੀ.ਐੱਚ., ਨਮੀ, ਮਿੱਟੀ ਵਿੱਚ ਮੌਜੂਦ ਫਾਸਫੋਰਸ ਅਤੇ ਜੈਵਿਕ ਤੱਤ ਵੀ ਪ੍ਰਭਾਵਿਤ ਹੁੰਦੇ ਹਨ।



ਪਰਾਲੀ ਪ੍ਰਬੰਧਨ ਸੰਬੰਧੀ ਦੋ ਤਰੀਕੇ ਹਨ ਇਨ ਸੀਟੂ (-) ਅਤੇ ਐਕਸ ਸੀਟੂ (-) । ਇਨ ਸੀਟੂ ਵਿੱਚ ਪਰਾਲੀ ਨੂੰ ਖੇਤ ਵਿੱਚ ਖਾਦ ਦੇ ਰੂਪ ਵਿੱਚ ਮਿਲਾ ਦਿੱਤਾ ਜਾਂਦਾ ਹੈ ਜਦਕਿ ਐਕਸ ਸੀਟੂ ਵਿੱਚ ਪਰਾਲੀ ਨੂੰ ਖੇਤ ਤੋਂ ਬਾਹਰ ਲਿਜਾਇਆ ਜਾਂਦਾ ਹੈ। ਇਨ ਸੀਟੂ ਪ੍ਰਕਿਰਿਆ ਵਿੱਚ ਕੰਬਾਇਨ ਨਾਲ ਸੁਪਰ ਸਟ੍ਰਾ ਮੈਨੇਜਮੈਂਟ ਸਿਸਟਮ ਦੀ ਵਰਤੋਂ ਕਰਨੀ ਸ਼ਾਮਿਲ ਹੈ ਜੋ ਕਿ ਪਰਾਲੀ ਨੂੰ 4-5 ਇੰਚ ਦੇ ਛੋਟੇ ਛੋਟੇ ਟੁਕੜਿਆਂ ਵਿੱਚ ਕੱਟ ਕੇ ਸਾਮਾਨ ਰੂਪ ਵਿੱਚ ਖੇਤ ਵਿੱਚ ਸੁੱਟਦਾ ਹੈ। ਇਸ ਸਿਸਟਮ ਨੂੰ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਦੁਆਰਾ 2016 ਵਿੱਚ ਵਿਕਸਿਤ ਕੀਤਾ ਗਿਆ। ਸਟ੍ਰਾ ਚਾਪਰ/ਸ਼੍ਰੈਡਰ ਦੀ ਵਰਤੋਂ ਵੀ ਸਾਧਾਰਨ ਵਢਾਈ ਤੋਂ ਬਾਦ ਪਰਾਲੀ ਨੂੰ ਛੋਟੇ ਛੋਟੇ ਟੁਕੜਿਆਂ ਵਿੱਚ ਕੱਟ ਕੇ ਖੇਤ ਵਿੱਚ ਫੈਲਾਉਣ ਲਈ ਕੀਤੀ ਜਾਂਦੀ ਹੈ। ਤੂੜੀ ਕਰਨ ਲਈ ਸਟ੍ਰਾ ਰੀਪਰ/ਕੰਬਾਇਨ ਦੀ ਵਰਤੋਂ ਕੀਤੀ ਜਾ ਸਕਦੀ ਹੈ। ਮਲਚਰ ਦੀ ਵਰਤੋਂ ਵੀ ਘਾਹ, ਝਾੜੀਆਂ, ਗੰਨੇ ਦੇ ਅਵਸ਼ੇਸ਼, ਪਰਾਲੀ ਅਤੇ ਮੱਕੀ ਦੇ ਅਵਸ਼ੇਸ਼ ਆਦਿ ਨੂੰ ਵੀ ਛੋਟੇ ਛੋਟੇ ਟੁਕੜਿਆਂ 'ਚ ਕੱਟ ਕੇ ਜ਼ਮੀਨ ਤੇ ਫੈਲਾਉਣ ਲਈ ਵਰਤਿਆ ਜਾ ਸਕਦਾ ਹੈ। ਇੱਕ ਹੀ ਸਮੇਂ ਮਿੱਟੀ ਨੂੰ ਕੱਟਣ, ਪਲਟਣ ਅਤੇ ਤੋੜਨ ਲਈ ਰਿਵਰਸੀਬਲ ਮੋਲਡ ਬੋਰਡ ਹਲ਼ ਦੀ ਵਰਤੋਂ ਕੀਤੀ ਜਾ ਸਕਦੀ ਹੈ। ਪਰਾਲੀ ਨੂੰ ਛੋਟੇ ਛੋਟੇ ਟੁਕੜਿਆਂ ਵਿੱਚ ਕੱਟ ਕੇ ਮਿੱਟੀ ਵਿੱਚ ਮਿਲਾਉਣ ਲਈ ਰੋਟਾਵੇਟਰ ਦੀ ਵੀ ਵਰਤੋਂ ਕੀਤੀ ਜਾ ਸਕਦੀ ਹੈ, 1.5 ਮੀਟਰ ਤੋਂ ਘੱਟ ਚੌੜਾਈ ਵਾਲੇ ਰੋਟਾਵੇਟਰ ਲਈ 35 ਤੋਂ 45 ਹਾਰਸ ਪਾਵਰ ਵਾਲਾ ਟਰੈਕਟਰ ਅਤੇ 1.5 ਮੀਟਰ ਤੋਂ ਵੱਧ ਚੌੜਾਈ ਵਾਲੇ ਰੋਟਾਵੇਟਰ ਲਈ 45-55 ਹਾਰਸ ਪਾਵਰ ਟਰੈਕਟਰ ਲੋੜੀਂਦਾ ਹੈ।

ਜੇਕਰ ਖੇਤ ਵਿੱਚ ਪਰਾਲੀ ਦੀ ਮਾਤਰਾ ਘੱਟ ਹੈ ਤਾਂ ਜੀਰੋ ਟਿਲ ਡ੍ਰਿਲ ਮਸ਼ੀਨ ਨਾਲ ਝੋਨੇ ਦੀ ਕਟਾਈ ਤੋਂ ਤੁਰੰਤ ਬਾਦ ਬਿਨਾ ਜੁਤਾਈ ਕੀਤੇ ਸਿੱਧੀ ਕਣਕ ਬੀਜੀ ਜਾ ਸਕਦੀ ਹੈ। ਹੈਪੀ ਸੀਡਰ ਦੀ ਵਰਤੋਂ ਨਾਲ ਪਰਾਲੀ ਵਾਲੇ ਖੇਤ ਵਿੱਚ ਕਿਸਾਨ ਸਿੱਧੀ ਬਿਜਾਈ ਕਰ ਸਕਦੇ ਹਨ। ਇਸ ਵਿੱਚ ਇੱਕ ਸ਼ਾਫਟ ਦੇ ਉੱਪਰ ਫਲੇਲ ਟਾਇਪ ਬਲੇਡ ਲੱਗੇ ਹੁੰਦੇ ਹਨ ਅਤੇ ਇਹਨਾਂ ਦੇ ਠੀਕ ਪਿੱਛੇ ਕਣਕ ਦੀ ਬਿਜਾਈ ਲਈ ਫਾਲੇ ਲੱਗੇ ਹੁੰਦੇ ਹਨ, ਹੈਪੀ ਸੀਡਰ ਦੀ ਵਰਤੋਂ ਲਈ ਡਬਲ ਕਲੱਚ ਵਾਲੇ ਟਰੈਕਟਰ ਨੂੰ ਪਹਿਲ ਦੇਣੀ ਚਾਹੀਦੀ ਹੈ। ਸੁਪਰ ਸੀਡਰ ਦੀ ਖਾਸੀਅਤ ਇਹ ਹੈ ਕਿ ਇਸ ਨਾਲ ਝੋਨੇ ਅਤੇ ਕਪਾਹ ਵਾਲੇ ਖੇਤਾਂ ਵਿੱਚ ਕਣਕ ਦੀ ਸਿੱਧੀ ਬਿਜਾਈ ਕੀਤੀ ਜਾ ਸਕਦੀ ਹੈ, ਇਸ ਨੂੰ ਇੱਕ ਵਾਰ ਚਲਾਉਣ ਤੇ ਹੀ ਖੇਤ ਵਿੱਚ ਜੁਤਾਈ, ਪਰਾਲੀ ਨੂੰ ਮਿੱਟੀ ਵਿੱਚ ਮਿਲਾਉਣਾ ਅਤੇ ਕਣਕ ਦੀ ਸਿੱਧੀ ਬਿਜਾਈ ਹੋ ਜਾਂਦੀ ਹੈ। ਇਸ ਮਸ਼ੀਨ ਦਾ ਵਜ਼ਨ ਲਗਭਗ 850 ਤੋਂ 1000 ਕਿਲੋਗ੍ਰਾਮ ਹੁੰਦਾ ਹੈ।

ਪਰਾਲੀ ਦੇ ਐਕਸ ਸੀਟੂ ਪ੍ਰਬੰਧਨ ਵਿੱਚ ਪਰਾਲੀ ਦੀ ਗੱਠਾਂ ਬਣਾ ਕੇ ਖੇਤ ਤੋਂ ਬਾਹਰ ਕੱਢਣਾ ਵੀ ਲਾਭਦਾਇਕ ਸਿੱਧ ਹੋ ਸਕਦਾ ਹੈ। ਇਹਨਾਂ ਗੱਠਾਂ ਦੀ ਵਰਤੋਂ ਬ੍ਰਿਕੇਟ ਬਣਾਉਣ, ਬਾਇਓਗੈਸ ਬਣਾਉਣ, ਪਾਵਰ ਪਲਾਂਟ ਵਿੱਚ ਈਧਨ ਦੇ ਰੂਪ ਵਿੱਚ, ਪਸ਼ੂ ਚਾਰਾ, ਗੱਤਾ ਫੈਕਟਰੀ ਵਿੱਚ ਕਾਗਜ਼ ਆਦਿ ਬਣਾਉਣ ਵਿੱਚ, ਜੈਵਿਕ ਖਾਦ ਬਣਾਉਣ, ਖੁੰਭ ਉਤਪਾਦਨ ਆਦਿ ਲਈ ਵਰਤੋਂ ਵਿੱਚ ਲਿਆ ਜਾ ਸਕਦਾ ਹੈ। ਐਕਸ ਸੀਟੂ ਵਿੱਚ ਸ਼੍ਰਬ ਮਾਸਟਰ/ਰੋਟਰੀ ਸਲੇਸਰ, ਹੇ ਰੈਕ ਅਤੇ ਬੇਲਰ ਆਦਿ ਉਪਯੋਗੀ ਮਸ਼ੀਨਾਂ ਹਨ।

ਪਰਾਲੀ ਪ੍ਰਬੰਧਨ ਸੰਬੰਧੀ ਮਸ਼ੀਨਾਂ ਦੀ ਖਰੀਦ ਉੱਤੇ ਸਰਕਾਰ ਤਰਫ਼ੋਂ ਕਿਸਾਨਾਂ ਨੂੰ ਸਬਸਿਡੀ ਦੀ ਵੀ ਸਹੂਲਤ ਦਿੱਤੀ ਜਾਂਦੀ ਹੈ। ਕੇਂਦਰੀ ਖੇਤੀ ਖੋਜ ਕੇਂਦਰ ਵੱਲੋਂ ਪੂਸਾ ਡੀਕੰਪੋਜ਼ਰ ਤਕਨੀਕ ਲਿਆਂਦੀ ਗਈ ਜਿਸ 'ਚ ਕੈਪਸੂਲ, ਗੁੜ ਤੇ ਵੇਸਣ ਦਾ ਘੋਲ ਤਿਆਰ ਕਰਕੇ ਪਰਾਲੀ 'ਤੇ ਛਿੜਕਾਅ ਕੀਤਾ ਜਾਂਦਾ ਹੈ। ਖੇਤੀ ਮਾਹਿਰਾਂ ਅਨੁਸਾਰ ਇਸ ਛਿੜਕਾਅ ਨਾਲ ਪਰਾਲੀ ਗਲ ਕੇ ਖਾਦ ਬਣ ਜਾਵੇਗੀ ਪ੍ਰੰਤੂ ਕਿਸਾਨਾਂ ਅਨੁਸਾਰ ਇਹ ਸਮਾਂ ਜਿਆਦਾ ਲੈਂਦਾ ਹੈ ਜਦਕਿ ਝੋਨੇ ਦੀ ਕਟਾਈ ਅਤੇ ਕਣਕ ਦੀ ਬਿਜਾਈ ਵਿੱਚ ਮਸਾਂ 20-25 ਦਿਨਾਂ ਦਾ ਘੱਟ ਸਮਾਂ ਹੀ ਹੁੰਦਾ ਹੈ।

ਜ਼ਮੀਨ ਕਿਸਾਨ ਦਾ ਮਾਂ-ਬੱਚਾ ਸਭ ਕੁਝ ਹੈ ਤੇ ਉਸਨੂੰ ਜਾਣਬੁੱਝ ਕੇ ਨੁਕਸਾਨ ਪਹੁੰਚਾਉਣਾ ਕੋਈ ਵੀ ਕਿਸਾਨ ਨਹੀਂ ਚਾਹੇਗਾ। ਕਿਸਾਨਾਂ ਵਿੱਚ ਇਸ ਸੰਬੰਧੀ ਵੱਧ ਤੋਂ ਵੱਧ ਜਾਗਰੂਕਤਾ ਅਤੇ ਯੋਗ ਉਪਲੱਬਧ ਸਾਧਨ ਤੇ ਉਪਾਅ ਹੀ ਪਰਾਲੀ ਦੀ ਸਮੱਸਿਆ ਦੇ ਨਿਦਾਨ ਵਿੱਚ ਸਹਾਈ ਸਿੱਧ ਹੋ ਸਕਦੇ ਹਨ।

# ਸੁਹਿਰਦ ਅਧਿਆਪਕ

**ਵਿਰਕ ਪੁਸ਼ਪਿੰਦਰ**

ਸਵਿੱਤਰੀ ਬਾਈ ਫੂਲੇ ਤੋਂ ਲੈ ਕੇ ਹੁਣ ਤਕ ਦੇ ਸਾਰੇ ਸੁਹਿਰਦ ਅਧਿਆਪਕਾਂ ਦੇ ਨਾਮ। ਵੈਸੇ ਤਾਂ ਇਨਸਾਨ ਸਾਰੀ ਉਮਰ ਹੀ ਸਿੱਖਦਾ ਹੈ ਤੇ ਸਿਖਾਉਣ ਵਾਲਾ ਵੀ ਜ਼ਰੂਰੀ ਨਹੀਂ ਕਿ ਅਧਿਆਪਕ ਹੀ ਹੋਵੇ ਕੋਈ ਦੋਸਤ, ਮਾਤਾ ਪਿਤਾ, ਭੈਣ ਭਰਾ ਜਾਂ ਆਪਣਾ ਆਪ ਵੀ ਇਨਸਾਨ ਨੂੰ ਸਿਖਾਉਂਦੇ ਰਹਿੰਦੇ ਹਨ। ਹਾਲਾਤ ਤੇ ਮਜਬੂਰੀਆਂ ਇਨਸਾਨ ਦੀਆਂ ਸਭ ਤੋਂ ਵੱਡੀਆਂ ਗੁਰੂ ਹਨ ਜੋ ਉਸ ਨੂੰ ਸਿੱਖਣ ਲਈ ਪ੍ਰੇਰਿਤ ਕਰਦੀਆਂ ਹਨ। ਕੁਦਰਤ ਦੇ ਅੰਗ ਸੰਗ ਰਹਿ ਕੇ ਹੀ ਇਨਸਾਨ ਸਿੱਖ ਸਕਦਾ ਹੈ। ਕੁਦਰਤ ਤੋਂ ਮੁੱਖ ਮੋੜ ਕੇ ਉਸ ਵਿਚ ਸਿੱਖਣ ਦੀ ਪ੍ਰਵਿਰਤੀ ਖ਼ਤਮ ਹੋ ਜਾਂਦੀ ਹੈ।

ਅਧਿਆਪਕ ਇੱਕ ਮਾਰਗ ਦਰਸ਼ਕ ਹੁੰਦਾ ਹੈ, ਸਿੱਖਣ ਦੀ ਪ੍ਰਵਿਰਤੀ ਤਾਂ ਵਿਅਕਤੀ ਦੇ ਅੰਦਰ ਹੀ ਹੁੰਦੀ ਹੈ ਇੱਕ ਸੁਹਿਰਦ ਅਧਿਆਪਕ ਉਹੀ ਹੁੰਦਾ ਹੈ ਜੋ ਉਸ ਅੰਦਰਲੀ ਪ੍ਰਵਿਰਤੀ ਨੂੰ ਪ੍ਰੇਰਿਤ ਕਰਦਾ ਹੈ ਫਿਰ ਵਿਅਕਤੀ ਅਜੀਵਨ ਸਿੱਖਦਾ ਹੀ ਚਲਾ ਜਾਂਦਾ ਹੈ।

ਪਰ ਅੱਜ ਇਨਾਂ ਸੁਹਿਰਦ ਅਧਿਆਪਕਾਂ ਦੀ ਕਮੀ ਹੋ ਰਹੀ ਹੈ, ਚਾਹੇ ਅਧਿਆਪਕਾਂ ਦੀ ਗਿਣਤੀ ਵਧ ਹੀ ਰਹੀ ਹੈ । ਸਾਡੇ ਦੇਸ਼ ਵਿਚ ਤੀਹ ਸਾਲ ਤੱਕ ਬੰਦੇ ਨੂੰ ਇਹ ਹੀ ਨਹੀਂ ਪਤਾ ਲੱਗਦਾ ਕਿ ਉਸਨੇ ਕਰਨਾ ਕੀ ਹੈ। ਬਹੁਤੇ ਅਜਿਹੇ ਲੋਕ ਵੀ ਅੱਜ ਅਧਿਆਪਨ ਦੇ ਕਿੱਤੇ ਨਾਲ ਜੁੜੇ ਹਨ ਜਿਨਾਂ ਦਾ ਅਧਿਆਪਨ ਵਿਚ ਕੋਈ ਰੁਝਾਨ ਨਹੀਂ ਹੁੰਦਾ, ਕੇਵਲ ਮਜਬੂਰੀਆਂ ਵੱਸ ਉਹ ਇਸ ਕਿੱਤੇ ਨੂੰ ਅਪਣਾ ਲੈਂਦੇ ਹਨ। ਜੇਕਰ ਲੜਕੀਆਂ ਦੀ ਗੱਲ ਕਰੀਏ ਤਾਂ ਅਧਿਆਪਨ ਦਾ ਕਿੱਤਾ ਹੀ ਸੌਖਾ ਤੇ ਆਰਾਮਦਾਇਕ ਸਮਝਿਆ ਜਾਂਦਾ ਹੈ। ਮਾਪੇ ਉਨਾਂ ਨੂੰ ਇਸ ਕਿੱਤੇ ਨੂੰ ਅਪਣਾਉਣ ਲਈ ਕਹਿੰਦੇ ਹਨ ਤੇ ਬਹੁਤ ਸਾਰੇ ਅਜਿਹੇ ਕਿੱਤੇ



ਵੀ ਹਨ ਜੋ ਸਮਾਜ ਵੱਲੋਂ ਪ੍ਰਵਾਨਗੀ ਨਾ ਹੋਣ ਕਾਰਨ ਲੜਕੀਆਂ ਨੂੰ ਕੇਵਲ ਅਧਿਆਪਨ ਦਾ ਕਿੱਤਾ ਹੀ ਅਪਨਾਉਣਾ ਪੈ ਰਿਹਾ ਹੈ।

ਮਜਬੂਰੀ ਵੱਸ ਅਧਿਆਪਨ ਦੇ ਕਿੱਤੇ ਨਾਲ ਜੁੜੇ ਲੋਕ ਸੁਹਿਰਦ ਅਧਿਆਪਕ ਨਹੀਂ ਹੋ ਸਕਦੇ । ਜਿਸ ਨਾਲ ਇੱਕ ਬੀਮਾਰ ਸਮਾਜ ਦਾ ਨਿਰਮਾਣ ਹੁੰਦਾ ਹੈ ਤੇ ਫਿਰ ਸਾਰੇ ਹੀ ਲੂਲੇ ਲੰਗੜੇ ਹੋ ਜਾਂਦੇ ਹਨ ।

ਅੱਜ ਦੇਸ਼ ਵਿਚ ਬੀ.ਐੱਡ ਕਾਲਜਾਂ ਦੀ ਭਰਮਾਰ ਹੈ। ਘਰੇ ਬੈਠੇ ਬੈਠੇ ਹੀ ਤੇ ਕੋਈ ਹੋਰ ਕੋਰਸ ਕਰਦੇ ਕਰਦੇ ਲੋਕ ਬੀ.ਐੱਡ ਦੀ ਡਿਗਰੀ ਲੈ ਲੈਂਦੇ ਹਨ। ਲਾਕਡਾਊਨ 'ਚ ਵੀ ਬਿਨਾਂ ਪੜੇ ਆਨਲਾਈਨ ਪੇਪਰ ਦੇ ਕੇ ਬਹੁਤ ਸਾਰੇ ਲੋਕ ਅਧਿਆਪਨ ਦੇ ਕਿੱਤੇ ਨਾਲ ਆ ਜੁੜੇ। ਕੁਝ ਜਾਅਲੀ ਯੂਨੀਵਰਸਿਟੀਆਂ ਤੋਂ ਵੱਡੀਆਂ ਵੱਡੀਆਂ ਡਿਗਰੀਆਂ ਲੈ ਅਧਿਆਪਨ ਦੇ ਕਿੱਤੇ ਨਾਲ ਵੀ ਜੁੜ ਗਏ। ਅੱਖਾਂ ਨਮ ਹੁੰਦੀਆਂ ਹਨ ਅਜਿਹੇ ਅਧਿਆਪਕਾਂ ਨੂੰ ਦੇਖ ਕੇ ਤੇ ਅਜਿਹੇ ਸਿਸਟਮ ਨੂੰ ਦੇਖ ਕੇ।

ਬਹੁਤ ਸਾਰੇ ਅਜਿਹੇ ਸੁਹਿਰਦ ਅਧਿਆਪਕ ਵੀ ਹਨ ਜੋ ਮਜਬੂਰੀਵੱਸ ਇਸ ਲੰਗੜੇ ਸਮਾਜ ਦਾ ਹਿੱਸਾ ਬਣੇ ਹੋਏ ਹਨ। ਸਕੂਲਾਂ, ਕਾਲਜਾਂ ਵਿਚ ਅਧਿਆਪਕਾਂ ਨੂੰ ਅਧਿਆਪਨ ਦੇ ਨਾਲ਼ ਨਾਲ਼ ਅਜਿਹੇ ਹੋਰ ਬਹੁਤ ਸਾਰੇ ਕੰਮ ਸੌਂਪੇ ਜਾਂਦੇ ਹਨ ਜਿਸ ਕਰਕੇ ਉਹ ਇਨਾਂ ਕੰਮਾਂ ਵਿੱਚ ਹੀ ਉਲਝ ਕੇ ਰਹਿ ਜਾਂਦੇ ਹਨ ਅਤੇ ਅਧਿਆਪਨ ਤੋਂ ਵਾਂਝੇ ਹੋ ਜਾਂਦੇ ਹਨ।ਅਧਿਆਪਕ ਦਾ ਕੰਮ ਤਾਂ ਅਧਿਆਪਨ ਹੀ ਹੈ।

ਅਧਿਆਪਕ ਉਹੀ ਹੈ ਜੋ ਆਪ ਦੀਵੇ ਦੀ ਬੱਤੀ ਵਾਂਗ ਬੁਝ ਕੇ ਵੀ ਦੂਸਰਿਆਂ ਨੂੰ ਰੋਸ਼ਨੀ ਕਰਦਾ ਹੈ ਚਾਹੇ ਆਪਣੀ ਜ਼ਿੰਦਗੀ ਕਿੰਨੀ ਵੀ ਹਨੇਰੇ ਵਿਚ ਕਿਉਂ ਨਾ ਹੋਵੇ! ਸੁਹਿਰਦ ਅਧਿਆਪਕ ਸਾਰੀ ਉਮਰ ਸਿੱਖਦਾ ਹੈ ਤੇ ਸਿਖਾਉਂਦਾ ਹੈ।

# ਗੁਰਦੁਆਰਾ ਬਿਭੌਰ ਸਾਹਿਬ ਜੀ




ਨਾਹਨ ਰਿਆਸਤ ਦੇ ਰਾਜਾ ਮੇਦਨੀ ਪ੍ਰਕਾਸ਼ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਦੇ ਸ਼ਰਧਾਲੂ ਸਨ, ਜਿਨਾਂ ਦੀ ਸਪੁੱਤਰੀ ਦਾ ਰਿਸ਼ਤਾ ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਨਾਲ ਰਾਜਾ ਰਤਨ ਰਾਏ ਨਾਲ ਹੋਇਆ।

ਰਾਜਾ ਮੇਦਨੀ ਪ੍ਰਕਾਸ਼ ਦੀ ਦਿਲੀ ਇੱਛਾ ਸੀ ਕਿ ਮੇਰੀ ਧੀ ਦਾ ਰਿਸ਼ਤਾ ਗੁਰੂ ਸਾਹਿਬ ਜੀ ਦੇ ਸ਼ਰਧਾਲੂਆਂ ਘਰ ਹੀ ਹੋਵੇ ਸੁੱਖਣਾ ਪੂਰੀ ਹੋਈ।

ਬਿਭੌਰ ਸਾਹਿਬ ਦੇ ਰਾਜਾ ਰਤਨ ਰਾਏ ਤੇ ਉਨਾਂ ਦੀ ਰਾਣੀ ਅਰਦਾਸਾਂ ਕਰਦੇ ਮਹਾਰਾਜ ਕਦੇ ਸਾਡੇ ਘਰ ਨੂੰ ਆਪਣੇ ਮੁਬਾਰਕ ਚਰਨ ਬਖਸ਼ ਕੇ ਭਾਗ ਲਾਓ।

ਕਲਗੀਧਰ ਪਾਤਸ਼ਾਹ ਜੀ ਨੇ ਸੇਵਕਾਂ ਦੀਆਂ ਅਰਦਾਸਾਂ ਸੁਣ ਬਹੁੜੀ ਕੀਤੀ। ਇਕ ਦਿਨ ਸ਼ਿਕਾਰ ਖੇਡਦੇ ਬਿਭੌਰ ਸਾਹਿਬ ਦੇ ਅਸਥਾਨ 'ਤੇ ਪਹੁੰਚ ਗਏ, ਰਾਜਾ ਰਤਨ ਰਾਏ ਬਹੁਤ ਪ੍ਰਸੰਨ ਹੋਏ ਉਨਾਂ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਕੁਝ ਸੇਵਾ ਬਖਸ਼ੋ। ਗੁਰੂ ਸਾਹਿਬ ਜੀ ਬਿਭੌਰ ਸਾਹਿਬ ਦੇ ਅਸਥਾਨ 'ਤੇ 13 ਮਹੀਨੇ 13 ਦਿਨ ਬੰਦਗੀ ਕੀਤੀ।

ਸੰਬਤ ਸੱਤ੍ਰਹ ਸਹਸ ਭਣਿਜੈ ਅਰਧ ਸਹਸ ਫੁਨਿ ਤੀਨਿ ਕਹਿਜੈ।
ਭਾਦ੍ਰਵਿ ਸੁਦੀ ਅਸਟਮੀ ਰਵਿਵਾਰਾ ਤੀਰ ਸੱਤੁਦਰਵ ਗ੍ਰੰਥ ਸੁਧਾਰਾ॥

ਭਾਵ: ਸੰਮਤ 1753 ਭਾਦਰੋਂ ਸੁਦੀ ਅਸ਼ਟਮੀ ਐਤਵਾਰ ਵਾਲੇ ਦਿਨ ਕਲਗੀਧਰ ਪਾਤਸ਼ਾਹ ਜੀ ਨੇ ਸਤਲੁਜ ਦਰਿਆ ਦੇ ਕੰਢੇ ਤੇ ਚੌਪਈ ਸਾਹਿਬ ਬਾਣੀ ਉਚਾਰਣ ਕੀਤੀ।

ਦਸਮ ਪਾਤਸ਼ਾਹ ਜੀ ਦੀ ਬਾਣੀ ਦਾ ਪਹਿਲਾ ਵਿਰੋਧ ਸਿੱਖੀ ਭੇਖ ਵਿਚ ਲੁਕੇ ਗੁਰੂਘਰ ਦੇ ਸ਼ਰੀਕ ਰਾਮਰਾਈਆਂ ਵਲੋਂ ਕੀਤਾ ਗਿਆ ਸੀ ਜਿਨਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਸੋਧਿਆ ਗਿਆ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਗੁਰੂਘਰ ਦੇ ਸ਼ਰੀਕ ਦਸਮ ਪਾਤਸ਼ਾਹ ਜੀ ਦੀ ਬਖਸ਼ਿਸ਼ ਬਾਣੇ ਅਤੇ ਬਾਣੀ ਦਾ ਵਿਰੋਧ ਕਰਦੇ ਆ ਰਹੇ ਹਨ।

**ਸ਼ਮਸ਼ੇਰ ਸਿੰਘ ਜੇਠੂਵਾਲ**

## ਕਰੋਨਾ ਦੀ ਮਹਾਂਮਾਰੀ ਤੋਂ ਬਾਅਦ ਫਰੀਜਨੋ ਕੈਲੀਫੋਰਨੀਆ 'ਚ

# ਪਹਿਲਾ ਅੰਤਰਰਾਸ਼ਟਰੀ ਕਬੱਡੀ ਕੱਪ

## ਸ਼ਹੀਦ ਉਧਮ ਸਿੰਘ, ਸ਼ਹੀਦ ਭਗਤ ਸਿੰਘ ਸਪ੍ਰੋਟਸ ਕਲੱਬਾਂ ਵਲੋਂ ਸਮੂਹ ਖੇਡ ਕਲੱਬਾਂ, ਖੇਡ ਪ੍ਰੇਮੀਆ ਦੇ ਸਹਿਯੋਗ ਨਾਲ

## 9 ਅਕਤੂਬਰ ਦਿਨ ਐਤਵਾਰ ਨੂੰ



ਕਰੋਨਾਵਾਇਰਸ ਦੀ ਭਿਆਨਕ ਮਹਾਮਾਰੀ ਬਿਮਾਰੀ ਤੋਂ ਬਾਦ ਫਰੀਜਨੋ ਕੈਲੀਫੋਰਨੀਆ ਵਿੱਚ ਪਹਿਲਾ ਅੰਤਰਰਾਸ਼ਟਰੀ ਕਬੱਡੀ ਕੱਪ ਸ਼ਹੀਦ ਉਧਮ ਸਿੰਘ ਸ਼ਹੀਦ ਭਗਤ ਸਿੰਘ ਅਤੇ ਸਮੂਹ ਖੇਡ ਕਲੱਬਾਂ ਖੇਡ ਪ੍ਰੇਮੀਆਂ ਦੇ ਸਹਿਯੋਗ ਨਾਲ 9 ਅਕਤੂਬਰ ਦਿਨ ਐਤਵਾਰ ਨੂੰ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੀ ਅਗਵਾਈ ਵਿੱਚ ਕਰਵਾਇਆ ਜਾ ਰਿਹਾ ਹੈ ਜਿਥੇ ਦੁਨੀਆ ਦੇ ਸੁਪਰ ਸਟਾਰ ਕਬੱਡੀ ਦੇ ਖਿਡਾਰੀ ਭਾਗ ਲੈਣਗੇ। ਇਹ ਅੰਤਰਰਾਸ਼ਟਰੀ ਕਬੱਡੀ ਕੱਪ ਦੁਨੀਆ ਦੀ ਇੱਕ ਆਲੇ ਦਰਜੇ ਦੀ ਗਰਾਊਂਡ Chukchansi Park ਫਰੀਜਨੋ ਕੈਲੀਫੋਰਨੀਆ ਦੇ ਵੱਡੇ ਸਟੇਡੀਅਮ ਵਿੱਚ ਹੋਣਗੇ ਜਿਸਦਾ ਐਡਰੈਸ 1800 Tulare St, Fresno, CA 93721 ਹੈ। ਇਸ ਬਾਰੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦੇ ਹੋਏ ਪ੍ਰਬੰਧਕ ਵੀਰਾਂ ਨੇ ਦੱਸਿਆ ਕਿ ਇਹ ਕਰੋਨਾ ਦੀ ਮਹਾਂਮਾਰੀ ਤੋਂ ਬਾਅਦ ਫਰੀਜਨੋ ਵਿੱਚ ਪਹਿਲਾ ਅੰਤਰਰਾਸ਼ਟਰੀ ਕਬੱਡੀ ਕੱਪ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਯੂ ਐਸ ਏ ਦੀ ਅਗਵਾਈ 'ਚ ਸ਼ਹੀਦ ਉਧਮ ਸਿੰਘ, ਸ਼ਹੀਦ ਭਗਤ ਸਿੰਘ ਸਪ੍ਰੋਟਸ ਕਲੱਬਾਂ ਵਲੋਂ ਸਮੂਹ ਖੇਡ ਕਲੱਬਾਂ, ਖੇਡ ਪ੍ਰੇਮੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ।




ਅਮਰੀਕਾ ਦੇ ਕੈਲੀਫੋਰਨੀਆ ਵਿਖੇ ਇਸ ਸਟੇਡੀਅਮ ਵਿਚ ਇਹ ਅੰਤਰਰਾਸ਼ਟਰੀ ਕਬੱਡੀ ਕੱਪ ਖੇਡਿਆ ਜਾਵੇਗਾ।

**ਹੋਰ ਜਾਣਕਾਰੀ ਲਈ ਸੰਪਰਕ ਕਰੋ 559-479-1804**

**1800 Tulare St, Fresno, CA 93721**

## ਇੱਕ ਹਉਕਾ

ਇਹ ਮੁੰਡਾ ਤੇਰੇ ਸਰਦਾਰ ਦਾ ਨਹੀਂ।'

'ਵੀਰੋ' ਨਿਹਾਲ ਕੌਰ ਨੂੰ ਜਾਪਿਆ ਉਹਦੀ ਜੀਭ ਥਥਲਾਂਦੀ ਪਈ ਸੀ। 'ਮੈਂ ਸਰਦਾਰ ਦੀ ਦੇਣਦਾਰ ਨਹੀਂ ਪਰ ਤੇਰੀ ਦੇਣਦਾਰ ਹਾਂ। ਇਹ ਮੁੰਡਾ ਜੇ ਨਿਰਾ ਸਰਦਾਰ ਦੇ ਵਿਹੜੇ ਵਿਚ ਖੇਡਣਾ ਹੁੰਦਾ, ਮੈਨੂੰ ਕੋਈ ਉਜਰ ਨਹੀਂ ਸੀ, ਪਰ ਮੈਂ ਇਹ ਤੇਰੀ ਝੋਲੀ ਨਹੀਂ ਪਾ ਸਕਦੀ। ਇਹ ਤੇਰੀ ਝੋਲੀ ਦੇ ਕਾਬਲ ਨਹੀਂ।'

'ਕੀ ਪਈ ਆਖਣੀ ਏਂ ਵੀਰੋ ?'

'ਕੀਤਾ ਤਾਂ ਮੈਂ ਹਾਸੇ ਭਾਣੇ ਸੀ, ਪਰ ਹਾਸੇ ਦਾ ਵਿਨਾਸਾ ਖੌਰੇ ਇੰਜ ਹੀ ਹੁੰਦਾ ਏ। ਪਰ ਤੈਨੂੰ ਸਚੀਂ ਦੱਸਾਂ, ਮੈਨੂੰ ਆਪਣੇ ਲਈ ਕੋਈ ਪਛਤਾਵਾ ਨਹੀਂ। ਜੇ ਕੋਈ ਪਛਤਾਵਾ ਏ ਤਾਂ ਤੇਰੇ ਲਈ।'

'ਵੀਰੋ।'

'ਤੈਨੂੰ ਯਾਦ ਏ ਮੈਂ ਇਕ ਫੇਰਾ ਪੇਕੇ ਆਈ ਸਾਂ। ਪਿਛਲੇ ਵਰੇਤੁਹਾਡਾ ਮੁਨਸ਼ੀ ਮੇਰੇ ਨਾਲ ਆਇਆ ਸੀ, ਮੈਨੂੰ ਪੇਕਿਆਂ ਨੂੰ ਮਿਲਾਣ ਲਈਇਥੇ ਸਾਰੇ ਪਿੰਡ ਵਿਚ ਇਕ ਗੱਲ ਫੈਲੀ ਹੋਈ ਸੀ ਕਿ ਮੇਰੇ ਮਾਪਿਆਂ ਨੇ ਰੁਪਈਆ ਲੈ ਕੇ ਮੈਨੂੰ ਇਕ ਬੁਢੇ ਸਰਦਾਰ ਨਾਲ ਵਿਆਹ ਦਿਤਾ ਸੀ। ਸਰਦਾਰ ਕਦੇ ਇਸ ਪਿੰਡ ਨਹੀਂ ਆਇਆ। ਮੇਰਾ ਪਿਉ ਹੀ ਮੈਨੂੰ ਤੁਹਾਡੇ ਸ਼ਹਿਰ ਲੈ ਗਿਆ ਸੀ, ਤੇ ਗੁਰਦੁਆਰੇ ਵਿਚ ਲਾਵਾਂ ਪੜਾ ਕੇ ਤੁਹਾਡੇ ਘਰ ਛੱਡ ਆਇਆ ਸੀਮੈਂ ਜਦੋਂ ਪਿੰਡ ਆਈ, ਜਣੀ ਖਣੀ ਨੇ ਮੈਨੂੰ ਪੁੱਛਿਆ ਕਿ ਸਰਦਾਰ ਕਿੰਨਾ ਕੁ ਬੁੱਢਾ ਸੀ। ਮੈਨੂੰ ਕੀ ਸੁੱਝੀ, ਮੈਂ ਉਨਾਂ ਨੂੰ ਗਲੋਂ ਲਾਹਣ ਲਈ ਆਖ ਦਿਤਾ ਕਿ ਮੇਰਾ ਵਿਆਹ ਬੁੱਢੇ ਨਾਲ ਨਹੀਂ ਹੋਇਆ। ਤੁਹਾਡਾ ਮੁਨਸ਼ੀ ਬੜਾ ਜਵਾਨ ਸੀ, ਸੋਹਣਾ ਵੀ ਸੀ। ਮੈਂ ਉਨਾਂ ਨੂੰ ਵਿਖਾਇਆ ਤੇ ਆਖਿਆ ਕਿ ਉਹ ਮੇਰਾ ਘਰਵਾਲਾ ਸੀ। ਸਾਰੀਆਂ ਮੇਰੀ ਕਿਸਮਤ ਤੇ ਹੈਰਾਨ ਹੋ ਗਈਆਂ। ਮੁਨਸ਼ੀ ਨੂੰ ਮੈਂ ਇਹ ਗੱਲ ਦੱਸ ਦਿਤੀ। ਉਹਨੇ ਵੀ ਮਚਲ ਮਾਰ ਛੱਡੀ ਤੇ ਜਦੋਂ ਮੇਰੀਆਂ ਸਹੇਲੀਆਂ ਨੇ ਉਹਦੇ ਕੋਲੋਂ ਕਲੀਚੜੀਆਂ ਮੰਗੀਆਂ ਤਾਂ ਉਸਨੇ ਸੁਨਿਆਰੇ ਕੋਲੋਂ ਚਾਂਦੀ ਦੀਆਂ ਕਲੀਚੜੀਆਂ ਖਰੀਦ ਕੇ ਉਨਾਂ ਨੂੰ ਵੰਡ ਦਿੱਤੀਆਂ। ਪੰਜ ਛੇ ਦਿਨ ਮੈਂ ਇਥੇ ਰਹੀ। ਰੋਜ਼ ਹਾਸਾ ਠੱਠਾ ਕਰਦਿਆਂ ਮੈਨੂੰ ਵੀ ਇਹ ਜਾਪਣ ਲਗ ਪਿਆ ਕਿ ਮੇਰਾ ਵਿਆਹ ਉਹਦੇ ਨਾਲ ਹੀ ਹੋਇਆ ਸੀ, ਹੋਰ ਕਿਸੇ ਨਾਲ ਨਹੀਂ।'

'ਸਾਡਾ ਮੁਨਸ਼ੀ ਮਦਨ ਸਿੰਘ!'

'ਮੈਂ ਹੁਣ ਪਰਤ ਕੇ ਸਰਦਾਰ ਦੇ ਘਰ ਨਹੀਂ ਜਾਣਾ, ਨਾ ਏਸ ਮੁੰਡੇ ਨੂੰ ਲਿਜਾਣਾ ਏ। ਮੈਂ ਇਸ ਲਈ ਜਿੰਦ ਬੰਨ ਕੇ ਏਥੇ ਆਈ ਸਾਂ। ਮੇਰੀ ਕੀਤੀ ਮੇਰੇ ਅਗੇ। ਮੈਂ ਹੋਰ ਤੇਰੇ ਕੋਲੋਂ ਕੁਝ ਨਹੀਂ ਮੰਗਦੀ, ਸਰਦਾਰਨੀ! ਬਸ ਇਕੋ ਗੱਲ ਮੰਗਨੀ ਆਂ ਕਿ ਸਰਦਾਰ ਨੂੰ ਉਸ ਮੁਨਸ਼ੀ ਦਾ ਨਾਂ ਨਾ ਦਸੀਂ, ਨਹੀਂ ਤੇ ਉਹ ਮੁਨਸ਼ੀ ਨੂੰ ਨੌਕਰੀ ਤੋਂ ਕੱਢ ਦੇਵੇਗਾ।'

'ਪਰ ਮਦਨ ਸਿੰਘ ਦਾ ਵਿਆਹ ਹੋਇਆ ਏ। ਵੀਰੋ ਉਹਦੇ ਘਰ ਦੋ ਬਾਲ ਨੇ।'

'ਏਸੇ ਲਈ ਉਹ ਡਰਦਾ ਏ ਕਿ ਜੇ ਸਰਦਾਰ ਨੂੰ ਪਤਾ ਲੱਗ ਗਿਆ ਤਾਂ ਉਹਦੀ ਨੌਕਰੀ ਜਾਂਦੀ ਰਹੇਗੀ। ਉਹਨੇ ਕਿਹੜਾ ਮੈਨੂੰ ਆਪਣੇ ਘਰ ਵਸਾਣਾ ਏਂ ਜੁ ਮੈਂ ਉਹਦੀ ਨੌਕਰੀ ਛੁੜਵਾਵਾਂ ਉਹ ਜਿੱਥੇ ਰਵੇ, ਰਾਜੀ ਰਵੇ ਉਹ ਜਾਣੇ, ਮੈਂ ਇਕ ਵਾਰੀ ਵੇਖਿਆ ਤੇ ਸਹੀ ਕਿ ਜਵਾਨ ਆਦਮੀ ਕਿਹੋ ਜਿਹਾ ਹੁੰਦਾ ਏ।'

ਨਿਹਾਲ ਕੌਰ ਨੇ ਘਬਰਾ ਕੇ ਅੱਖਾਂ ਮੀਟ ਲਈਆਂ ਤੇ ਫੇਰ ਜਿਸ ਵੇਲੇ ਉਸਨੇ ਅੱਖਾਂ ਖੋਲੀਆਂ, ਵੀਰੋ ਦੀ ਝੋਲੀ ਪਿਆ ਪਿਆ ਉਹਦਾ ਪੁੱਤਰ ਉਹਦੀ ਛਾਤੀ ਵਿਚੋਂ ਦੁੱਧ ਪੀਣ ਲਈ ਮੂੰਹ ਮਾਰਦਾ ਪਿਆ ਸੀ। ਨਿਹਾਲ ਕੌਰ ਨੂੰ ਜਾਪਿਆ-ਸਰਦਾਰ ਦਾ ਜਿਹੜਾ ਹਉਕਾ ਉਸ ਨੇ ਆਪਣੇ ਜ਼ਿੰਮੇ ਲੈ ਲਿਆ ਸੀ, ਤੇ ਵੀਰੋ ਨੇ ਉਹੀ ਹਉਕਾ ਉਹਦੇ ਕੋਲੋਂ ਲੈ ਕੇ ਆਪਣੀ ਛਾਤੀ ਵਿਚ ਪਾ ਲਿਆ ਸੀ : ਇਹ ਮੁੰਡਾ ਐਸ ਵੇਲੇ ਉਸੇ ਹਉਕੇ ਨੂੰ ਵੀਰੋ ਦੀ ਛਾਤੀ ਵਿਚੋਂ ਪੀਣ ਦੀ ਕੋਸ਼ਿਸ਼ ਕਰਦਾ ਪਿਆ ਸੀ।

## ਗੁਰਮੁਖੀ ਲਿੱਪੀ

ਜੋ ਪੰਜਾਬੀ ਲਿੱਪੀ ਦਾ ਮਹੱਤਵ ਪ੍ਰਗਟ ਕਰਦਾ ਹੈ। ਅੱਜ ਪੰਜਾਬੀ ਮਾਂ ਬੋਲੀ ਪੰਜਾਬ ਰਾਜ ਦੀ ਪ੍ਰਬੰਧਕੀ ਬੋਲੀ ਹੈ। ਵਿਦੇਸ਼ਾਂ ਵਿਚ ਵੀ ਪੰਜਬਾਈਆਂ ਨੇ ਆਪਣੀ ਮਾਂ ਬੋਲੀ ਪੰਜਾਬੀ ਦੇ ਸੰਗੀਤ ਅਤੇ ਸਾਹਿਤ ਦਾ ਪ੍ਰਚਾਰ ਪਾਸਾਰ ਕੀਤਾ ਹੈ। ਉਨਾਂ ਆਪਣੇ ਗੌਰਵਮਈ, ਧਾਰਮਿਕ ਵਿਰਸੇ ਦਾ ਇਤਿਹਾਸ ਸਾਂਭ ਰੱਖਿਆ ਹੈ। ਗੁਰਦੁਆਰਿਆਂ ਵਿਚ ਗੁਰਮਤਿ, ਕਥਾ, ਕੀਰਤਨ, ਕਵੀ ਦਰਬਾਰ, ਢਾਡੀ ਵਾਰਾਂ, ਨਗਰ ਕੀਰਤਨ, ਲੰਗਰ, ਗਤਕਾ, ਸਿੱਖ ਬੱਚਿਆਂ ਦਾ ਦਿਨ ਮਨਾਇਅ ਜਾਂਦਾ ਹੈ। ਜਿਸ ਵਿਚ ਬੱਚਿਆਂ ਨੂੰ ਆਪਣੀ ਮਾਂ ਬੋਲੀ ਪੰਜਾਬੀ ਅਤੇ ਧਾਰਮਿਕ ਵਿਰਸੇ ਨਾਲ ਜੋੜਿਆ ਜਾਂਦਾ ਹੈ। ਅੰਤ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਰਚਨਾ, ਪੰਜਾਬੀ ਦੀ ਮਿਸਾਲ ਵਜੋਂ ਪੇਸ਼ ਹੈ :- ਮੈਂ ਕੈਂਹ ਦਾ ਸਾਫ਼ ਤੇ ਲਿਸ਼ਕਵਾਂ ਭਾਂਡਾ ਘਸਾਇਆ ਤਾਂ ਉਸ ਵਿਚੋਂ ਕਾਲੀ ਸਿਆਹੀ ਦਿਸ ਪੈਂਦੀ ਹੈ। ਧੋਣ ਨਾਲ ਅੰਦਰਲੀ ਜੂਠ ਕਾਲਖ ਦੂਰ ਨਹੀਂ ਹੁੰਦੀ, ਭਾਵੇਂ ਸੈਂਕੜੇ ਵਾਰ ਭੀ ਕਿਉਂ ਨਾ ਧੋਤੀ ਜਾਵੇ। ਕੇਵਲ ਉਹ ਹੀ ਮਿਤਰ ਹਨ ਜੋ ਜਦ ਮੈਂ ਜਾਵਾਂ ਮੇਰੇ ਨਾਲ ਹੀ ਚੱਲਣ, ਜਿੱਥੇ ਕੀਤੇ ਕਰਮਾਂ ਦਾ ਹਿਸਾਬ ਮੰਗਿਆ ਜਾਂਦਾ ਹੈ। ਉਹ ਬੇਫਿਕਰ ਹੋ ਕੇ, ਬੇਝਿਜਕ ਹੋ ਕੇ ਹਿਸਾਬ ਦੇਣ। ਜੇ ਘਰ ਮੰਦਰ ਅਟਾਰੀਆਂ ਮਹਲ ਚੌਹਾਂ ਪਾਸਿਆਂ ਤੋਂ ਚਿਤਾਰੇ ਹੋਣ, ਪਰ ਅੰਦਰੋਂ ਖਾਲੀ ਹੋਣ ਉਹ ਢਹਿ ਜਾਂਦੇ ਹਨ। ਢੱਠੇ ਹੋਏ ਖੰਡਰਾਤ ਕਿਸੇ ਕੰਮ ਨਹੀਂ ਆਉਂਦੇ, ਚਿੱਟੇ ਪਰਾਂ ਵਾਲੇ ਬੰਗਲੇ ਯਾਤਰਾ ਅਸਥਾਨਾਂ ਵਿਚ ਰਹਿੰਦੇ ਹਨ ਪਰ ਜੀਆਂ ਨੂੰ ਗਲੋਂ ਘੁੱਟ ਘੁੱਟ ਕੇ ਖਾ ਜਾਣ ਵਾਲੇ ਅੰਦਰੋਂ ਸਾਫ਼ ਸੁਥਰੇ ਨਹੀਂ ਆਖੇ ਜਾਂਦੇ। ਮੇਰਾ ਜਿਸਮ ਸਿੰਬਲ ਦਾ ਰੁੱਖ ਹੈ। ਸਿੰਬਲ ਦੇ ਫਲਾਂ ਨੂੰ ਵੇਖ ਕੇ ਤੋਤੇ ਭੁਲੇਖਾ ਖਾ ਜਾਂਦੇ ਹਨ। ਸਿੰਬਲ ਦੇ ਫਲ ਤੋਤਿਆਂ ਦੇ ਕੰਮ ਨਹੀਂ ਆਉਂਦੇ। ਮੈਂ ਆਪਣੇ ਨੇਤਰਾਂ ਨਾਲ ਵੇਖਦਾ ਹਾਂ। ਪਰ ਮੈਨੂੰ ਰਸਤਾ ਨਹੀਂ ਲਭਦਾ। ਮੈਂ ਕਿਸ ਤਰਾਂ ਪਹਾੜ 'ਤੇ ਚੜ ਕੇ ਪਾਰ ਜਾ ਸਕਦਾ ਹਾਂ। ਹੇ ਨਾਨਕ, ਪਹਾੜੀ ਰਸਤੇ ਵਰਗੇ ਬਿਖੜੇ ਜੀਵਨ ਪੰਧ ਵਿਚੋਂ ਪਾਰ ਲੰਘਣ ਲਈ ਦੁਨੀਆ ਦੇ ਲੋਕਾਂ ਦੀਆਂ ਖੁਸ਼ਾਮਦਾਂ, ਲੋਕ ਵਿਖਾਵੇ ਤੇ ਚਲਾਕੀਆਂ ਕਿਸੇ ਕੰਮ ਨਹੀਂ ਆ ਸਕਦੀਆਂ। ਪ੍ਰਮਾਤਮਾ ਦਾ ਨਾਮੁ ਸਿਮਰਨ ਕਰ। ਜਿਸ ਨਾਲ ਤੂੰ ਆਪਣੀਆਂ ਬੇੜੀਆਂ ਤੋਂ ਖਲਾਸੀ ਪਾ ਜਾਵੇਂਗਾ। ਅੰਗ 729

## ਦੂਰਅੰਦੇਸ਼ੀ ਵਾਲੀ ਸ਼ਖ਼ਸੀਅਤ

ਬ੍ਰਿਟੇਨ ਨੇ ਫਾਕਲੈਂਡ ਟਾਪੂਆਂ ਨੂੰ ਲੈ ਕੇ ਅਰਜਨਟੀਨਾ ਨਾਲ ਯੁੱਧ ਕੀਤਾ, ਇਹ ਝੜਪ ਕਈ ਹਫ਼ਤਿਆਂ ਤੱਕ ਚੱਲੀ। ਜਦੋਂ ਕਿ ਸੰਘਰਸ਼ ਵਿੱਚ 250 ਤੋਂ ਵੱਧ ਬ੍ਰਿਟਿਸ਼ ਸੈਨਿਕਾਂ ਦੀ ਮੌਤ ਹੋ ਗਈ ਸੀ। ਪ੍ਰਿੰਸ ਐਂਡਰਿਊ ਸੁਰੱਖਿਅਤ ਘਰ ਵਾਪਸ ਪਰਤਿਆ ਸੀ, ਉਸਦੀ ਮਾਂ ਨੇ ਰਾਹਤ ਲਈ।

2011 ਵਿੱਚ, ਐਲਿਜ਼ਾਬੈਥ ਨੇ ਦਿਖਾਇਆ ਕਿ ਤਾਜ ਵਿੱਚ ਅਜੇ ਵੀ ਪ੍ਰਤੀਕਾਤਮਕ ਅਤੇ ਕੂਟਨੀਤਕ ਸ਼ਕਤੀ ਸੀ ਜਦੋਂ ਉਹ 1911 (ਜਦੋਂ ਸਾਰਾ ਆਇਰਲੈਂਡ ਅਜੇ ਵੀ ਯੂਨਾਈਟਿਡ ਕਿੰਗਡਮ ਦਾ ਹਿੱਸਾ ਸੀ) ਤੋਂ ਬਾਅਦ ਆਇਰਲੈਂਡ ਗਣਰਾਜ ਦਾ ਦੌਰਾ ਕਰਨ ਵਾਲੀ ਪਹਿਲੀ ਬ੍ਰਿਟਿਸ਼ ਰਾਣੀ ਬਣ ਗਈ ਸੀ।

ਰਾਣੀ ਵਜੋਂ, ਐਲਿਜ਼ਾਬੈਥ ਨੇ ਰਾਜਸ਼ਾਹੀ ਦਾ ਆਧੁਨਿਕੀਕਰਨ ਕੀਤਾ, ਇਸ ਦੀਆਂ ਕੁਝ ਰਸਮਾਂ ਨੂੰ ਛੱਡ ਦਿੱਤਾ ਅਤੇ ਕੁਝ ਸਾਈਟਾਂ ਅਤੇ ਖਜ਼ਾਨਿਆਂ ਨੂੰ ਜਨਤਾ ਲਈ ਵਧੇਰੇ ਪਹੁੰਚਯੋਗ ਬਣਾਇਆ। ਜਿਵੇਂ ਕਿ ਬ੍ਰਿਟੇਨ ਅਤੇ ਹੋਰ ਦੇਸ਼ਾਂ ਨੇ ਵਿੱਤੀ ਤੌਰ 'ਤੇ ਸੰਘਰਸ਼ ਕੀਤਾ, ਬ੍ਰਿਟੇਨ ਨੇ 20 12 ਵਿੱਚ ਸਿਵਲ ਸੂਚੀ ਨੂੰ ਖਤਮ ਕਰ ਦਿੱਤਾ, ਜੋ ਕਿ ਲਗਭਗ 250 ਸਾਲ ਪੁਰਾਣੀ ਰਾਜਸ਼ਾਹੀ ਦੀ ਇੱਕ ਜਨਤਕ ਫੰਡਿੰਗ ਪ੍ਰਣਾਲੀ ਸੀ। ਸ਼ਾਹੀ ਪਰਿਵਾਰ ਨੂੰ ਕੁਝ ਸਰਕਾਰੀ ਸਹਾਇਤਾ ਮਿਲਦੀ ਰਹਿੰਦੀ ਹੈ, ਪਰ ਰਾਣੀ ਨੇ ਖਰਚਿਆਂ ਵਿੱਚ ਕਟੌਤੀ ਕਰ ਦਿੱਤੀ।

ਕਦੇ-ਕਦਾਈਂ ਚਾਰਲਸ ਨੂੰ ਛੱਡਣ ਦੇ ਸੱਦੇ ਦੇ ਬਾਵਜੂਦ, ਐਲਿਜ਼ਾਬੈਥ ਆਪਣੇ 90ਵੇਂ ਜਨਮ ਦਿਨ ਨੂੰ ਪਾਸ ਕਰਦੇ ਹੋਏ ਆਪਣੀਆਂ ਸ਼ਾਹੀ ਜ਼ਿੰਮੇਵਾਰੀਆਂ ਵਿੱਚ ਅਡੋਲ ਰਹੀ। ਉਸਨੇ ਸੈਂਕੜੇ ਚੈਰੀਟੇਬਲ ਸੰਸਥਾਵਾਂ ਅਤੇ ਪ੍ਰੋਗਰਾਮਾਂ ਦੇ ਸਮਰਥਨ ਨੂੰ ਕਾਇਮ ਰੱਖਦੇ ਹੋਏ, ਪ੍ਰਤੀ ਸਾਲ 400 ਤੋਂ ਵੱਧ ਰੁਝੇਵਿਆਂ ਨੂੰ ਜਾਰੀ ਰੱਖਿਆ।

ਹਾਲਾਂਕਿ, 2017 ਦੇ ਅਖੀਰ ਵਿੱਚ, ਰਾਜਸ਼ਾਹੀ ਨੇ ਅਗਲੀ ਪੀੜ੍ਹੀ ਵਿੱਚ ਤਬਦੀਲੀ ਵੱਲ ਇੱਕ ਵੱਡਾ ਕਦਮ ਮੰਨਿਆ ਗਿਆ ਸੀ : 12 ਨਵੰਬਰ ਨੂੰ, ਚਾਰਲਸ ਨੇ ਸੇਨੋਟੈਫ ਯੁੱਧ ਸਮਾਰਕ 'ਤੇ ਫੁੱਲਮਾਲਾ ਭੇਟ ਕਰਨ ਦੀ ਰਵਾਇਤੀ ਰੀਮੇਬਰੈਂਸ ਐਤਵਾਰ ਦੀ ਡਿਊਟੀ ਨੂੰ ਸੰਭਾਲਿਆ।

ਅਗਸਤ 2019 ਵਿੱਚ, ਐਲਿਜ਼ਾਬੈਥ ਨੇ ਰਾਜਨੀਤਿਕ ਮਾਮਲਿਆਂ ਵਿੱਚ ਇੱਕ ਦੁਰਲੱਭ ਘੁਸਪੈਠ ਕੀਤੀ ਜਦੋਂ ਉਸਨੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਦੁਆਰਾ 14 ਅਕਤੂਬਰ ਤੱਕ ਸੰਸਦ ਨੂੰ ਮੁਅੱਤਲ (ਮੁਅੱਤਲ) ਕਰਨ ਦੀ ਬੇਨਤੀ ਲਈ ਸਹਿਮਤੀ ਦਿੱਤੀ, ਬ੍ਰਿਟੇਨ ਦੇ ਯੂਰਪੀਅਨ ਯੂਨੀਅਨ ਤੋਂ ਯੋਜਨਾਬੱਧ ਵਿਦਾਇਗੀ ਤੋਂ ਤਿੰਨ ਹਫ਼ਤੇ ਪਹਿਲਾਂ ਹੀ ਦਿਤੀ ਸੀ।

**ਪ੍ਰਧਾਨ ਮੰਤਰੀਆਂ ਨਾਲ ਸਬੰਧ**

ਐਲਿਜ਼ਾਬੈਥ ਨੇ ਆਪਣੇ ਸ਼ਾਸਨ ਦੌਰਾਨ 15 ਪ੍ਰਧਾਨ ਮੰਤਰੀਆਂ ਨੂੰ ਸੱਤਾ ਵਿੱਚ ਰੱਖਿਆ ਸੀ। ਰਾਣੀ ਅਤੇ ਪ੍ਰਧਾਨ ਮੰਤਰੀ ਦੀ ਹਫਤਾਵਾਰੀ ਗੁਪਤ ਮੀਟਿੰਗ ਹੁੰਦੀ ਸੀ। (ਐਲਿਜ਼ਾਬੈਥ ਨੇ ਇਤਿਹਾਸ ਵਿੱਚ ਲਗਭਗ ਇੱਕ ਚੌਥਾਈ ਅਮਰੀਕੀ ਰਾਸ਼ਟਰਪਤੀਆਂ ਨਾਲ ਮੁਲਾਕਾਤ ਕੀਤੀ, ਸਭ ਤੋਂ ਹਾਲ ਹੀ ਵਿੱਚ ਜੋਅ ਬਾਈਡਨ ਨੂੰ ਜੂਨ 2021 ਵਿੱਚ ਰਾਜ ਦੇ ਦੌਰੇ 'ਤੇ ਮਿਲੀ ਸੀ।

ਉਸ ਨੇ ਪ੍ਰਸਿੱਧ ਵਿੰਸਟਨ ਚਰਚਿਲ ਦੇ ਨਾਲ ਪਿਤਾ-ਰੂਪ ਰਿਸ਼ਤੇ ਦਾ ਆਨੰਦ ਮਾਣਿਆ ਅਤੇ ਬਾਅਦ ਵਿੱਚ ਲੇਬਰ ਨੇਤਾਵਾਂ ਹੈਰੋਲਡ ਵਿਲਸਨ ਅਤੇ ਜੇਮਜ਼ ਕੈਲਾਘਨ ਨਾਲ ਥੋੜ੍ਹਾ ਜਿਹਾ ਢਿੱਲਾ ਹੋਣ ਅਤੇ ਕੁਝ ਹੱਦ ਤੱਕ ਗੈਰ ਰਸਮੀ ਹੋਣ ਦੇ ਯੋਗ ਹੋ ਗਿਆ। ਇਸਦੇ ਉਲਟ, ਉਸਦਾ ਅਤੇ ਮਾਰਗਰੇਟ ਥੈਚਰ ਦਾ ਇੱਕ ਬਹੁਤ ਹੀ ਰਸਮੀ, ਦੂਰ ਦਾ ਰਿਸ਼ਤਾ ਸੀ, ਜਿਸ ਵਿੱਚ ਪ੍ਰਧਾਨ ਮੰਤਰੀ ਵੱਖ-ਵੱਖ ਮੁੱਦਿਆਂ 'ਤੇ ਰਾਣੀ ਲਈ ਇੱਕ ਗ੍ਰੇਟਿੰਗ ਲੈਕਚਰਾਰ ਬਣਦੇ ਸਨ। ਟੋਨੀ ਬਲੇਅਰ ਨੇ ਰਾਜਸ਼ਾਹੀ ਦੇ ਆਲੇ-ਦੁਆਲੇ ਦੇ ਕੁਝ ਸੰਕਲਪਾਂ ਨੂੰ ਕੁਝ ਹੱਦ ਤੱਕ ਪੁਰਾਣਾ ਸਮਝਿਆ, ਹਾਲਾਂਕਿ ਉਸਨੇ ਡਾਇਨਾ ਦੀ ਮੌਤ ਤੋਂ ਬਾਅਦ ਐਲਿਜ਼ਾਬੈਥ ਦੇ ਜਨਤਕ ਬਿਆਨ ਦੀ ਸ਼ਲਾਘਾ ਕੀਤੀ।

ਬਾਅਦ ਵਿੱਚ, ਕੰਜ਼ਰਵੇਟਿਵ ਨੇਤਾ ਡੇਵਿਡ ਕੈਮਰਨ, ਜੋ ਕਿ ਐਲਿਜ਼ਾਬੈਥ ਦੇ ਪੰਜਵੇਂ ਚਚੇਰੇ ਭਰਾ ਨੂੰ ਹਟਾ ਦਿੱਤਾ ਗਿਆ ਸੀ। ਉਸਨੇ 20 14 ਵਿੱਚ ਇੱਕ ਗੱਲਬਾਤ ਵਿੱਚ ਇਹ ਖੁਲਾਸਾ ਕਰਨ ਲਈ ਮੁਆਫੀ ਮੰਗੀ ਕਿ ਉਹ ਗ੍ਰੇਟ ਬ੍ਰਿਟੇਨ ਤੋਂ ਆਜ਼ਾਦੀ ਦੀ ਮੰਗ ਕਰਨ ਲਈ ਸਕਾਟਿਸ਼ ਜਨਮਤ ਸੰਗ੍ਰਹਿ ਦੇ ਵਿਰੁੱਧ ਸੀ।

ਥੇਰੇਸਾ ਮੇਅ ਨੂੰ ਯੂਰਪੀਅਨ ਯੂਨੀਅਨ ਨੂੰ ਛੱਡਣ ਦੀ ਬ੍ਰੈਕਸਿਟ ਯੋਜਨਾਵਾਂ ਬਾਰੇ ਤੰਗ-ਬੁੱਲਾ ਦੱਸਿਆ ਗਿਆ ਸੀ, ਇੱਕ ਅਫਵਾਹ ਫੈਲ ਰਹੀ ਸੀ ਕਿ ਐਲਿਜ਼ਾਬੈਥ ਨੂੰ ਭਵਿੱਖ ਦੀ ਬਾਹਰ ਨਿਕਲਣ ਦੀਆਂ ਰਣਨੀਤੀਆਂ ਬਾਰੇ ਸੂਚਿਤ ਨਾ ਕੀਤੇ ਜਾਣ ਕਾਰਨ ਪ੍ਰੇਸ਼ਾਨ ਕੀਤਾ ਗਿਆ ਸੀ।

ਮਹਾਰਾਣੀ ਐਲਿਜ਼ਾਬੈਥ ਅਤੇ ਸ਼ਾਹੀ ਪਰਿਵਾਰ ਨੂੰ ਧਮਕੀਆਂ

ਐਲਿਜ਼ਾਬੈਥ ਨੇ ਰਾਜਸ਼ਾਹੀ ਦੇ ਅਕਸ ਨੂੰ ਬਚਾਉਣ ਅਤੇ ਇਸਦੇ ਭਵਿੱਖ ਲਈ ਤਿਆਰ ਕਰਨ ਲਈ ਅਣਥੱਕ ਮਿਹਨਤ ਕੀਤੀ। ਪਰ ਉਸਨੇ ਆਪਣੇ ਜੀਵਨ ਕਾਲ ਦੌਰਾਨ ਰਾਜਸ਼ਾਹੀ ਨੂੰ ਹਮਲਾ ਕਰਦਿਆਂ ਵੇਖਿਆ। ਇੱਕ ਵਾਰ ਸਤਿਕਾਰੀ ਜਾਣ ਵਾਲੀ ਸੰਸਥਾ ਨੇ ਸ਼ਾਹੀ ਪਰਿਵਾਰ ਦੇ ਵਿਰੁੱਧ ਮੌਤ ਦੀਆਂ ਧਮਕੀਆਂ ਸਮੇਤ ਕਈ ਤੂਫਾਨਾਂ ਦਾ ਸਾਹਮਣਾ ਕੀਤਾ।

1979 ਵਿੱਚ, ਐਲਿਜ਼ਾਬੈਥ ਨੂੰ ਇੱਕ ਮਹੱਤਵਪੂਰਨ ਨਿੱਜੀ ਨੁਕਸਾਨ ਹੋਇਆ ਜਦੋਂ ਉਸਦੇ ਪਤੀ ਦੇ ਚਾਚਾ ਲਾਰਡ ਮਾਊਂਟਬੈਟਨ ਦੀ ਇੱਕ ਅੱਤਵਾਦੀ ਬੰਬਾਰੀ ਵਿੱਚ ਮੌਤ ਹੋ ਗਈ। ਮਾਊਂਟਬੈਟਨ ਅਤੇ ਉਸਦੇ ਪਰਿਵਾਰ ਦੇ ਕਈ ਮੈਂਬਰ 27 ਅਗਸਤ ਨੂੰ ਆਇਰਲੈਂਡ ਦੇ ਪੱਛਮੀ ਤੱਟ 'ਤੇ ਉਸਦੀ ਕਿਸ਼ਤੀ 'ਤੇ ਸਵਾਰ ਸਨ, ਜਦੋਂ ਕਿਸ਼ਤੀ ਫਟ ਗਈ। ਉਹ ਅਤੇ ਉਸਦੇ ਇੱਕ ਪੋਤੇ ਸਮੇਤ ਤਿੰਨ ਹੋਰ ਮਾਰੇ ਗਏ ਸਨ। ਉੱਤਰੀ ਆਇਰਲੈਂਡ ਵਿੱਚ ਬ੍ਰਿਟਿਸ਼ ਸ਼ਾਸਨ ਦਾ ਵਿਰੋਧ ਕਰਨ ਵਾਲੀ ਆਈਆਰਏ (ਆਇਰਿਸ਼ ਰਿਪਬਲਿਕਨ ਆਰਮੀ) ਨੇ ਹਮਲੇ ਦੀ ਜ਼ਿੰਮੇਵਾਰੀ ਲਈ ਹੈ।

ਜੂਨ 1981੧ ਵਿੱਚ, ਐਲਿਜ਼ਾਬੈਥ ਦਾ ਖੁਦ ਇੱਕ ਖ਼ਤਰਨਾਕ ਮੁਕਾਬਲਾ ਹੋਇਆ ਸੀ। ਉਹ ਆਪਣੇ ਅਧਿਕਾਰਤ ਜਨਮ ਦਿਨ ਦਾ ਜਸ਼ਨ ਮਨਾਉਣ ਲਈ ਇੱਕ ਵਿਸ਼ੇਸ਼ ਫੌਜੀ ਪਰੇਡ, ਟਰੂਪਿੰਗ ਦਿ ਕਲਰ ਵਿੱਚ ਸਵਾਰ ਸੀ ਜਦੋਂ ਭੀੜ ਵਿੱਚ ਇੱਕ ਵਿਅਕਤੀ ਨੇ ਉਸ ਵੱਲ ਬੰਦੂਕ ਤਾਣ ਕੇ ਗੋਲੀਬਾਰੀ ਕੀਤੀ, ਪਰ, ਖੁਸ਼ਕਿਸਮਤੀ ਨਾਲ, ਬੰਦੂਕ ਖਾਲੀ ਸੀ ਤੇ ਰਾਣੀ ਨੂੰ ਕੋਈ ਸੱਟ ਨਹੀਂ ਲੱਗੀ।

**ਟੈਬਲਾਇਡ ਸਕੈਂਡਲ**

ਐਲਿਜ਼ਾਬੈਥ ਦੇ ਬੇਟੇ, ਚਾਰਲਸ ਦਾ ਡਾਇਨਾ ਨਾਲ ਵਿਆਹ ਕਈ ਸਾਲਾਂ ਤੱਕ ਸੁਰਖੀਆਂ ਵਿੱਚ ਰਿਹਾ, ਇਸ ਤੋਂ ਪਹਿਲਾਂ ਕਿ ਜੋੜੇ ਨੇ 1992 ਵਿੱਚ ਵੱਖ ਹੋਣ ਦੀ ਘੋਸ਼ਣਾ ਕੀਤੀ, ਉਸ ਤੋਂ ਬਾਅਦ 1996 ਵਿੱਚ ਉਨਾਂ ਦਾ ਰਸਮੀ ਤਲਾਕ ਹੋਇਆ। 31 ਅਗਸਤ, 1997 ਨੂੰ ਪੈਰਿਸ ਕਾਰ ਹਾਦਸੇ ਵਿੱਚ ਡਾਇਨਾ ਦੀ ਮੌਤ ਹੋ ਗਈ।

ਰਾਣੀ ਉਸ ਸਮੇਂ ਚਾਰਲਸ ਅਤੇ ਡਾਇਨਾ ਦੇ ਦੋ ਪੁੱਤਰਾਂ, ਪ੍ਰਿੰਸ ਵਿਲੀਅਮ ਅਤੇ ਪ੍ਰਿੰਸ ਹੈਰੀ ਦੇ ਨਾਲ ਸਕਾਟਲੈਂਡ ਵਿੱਚ ਆਪਣੀ ਬਾਲਮੋਰਲ ਅਸਟੇਟ ਵਿੱਚ ਸੀ। ਕਈ ਦਿਨਾਂ ਤੱਕ, ਐਲਿਜ਼ਾਬੈਥ ਚੁੱਪ ਰਹੀ ਜਦੋਂ ਕਿ ਦੇਸ਼ ਨੇ ਡਾਇਨਾ ਦੇ ਦੇਹਾਂਤ 'ਤੇ ਸੋਗ ਮਨਾਇਆ ਅਤੇ ਉਸਦੀ ਪ੍ਰਤੀਕਿਰਿਆ ਦੀ ਲਈ ਉਸਦੀ ਤਿੱਖੀ ਆਲੋਚਨਾ ਕੀਤੀ ਗਈ।

ਕਹਾਣੀਆਂ ਪ੍ਰਸਾਰਿਤ ਕੀਤੀਆਂ ਗਈਆਂ ਕਿ ਰਾਣੀ ਡਾਇਨਾ ਨੂੰ ਸ਼ਾਹੀ ਅੰਤਿਮ ਸੰਸਕਾਰ ਨਹੀਂ ਦੇਣਾ ਚਾਹੁੰਦੀ ਸੀ, ਜਿਸ ਨਾਲ ਬਾਦਸ਼ਾਹ ਦੇ ਖਿਲਾਫ ਜਨਤਕ ਭਾਵਨਾਵਾਂ ਵਧੀਆਂ। ਡਾਇਨਾ ਦੀ ਮੌਤ ਤੋਂ ਲਗਭਗ ਇੱਕ ਹਫ਼ਤੇ ਬਾਅਦ, ਐਲਿਜ਼ਾਬੈਥ ਲੰਡਨ ਵਾਪਸ ਆਈ ਅਤੇ ਮਰਹੂਮ ਰਾਜਕੁਮਾਰੀ ਬਾਰੇ ਇੱਕ ਬਿਆਨ ਜਾਰੀ ਕੀਤਾ।

ਐਲਿਜ਼ਾਬੈਥ ਨੇ ਸ਼ੁਰੂ ਵਿੱਚ ਆਪਣੇ ਬੇਟੇ ਚਾਰਲਸ ਅਤੇ ਕੈਮਿਲਾ ਪਾਰਕਰ ਬਾਊਲਜ਼ ਦੇ ਵਿਚਕਾਰ ਸਬੰਧਾਂ 'ਤੇ ਵੀ ਇਤਰਾਜ਼ ਕੀਤਾ ਸੀ। ਚਾਰਲਸ ਅਤੇ ਕੈਮਿਲਾ ਨੇ ਆਪਣੇ ਪਰਿਵਾਰ ਨੂੰ ਮਿਲਣ ਤੋਂ ਕਈ ਸਾਲ ਪਹਿਲਾਂ ਡੇਟ ਕੀਤੀ ਸੀ, ਪਰ ਪਰਿਵਾਰ ਦੇ ਦਬਾਅ ਹੇਠ ਇਹ ਰਿਸ਼ਤਾ ਖਤਮ ਹੋ ਗਿਆ। ਜਦੋਂ ਚਾਰਲਸ ਅਤੇ ਕੈਮਿਲਾ ਨੇ 2005 ਵਿੱਚ ਵਿਆਹ ਕੀਤਾ ਤਾਂ ਐਲਿਜ਼ਾਬੈਥ ਅਤੇ ਪ੍ਰਿੰਸ ਫਿਲਿਪ ਸਿਵਲ ਸਮਾਰੋਹ ਵਿੱਚ ਸ਼ਾਮਲ ਨਹੀਂ ਹੋਏ ਪਰ ਵਿੰਡਸਰ ਕੈਸਲ ਵਿੱਚ ਉਨਾਂ ਦੇ ਸਨਮਾਨ ਵਿੱਚ ਇੱਕ ਰਿਸੈਪਸ਼ਨ ਦਾ ਆਯੋਜਨ ਕੀਤਾ।

1992 ਵਿੱਚ, ਐਲਿਜ਼ਾਬੈਥ ਦੇ ਇੱਕ ਹੋਰ ਬੱਚੇ, ਪ੍ਰਿੰਸ ਐਂਡਰਿਊ, ਉਸਦੀ ਪਤਨੀ ਸਾਰਾਹ ਫਰਗੂਸਨ ਅਤੇ ਇੱਕ ਹੋਰ ਆਦਮੀ ਦੀਆਂ ਰੋਮਾਂਟਿਕ ਫੋਟੋਆਂ ਸਾਹਮਣੇ ਆਉਣ ਤੋਂ ਬਾਅਦ ਜੋੜੇ ਨੇ ਜਲਦੀ ਬਾਅਦ ਤਲਾਕ ਲੈ ਲਿਆ।

ਨਵੰਬਰ 2017 ਵਿੱਚ ਮੀਡੀਆ ਨੇ ਦੱਸਿਆ ਕਿ ਰਾਣੀ ਨੇ ਆਫਸ਼ੋਰ ਖਾਤਿਆਂ ਵਿੱਚ ਲਗਭਗ $13 ਮਿਲੀਅਨ ਦਾ ਨਿਵੇਸ਼ ਕੀਤਾ ਸੀ। ਇਹ ਖਬਰ ਇੱਕ ਜਰਮਨ ਅਖਬਾਰ ਵਿਚ ਅਖੌਤੀ 'ਪੈਰਾਡਾਈਜ਼ ਪੇਪਰਸ' ਦੇ ਲੀਕ ਹੋਣ ਤੋਂ ਬਾਅਦ ਆਈ ਹੈ, ਜਿਸ ਨੇ ਖੋਜੀ ਪੱਤਰਕਾਰਾਂ ਦੇ ਇੰਟਰਨੈਸ਼ਨਲ ਕੰਸੋਰਟੀਅਮ ਨਾਲ ਦਸਤਾਵੇਜ਼ ਸਾਂਝੇ ਕੀਤੇ ਸਨ।

ਡਚੀ ਆਫ਼ ਲੈਂਕੈਸਟਰ, ਜੋ ਕਿ ਰਾਣੀ ਲਈ ਜਾਇਦਾਦ ਰੱਖਦਾ ਹੈ ਨੇ ਪੁਸ਼ਟੀ ਕੀਤੀ ਕਿ ਇਸਦੇ ਕੁਝ ਵਿਦੇਸ਼ੀ ਖਾਤੇ ਸਨ, ਪਰ ਜ਼ੋਰ ਦੇ ਕੇ ਕਿਹਾ ਕਿ ਉਹ ਸਾਰੇ ਜਾਇਜ਼ ਸਨ।

2017 ਵਿੱਚ ਵੀ ਲਿੰਗਰੀ ਕੰਪਨੀ ਰਿਗਬੀ ਐਂਡ ਪੇਲਰ ਦੇ ਸਾਬਕਾ ਮਾਲਕ ਜਿਸ ਨੇ 50 ਤੋਂ ਵੱਧ ਸਾਲਾਂ ਤੋਂ ਐਲਿਜ਼ਾਬੈਥ ਦੀ ਸੇਵਾ ਕੀਤੀ ਸੀ, ਨੇ ਇੱਕ ਸਵੈ-ਜੀਵਨੀ ਲਿਖੀ ਜਿਸ ਵਿੱਚ ਸ਼ਾਹੀ ਪਰਿਵਾਰ ਦੇ ਨਾਲ ਉਸਦੇ ਕੁਝ ਤਜਰਬਿਆਂ ਨੂੰ ਸਾਂਝਾ ਕੀਤਾ ਗਿਆ ਸੀ। ਹਾਲਾਂਕਿ ਲੇਖਕ ਨੇ ਜ਼ੋਰ ਦੇ ਕੇ ਕਿਹਾ ਕਿ 'ਕਿਤਾਬ ਵਿੱਚ ਕੁਝ ਵੀ ਸ਼ਰਾਰਤੀ ਨਹੀਂ ਹੈ,' ਰਾਣੀ ਨੇ 2018 ਦੇ ਸ਼ੁਰੂ ਵਿੱਚ ਰਿਗਬੀ ਅਤੇ ਪੇਲਰ ਦੇ ਸ਼ਾਹੀ ਵਾਰੰਟ ਨੂੰ ਰੱਦ ਕਰਕੇ ਜਵਾਬ ਦਿੱਤਾ।

2019 ਵਿੱਚ, ਉਸਦੇ ਵਿਵਾਦਪੂਰਨ ਕਾਰੋਬਾਰੀ ਕੰਮਾਂ ਅਤੇ ਜਿਨਸੀ ਅਪਰਾਧੀ ਜੈਫਰੀ ਐਪਸਟੀਨ ਨਾਲ ਦੋਸਤੀ ਤੋਂ ਬਾਅਦ, ਪ੍ਰਿੰਸ ਐਂਡਰਿਊ ਨੂੰ ਇੱਕ ਮੀਡੀਆ ਫਾਇਰਸਟਾਰਮ ਦੇ ਬਾਅਦ, ਜਨਤਕ ਫਰਜ਼ਾਂ ਤੋਂ ਹਟਣ ਲਈ ਮਜਬੂਰ ਕੀਤਾ ਗਿਆ ਸੀ।

ਕੁਝ ਹਫ਼ਤਿਆਂ ਬਾਅਦ, ਜਨਵਰੀ 2020 ਵਿੱਚ, ਡਿਊਕ ਅਤੇ ਡਚੇਸ ਆਫ਼ ਸਸੇਕਸ ਦੁਆਰਾ ਸ਼ਾਹੀ ਪਰਿਵਾਰ ਦੇ ਸੀਨੀਅਰ ਮੈਂਬਰਾਂ ਵਜੋਂ ਆਪਣੀਆਂ ਭੂਮਿਕਾਵਾਂ ਤੋਂ ਹਟਣ ਦੇ ਧਮਾਕੇਦਾਰ ਫੈਸਲੇ ਤੋਂ ਬਾਅਦ, ਪਰਿਵਾਰ ਨੇ ਦੁਬਾਰਾ ਆਪਣੇ ਆਪ ਨੂੰ ਸਪਾਟਲਾਈਟ ਵਿੱਚ ਪਾਇਆ।

ਨਿੱਜੀ ਨੁਕਸਾਨ

21ਵੀਂ ਸਦੀ ਦੀ ਸ਼ੁਰੂਆਤ ਤੋਂ ਬਾਅਦ, ਐਲਿਜ਼ਾਬੈਥ ਨੂੰ ਦੋ ਵੱਡੇ ਨੁਕਸਾਨ ਹੋਏ। ਉਸਨੇ 2002 ਵਿੱਚ ਆਪਣੀ ਭੈਣ ਮਾਰਗਰੇਟ ਅਤੇ ਉਸਦੀ ਮਾਂ ਦੋਵਾਂ ਨੂੰ ਅਲਵਿਦਾ ਕਿਹਾ, ਉਸੇ ਸਾਲ ਉਸਨੇ ਗੱਦੀ 'ਤੇ ਆਪਣੀ ਗੋਲਡਨ ਜੁਬਲੀ ਜਾਂ 50ਵਾਂ ਸਾਲ ਮਨਾਇਆ।

ਮਾਰਗਰੇਟ, ਸ਼ਾਹੀ ਪਰਿਵਾਰ ਦੇ ਹੋਰ ਮੈਂਬਰਾਂ ਨਾਲੋਂ ਇੱਕ ਸਾਹਸੀ ਰੂਹ ਵਜੋਂ ਜਾਣੀ ਜਾਂਦੀ ਹੈ ਦੀ ਫਰਵਰੀ ਵਿੱਚ ਦੌਰਾ ਪੈਣ ਤੋਂ ਬਾਅਦ ਮੌਤ ਹੋ ਗਈ ਸੀ। ਕੁਝ ਹਫ਼ਤਿਆਂ ਬਾਅਦ, ਐਲਿਜ਼ਾਬੈਥ ਦੀ ਮਾਂ, ਜੋ ਕਿ ਰਾਣੀ ਮਾਂ ਵਜੋਂ ਜਾਣੀ ਜਾਂਦੀ ਹੈ, ਦੀ 30 ਮਾਰਚ ਨੂੰ 101 ਸਾਲ ਦੀ ਉਮਰ ਵਿੱਚ ਰਾਇਲ ਲਾਜ ਵਿੱਚ ਮੌਤ ਹੋ ਗਈ।

ਡਾਇਮੰਡ ਜੁਬਲੀ

ਐਲਿਜ਼ਾਬੈਥ ਨੇ 2012 ਵਿੱਚ ਆਪਣੀ ਡਾਇਮੰਡ ਜੁਬਲੀ ਮਨਾਈ। ਰਾਣੀ ਵਜੋਂ 60 ਸਾਲ ਪੂਰੇ ਹੋ ਗਏ। ਜੁਬਲੀ ਮੌਕੇ ਸ਼ਰਲੀ ਬਾਸੀ, ਪਾਲ ਮੈਕਕਾਰਟਨੀ, ਟੌਮ ਜੋਨਸ, ਸਟੀਵੀ ਵੰਡਰ ਅਤੇ ਕਾਇਲੀ ਮਿਨੋਗ ਦੀ ਪਸੰਦ ਦੀ ਵਿਸ਼ੇਸ਼ਤਾ ਵਾਲੇ ਇੱਕ ਵਿਸ਼ੇਸ਼ ਬੀਬੀਸੀ ਸੰਗੀਤ ਸਮਾਰੋਹ ਦਾ ਆਯੋਜਨ ਕੀਤਾ ਗਿਆ ਸੀ। ਇਸ ਇਤਿਹਾਸਕ ਸਮਾਗਮ ਵਿੱਚ ਐਲਿਜ਼ਾਬੈਥ ਆਪਣੇ ਪਤੀ ਫਿਲਿਪ, ਪੁੱਤਰ ਚਾਰਲਸ ਅਤੇ ਪੋਤੇ ਹੈਰੀ ਅਤੇ ਵਿਲੀਅਮ ਸਮੇਤ ਪਰਿਵਾਰ ਨਾਲ ਘਿਰੀ ਹੋਈ ਸੀ।

9 ਸਤੰਬਰ, 2015 ਨੂੰ, ਉਸਨੇ ਆਪਣੀ ਪੜਦਾਦੀ ਮਹਾਰਾਣੀ ਵਿਕਟੋਰੀਆ ਨੂੰ ਬ੍ਰਿਟੇਨ ਦੇ ਸਭ ਤੋਂ ਲੰਬੇ ਸਮੇਂ ਤੱਕ ਰਾਜ ਕਰਨ ਵਾਲੇ ਰਾਜੇ ਵਜੋਂ ਪਿੱਛੇ ਛੱਡ ਦਿੱਤਾ, ਜਿਸਨੇ 63 ਸਾਲਾਂ ਤੱਕ ਰਾਜ ਕੀਤਾ।

**ਨੀਲਮ ਜੁਬਲੀ**

6 ਫਰਵਰੀ, 2017 ਨੂੰ, ਰਾਣੀ ਨੇ ਗੱਦੀ 'ਤੇ ਬੈਠ ਕੇ 65 ਸਾਲ ਪੂਰੇ ਕੀਤੇ, ਜੋ ਕਦੇ ਵੀ ਆਪਣੀ ਨੀਲਮ ਜੁਬਲੀ ਮਨਾਉਣ ਵਾਲੀ ਇਕਲੌਤੀ ਬ੍ਰਿਟਿਸ਼ ਮਹਾਰਾਣੀ ਸੀ। ਇਹ ਤਾਰੀਖ ਉਸਦੇ ਪਿਤਾ ਦੀ ਮੌਤ ਦੀ ਵਰੇਗੰਢ ਨੂੰ ਵੀ ਦਰਸਾਉਂਦੀ ਹੈ। ਰਾਣੀ ਨੇ ਲੰਦਨ ਦੇ ਉੱਤਰ ਵਿੱਚ ਸਥਿਤ ਆਪਣੀ ਕੰਟਰੀ ਅਸਟੇਟ ਸੈਂਡਰਿੰਗਮ ਵਿੱਚ ਚੁੱਪ-ਚਾਪ ਦਿਨ ਬਿਤਾਉਣ ਦਾ ਫੈਸਲਾ ਕੀਤਾ, ਜਿੱਥੇ ਉਹ ਇੱਕ ਚਰਚ ਸੇਵਾ ਵਿੱਚ ਸ਼ਾਮਲ ਹੋਈ। ਲੰਡਨ ਵਿੱਚ, ਗ੍ਰੀਨ ਪਾਰਕ ਅਤੇ ਲੰਡਨ ਦੇ ਟਾਵਰ ਵਿਖੇ ਇਸ ਮੌਕੇ ਨੂੰ ਚਿੰਨਤ ਕਰਨ ਲਈ ਸ਼ਾਹੀ ਤੋਪਾਂ ਦੀ ਸਲਾਮੀ ਦਿੱਤੀ ਗਈ। ਰਾਇਲ ਟਕਸਾਲ ਨੇ ਰਾਣੀ ਦੀ ਨੀਲਮ ਜੁਬਲੀ ਦੇ ਸਨਮਾਨ ਵਿੱਚ ਅੱਠ ਨਵੇਂ ਯਾਦਗਾਰੀ ਸਿੱਕੇ ਵੀ ਜਾਰੀ ਕੀਤੇ।

ਪਲੈਟੀਨਮ ਜੁਬਲੀ

2022 ਵਿੱਚ, ਰਾਸ਼ਟਰ ਨੇ ਐਲਿਜ਼ਾਬੈਥ ਦਾ ਪਲੈਟੀਨਮ ਜੁਬਲੀ ਸਾਲ ਮਨਾਇਆ। ਉਹ ਇਸ ਮੀਲ ਪੱਥਰ 'ਤੇ ਪਹੁੰਚਣ ਵਾਲੀ ਪਹਿਲੀ ਬ੍ਰਿਟਿਸ਼ ਬਾਦਸ਼ਾਹ ਸੀ, ਜੋ ਗੱਦੀ 'ਤੇ 70 ਸਾਲਾਂ ਦੀ ਨਿਸ਼ਾਨਦੇਹੀ ਕਰਦਾ ਹੈ।

ਐਲਿਜ਼ਾਬੈਥ ਦੀ 8 ਸਤੰਬਰ, 2022 ਨੂੰ ਬਾਲਮੋਰਲ ਅਸਟੇਟ ਵਿਖੇ ਮੌਤ ਹੋ ਗਈ। ਉਹ 96 ਸਾਲਾਂ ਦੀ ਸੀ।

**ਸ਼ੌਕ**

ਆਪਣੀ ਜ਼ਿੰਦਗੀ ਦਾ ਜ਼ਿਆਦਾਤਰ ਹਿੱਸਾ ਰਾਣੀ ਨੇ ਆਪਣੇ ਪਿਆਰੇ ਜਾਨਵਾਰਾਂ ਨਾਲ ਬਤੀਤ ਕੀਤਾ ਜਿਸ ਵਿਚ ਸਭ ਤੋਂ ਪਹਿਲਾਂ ਕੁੱਤੇ ਸ਼ਾਮਿਲ ਹਨ।

ਐਲਿਜ਼ਾਬੈਥ ਨੂੰ ਚੰਗੀਆਂ ਨਸਲਾਂ ਦੇ ਘੋੜੇ ਰੱਖਣ ਦਾ ਬਹੁਤ ਸ਼ੌਕ ਸੀ ਅਤੇ ਉਹ ਅਕਸਰ ਰੇਸਿੰਗ ਸਮਾਰੋਹਾਂ ਵਿਚ ਹਿੱਸਾ ਲੈਂਦੀ ਸੀ।

ਸਪਾਟਲਾਈਟ ਲਈ ਇੱਕ ਨਹੀਂ, ਐਲਿਜ਼ਾਬੈਥ ਨੂੰ ਸ਼ਾਂਤ ਮਨੋਰੰਜਨ ਪਸੰਦ ਸੀ। ਉਸਨੇ ਰਹੱਸਾਂ ਨੂੰ ਪੜਨਾ, ਕ੍ਰਾਸਵਰਡ ਪਹੇਲੀਆਂ 'ਤੇ ਕੰਮ ਕਰਨਾ ਅਤੇ ਟੈਲੀਵਿਜ਼ਨ 'ਤੇ ਕੁਸ਼ਤੀ ਦੇਖਣਾ ਵੀ ਪਸੰਦ ਸੀ।

## ਢੁਕਵੀਂ ਖੇਤੀ ਅਤੇ...

ਜਿਸ ਤਰਾਂ ਪਹਿਲਾਂ ਵੀ ਪੰਜਾਬ ਸਰਕਾਰ ਵਲੋਂ 'ਪ੍ਰੋਗ੍ਰੈਸਿਵ ਪੰਜਾਬ' ਦੇ ਤਹਿਤ ਕੀਤਾ ਜਾਂਦਾ ਰਿਹਾ ਸੀ, ਪਰ ਉਨਾਂ ਕੋਸ਼ਿਸ਼ਾਂ ਦੇ ਕੋਈ ਠੋਸ ਸਿੱਟੇ ਪ੍ਰਾਪਤ ਨਹੀਂ ਸਨ ਹੋਏ। ਅਸਲ ਵਿਚ ਨਿਵੇਸ਼ਕਾਰ ਨੂੰ ਸਿਰਫ ਵਪਾਰਕ ਰੁਚੀਆਂ ਪ੍ਰੇਰਿਤ ਕਰਦੀਆਂ ਹਨ, ਨਿਵੇਸ਼ਕ ਜਾਤੀ-ਜਜ਼ਬਾਤਾਂ ਦੇ ਵਹਿਣ ਨਾਲ ਨਿਵੇਸ਼ ਨਹੀਂ ਕਰਦੇ। ਨਿਵੇਸ਼ਕ ਸਾਹਮਣੇ ਸਭ ਤੋਂ ਵੱਡੀ ਗੱਲ ਇਹ ਹੁੰਦੀ ਹੈ ਕਿ ਉਸ ਦੀ ਬਣਨ ਵਾਲੀ ਵਸਤੂ ਦਾ ਮੰਡੀਕਰਨ ਭਾਵ ਉਨਾਂ ਵਲੋਂ ਤਿਆਰ ਕੀਤੀ ਜਾਣ ਵਾਲੀ ਵਸਤੂਆਂ ਦੀ ਕਿੰਨੀ ਮੰਗ ਹੈ, ਦੂਸਰਾ ਹੁੰਦਾ ਹੈ ਉਤਪਾਦਨ ਲਈ ਲੋੜੀਂਦਾ ਕੱਚਾ ਮਾਲ ਸਸਤਾ ਮਿਲਣਾ। ਪੰਜਾਬ ਵਿਚ ਲੱਗਣ ਵਾਲੀਆਂ ਉਦਯੋਗਿਕ ਇਕਾਈਆਂ ਇਹ ਦੋਵੇਂ ਹੀ ਸ਼ਰਤਾਂ ਪੂਰੀਆਂ ਕਰਦੀਆਂ ਹਨ। ਪੰਜਾਬ ਵਿਚ ਬਣਨ ਵਾਲੀਆਂ ਖ਼ੁਰਾਕ ਵਸਤੂਆਂ ਲਈ ਮੰਡੀਕਰਨ ਦੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਅਤੇ ਵਿਦੇਸ਼ਾਂ ਵਿਚ ਵੀ ਅਨੇਕ ਮੌਕੇ ਹਨ। ਜਿਸ ਤਰਾਂ ਡੇਅਰੀ ਵਸਤੂਆਂ ਦੀ ਵਿਦੇਸ਼ਾਂ ਵਿਚ ਮੰਗ ਹੈ, ਇਸੇ ਤਰਾਂ ਹੀ ਇਨਾਂ ਵਸਤੂਆਂ ਦੀ ਵੀ ਉੱਥੇ ਬਹੁਤ ਮੰਗ ਹੈ। ਇਨਾਂ ਵਸਤੂਆਂ ਲਈ ਪੰਜਾਬ ਵਿਚ ਕੱਚੇ ਮਾਲ ਦੀ ਕੋਈ ਘਾਟ ਨਹੀਂ। ਸਿਰਫ ਲੋੜ ਹੈ ਢੁਕਵੀਂ ਖੇਤੀ ਅਤੇ ਉਦਯੋਗਿਕ ਨੀਤੀ ਦੀ।

ਕੇਰਲਾ ਤੋਂ ਬਾਅਦ ਪੰਜਾਬ ਹੀ ਇਕ ਉਹ ਪ੍ਰਾਂਤ ਹੈ ਜਿਸ ਦੇ ਸਭ ਤੋਂ ਜ਼ਿਆਦਾ ਲੋਕ ਵਿਦੇਸ਼ਾਂ ਵਿਚ ਗਏ ਹੋਏ ਹਨ। ਉਹ ਪੰਜਾਬ ਸੰਬੰਧੀ ਸ਼ੁੱਭ ਭਾਵਨਾਵਾਂ ਰੱਖਦੇ ਹਨ, ਭਾਵੇਂ ਉਹ ਆਪ ਆ ਕੇ ਨਿਵੇਸ਼ ਕਰਨ ਤੋਂ ਝਿਜਕਦੇ ਹਨ ਪਰ ਉਹ ਜਾਇੰਟ ਸਟਾਕ ਕੰਪਨੀਆਂ ਦੇ ਸ਼ੇਅਰ ਖ਼ਰੀਦ ਸਕਦੇ ਹਨ, ਜਿਸ ਨਾਲ ਨਿਵੇਸ਼ ਦੀਆਂ ਸੰਭਾਵਨਾਵਾਂ ਵਧ ਸਕਦੀਆਂ ਹਨ। ਨਿਵੇਸ਼ ਲਈ ਕਦੀ ਵੀ ਸਹਿਕਾਰੀ ਖੇਤਰ ਅਤੇ ਜਨਤਕ ਖੇਤਰ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ। ਨਿੱਜੀ ਉੱਦਮੀਆਂ ਨਾਲ ਜਨਤਕ ਭਾਈਵਾਲੀ ਨਿਵੇਸ਼ ਵਧਾਉਣ ਵਿਚ ਵੱਡੀ ਭੂਮਿਕਾ ਨਿਭਾਅ ਸਕਦੀ ਹੈ।

ਖੇਤੀ ਆਧਾਰਿਤ ਉਦਯੋਗਿਕ ਇਕਾਈਆਂ ਛੋਟੇ ਪੈਮਾਨੇ ਦੀਆਂ ਇਕਾਈਆਂ ਵਜੋਂ ਉਨੀ ਹੀ ਯੋਗਤਾ ਨਾਲ ਉਤਪਾਦਨ ਕਰ ਸਕਦੀਆਂ ਹਨ ਜਿੰਨੀ ਯੋਗਤਾ ਨਾਲ ਵੱਡੀਆਂ ਅਤੇ ਬਹੁਦੇਸ਼ੀ ਕੰਪਨੀਆਂ। ਖੇਤੀ ਆਧਾਰਿਤ ਉਦਯੋਗਿਕ ਇਕਾਈਆਂ ਤੋਂ ਇਲਾਵਾ ਹੋਰ ਇਕਾਈਆਂ ਲਈ ਭਾਰਤ ਦੀਆਂ ਟਾਟਾ ਸੰਨਜ਼ ਵਰਗੀਆਂ ਕੰਪਨੀਆਂ ਦੀ ਪਹਿਲ ਨਾਲ ਹੋਰ ਕੰਪਨੀਆਂ ਵੀ ਪੰਜਾਬ ਦੇ ਉਦਯੋਗਾਂ ਵਿਚ ਨਿਵੇਸ਼ ਕਰ ਸਕਦੀਆਂ ਹਨ। ਉਮੀਦ ਕੀਤੀ ਜਾਂਦੀ ਹੈ ਕਿ ਹੁਣ ਪੰਜਾਬ ਸਰਕਾਰ ਵਲੋਂ ਉਦਯੋਗਿਕ ਕ੍ਰਾਂਤੀ ਲਈ ਵੀ ਉਨੀ ਹੀ ਗੰਭੀਰਤਾ ਅਪਣਾਈ ਜਾਵੇਗੀ, ਜਿੰਨੀ ਹਰੇ ਇਨਕਲਾਬ ਲਈ ਅਪਣਾਈ ਗਈ ਸੀ।

## ਕਿਸਾਨਾਂ ਨੂੰ ਵਿੱਤੀ...

ਮੁੱਖ ਮੰਤਰੀ ਨੇ ਕਿਹਾ ਕਿ ਮੋਦੀ ਸਰਕਾਰ ਨੇ ਮਦਦ ਕਰਨ ਦੀ ਬਜਾਏ ਆਪਣੇ ਹੱਥ ਪਿੱਛੇ ਖਿੱਚ ਲਏ ਹਨ। ਮਾਨ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਜਦੋਂ ਸਾਨੂੰ ਪਰਾਲੀ ਨਾ ਸਾੜਨ ਦਾ ਸੰਕਲਪ ਲੈ ਕੇ ਸੂਬੇ ਦੀ ਪੁਰਾਤਨ ਸ਼ਾਨ ਬਹਾਲੀ ਲਈ ਗੁਰਬਾਣੀ ਦੀਆਂ ਸਿੱਖਿਆਵਾਂ ਨੂੰ ਅਮਲ ਵਿੱਚ ਲਿਆਉਣਾ ਚਾਹੀਦਾ ਹੈ। ਉਨਾਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ ਵੀ ਕੀਤੀ ਹੈ।

## ਇੰਡੋ-ਪੈਸੀਫਿਕ ਖਿੱਤੇ...

ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਭਾਰਤ ਬਹੁਤ ਬਦਲ ਰਿਹਾ ਹੈ ਜੋ ਕਿ ਇਹ ਸੁਆਲ ਉਠਾਉਂਦਾ ਹੈ ਕਿ ਇਸ ਨੂੰ ਲੋਕਤੰਤਰ ਕਿਹਾ ਜਾਵੇ ਜਾਂ ਨਾ।ਗੁਟੇਨਬਰਗ ਯੂਨੀਵਰਸਿਟੀ ਦੀ ਵੀ-ਡੈਮ ਸੰਸਥਾ, ਜੋ ਕਿ ਲੋਕਤੰਤਰ ਦੀ ਸਥਿਤੀ ਦਾ ਜਾਇਜ਼ਾ ਲੈਂਦੀ ਹੈ, ਅਨੁਸਾਰ ਭਾਰਤ ਚੁਣਾਵੀ ਤਾਨਾਸ਼ਾਹੀ ਵੱਲ ਵਧ ਚੁੱਕਿਆ ਹੈ।ਉਦਾਰਵਾਦੀ ਆਲੋਚਕ ਇਸ ਦੇ ਹਿੰਦੂਵਾਦੀ ਖਾਸੇ ਵੱਲ ਧਿਆਨ ਦੁਆਉਂਦੇ ਹਨ ਜਿਸ ਨੇ ਮੁਸਲਮਾਨ ਅਬਾਦੀ ਨੂੰ ਖਤਰੇ ਵਿਚ ਪਾ ਦਿੱਤਾ ਹੈ। ਭਾਰਤ ਦੇ ਸੰਵਿਧਾਨ ਵਿਚ ਦਰਜ ਧਰਮ ਨਿਰਪੱਖਤਾ ਬੀਤੇ ਦੀ ਗੱਲ ਲੱਗਦੀ ਹੈ। ਭਾਰਤੀ ਜਨਤਾ ਪਾਰਟੀ ਨੇ ਹਿੰਦੂ ਰਾਸ਼ਟਰ ਬਣਾਉਣ ਦੇ ਆਪਣੇ ਏਜੰਡੇ ਨੂੰ ਕਦੇ ਵੀ ਛੁਪਾਇਆ ਨਹੀਂ ਹੈ। ਆਪਣੇ ਪਹਿਲੇ ਕਾਰਜਕਾਲ ਵਿਚ ਮੋਦੀ ਨੇ ਇਸ ਨੂੰ ਨਰਮ ਢੰਗ ਨਾਲ ਪੇਸ਼ ਕੀਤਾ, ਪਰ 20 19 ਵਿਚ ਆਪਣੀ ਜਿੱਤ ਤੋਂ ਬਾਅਦ ਇਸ ਦਾ ਪ੍ਰਚਾਰ ਬਹੁਤ ਤੇਜ ਹੋ ਗਿਆ ਹੈ।ਹਿੰਦੂ ਰਾਸ਼ਟਰ ਤੋਂ ਵੀ ਭਾਰਤ ਦਾ ਬਦਲਾਅ ਤਾਨਾਸ਼ਾਹੀ ਹਿੰਦੂ ਰਾਜ ਵਿਚ ਹੋ ਰਿਹਾ ਹੈ।ਸਟੀਵਨ ਲੇਵੀਟਸਕੀ ਆਪਣੀ ਪੁਸਤਕ

'ਹਾਓ ਡੈਮੋਕਰੇਸੀਜ਼ ਡਾਈ' ਵਿਚ ਲਿਖਦਾ ਹੈ ਕਿ ਲੋਕਤੰਤਰ ਇਕਦਮ ਖਤਮ ਹੋਣ ਦੀ ਬਜਾਏ ਹੌਲੀ ਹੌਲੀ ਮਰਦਾ ਹੈ ਅਤੇ ਭਾਰਤ ਦਾ ਕੇਸ ਇਸ ਸੰਬੰਧ ਵਿਚ ਬਹੁਤ ਮਹੱਤਵ ਰੱਖਦਾ ਹੈ।ਅਗਰ ਦਿੱਲੀ ਦਾ ਮੂੰਹ ਅਤੇ 1.3 ਬਿਲੀਅਨ ਲੋਕਾਂ ਨਾਲ ਤਾਨਾਸ਼ਾਹੀ ਸੱਤਾ ਵੱਲ ਹੁੰਦਾ ਹੈ ਤਾਂ ਇਸ ਦਾ ਪ੍ਰਭਾਵ ਪੂਰੇ ਵਿਸ਼ਵ ਦੇ ਲੋਕਤੰਤਰੀ ਦੇਸ਼ਾਂ ਉੱਪਰ ਪਵੇਗਾ। ਭਾਰਤ ਦਾ ਅਜ਼ਾਦੀ ਸੰਘਰਸ਼ ਨਾਗਰਿਕ ਸਮਾਜ ਦਾ ਸਭ ਤੋਂ ਵੱਡਾ ਸੰਘਰਸ਼ ਸੀ ਜਿਸ ਦੀ ਅਗਵਾਈ ਗਾਂਧੀ ਨੇ ਕੀਤੀ। ਇਸ ਦਾ ਉਦੇਸ਼ ਮਹਿਜ਼ ਭਾਰਤ ਲਈ ਅਜ਼ਾਦੀ ਹਾਸਿਲ ਕਰਨਾ ਹੀ ਨਹੀਂ ਬਲਕਿ ਬਰਾਬਰਤਾ ਦਾ ਸਮਾਜ ਬਣਾਉਣਾ ਸੀ ਜਿੱਥੇ ਸਾਰਿਆਂ ਦੇ ਮਨੁੱਖੀ ਅਧਿਕਾਰਾਂ ਦਾ ਸਨਮਾਨ ਹੋ ਸਕੇ। ਭਾਰਤ ਦੇ ਅਜ਼ਾਦੀ ਸੰਘਰਸ਼ ਦੇ ਘੁਲਾਟੀਆ ਦੇ ਉਤਰਾਧਿਕਾਰੀਆਂ ਨੂੰ ਵੀ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਔਨਲਾਈਨ ਟ੍ਰੋਲਿੰਗ, ਅਤੇ ਅਫਵਾਹਾਂ ਦੇ ਅਧਾਰ ਤੇ ਲੋਕਾਂ ਨਾਲ ਧੱਕਾ ਰੋਜਮੱਰਾ ਦੀਆਂ ਗੱਲਾਂ ਹੋ ਗਈਆਂ ਹਨ। ਵਿਸ਼ਵ ਆਰਥਿਕ ਮੰਚ ਨੇ ਵੀ ਭਾਰਤ ਵਿਚ ਨਾਗਰਿਕ ਅਜ਼ਾਦੀ ਨੂੰ ਦਬਾਉਣ ਦੀ ਗੱਲ ਕੀਤੀ ਹੈ। ਮੀਡੀਆ ਅਤੇ ਨਾਗਰਕਿ ਸਮਾਹ ਉੱਪਰ ਲਗਤਾਰ ਹਮਲਿਆਂ ਨੇ ਵਿਸ਼ਵ ਭਰ ਵਿਚ ਭਾਰਤ ਦੀ ਛਵੀ ਨੂੰ ਨੁਕਸਾਨ ਪਹੁੰਚਾਇਆ ਹੈ। ਭਾਵੇਂ ਭਾਰਤ ਕਮਿਊਨਿਟੀ ਆਫ ਡੈਮੋਕਰੇਸੀਜ਼ ਦਾ ਮੈਂਬਰ ਹੈ, ਭਾਰਤ ਦੇ ਨੇਤਾਵਾਂ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਨਾਗਰਿਕ ਸਮਾਜ ਦੀਆਂ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਣ ਨੇ ਭਾਰਤ ਦਾ ਸਭ ਤੋਂ ਜਿਆਦਾ ਨੁਕਸਾਨ ਕੀਤਾ ਹੈ।

ਹਜਾਰਾਂ ਹੀ ਨਾਗਰਕਿ ਸਮਾਜ ਦੀਆਂ ਸੰਸਥਾਵਾਂ ਉੱਪਰ ਪਾਬੰਦੀਆਂ ਲਗਾਉਣ ਲਈ ਅੰਤਰਰਾਸ਼ਟਰੀ ਫੰਡਿੰਗ ਦੀ ਵਰਤੋਂ ਕਰਨਾ ਵੀ ਸਰਕਾਰ ਦੁਆਰਾ ਇਕ ਤਰੀਕੇ ਨਾਲ ਆਪਣੀ ਸਾਕਾਰਾਤਮਕ ਛਵੀ ਪੇਸ਼ ਕਰਨ ਦੀ ਕੋਸ਼ਿਸ਼ ਹੈ। ਜਨਤਕ ਹਿੱਤਾਂ ਲਈ ਲੋਕਤੰਤਰੀ ਵਿਰੋਧ ਦੀ ਥਾਂ ਖਤਮ ਨਹੀਂ ਹੋਣੀ ਚਾਹੀਦੀ ਹੈ ਕਿਉਂਕਿ ਇਹ ਹੀ ਕਿਸੇ ਦੇਸ਼ ਨੂੰ ਮਜਬੂਤ ਬਣਾਉਂਦੇ ਹਨ। ਭਾਰਤ ਨੇ ਬਸਤੀਵਾਦੀ ਸੰਘਰਸ਼ ਦੇ ਵਿਰੋਧ ਸਮੇਂ ਅਤੇ ਠੰਡੇ ਯੁੱਧ ਸਮੇਂ ਅੰਤਰਰਾਸ਼ਟਰੀ ਮੁੱਦਿਆਂ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਅੱਜ ਬਰਿਕਸ ਦਾ ਮੈਂਬਰ ਹੋਣ ਦੇ ਨਾਤੇ ਭਾਰਤ ਨੂੰ ਆਪਣਾ ਇਤਿਹਾਸ ਅਤੇ ਰੋਲ ਨਹੀਂ ਭੁੱਲਣਾ ਚਾਹੀਦਾ। ਸਰਗਰਮ ਨਾਗਰਿਕ ਅਤੇ ਨਾਗਰਿਕ ਸਮਾਜ ਹੀ ਇਸ ਵਿਰਾਸਤ ਉੱਪਰ ਮੁੜ ਦਾਅਵਾ ਕਰ ਸਕਦਾ ਹੈ। ਜਦੋਂ ਭਾਰਤ ਵਿਚ ਮਨੁੱਖੀ ਅਧਿਕਾਰਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਤਾਂ ਸੰਯੁਕਤ ਰਾਸ਼ਟਰ ਦੇ ਅਟਾਰਨੀ ਜਨਰਲ ਨੇ ਭਾਰਤ ਦੇ ਵਿਭਿੰਨਤਾ, ਆਪਸੀ ਸਹਿਹੋਂਦ ਅਤੇ ਸਹਿਯੋਗ, ਸਹਿਣਸ਼ੀਲਤਾ ਦੀ ਗੱਲ ਕੀਤੀ। ਇਹ ਗੱਲ ਸੁਣਦੇ ਹੋਏ ਇਕ ਸਨਮਾਨਯੋਗ ਨਾਗਰਕਿ ਸਮਾਜ ਦੇ ਕਾਰਕੁੰਨ ਨੇ ਕਿਹਾ, 'ਮੈਂ ਉਸ ਦੇਸ਼ ਵਿਚ ਰਹਿਣਾ ਚਾਹੁੰਦਾ ਹੈ ਜਿਸ ਦੀ ਇਹ ਗੱਲ ਕਰ ਰਿਹਾ ਹੈ।'

## ਕੈਂਸਰ ਦੀ ਸ਼ਿਕਾਰ...

ਉਸ ਦੀ ਪਤਨੀ ਪਿੰਕੀ ਕੁਮਾਰੀ ਨੇ ਸੋਸ਼ਲ ਮੀਡੀਆ ਰਾਹੀਂ ਤਾਜਪੁਰ ਚਰਚ 'ਚ ਕੈਂਸਰ ਦੇ ਮਰੀਜ਼ ਠੀਕ ਹੋਣ ਸੰਬੰਧੀ ਵੀਡੀਓ ਦੇਖੀ ਅਤੇ ਉਹ ਵੀ ਆਪਣੀ ਬੇਟੀ ਨੂੰ ਠੀਕ ਕਰਵਾਉਣ ਲਈ ਪਿਛਲੇ 7 ਮਹੀਨਿਆਂ ਤੋਂ ਲਗਾਤਾਰ ਤਾਜਪੁਰ ਚਰਚ ਵਿਚ ਆ ਰਹੇ ਸਨ, ਜਿਸ ਦੌਰਾਨ ਉਨਾਂ ਦੀ ਬੇਟੀ ਨੇ ਚਰਚ ਵਿਚ ਬਾਅਦ ਦੁਪਹਿਰ ਦਮ ਤੋੜ ਦਿੱਤਾ। ਚੰਦਰ ਮੋਹਨ ਨੇ ਦੱਸਿਆ ਕਿ ਉਨਾਂ ਨੂੰ ਗਹਿਰਾ ਸਦਮਾ ਲੱਗਿਆ ਤੇ ਉਸ ਦੀ ਪਤਨੀ ਪਿੰਕੀ ਵਲੋਂ ਚਰਚ ਦੇ ਸੁਰੱਖਿਆ ਪ੍ਰਬੰਧਕਾਂ ਨੂੰ ਚਰਚ ਦੇ ਮੁੱਖ ਪਾਦਰੀ ਨੂੰ ਮਿਲਾਉਣ ਲਈ ਬੇਨਤੀ ਕੀਤੀ ਗਈ ਪਰ ਸੁਰੱਖਿਆ ਕਰਮੀਆਂ ਵਲੋਂ ਬੇਟੀ ਦੀ ਮੌਤ ਹੋ ਜਾਣ ਉਪਰੰਤ ਉਨਾਂ ਨੂੰ ਧੱਕੇ ਮਾਰ ਕੇ ਚਰਚ ਵਿਚੋਂ ਬਾਹਰ ਕੱਢ ਦਿੱਤਾ ਗਿਆ। ਚਰਚ 'ਤੇ ਲਗਾਏ ਦੋਸ਼ਾਂ ਨੂੰ ਨਕਾਰਦਿਆਂ ਚਰਚ ਪ੍ਰਬੰਧਕਾਂ ਨੇ ਆਖਿਆ ਕਿ ਲੜਕੀ ਕੈਂਸਰ ਦੀ ਬਿਮਾਰੀ ਨਾਲ ਪੀੜਤ ਸੀ ਅਤੇ ਉਸ ਦੀ ਕੁਦਰਤੀ ਮੌਤ ਹੋਈ ਹੈ ਜਿਸ ਵਿਚ ਚਰਚ ਦਾ ਕੋਈ ਸੰਬੰਧ ਨਹੀਂ ਅਤੇ ਚਰਚ ਵਿਚ ਆਏ ਹੋਏ ਕਿਸੇ ਵੀ ਵਿਅਕਤੀ ਨੂੰ ਜਬਰਦਸਤੀ ਬਾਹਰ ਨਹੀਂ ਕੱਢਿਆ ਗਿਆ।ਥਾਣਾ ਲਾਂਬੜਾ ਮੁਖੀ ਇੰਸਪੈਕਟਰ ਅਮਨ ਸੈਣੀ ਨੇ ਕਿਹਾ ਕਿ ਪੀੜਤ ਪਰਿਵਾਰ ਵਲੋਂ ਕੋਈ ਸ਼ਿਕਾਇਤ ਦਰਜ ਨਹੀਂ ਕਰਵਾਈ ਗਈ ਅਤੇ ਸ਼ਿਕਾਇਤ ਮਿਲਣ 'ਤੇ ਪੁਲਿਸ ਵਲੋਂ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

## ਸਾਡਾ ਨਿਸ਼ਾਨਾ ਸਿੱਖ...

ਇਤਫਾਕ ਅਤੇ ਇਕਸੁਰਤਾ ਬਿਨਾਂ ਨਿਸ਼ਾਨਿਆਂ ਨੂੰ ਪੂਰਿਆਂ ਕਰਨਾ ਅਸੰਭਵ ਹੈ। ਇਕਜੁਟਤਾ ਬਗੈਰ ਸ਼ਹਾਦਤਾਂ, ਕੁਰਬਾਨੀਆਂ, ਸ਼ਹੀਦਾਂ ਦਾ ਡੁੱਲਿਆ ਖੂਨ ਅਜਾਈਂ ਚਲਿਆ ਜਾਂਦਾ ਹੈ ਜੋ ਅਸੀਂ ਪਿਛਲੇ ਸਮੇਂ ਵਿੱਚ ਦੇਖ ਅਤੇ ਹੰਡਾ ਚੁੱਕੇ ਹਾਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਈ ਜਸਪਾਲ ਸਿੰਘ ਇਸਲਾਮਗੰਜ, ਭਾਈ ਬਲਜੀਤ ਸਿੰਘ ਬੀਤਾ, ਭਾਈ ਗੁਰਪ੍ਰੀਤ ਸਿੰਘ ਰੋਪੜ, ਭਾਈ ਮਨਜੋਤ ਸਿੰਘ, ਭਾਈ ਹਰਮਨਿੰਦਰ ਸਿੰਘ, ਸਰਬਜੀਤ ਸਿੰਘ ਬਟਾਲਾ ਭਾਈ ਹਰਜਿੰਦਰ ਸਿੰਘ ਅੰਮ੍ਰਿਤਸਰ ਸਹਿਬ, ਰਣਜੀਤ ਸਿੰਘ ਲੰਡੇਆਣਾ ਆਣਾ ਬਚਿੱਤਰ ਸਿੰਘ ਪਠਾਨਕੋਟ,ਜਸਪ੍ਰੀਤ ਸਿੰਘ ਫਤਿਹਗੜ ਸਹਿਬ, ਗੁਰਪ੍ਰੀਤ ਸਿੰਘ ਫਾਜ਼ਿਲਕਾ, ਗੁਰਮੀਤ ਸਿੰਘ, ਸੁਖਪਾਲ ਸਿੰਘ ਚਰਨਦੀਪ ਸਿੰਘ ਹੁਸ਼ਿਆਰਪੁਰ ਸੁਖਦੇਵ ਸਿੰਘ ਫਰੀਦਕੋਟ, ਗੁਰਬੀਰ ਸਿੰਘ ਤਰਨਤਾਰਨ ਆਦਿ ਹਾਜ਼ਰ ਸਨ।

## ਕੈਲੇਫੋਰਨੀਆ ਦੇ ਧਨਾਢ...

ਅੰਮ੍ਰਿਤਸਰ ਵਿੱਚ ਫ਼ੌਜੀ ਹਮਲੇ ੮੪ ਤੋਂ ਬਾਅਦ ਉਹ ਵਿਸ਼ਵ ਸਿੱਖ ਸੰਸਥਾ ਦੇ ਪ੍ਰਧਾਨ ਬਣੇ। ੧੯੯੫ ਵਿੱਚ, ਉਹ ਵਿਸ਼ਵ ਕਬੱਡੀ ਫੈਡਰੇਸ਼ਨ ਦੇ ਸੰਸਥਾਪਕ ਚੇਅਰਮੈਨ ਬਣੇ। ਉਹ ਵਰਲਡ ਸਿੱਖ ਕੌਂਸਲ ਦੇ ਮੈਂਬਰ ਵੀ ਰਹੇ।

## ਤਰੰਗਾਂ ਦੇ ਨਾਦ

ਕਿਸੇ ਤਰੰਗ ਦੇ ਨਾਦ ਤੇ, ਕੁੱਝ ਗੁਣਗੁਣਾ ਦੇ ਬੱਸ।
ਚੁੱਪ ਦੇ ਵਿਸਥਾਰ ਚੋਂ, ਕੋਈ ਧੁਨ ਸੁਣਾ ਦੇ ਬੱਸ।
ਨਜ਼ਰ ਆਵਾਂ ਧਰਾਤਲ ਤੋਂ, ਥੋੜਾ ਜਿਹਾ ਤਾਂ ਉੱਪਰ ਮੈਂ
ਲਕੀਰ ਲੇਟਵੀਂ ਤੋਂ ਮੈਨੂੰ, ਕੋਈ ਕੋਨ ਬਣਾ ਦੇ ਬੱਸ।
ਬਹੁਤ ਜਟਿਲ ਹੈ, ਤੇਰੇ ਰਹੱਸਾਂ ਦੀ ਹਰ ਇੱਕ ਪਰਤ
ਮਹੀਨ ਜਿਹੇ ਕਿਸੇ ਰਾਜ਼ ਤੋਂ, ਪਰਦਾ ਸਰਕਾ ਦੇ ਬੱਸ।
ਦਿਸ਼ਾਵਾਂ ਦੇ ਭਰਮ-ਜਾਲ 'ਚ, ਹੋ ਗਿਆ ਹਾਂ ਦਿਸ਼ਾਹੀਣ
ਸਾਰੀਆਂ ਦਿਸ਼ਾਵਾਂ ਤੋਂ ਪਰੇ, ਕੋਈ ਦਿਸ਼ਾ ਦਿਖਾ ਦੇ ਬੱਸ।
ਜ਼ਿਹਨ ਦੇ ਅੰਬਰ ਲਈ, ਮੈਂ ਕਦ ਮੰਗਿਐ ਸੂਰਜ ਕੋਈ
ਥੋੜੀ ਕੁ ਲੋਅ ਦੇ ਵਾਸਤੇ, ਇੱਕ ਜੁਗਨੂੰ ਮਿਲਾ ਦੇ ਬੱਸ।
ਬਦਰੰਗ ਅੱਖਰਾਂ ਨੂੰ ਦੇ ਲਵਾਂ, ਮੈਂ ਵੀ ਕੋਈ ਰੰਗ-ਰੂਪ
ਹਨੇਰੀ ਸੁਰਤ ਦੀ ਅੱਖ ਵਿੱਚ, ਚਾਨਣ ਸਮਾਅ ਦੇ ਬੱਸ।

ਮਨਜੀਤ ਪਾਲ ਸਿੰਘ
੯੬੪੬੭੧੩੧੩੫

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email:asrtimes@gmail.com


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AAJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com